ਮੰਗਲਵਾਰ, 22 ਜੁਲਾਈ, 2025
7 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 51

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 22 JULY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

# ਮੁੰਬਈ ਟਰੇਨ ਧਮਾਕਿਆਂ ਦੇ 12 ਦੋਸ਼ੀ ਬਰੀ



**ਮੁੰਬਈ** : ਟਰਾਇਲ ਕੋਰਟ ਵੱਲੋਂ 2006 ਦੇ ਮੁੰਬਈ ਟਰੇਨ ਧਮਾਕਿਆਂ ਵਿੱਚ ਕਥਿਤ ਭੂਮਿਕਾ ਲਈ ਦੋਸ਼ੀ ਠਹਿਰਾਏ 12 ਵਿਅਕਤੀਆਂ ਨੂੰ ਬੰਬੇ ਹਾਈ ਕੋਰਟ ਨੇ ਬਰੀ ਕਰ ਦਿੱਤਾ ਹੈ। ਇਹ ਅਹਿਮ ਫੈਸਲਾ 19 ਸਾਲ ਬਾਅਦ ਆਇਆ ਹੈ। ਬੰਬੇ ਹਾਈ ਕੋਰਟ ਦੀ ਇੱਕ ਵਿਸ਼ੇਸ਼ ਬੈਂਚ ਨੇ ਫੈਸਲਾ ਸੁਣਾਇਆ ਕਿ ਪ੍ਰੌਸੀਕਿਊਸ਼ਨ ਵੱਲੋਂ ਭਰੋਸਾ ਕੀਤੇ ਗਏ ਸਬੂਤ ਦੋਸ਼ੀਆਂ ਨੂੰ ਦੋਸ਼ੀ ਠਹਿਰਾਉਣ ਲਈ ਨਿਰਣਾਇਕ ਨਹੀਂ ਸਨ ਅਤੇ ਅਦਾਲਤ ਨੇ ਸਾਰੇ ਦੋਸ਼ੀਆਂ ਨੂੰ ਤੁਰੰਤ ਰਿਹਾਅ ਕਰਨ ਦਾ ਹੁਕਮ ਦਿੱਤਾ।

11 ਜੁਲਾਈ 2006 ਦੀ ਸ਼ਾਮ ਨੂੰ ਮੁੰਬਈ ਦੀ ਲੋਕਲ ਟਰੇਨਾਂ ਵਿੱਚ ਸਿਰਫ 11 ਮਿੰਟਾਂ ਦੇ ਅੰਦਰ ਸੱਤ ਵੱਖ-ਵੱਖ ਥਾਵਾਂ 'ਤੇ ਬੰਬ ਧਮਾਕੇ ਹੋਏ ਸਨ। ਇਸ ਵਿੱਚ 189 ਲੋਕਾਂ ਦੀ ਮੌਤ ਹੋਈ ਸੀ, ਜਦੋਂ ਕਿ 827 ਤੋਂ ਵੱਧ ਯਾਤਰੀ ਜ਼ਖਮੀ ਹੋ ਗਏ ਸਨ। ਇਸ ਮਾਮਲੇ ਵਿੱਚ ਚਾਰਜਸ਼ੀਟ ਨਵੰਬਰ 2006 ਵਿੱਚ ਦਾਇਰ ਕੀਤੀ ਗਈ ਸੀ। ਇਸ ਤੋਂ ਬਾਅਦ 2015 ਵਿੱਚ ਟਰਾਇਲ ਕੋਰਟ ਨੇ 12 ਨੂੰ ਦੋਸ਼ੀ ਠਹਿਰਾਇਆ। ਇਨ੍ਹਾਂ ਵਿੱਚੋਂ 5 ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ, ਜਦੋਂ ਕਿ 7 ਨੂੰ ਉਮਰ ਕੈਦ ਦਿੱਤੀ ਗਈ ਸੀ। ਏ ਆਈ ਐੱਮ ਆਈ ਐੱਮ ਦੇ ਸੰਸਦ ਮੈਂਬਰ ਨੇ ਬਰੀ ਹੋਣ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਅਜਿਹੇ ਕਈ ਮਾਮਲਿਆਂ ਵਿੱਚ ਜਾਂਚ ਏਜੰਸੀਆਂ ਲੋਕਾਂ ਨੂੰ ਨਿਰਾਸ਼ ਕਰ ਚੁੱਕੀਆਂ ਹਨ। ਉਨ੍ਹਾ ਕਿਹਾ 'ਨਿਰਦੋਸ਼ ਲੋਕਾਂ ਨੂੰ ਜੇਲ੍ਹ ਭੇਜਿਆ ਜਾਂਦਾ ਹੈ ਅਤੇ ਫਿਰ ਸਾਲਾਂ ਬਾਅਦ ਜਦੋਂ ਉਨ੍ਹਾਂ ਨੂੰ ਜੇਲ੍ਹ ਤੋਂ ਰਿਹਾਅ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਦੀ ਜ਼ਿੰਦਗੀ ਦੇ ਮੁੜ ਸ਼ੁਰੂ ਹੋਣ ਦੀ ਕੋਈ ਸੰਭਾਵਨਾ ਨਹੀਂ ਹੁੰਦੀ। ਪਿਛਲੇ 17 ਸਾਲਾਂ ਤੋਂ ਇਹ ਦੋਸ਼ੀ ਜੇਲ੍ਹ ਵਿੱਚ ਹਨ। ਉਹ ਇੱਕ ਦਿਨ ਵੀ ਬਾਹਰ ਨਹੀਂ ਆਏ। ਉਨ੍ਹਾਂ ਦੀ ਜ਼ਿੰਦਗੀ ਦਾ ਬਹੁਤ ਸਾਰਾ ਸਮਾਂ ਖਤਮ ਹੋ ਗਿਆ ਹੈ। ਅਜਿਹੇ ਮਾਮਲਿਆਂ ਵਿੱਚ ਜਿੱਥੇ ਜਨਤਕ ਰੋਸ ਹੁੰਦਾ ਹੈ, ਪੁਲਸ ਦਾ ਤਰੀਕਾ ਹਮੇਸ਼ਾ ਪਹਿਲਾਂ ਦੋਸ਼ ਮੰਨਣਾ ਹੁੰਦਾ ਹੈ ਅਤੇ ਫਿਰ ਉੱਥੋਂ ਅੱਗੇ ਵਧਣਾ ਹੁੰਦਾ ਹੈ।' ਆਗੂ ਨੇ ਕਿਹਾ ਕਿ ਪੁਲਸ ਅਫਸਰ ਅਜਿਹੇ ਮਾਮਲਿਆਂ ਵਿੱਚ ਪ੍ਰੈੱਸ ਕਾਨਫਰੰਸ ਕਰਦੇ ਹਨ ਅਤੇ ਜਿਸ ਤਰੀਕੇ ਨਾਲ ਮੀਡੀਆ ਕੇਸ ਨੂੰ ਕਵਰ ਕਰਦਾ ਹੈ, ਉਹ ਕਿਸੇ ਵਿਅਕਤੀ ਦੇ ਦੋਸ਼ ਨੂੰ ਤੈਅ ਕਰਦਾ ਹੈ। ਅਜਿਹੇ ਕਈ ਅੱਤਵਾਦੀ ਮਾਮਲਿਆਂ ਵਿੱਚ ਜਾਂਚ ਏਜੰਸੀਆਂ ਸਾਨੂੰ ਬੁਰੀ ਤਰ੍ਹਾਂ ਨਿਰਾਸ਼ ਕਰ ਚੁੱਕੀਆਂ ਹਨ। ਭਾਜਪਾ ਦੇ ਸਾਬਕਾ ਸੰਸਦ ਮੈਂਬਰ ਕਿਰੀਟ ਸੋਮਈਆ ਨੇ ਰਾਜ ਸਰਕਾਰ ਨੂੰ ਸੁਪਰੀਮ ਕੋਰਟ ਤੱਕ ਪਹੁੰਚ ਕਰਨ ਅਤੇ ਫੈਸਲੇ ਵਿਰੁੱਧ ਅਪੀਲ ਕਰਨ ਦੀ ਅਪੀਲ ਕੀਤੀ ਹੈ। ਸੋਮਈਆ ਨੇ ਕਿਹਾ, 'ਮੈਂ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਇੱਕ ਸਮਰੱਥ ਜਾਂਚ ਕਮੇਟੀ ਅਤੇ ਕਾਨੂੰਨੀ ਟੀਮ ਬਣਾਉਣ ਅਤੇ ਸੁਪਰੀਮ ਕੋਰਟ ਤੱਕ ਪਹੁੰਚ ਕਰਨ ਦੀ ਅਪੀਲ ਕੀਤੀ ਹੈ। ਮੁੰਬਈ ਦੇ ਲੋਕ ਇਨਸਾਫ ਦੇ ਹੱਕਦਾਰ ਹਨ, ਅੱਤਵਾਦੀਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ।'

# ਕਾਮਰੇਡ ਵੀ ਐੱਸ ਅਛੂਤਾਨੰਦਨ ਨਹੀਂ ਰਹੇ



**ਤਿਰੁਅਨੰਤਪੁਰਮ** : ਕਈ ਦਹਾਕਿਆਂ ਤੱਕ ਕੇਰਲਾ ਦੀ ਸਿਆਸਤ ਵਿੱਚ ਭਾਰੂ ਸ਼ਖਸੀਅਤ ਰਹੇ ਤੇ ਸੀ ਪੀ ਆਈ (ਐੱਮ) ਦੇ ਬਾਨੀਆਂ ਵਿੱਚੋਂ ਇੱਕ ਸਾਬਕਾ ਮੁੱਖ ਮੰਤਰੀ ਵੇਲੀਕਾਕਾਥੂ ਸੰਕਰਨ ਅਛੂਤਾਨੰਦਨ ਦਾ ਸੋਮਵਾਰ 101 ਸਾਲ ਦੀ ਉਮਰ ਵਿੱਚ ਸੋਮਵਾਰ ਇੱਥੋਂ ਦੇ ਹਸਪਤਾਲ 'ਚ ਦੇਹਾਂਤ ਹੋ ਗਿਆ। ਉਨ੍ਹਾ ਨੂੰ ਲੋਕ ਕਾਮਰੇਡ ਵੀ ਐੱਸ ਜਾਂ ਸਿਰਫ ਵੀ ਐੱਸ ਵਜੋਂ ਜਾਣਦੇ ਸਨ। ਉਹ ਦਿਲ ਦੇ ਦੌਰੇ ਕਾਰਨ 2019 ਤੋਂ ਜਨਤਕ ਜ਼ਿੰਦਗੀ ਤੋਂ ਦੂਰ ਚੱਲੇ ਆ ਰਹੇ ਸਨ ਅਤੇ ਇੱਕ ਮਹੀਨਾ ਪਹਿਲਾਂ ਇੱਕ ਹੋਰ ਦੌਰਾ ਪੈਣ ਕਾਰਨ ਉਨ੍ਹਾ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਸੀ ਤੇ ਉਹ ਲਾਈਫ ਸਪੋਰਟ ਸਿਸਟਮ 'ਤੇ ਸਨ।

20 ਅਕਤੂਬਰ 1923 ਨੂੰ ਅਲਾਪੁਜ਼ਾ ਜ਼ਿਲ੍ਹੇ ਦੇ ਪੁਨਾਪਰਾ ਵਿੱਚ ਪੈਦਾ ਹੋਏ ਵੀ ਐੱਸ 2006 ਤੋਂ 2011 ਤੱਕ ਕੇਰਲਾ ਦੇ ਮੁੱਖ ਮੰਤਰੀ ਰਹੇ। ਉਨ੍ਹਾ ਅਸੈਂਬਲੀ ਦੀਆਂ 10 ਚੋਣਾਂ ਲੜੀਆਂ ਤੇ 7 ਵਾਰ ਵਿਧਾਇਕ ਚੁਣੇ ਗਏ। ਉਹ ਪਹਿਲੀ ਵਾਰ ਅਲਾਪੁਜ਼ਾ ਹਲਕੇ ਤੋਂ ਲੜੇ, ਪਰ ਹਾਰ ਗਏ। ਉਹ 1980 ਤੋਂ 1992 ਤੱਕ 12 ਸਾਲ ਪਾਰਟੀ ਦੇ ਸੂਬਾ ਸਕੱਤਰ ਰਹੇ। ਉਹ ਪਾਰਟੀ ਦੇ ਸਭ ਤੋਂ ਉੱਚੇ ਅਦਾਰੇ ਪੋਲਿਟ ਬਿਊਰੋ ਦੇ 1985 ਤੋਂ 2009 ਤੱਕ ਮੈਂਬਰ ਰਹੇ। ਅਛੂਤਾਨੰਦਨ ਨੇ ਅਸੈਂਬਲੀ ਵਿੱਚ ਸਭ ਤੋਂ ਵੱਧ 14 ਸਾਲ ਆਪੋਜ਼ੀਸ਼ਨ ਲੀਡਰ ਦਾ ਰੋਲ ਨਿਭਾਇਆ। 2011 ਵਿੱਚ ਖੱਬੇ ਜਮਹੂਰੀ ਮੋਰਚੇ ਨੇ 140 ਵਿੱਚੋਂ 68 ਸੀਟਾਂ ਜਿੱਤੀਆਂ ਤੇ ਬਹੁਮਤ ਤੋਂ ਪਿੱਛੇ ਰਹਿ ਗਈ। ਫਿਰ ਓਮਨ ਚਾਂਡੀ ਦੀ ਅਗਵਾਈ ਵਿੱਚ ਆਪੋਜ਼ੀਸ਼ਨ ਦੇ ਗੱਠਜੋੜ ਯੂ ਡੀ ਐੱਫ ਦੀ ਸਰਕਾਰ ਬਣੀ। 2016 ਵਿੱਚ 93 ਸਾਲ ਦੀ ਉਮਰ 'ਚ ਵੀ ਅਛੂਤਾਨੰਦਨ ਨੇ ਚੋਣ ਪ੍ਰਚਾਰ ਕੀਤਾ ਅਤੇ ਮਲਮਪੁਜ਼ਾ ਹਲਕੇ ਤੋਂ ਖੁਦ ਵੀ ਜਿੱਤੇ, ਪਰ ਪਾਰਟੀ ਨੇ ਉਨ੍ਹਾ ਦੀ ਸਿਹਤ ਦਾ ਹਵਾਲਾ ਦੇ ਕੇ ਪਿਨਾਰਾਈ ਵਿਜੀਅਨ ਨੂੰ ਮੁੱਖ ਮੰਤਰੀ ਬਣਾਇਆ। ਉਨ੍ਹਾ ਦੀ ਹੈਸੀਅਤ ਦਾ ਖਿਆਲ ਰੱਖਦਿਆਂ ਉਨ੍ਹਾ ਨੂੰ ਕੈਬਨਿਟ ਰੈਂਕ ਵਿੱਚ ਕੇਰਲਾ ਪ੍ਰਸ਼ਾਸਕੀ ਸੁਧਾਰ ਕਮਿਸ਼ਨ ਦਾ ਚੇਅਰਮੈਨ ਬਣਾਇਆ ਗਿਆ, ਪਰ 2021 ਵਿੱਚ ਇਹ ਅਹੁਦਾ ਛੱਡ ਦਿੱਤਾ।

ਅਛੂਤਾਨੰਦਨ ਦੇ ਜਾਣ ਨਾਲ ਸੀ ਪੀ ਆਈ ਦੀ ਕੌਮੀ ਕੌਂਸਲ ਵਿੱਚੋਂ ਬਾਹਰ ਹੋ ਕੇ 1964 ਵਿੱਚ ਸੀ ਪੀ ਆਈ (ਐੱਮ) ਬਣਾਉਣ ਵਾਲੇ ਸਾਰੇ 32 ਆਗੂ ਹੁਣ ਇਸ ਫਾਨੀ ਦੁਨੀਆ ਵਿੱਚ ਨਹੀਂ ਰਹੇ। ਅਛੂਤਾਨੰਦਨ 16 ਸਾਲ ਦੀ ਉਮਰ ਵਿੱਚ ਕਾਂਗਰਸ ਵਿੱਚ ਸ਼ਾਮਲ ਹੋਏ ਸਨ, ਪਰ ਉਨ੍ਹਾ ਮਹਿਸੂਸ ਕੀਤਾ ਕਿ ਉਨ੍ਹਾ ਦੀ ਥਾਂ ਸੀ ਪੀ ਆਈ ਵਿੱਚ ਹੈ, ਜਿੱਥੋਂ ਉਨ੍ਹਾ ਟਰੇਡ ਯੂਨੀਅਨ ਸਰਗਰਮੀਆਂ ਲਈ ਪ੍ਰੇਰਨਾ ਲਈ। ਹਾਲਾਂਕਿ ਪਹਿਲਾਂ ਉਨ੍ਹਾ ਦੀ ਵਿਜੀਅਨ ਨਾਲ ਕਾਫੀ ਬਣਦੀ ਸੀ, ਪਰ ਫਿਰ ਵਿਚਾਰਧਾਰਕ ਤੇ ਸਿਆਸੀ ਮੁੱਦਿਆਂ 'ਤੇ ਮਤਭੇਦ ਹੋ ਗਏ। ਅਛੂਤਾਨੰਦਨ ਮਨ ਦੀ ਗੱਲ ਕਹਿਣ ਤੋਂ ਨਹੀਂ ਝਿਜਕਦੇ ਸਨ। ਇੱਕ ਵਾਰ ਤਾਂ ਉਨ੍ਹਾ ਕਹਿ ਦਿੱਤਾ ਸੀ ਕਿ ਵਿਜੀਅਨ 'ਤੇ ਐੱਸ ਐੱਨ ਸੀ ਲਵਲੀਨ ਮਾਮਲੇ ਵਿੱਚ ਕੁਰੱਪਸ਼ਨ ਦਾ ਕੇਸ ਚੱਲਣਾ ਚਾਹੀਦਾ ਹੈ।

ਅਛੂਤਾਨੰਦਨ ਤੇ ਵਿਜੀਅਨ ਵੱਲੋਂ ਇੱਕ-ਦੂਜੇ ਪ੍ਰਤੀ ਜਨਤਕ ਤੌਰ 'ਤੇ ਬਿਆਨਬਾਜ਼ੀ ਕਾਰਨ ਦੋਹਾਂ ਨੂੰ 2007 ਵਿੱਚ ਪੋਲਿਟ ਬਿਊਰੋ ਵਿੱਚੋਂ ਕੱਢ ਦਿੱਤਾ ਗਿਆ ਸੀ। ਬਾਅਦ ਵਿੱਚ ਵਿਜੀਅਨ ਨੂੰ ਮੁੜ ਸ਼ਾਮਲ ਕਰ ਲਿਆ ਗਿਆ, ਪਰ ਅਛੂਤਾਨੰਦਨ ਨੂੰ ਪਾਰਟੀ ਲਾਈਨ ਦੀ ਉਲੰਘਣਾ ਦੇ ਦੋਸ਼ ਵਿੱਚ ਨਜ਼ਰਅੰਦਾਜ਼ ਕਰ ਦਿੱਤਾ ਗਿਆ।

2009 ਦੀਆਂ ਲੋਕ ਸਭਾ ਚੋਣਾਂ ਵਿੱਚ ਸੀ ਪੀ ਆਈ (ਐੱਮ) ਦੇ ਚੋਣ ਪ੍ਰਚਾਰ ਦੀ ਅਗਵਾਈ ਵਿਜੀਅਨ ਨੇ ਕੀਤੀ • ਬਾਕੀ ਸਫਾ 2 'ਤੇ

## ਥਾਰ ਵਾਲੀ ਬੀਬੀ ਦੀ ਜ਼ਮਾਨਤ ਅਰਜ਼ੀ ਖਾਰਜ

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਜਸਟਿਸ ਮੰਜਰੀ ਨਹਿਰੂ ਕੌਲ ਨੇ ਸੋਮਵਾਰ ਬਠਿੰਡਾ ਪੁਲਸ ਦੀ ਬਰਖ਼ਾਸਤ ਸਿਪਾਹੀ ਅਮਨਦੀਪ ਕੌਰ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ। ਜਸਟਿਸ ਮੰਜਰੀ ਨਹਿਰੂ ਕੌਲ ਦੀ ਅਦਾਲਤ ਨੇ ਅਮਨਦੀਪ ਕੌਰ ਵੱਲੋਂ ਦਾਇਰ ਰੈਗੂਲਰ ਜ਼ਮਾਨਤ ਦੀ ਅਰਜ਼ੀ ਨੂੰ ਨਾਮਨਜ਼ੂਰ ਕੀਤਾ ਹੈ। ਉਸ ਖਿਲਾਫ ਵਸੀਲਿਆਂ ਤੋਂ ਵੱਧ ਆਮਦਨ ਦੇ ਇਲਜ਼ਾਮ ਹਨ। ਅਮਨਦੀਪ ਕੌਰ, ਜੋ ਕਿ 'ਥਾਰ ਵਾਲੀ ਬੀਬੀ' ਵਜੋਂ ਮਸ਼ਹੂਰ ਹੋਈ ਸੀ, ਨੇ ਪਹਿਲਾਂ ਬਠਿੰਡਾ ਅਦਾਲਤ ਵਿੱਚ ਰੈਗੂਲਰ ਜ਼ਮਾਨਤ ਲਈ ਅਰਜ਼ੀ ਲਾਈ ਸੀ, ਜਿਸ ਨੂੰ ਖਾਰਜ ਕਰ ਦਿੱਤਾ ਗਿਆ ਸੀ। ਉਸ ਵਿਰੁੱਧ ਵਿਜੀਲੈਂਸ ਵੱਲੋਂ 19 ਜੁਲਾਈ ਨੂੰ ਚਲਾਨ ਪੇਸ਼ ਕੀਤਾ ਜਾ ਚੁੱਕਾ ਹੈ।

## ਐਡਵੋਕੇਟ 'ਤੇ ਫਾਇਰਿੰਗ

**ਜੰਡਿਆਲਾ ਗੁਰੂ** : ਸਥਾਨਕ ਬਾਬਾ ਹੰਦਾਲ ਸੜਕ 'ਤੇ ਐਵਰਗਰੀਨ ਕਲੋਨੀ ਦੇ ਬਾਹਰ ਇੱਕ ਕਾਰ ਸਵਾਰ ਵਿਅਕਤੀ 'ਤੇ ਅਣਪਛਾਤੇ ਬਾਈਕ ਸਵਾਰਾਂ ਨੇ ਗੋਲੀਆਂ ਚਲਾ ਦਿੱਤੀਆਂ। ਇੱਥੋਂ ਦੇ ਸਾਬਕਾ ਕੌਂਸਲਰ ਅਵਤਾਰ ਸਿੰਘ ਕਾਲਾ ਦੇ ਭਰਾ ਐਡਵੋਕੇਟ ਲਖਵਿੰਦਰ ਸਿੰਘ ਦੇ ਮੋਢੇ ਵਿੱਚ ਗੋਲੀ ਲੱਗੀ ਅਤੇ ਸੰਤੁਲਨ ਵਿਗੜਨ ਕਾਰਨ ਕਾਰ ਇਮਾਰਤ ਵਿੱਚ ਜਾ ਟਕਰਾਈ। ਉਸ ਨੂੰ ਅੰਮ੍ਰਿਤਸਰ ਦੇ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

## ਢਾਕਾ 'ਚ ਜਹਾਜ਼ ਡਿੱਗਣ ਨਾਲ 19 ਮੌਤਾਂ



**ਢਾਕਾ** : ਬੰਗਲਾਦੇਸ਼ ਹਵਾਈ ਸੈਨਾ ਦਾ ਸਿਖਲਾਈ ਜੈੱਟ ਐੱਫ-7 ਸੋਮਵਾਰ ਢਾਕਾ ਵਿੱਚ ਮਾਈਲਸਟੋਨ ਸਕੂਲ ਅਤੇ ਕਾਲਜ ਦੇ ਕੈਂਪਸ ਵਿੱਚ ਡਿੱਗਣ ਕਾਰਨ 16 ਵਿਦਿਆਰਥੀਆਂ ਤੇ ਦੋ ਅਧਿਆਪਕਾਂ ਸਮੇਤ 19 ਲੋਕਾਂ ਦੀ ਮੌਤ ਹੋ ਗਈ ਅਤੇ 100 ਤੋਂ ਵੱਧ ਜ਼ਖ਼ਮੀ ਹੋ ਗਏ। ਜਹਾਜ਼ ਦੇ ਕਰੈਸ਼ ਹੋਣ ਤੋਂ ਬਾਅਦ ਅਸਮਾਨ ਵਿੱਚ ਧੂੰਏਂ ਦਾ ਬੱਦਲ ਦਿਖਾਈ ਦਿੱਤਾ, ਜਿਸ ਨੂੰ ਦੂਰੋਂ ਦੇਖਿਆ ਜਾ ਸਕਦਾ ਸੀ।

## ਮੌਨਸੂਨ ਸੈਸ਼ਨ, ਪਹਿਲਾ ਦਿਨ ਐਵੇਂ ਗਿਆ

**ਨਵੀਂ ਦਿੱਲੀ** : ਸੰਸਦ ਦੇ ਮੌਨਸੂਨ ਸੈਸ਼ਨ ਦੇ ਪਹਿਲੇ ਦਿਨ ਸੋਮਵਾਰ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਲੋਕ ਸਭਾ ਅਤੇ ਰਾਜ ਸਭਾ ਵਿੱਚ ਪਹਿਲਗਾਮ ਦਹਿਸ਼ਤੀ ਹਮਲੇ, ਅਪ੍ਰੇਸ਼ਨ ਸਿੰਧੂਰ ਅਤੇ ਬਿਹਾਰ ਵਿੱਚ ਵੋਟਰ ਸੂਚੀ ਦੀ ਵਿਸ਼ੇਸ਼ ਵਿਆਪਕ ਸੋਧ ਸਮੇਤ ਹੋਰ ਮੁੱਦਿਆਂ 'ਤੇ ਚਰਚਾ ਦੀ ਮੰਗ ਕੀਤੀ। ਮੰਗ ਨਾ ਮੰਨੇ ਜਾਣ ਕਾਰਨ ਲੋਕ ਸਭਾ ਦੀ ਕਾਰਵਾਈ ਤਿੰਨ ਵਾਰ ਮੁਲਤਵੀ ਕਰਨੀ ਪਈ। ਬਾਅਦ ਵਿੱਚ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ। ਰਾਜ ਸਭਾ ਦੀ ਕਾਰਵਾਈ ਨੂੰ ਵੀ ਇਕ ਵਾਰ 12 ਵਜੇ ਤੱਕ ਮੁਲਤਵੀ ਕਰਨਾ ਪਿਆ। ਲੋਕ ਸਭਾ ਦੁਪਹਿਰ 2 ਵਜੇ ਤੱਕ ਮੁਲਤਵੀ ਕੀਤੇ ਜਾਣ ਤੋਂ ਬਾਅਦ ਸੰਸਦ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਹੁਲ ਨੇ ਕਿਹਾ, 'ਹਾਕਮ ਧਿਰ ਦੇ ਲੋਕਾਂ ਨੂੰ ਬੋਲਣ ਦੀ ਇਜਾਜ਼ਤ ਹੈ, ਪਰ ਵਿਰੋਧੀ ਧਿਰ ਦੇ ਮੈਂਬਰਾਂ, ਜਿਨ੍ਹਾਂ ਵਿੱਚ ਮੈਂ ਵੀ ਸ਼ਾਮਲ ਹਾਂ, ਜੋ ਕਿ ਐੱਲ ਓ ਪੀ ਹੈ, ਨੂੰ ਬੋਲਣ ਦੀ ਇਜਾਜ਼ਤ ਨਹੀਂ।' ਉਨ੍ਹਾ ਇਸ ਨੂੰ ਸਰਕਾਰ ਦੀ ਨਵੀਂ ਪਹੁੰਚ ਕਰਾਰ ਦਿੱਤਾ।

# ਬਿਜਲੀ ਬੋਰਡ ਦੇ ਸਾਥੀਆਂ ਵੱਲੋਂ ਪਾਰਟੀ ਕਾਂਗਰਸ ਲਈ ਸਵਾ ਲੱਖ ਰੁਪਏ ਅਰਸ਼ੀ ਨੂੰ ਭੇਟ



**ਬਠਿੰਡਾ** : ਪੰਜਾਬ ਰਾਜ ਬਿਜਲੀ ਬੋਰਡ ਇੰਪਲਾਈਜ਼ ਫੈਡਰੇਸ਼ਨ ਰਜਿ: ਨੰਬਰ 14/1965 ਦੇ ਸੀਨੀਅਰ ਆਗੂਆਂ ਵੱਲੋਂ ਪਾਰਟੀ ਕਾਂਗਰਸ ਦੇ ਪ੍ਰਬੰਧਾਂ ਲਈ ਪਹਿਲੀ ਕਿਸ਼ਤ ਦੇ ਤੌਰ 'ਤੇ ਸਵਾ ਲੱਖ ਰੁਪਏ ਬਠਿੰਡਾ ਵਿਖੇ ਪਾਰਟੀ ਦੇ ਸੀਨੀਅਰ ਆਗੂ ਹਰਦੇਵ ਸਿੰਘ ਅਰਸ਼ੀ ਨੂੰ ਭੇਟ ਕੀਤੇ ਗਏ। ਇਸ ਸਮੇਂ ਜਥੇਬੰਦੀ ਦੇ ਸੂਬਾਈ ਵਿੱਤ ਸਕੱਤਰ ਪੂਰਨ ਸਿੰਘ ਗੁੰਮਟੀ ਕਲਾਂ, ਸੂਬਾ ਮੀਤ ਪ੍ਰਧਾਨ ਜਸਵਿੰਦਰ ਸਿੰਘ ਬਰਗਾੜੀ, ਸਰਕਲ ਪੈਟਰਨ ਮੱਘਰ ਸਿੰਘ ਮਹਿਰਾਜ, ਬਠਿੰਡਾ ਸਰਕਲ ਦੇ ਪ੍ਰਧਾਨ ਅਰੁਨ ਕੁਮਾਰ, ਸਰਕਲ ਮੀਤ ਪ੍ਰਧਾਨ ਰਾਜਵਿੰਦਰ ਦਾਸ ਜੋਗਾ, ਸਬ-ਡਵੀਜ਼ਨ ਭਗਤਾ ਭਾਈ ਦੇ ਸਕੱਤਰ ਮਹਿੰਦਰਪਾਲ ਸਿੰਘ ਹਾਜ਼ਰ ਸਨ। ਇਸ ਦੌਰਾਨ ਜਥੇਬੰਦੀ ਦੇ ਪੈਟਰਨ ਤੇ ਬਿਜਲੀ ਬੋਰਡ ਦੇ ਕਰਮਚਾਰੀਆਂ ਦੀ ਲਹਿਰ ਦੇ ਭੀਸ਼ਮ ਪਿਤਾਮਾ ਕਰਮ ਚੰਦ ਭਾਰਦਵਾਜ ਨੇ ਟੈਲੀਫੋਨ 'ਤੇ ਸਾਥੀ ਅਰਸ਼ੀ ਨੂੰ ਵਿਸ਼ਵਾਸ ਦਵਾਇਆ ਕਿ ਇਹ ਸਾਡੀ ਪਹਿਲੀ ਕਿਸ਼ਤ ਹੀ ਹੈ, ਫੰਡ ਕੁਲੈਕਸਨ ਵੱਡੇ ਪੱਧਰ 'ਤੇ ਜਾਰੀ ਹੈ, ਅਸੀਂ ਪਾਰਟੀ ਦੀ ਆਸ ਮੁਤਾਬਕ ਹੀ ਫੰਡ ਵਿੱਚ ਯੋਗਦਾਨ ਪਾਵਾਂਗੇ। ਸਾਥੀ ਅਰਸ਼ੀ ਨੇ ਜਥੇਬੰਦੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪਾਰਟੀ ਕਾਂਗਰਸ ਦੀ ਮਹਿਮਾਨ-ਨਿਵਾਜ਼ੀ ਕਰਨ ਦਾ ਅਵਸਰ ਮਿਲਣਾ ਪੰਜਾਬ ਦੀ ਪਾਰਟੀ ਲਈ ਮਾਣ ਵਾਲੀ ਗੱਲ ਹੈ। ਪਾਰਟੀ ਇਸ ਨੂੰ ਇੱਕ ਚੈਲੰਜ ਦੇ ਤੌਰ 'ਤੇ ਲੈ ਕੇ ਤਿਆਰੀਆਂ ਕਰ ਰਹੀ ਹੈ ਤੇ ਹਰ ਤਰ੍ਹਾਂ ਨਾਲ ਕਾਂਗਰਸ ਨੂੰ ਸਫ਼ਲ ਕਰਾਂਗੇ। ਤਿਆਰੀਆਂ ਅੰਤਮ ਪੜਾਅ ਵਿੱਚ ਪੁੱਜ ਚੁੱਕੀਆਂ ਹਨ। ਮਹਾਂ-ਸੰਮੇਲਨ ਦੀ ਸਫਲਤਾ ਲਈ ਪਾਰਟੀ ਨੇ ਪੂਰੀ ਸ਼ਕਤੀ ਝੋਕ ਦਿੱਤੀ ਹੈ।

# ਟਾਇਰ ਫਟਣ ਨਾਲ 4 ਕਾਲਜ ਵਿਦਿਆਰਥੀਆਂ ਦੀ ਮੌਤ



**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਬਠਿੰਡਾ-ਚੰਡੀਗੜ੍ਹ ਰੋਡ 'ਤੇ ਭੁੱਚੋ ਟੋਲ ਪਲਾਜ਼ਾ ਦੇ ਨਜ਼ਦੀਕ ਦਰਦਨਾਕ ਸੜਕ ਹਾਦਸੇ ਵਿੱਚ ਮਹਿਲਾ ਸਮੇਤ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਕਾਰ ਸਵਾਰ ਚਾਰ ਵਿਅਕਤੀ ਬਠਿੰਡਾ ਤੋਂ ਆਪਣੇ ਪਿੰਡ ਮੰਡੀ ਕਲਾਂ, ਰਾਮਪੁਰਾ ਵੱਲ ਜਾ ਰਹੇ ਸਨ ਕਿ ਟਾਇਰ ਫਟ ਗਿਆ ਤੇ ਕਾਰ ਡਿਵਾਈਡਰ ਤੋੜ ਕੇ ਦੂਜੇ ਪਾਸੇ ਜਾ ਕੇ ਟਰੱਕ ਨਾਲ ਟਕਰਾ ਗਈ ਅਤੇ ਕਾਰ ਦੇ ਪਰਖੱਚੇ ਉੱਡ ਗਏ। ਮ੍ਰਿਤਕਾਂ ਦੀ ਪਛਾਣ ਜੋਬਨਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਹਰਮਨ ਵਾਸੀ ਮੰਡੀ ਕਲਾਂ ਤੇ ਮਨਪ੍ਰੀਤ ਕੌਰ ਵਾਸੀ ਮਹਿਤਾ ਦੇ ਤੌਰ 'ਤੇ ਹੋਈ ਹੈ। ਡੀ ਐੱਸ ਪੀ ਸਿਟੀ ਸਰਬਜੀਤ ਸਿੰਘ ਨੇ ਦੱਸਿਆ ਕਿ ਚਾਰੇ ਫਤਿਹ ਕਾਲਜ ਦੇ ਵਿਦਿਆਰਥੀ ਦੱਸੇ ਜਾ ਰਹੇ ਹਨ।

# ਈ ਡੀ ਸਾਰੀਆਂ ਹੱਦਾਂ ਪਾਰ ਕਰ ਰਹੀ : ਸੁਪਰੀਮ ਕੋਰਟ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਜਾਂਚ ਦੌਰਾਨ ਕਾਨੂੰਨੀ ਸਲਾਹ ਦੇਣ ਜਾਂ ਮੁਵੱਕਲ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਨੂੰ ਸੰਮਨ ਜਾਰੀ ਕਰਨ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਇਸ ਸੰਬੰਧੀ ਸਖਤ ਟਿੱਪਣੀ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਈ ਡੀ 'ਸਾਰੀਆਂ ਹੱਦਾਂ ਪਾਰ ਕਰ ਰਿਹਾ ਹੈ' ਅਤੇ ਇਸ ਨੇ ਇਸ ਮਾਮਲੇ 'ਤੇ ਦਿਸ਼ਾ-ਨਿਰਦੇਸ਼ਾਂ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਚੀਫ ਜਸਟਿਸ ਬੀ ਆਰ ਗਵਈ ਅਤੇ ਜਸਟਿਸ ਕੇ. ਵਿਨੋਦ ਚੰਦਰਨ ਦੀ ਬੈਂਚ ਨੇ ਇਹ ਟਿੱਪਣੀਆਂ ਸੋਮਵਾਰ ਅਦਾਲਤ ਵੱਲੋਂ ਅਜਿਹੀਆਂ ਕਾਰਵਾਈਆਂ ਦੇ ਕਾਨੂੰਨੀ ਪੇਸ਼ੇ ਦੀ ਸੁਤੰਤਰਤਾ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਸੰਬੋਧਤ ਕਰਨ ਲਈ ਸ਼ੁਰੂ ਕੀਤੀ ਸੂ ਮੋਟੋ (ਖੁਦ ਨੋਟਿਸ ਲੈ ਕੇ) ਸੁਣਵਾਈ ਦੌਰਾਨ ਕੀਤੀਆਂ। ਇਹ ਟਿੱਪਣੀ ਈ ਡੀ ਵੱਲੋਂ ਸੀਨੀਅਰ ਵਕੀਲਾਂ ਅਰਵਿੰਦ ਦਤਾਰ ਅਤੇ ਪ੍ਰਤਾਪ ਵੇਣੂਗੋਪਾਲ ਨੂੰ ਸੰਮਨ ਜਾਰੀ ਕੀਤੇ ਜਾਣ ਤੋਂ ਬਾਅਦ ਆਈ ਹੈ।

ਚੀਫ ਜਸਟਿਸ ਨੇ ਕਿਹਾ, 'ਇੱਕ ਵਕੀਲ ਅਤੇ ਮੁਵੱਕਲ ਵਿਚਕਾਰ ਗੱਲਬਾਤ ਇੱਕ ਵਿਸ਼ੇਸ਼ ਅਧਿਕਾਰ ਵਾਲਾ ਸੰਚਾਰ ਹੈ ਅਤੇ ਉਨ੍ਹਾਂ ਵਿਰੁੱਧ ਨੋਟਿਸ ਕਿਵੇਂ ਜਾਰੀ ਕੀਤੇ ਜਾ ਸਕਦੇ ਹਨ... ਉਹ ਸਾਰੀਆਂ ਹੱਦਾਂ ਪਾਰ ਕਰ ਰਹੇ ਹਨ।' ਸੀਨੀਅਰ ਵਕੀਲ ਦਤਾਰ ਵਰਗੇ ਕਾਨੂੰਨੀ ਪੇਸ਼ੇਵਰਾਂ ਨੂੰ ਈ ਡੀ ਦੇ ਹਾਲ ਹੀ ਦੇ ਨੋਟਿਸਾਂ ਦਾ ਕਾਨੂੰਨ ਦੇ ਅਭਿਆਸ 'ਤੇ ਬੁਰਾ ਪ੍ਰਭਾਵ ਪੈਣ ਦੇ ਮੱਦੇਨਜ਼ਰ ਉਨ੍ਹਾ ਇਹ ਵੀ ਕਿਹਾ, 'ਦਿਸ਼ਾ-ਨਿਰਦੇਸ਼ ਤਿਆਰ ਕੀਤੇ ਜਾਣੇ ਚਾਹੀਦੇ ਹਨ।'

ਅਟਾਰਨੀ ਜਨਰਲ ਆਰ. ਵੈਂਕਟਰਮਨੀ ਅਤੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਇਹ ਮੁੱਦਾ ਉੱਚ ਪੱਧਰ 'ਤੇ ਚੁੱਕਿਆ ਗਿਆ ਹੈ ਅਤੇ ਜਾਂਚ ਏਜੰਸੀ ਨੂੰ ਕਾਨੂੰਨੀ ਸਲਾਹ ਦੇਣ ਲਈ ਵਕੀਲਾਂ ਨੂੰ ਨੋਟਿਸ • ਬਾਕੀ ਸਫਾ 2 'ਤੇ

## 'ਕ੍ਰਿਪਾ ਕਰਕੇ ਸਿਆਸੀ ਲੜਾਈ ਅਦਾਲਤ ਤੋਂ ਬਾਹਰ ਲੜੋ'

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਖਿਲਾਫ ਦਾਇਰ ਅਪਰਾਧਕ ਮਾਣਹਾਨੀ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਚੇਤਾਵਨੀ ਦਿੱਤੀ ਕਿ ਨਿਆਂਇਕ ਕਾਰਵਾਈਆਂ ਦਾ ਸਿਆਸੀਕਰਨ ਨਾ ਕੀਤਾ ਜਾਵੇ। ਚੀਫ ਜਸਟਿਸ ਬੀ ਆਰ ਗਵਈ ਅਤੇ ਜਸਟਿਸ ਕੇ ਵਿਨੋਦ ਚੰਦਰਨ ਦੀ ਬੈਂਚ ਨੇ ਅਧਿਆਪਕ ਭਰਤੀ ਘੁਟਾਲੇ ਮਾਮਲੇ ਵਿੱਚ ਅਦਾਲਤ ਦੇ ਫੈਸਲੇ 'ਤੇ ਬੈਨਰਜੀ ਦੀਆਂ ਟਿੱਪਣੀਆਂ ਨੂੰ ਲੈ ਕੇ ਉਨ੍ਹਾ ਖਿਲਾਫ ਦਾਇਰ ਪਟੀਸ਼ਨ 'ਤੇ ਸੁਣਵਾਈ ਦੌਰਾਨ ਕਿਹਾ, 'ਕ੍ਰਿਪਾ ਕਰਕੇ ਆਪਣੀ ਸਿਆਸੀ ਲੜਾਈ ਇਸ ਅਦਾਲਤ ਤੋਂ ਬਾਹਰ ਲੜੋ।'

ਬੈਂਚ ਨੇ ਇਹ ਟਿੱਪਣੀ ਆਤਮਦੀਪ ਨਾਮਕ ਇੱਕ ਜਨਤਕ ਚੈਰੀਟੇਬਲ ਟਰੱਸਟ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਕੀਤੀ। ਪਟੀਸ਼ਨ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਮੁੱਖ ਮੰਤਰੀ ਨੇ ਅਦਾਲਤ ਦੇ ਫੈਸਲੇ ਤੋਂ ਬਾਅਦ ਇਤਰਾਜ਼ਯੋਗ ਬਿਆਨ ਦਿੱਤੇ, ਜੋ ਕਿ ਨਿਆਂ ਪਾਲਿਕਾ ਦੇ ਅਧਿਕਾਰ ਨੂੰ ਕਮਜ਼ੋਰ ਕਰਦੇ ਹਨ।

ਪਟੀਸ਼ਨਕਰਤਾ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਮਨਿੰਦਰ ਸਿੰਘ ਨੇ ਬੈਂਚ ਨੂੰ ਸੁਣਵਾਈ ਮੁਲਤਵੀ ਕਰਨ ਦੀ ਬੇਨਤੀ ਕਰਦੇ ਹੋਏ ਕਿਹਾ ਕਿ ਅਪਰਾਧਕ ਮਾਣਹਾਨੀ ਦੀ ਕਾਰਵਾਈ ਸ਼ੁਰੂ ਕਰਨ ਲਈ ਅਟਾਰਨੀ ਜਨਰਲ ਨੂੰ ਉਨ੍ਹਾ ਦੀ ਸਹਿਮਤੀ ਲਈ ਇੱਕ ਬੇਨਤੀ ਭੇਜੀ ਗਈ ਸੀ। ਚੀਫ • ਬਾਕੀ ਸਫਾ 2 'ਤੇ

## ਜਸਟਿਸ ਵਰਮਾ ਖਿਲਾਫ ਪਟੀਸ਼ਨ ਦੀ ਫੌਰੀ ਸੁਣਵਾਈ ਤੋਂ ਨਾਂਹ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਨਕਦੀ ਬਰਾਮਦਗੀ ਮਾਮਲੇ ਵਿੱਚ ਅਲਾਹਾਬਾਦ ਹਾਈ ਕੋਰਟ ਦੇ ਜਸਟਿਸ ਯਸ਼ਵੰਤ ਵਰਮਾ ਖਿਲਾਫ ਐੱਫ ਆਈ ਆਰ ਦਰਜ ਕਰਨ ਦੀ ਮੰਗ ਕਰਦੀ ਪਟੀਸ਼ਨ ਨੂੰ ਫੌਰੀ ਸੁਣਵਾਈ ਲਈ ਸੂਚੀਬੱਧ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਚੀਫ ਜਸਟਿਸ ਬੀ ਆਰ ਗਵਈ ਤੇ ਜਸਟਿਸ ਕੇ. ਵਿਨੋਦ ਚੰਦਰਨ ਦੀ ਬੈਂਚ ਨੇ ਜਸਟਿਸ ਯਸ਼ਵੰਤ ਵਰਮਾ ਨੂੰ 'ਵਰਮਾ' ਕਹਿ ਕੇ ਸੰਬੋਧਨ ਕਰਨ ਵਾਲੇ ਵਕੀਲ ਮੈਥਿਊਜ਼ ਨੇਦੁਮਪਰਾ ਨੂੰ ਥੋੜ੍ਹੀ ਨਿਮਰਤਾ ਵਰਤਣ ਦੀ ਨਸੀਹਤ ਦਿੱਤੀ। ਨੇਦੁਮਪਰਾ ਨੇ ਬੈਂਚ ਨੂੰ ਅਪੀਲ ਕੀਤੀ ਕਿ ਇਸ ਮੁੱਦੇ ਉੱਤੇ ਉਨ੍ਹਾ ਦੀ ਇਹ ਤੀਜੀ ਪਟੀਸ਼ਨ ਹੈ ਤੇ ਇਸ ਨੂੰ ਫੌਰੀ ਸੁਣਵਾਈ ਲਈ ਸੂਚੀਬੱਧ ਕੀਤਾ ਜਾਵੇ। ਚੀਫ ਜਸਟਿਸ ਨੇ ਪੁੱਛਿਆ, 'ਕੀ ਤੁਸੀਂ ਚਾਹੁੰਦੇ ਹੋ ਕਿ ਇਸ ਨੂੰ ਖਾਰਜ ਕਰ ਦਿੱਤਾ ਜਾਵੇ? ' ਉਨ੍ਹਾ ਕਿਹਾ ਕਿ ਪਟੀਸ਼ਨ ਨੂੰ ਵਾਜਬ ਸਮੇਂ 'ਤੇ ਸੂਚੀਬੱਧ ਕੀਤਾ ਜਾਵੇਗਾ। ਵਕੀਲ ਨੇ ਕਿਹਾ, "ਇਸ ਨੂੰ ਖਾਰਜ ਕਰਨਾ ਸੰਭਵ ਨਹੀਂ ਹੈ। ਇੱਕ ਐੱਫ ਆਈ ਆਰ ਦਰਜ ਹੋਣੀ ਚਾਹੀਦੀ ਹੈ। ਅਜਿਹਾ ਲੱਗਦਾ ਹੈ ਕਿ 'ਵਰਮਾ' ਜੀ ਵੀ ਇਹੀ ਚਾਹੁੰਦੇ ਹਨ।" ਬੈਂਚ ਨੇ ਇਸ ਗੱਲ ਦਾ ਨੋਟਿਸ ਲਿਆ ਕਿ ਵਕੀਲ ਨੇ ਹਾਈ ਕੋਰਟ ਦੇ ਜੱਜ ਨੂੰ 'ਵਰਮਾ' ਕਹਿ ਕੇ ਸੰਬੋਧਨ ਕੀਤਾ।

ਚੀਫ ਜਸਟਿਸ • ਬਾਕੀ ਸਫਾ 2 'ਤੇ

## ਲਖਬੀਰ ਤੇ ਯਾਦਾ ਦਾ ਕਰਿੰਦਾ ਮੁਕਾਬਲੇ 'ਚ ਜ਼ਖ਼ਮੀ

**ਤਰਨ ਤਾਰਨ** : ਖਡੂਰ ਸਾਹਿਬ ਸੜਕ 'ਤੇ ਭੁੱਲਰ ਪਿੰਡ ਦੇ ਪੁਲ ਨੇੜੇ ਐਤਵਾਰ ਰਾਤ ਪੁਲਸ ਨਾਲ ਹੋਏ ਮੁਕਾਬਲੇ ਵਿੱਚ ਵਿਦੇਸ਼ੀਂ ਬੈਠੇ ਗੈਂਗਸਟਰਾਂ ਲਖਬੀਰ ਸਿੰਘ ਲੰਡਾ ਹਰੀਕੇ ਤੇ ਯਾਦਵਿੰਦਰ ਸਿੰਘ ਯਾਦਾ ਚੰਬਾ ਖੁਰਦ ਦਾ ਇੱਕ ਕਰਿੰਦਾ ਗੁਰਲਾਲ ਸਿੰਘ ਵਾਸੀ ਰਾਜੋਕੇ ਜ਼ਖਮੀ ਹੋ ਗਿਆ। ਐੱਸ ਐੱਸ ਪੀ ਦੀਪਕ ਪਾਰਿਕ ਨੇ ਦੱਸਿਆ ਕਿ ਸਥਾਨਕ ਸੀ ਆਈ ਏ ਸਟਾਫ ਦੀ ਪੁਲਸ ਪਾਰਟੀ ਨੇ ਏ ਐੱਸ ਆਈ ਵਿਨੋਦ ਕੁਮਾਰ ਦੀ ਅਗਵਾਈ ਵਿੱਚ ਭੁੱਲਰ ਪਿੰਡ ਦੀ ਨਹਿਰ ਦੇ ਪੁਲ 'ਤੇ ਨਾਕਾ ਲਗਾਇਆ ਹੋਇਆ ਸੀ, ਜਿਥੇ ਬਿਨਾਂ ਨੰਬਰ ਵਾਲੇ ਮੋਟਰਸਾਈਕਲ 'ਤੇ ਸਵਾਰ ਮੁਲਜ਼ਮ ਆਇਆ। ਪੁਲਸ ਪਾਰਟੀ ਨੂੰ ਦੇਖ ਕੇ ਉਹ ਜਿਵੇਂ ਹੀ ਨਹਿਰ ਦੀ ਪਟੜੀ ਵੱਲ ਮੁੜਨ ਲੱਗਾ ਤਾਂ ਉਸ ਦਾ ਮੋਟਰਸਾਈਕਲ ਤਿਲਕ ਗਿਆ। ਉਸ ਨੇ ਆਪਣੀ ਪਿਸਤੌਲ ਨਾਲ ਫਾਇਰਿੰਗ ਕਰ ਦਿੱਤੀ। ਵਿਨੋਦ ਕੁਮਾਰ ਵੱਲੋਂ ਬਚਾਅ ਲਈ ਕੀਤੀ ਜਵਾਬੀ ਫਾਇਰਿੰਗ ਦੌਰਾਨ ਗੁਰਲਾਲ ਸਿੰਘ ਸੱਜੀ ਲੱਤ 'ਚ ਗੋਲੀ ਲੱਗੀ। ਉਹ ਇਲਾਕੇ ਅੰਦਰ ਫਿਰੌਤੀਆਂ ਵਸੂਲਦਾ ਸੀ। ਉਸ ਦੇ ਪਾਕਿਸਤਾਨੀ ਸਮਗਲਰਾਂ ਨਾਲ ਵੀ ਸੰਬੰਧ ਹਨ, ਜਿਨ੍ਹਾਂ ਰਾਹੀਂ ਉਹ ਹਥਿਆਰਾਂ ਦੀ ਸਮਗਲਿੰਗ ਦਾ ਵੀ ਧੰਦਾ ਕਰਦਾ ਆ ਰਿਹਾ ਹੈ।

## ਜਹਾਜ਼ ਉਤਰਨ ਵੇਲੇ ਰਨਵੇ ਟੱਪ ਗਿਆ

**ਮੁੰਬਈ** : ਕੋਚੀ ਤੋਂ ਆਉਣ ਵਾਲਾ ਏਅਰ ਇੰਡੀਆ ਦਾ ਜਹਾਜ਼ ਸੋਮਵਾਰ ਸਵੇਰੇ ਮੁੰਬਈ ਹਵਾਈ ਅੱਡੇ 'ਤੇ ਰਨਵੇਅ ਤੋਂ ਪਾਰ ਟੱਪ ਗਿਆ ਅਤੇ ਜਹਾਜ਼ ਨੂੰ ਜਾਂਚ ਲਈ ਰੋਕ ਲਿਆ ਗਿਆ। ਏਅਰਲਾਈਨ ਦੇ ਇੱਕ ਬੁਲਾਰੇ ਨੇ ਕਿਹਾ ਕਿ ਜਹਾਜ਼ ਸੁਰੱਖਿਅਤ ਰੁਕ ਗਿਆ ਅਤੇ ਸਾਰੇ ਯਾਤਰੀਆਂ ਦੇ ਨਾਲ-ਨਾਲ ਚਾਲਕ ਦਲ ਦੇ ਮੈਂਬਰ ਵੀ ਜਹਾਜ਼ ਵਿੱਚੋਂ ਸੁਰੱਖਿਅਤ ਉਤਾਰ ਲਏ ਗਏ। ਲੈਂਡਿੰਗ ਦੌਰਾਨ ਭਾਰੀ ਮੀਂਹ ਪੈ ਰਿਹਾ ਸੀ, ਜਿਸ ਦੇ ਨਤੀਜੇ ਵਜੋਂ ਲੈਂਡਿੰਗ ਤੋਂ ਬਾਅਦ ਜਹਾਜ਼ ਰਨਵੇਅ 'ਤੇ ਅਗਾਂਹ ਲੰਘ ਗਿਆ।

# ਨਿਤਿਸ਼ ਨੂੰ ਪਾਰਟੀ ਪ੍ਰਧਾਨਗੀ ਛੱਡਣ ਦਾ ਮਸ਼ਵਰਾ



ਐਤਵਾਰ ਜਨਮ ਦਿਨ ਮੌਕੇ ਨਿਸ਼ਾਂਤ ਕੁਮਾਰ ਪਿਤਾ ਨਿਤਿਸ਼ ਦੇ ਗੋਡੇ ਹੱਥ ਲਾਉਂਦੇ ਹੋਏ।

**ਪਟਨਾ** : ਐੱਨ ਡੀ ਏ ਦਾ ਹਿੱਸਾ ਤੇ ਸਾਬਕਾ ਕੇਂਦਰੀ ਮੰਤਰੀ ਉਪਿੰਦਰ ਕੁਸ਼ਵਾਹਾ ਨੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੂੰ ਐਤਵਾਰ ਸਲਾਹ ਦਿੱਤੀ ਕਿ ਉਹ ਜਨਤਾ ਦਲ (ਯੂ) ਦੀ ਪ੍ਰਧਾਨਗੀ ਛੱਡ ਦੇਣ, ਕਿਉਂਕਿ ਉਨ੍ਹਾ ਲਈ ਦੋਨੋਂ ਅਹੁਦੇ ਸੰਭਾਲਣੇ ਸੰਭਵ ਨਹੀਂ ਰਹੇ। ਅਜਿਹੀ ਸਲਾਹ ਦੇਣ ਵਾਲੇ ਕੁਸ਼ਵਾਹਾ ਹੁਕਮਰਾਨ ਗੱਠਜੋੜ ਦੇ ਪਹਿਲੇ ਆਗੂ ਹਨ। ਹਾਲਾਂਕਿ ਕੁਸ਼ਵਾਹਾ ਨੇ ਇਹ ਨਹੀਂ ਕਿਹਾ ਕਿ ਨਿਤਿਸ਼ ਪ੍ਰਧਾਨਗੀ ਬੇਟੇ ਨਿਸ਼ਾਂਤ ਕੁਮਾਰ ਹਵਾਲੇ ਕਰ ਦੇਣ, ਪਰ ਰਾਸ਼ਟਰੀ ਲੋਕ ਮੋਰਚਾ (ਆਰ ਐੱਲ ਐੱਮ) ਦੇ ਆਗੂ ਨੇ 'ਐੱਕਸ' ਉੱਤੇ ਨਿਸ਼ਾਂਤ ਨੂੰ ਜਨਮ ਦਿਨ ਮੁਬਾਰਕ ਕਹਿੰਦਿਆਂ ਲਿਖਿਆ, 'ਖੁਸ਼ੀ ਦੇ ਇਸ ਮੌਕੇ ਨਿਸ਼ਾਂਤ ਨੂੰ ਜਨਮ ਦਿਨ ਦੀਆਂ ਦਿਲੀ ਮੁਬਾਰਕਾਂ, ਜਨਤਾ ਦਲ (ਯੂ) ਦੀ ਨਵੀਂ ਆਸ। ਇਸ ਮੌਕੇ ਮੈਂ ਮਾਣਯੋਗ ਸ੍ਰੀ ਨਿਤਿਸ਼ ਕੁਮਾਰ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਸੱਚ ਨੂੰ ਤਸਲੀਮ ਕਰਦਿਆਂ ਅਤੇ ਵਕਤ ਤੇ ਹਾਲਾਤ ਦੇ ਤਕਾਜ਼ੇ ਨੂੰ ਦੇਖਦਿਆਂ ਮੰਨ ਲੈਣ ਕਿ ਉਨ੍ਹਾ ਲਈ ਪਾਰਟੀ ਤੇ ਸਰਕਾਰ ਦੋਹਾਂ ਨੂੰ ਸੰਭਾਲਣਾ ਹੁਣ ਸੰਭਵ ਨਹੀਂ। ਸਰਕਾਰ ਚਲਾਉਣ ਦਾ ਉਨ੍ਹਾ ਦਾ ਤਜਰਬਾ ਕਾਫੀ ਫਾਇਦਾ ਦੇ ਰਿਹਾ ਹੈ, ਪਰ ਪਾਰਟੀ ਦੀ ਜ਼ਿੰਮੇਵਾਰੀ ਕਿਸੇ ਹੋਰ ਨੂੰ ਦੇਣ ਬਾਰੇ ਸੋਚਣ। ਫੈਸਲਾ ਕਰਨ ਵਿੱਚ ਦੇਰੀ ਪਾਰਟੀ ਲਈ ਬਹੁਤ ਨੁਕਸਾਨਦੇਹ ਸਾਬਤ ਹੋ ਸਕਦੀ ਹੈ, ਜਿਸ ਨੂੰ ਸ਼ਾਇਦ ਪੂਰਿਆ ਨਾ ਜਾ ਸਕੇ। ਪਾਰਟੀ ਦੇ ਆਗੂ ਸ਼ਾਇਦ ਉਨ੍ਹਾ ਨੂੰ ਇਹ ਨਾ ਦੱਸ ਸਕਣ ਤੇ ਜੇ ਕੁਝ ਦੱਸਣਾ ਚਾਹੁੰਦੇ ਹੋਣਗੇ ਤਾਂ ਉਹ ਉਨ੍ਹਾਂ ਕੋਲ ਸ਼ਾਇਦ ਨਾ ਪੁੱਜ ਸਕਣ।' ਹਾਲਾਂਕਿ ਨਿਸ਼ਾਂਤ ਖੁੱਲ੍ਹ ਕੇ ਸਿਆਸਤ ਵਿੱਚ ਨਹੀਂ ਆਏ, ਪਰ ਇੱਕ ਵਾਰ ਉਨ੍ਹਾ ਕਿਹਾ ਸੀ ਕਿ ਪਾਰਟੀ ਕਾਰਕੁਨਾਂ ਨੂੰ ਪਾਰਟੀ ਨੂੰ ਏਨਾ ਮਜ਼ਬੂਤ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੀ ਗੱਲ ਮੰਨਵਾਈ ਜਾ ਸਕੇ। ਬਿਹਾਰ ਅਸੈਂਬਲੀ ਚੋਣਾਂ ਸਾਲ ਦੇ ਅੰਤ ਵਿੱਚ ਹਨ ਤੇ ਚਰਚਾ ਹੈ ਕਿ ਉਸ ਤੋਂ ਪਹਿਲਾਂ ਨਿਸ਼ਾਂਤ ਪਾਰਟੀ ਦੀ ਕਮਾਨ ਸੰਭਾਲਣਗੇ।

## ਅੱਜ-ਨਾਮਾ

ਸ਼ਬਦ ਬਦਲਦੇ, ਬਦਲਦੀ ਵਾਕ ਬਣਤਰ,
ਬੋਲੀ ਪੁਰਾਣੀ ਪੰਜਾਬੀ ਨਹੀਂ ਰਹੀ ਮੀਆਂ।
ਪੀੜ੍ਹੀ ਅਗਲੀ ਪੰਜਾਬੀ ਉਹ ਵਰਤਦੀ ਊ,
ਜਿਹੜੀ ਸਾਥੋਂ ਨਹੀਂ ਜਾਵਣੀ ਕਹੀ ਮੀਆਂ।
ਕਿਹੜੀ ਵਾਟ ਨੂੰ ਤੁਰੀ ਆਹ ਨਵੀਂ ਪੀੜ੍ਹੀ,
ਪਵੇ ਸਮਝ ਕੁਝ ਡੰਡੀ ਨਹੀਂ ਪਹੀ ਮੀਆਂ।
ਨਵੀਂ ਔਲਾਦ ਪੁਰਾਣੀ ਨੂੰ ਗਲਤ ਕਹਿੰਦੀ,
ਪੁਰਾਣੇ ਲੋਕਾਂ ਨੂੰ ਦਿੱਸੇ ਨਹੀਂ ਸਹੀ ਮੀਆਂ।
ਪਾੜਾ ਪੀੜ੍ਹੀਆਂ ਦਾ ਪਿਆ ਈ ਬਹੁਤ ਵੱਡਾ,
ਰੁਲਦੀ ਵਿਰਾਸਤ ਨਾ ਦਿੱਸਦਾ ਹੱਲ ਮੀਆਂ।
ਕਰੇ ਕੋਈ ਫਿਕਰ ਤਾਂ ਕਰਨ ਮਜ਼ਾਕ ਬੱਚੇ,
ਸਿਰ ਨੂੰ ਬਾਬੇ ਦੇ ਚੜ੍ਹ ਗਿਆ ਝੱਲ ਮੀਆਂ।

-ਤੀਸ ਮਾਰ ਖਾਂ

# ਲੈਂਡ ਪੂਲਿੰਗ ਸਕੀਮ ਬਾਰੇ ਆਪੋਜ਼ੀਸ਼ਨ ਲੋਕਾਂ ਨੂੰ ਗੁੰਮਰਾਹ ਕਰ ਰਹੀ : ਮਾਨ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**
ਨਵੀਂ ਤੇ ਅਗਾਂਹਵਧੂ ਲੈਂਡ ਪੂਲਿੰਗ ਸਕੀਮ ਨੂੰ ਕਿਸਾਨ ਪੱਖੀ ਤੇ ਵਿਕਾਸ ਮੁਖੀ ਐਲਾਨਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਸੂਬੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਅਹਿਮ ਸਕੀਮ ਬਾਰੇ ਵਿਰੋਧੀ ਧਿਰ ਦੇ ਗੁੰਮਰਾਹਕੁਨ ਪ੍ਰਚਾਰ ਤੋਂ ਸੁਚੇਤ ਰਹਿਣ।

ਧੂਰੀ ਵਿਧਾਨ ਸਭਾ ਹਲਕੇ ਦੇ 70 ਪਿੰਡਾਂ ਨੂੰ ਵਿਕਾਸ ਕਾਰਜਾਂ ਲਈ 31.30 ਕਰੋੜ ਰੁਪਏ ਦੀਆਂ ਗਰਾਂਟਾਂ ਵੰਡਣ ਮਗਰੋਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਵੀਂ ਤੇ ਅਗਾਂਹਵਧੂ ਲੈਂਡ ਪੂਲਿੰਗ ਸਕੀਮ ਤਹਿਤ ਜ਼ਮੀਨ ਜਬਰੀ ਐਕੁਆਇਰ ਨਹੀਂ ਹੋਵੇਗੀ ਅਤੇ ਇਸ ਦਾ ਸੂਬੇ ਦੇ ਕਿਸਾਨਾਂ ਨੂੰ ਵੱਡਾ ਲਾਭ ਹੋਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਈ ਮਸਲਿਆਂ ਉੱਤੇ ਪੰਜਾਬੀਆਂ ਦੀ ਪਿੱਠ ਵਿੱਚ ਛੁਰਾ ਮਾਰਨ ਵਾਲੇ ਅਜਿਹੇ ਆਗੂਆਂ ਦੇ ਸ਼ੱਕੀ ਕਿਰਦਾਰ ਬਾਰੇ ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣੂੰ ਹਨ। ਜਿਹੜੇ ਕਿਸਾਨ ਸਹਿਮਤ ਹੋਣਗੇ, ਉਨ੍ਹਾਂ ਦੀ ਜ਼ਮੀਨ ਹੀ ਇਸ ਨੀਤੀ ਤਹਿਤ ਲਈ ਜਾਵੇਗੀ। ਇਸ ਨੀਤੀ ਤਹਿਤ ਕਿਸਾਨਾਂ ਨੂੰ ਰਿਹਾਇਸ਼ੀ ਤੇ ਕਮਰਸ਼ੀਅਲ ਪਲਾਟ ਮਿਲਣਗੇ। ਮੁੱਖ ਮੰਤਰੀ ਨੇ ਕਿਹਾ ਕਿ ਇਸ ਲੈਂਡ ਪੂਲਿੰਗ ਸਕੀਮ ਤਹਿਤ ਬਣਨ ਵਾਲੀਆਂ ਯੋਜਨਾਬੱਧ ਕਾਲੋਨੀਆਂ ਵਿੱਚ ਕਮਰਸ਼ੀਅਲ ਜਾਇਦਾਦ ਕਿਸਾਨਾਂ ਲਈ ਆਮਦਨ ਦਾ ਸਥਾਈ ਸਰੋਤ ਬਣੇਗੀ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਦੀ ਨਵੀਂ ਲੈਂਡ ਪੂਲਿੰਗ ਸਕੀਮ ਦਾ ਮੰਤਵ ਸੂਬੇ ਦੀ ਸਮੁੱਚੀ ਤਰੱਕੀ ਨੂੰ ਰਫ਼ਤਾਰ ਦੇਣਾ ਹੈ। ਉਨ੍ਹਾ ਕਿਹਾ ਕਿ ਇਹ ਸਕੀਮ ਸੂਬੇ ਦੇ ਸਮੁੱਚੇ ਵਿਕਾਸ ਨੂੰ ਹੁਲਾਰਾ ਦੇ ਕੇ ਹਰੇਕ ਆਮ ਆਦਮੀ ਨੂੰ ਲਾਭ ਪਹੁੰਚਾਏਗੀ। ਭਗਵੰਤ ਸਿੰਘ ਮਾਨ ਨੇ ਭਰੋਸਾ ਦਿੱਤਾ ਕਿ ਜ਼ਮੀਨ ਜਬਰੀ ਐਕੁਆਇਰ ਨਹੀਂ ਹੋਵੇਗੀ ਅਤੇ ਐਕੁਆਇਰ ਕੀਤੀ ਜ਼ਮੀਨ ਉਤੇ ਸਮੁੱਚਾ ਵਿਕਾਸ ਪਾਰਦਰਸ਼ੀ ਤੇ ਕਾਨੂੰਨ ਮੁਤਾਬਕ ਹੋਵੇਗਾ।

# ਪੰਜਾਬ ਸਰਕਾਰ 19 ਤੋਂ 25 ਨਵੰਬਰ ਤੱਕ ਨੌਵੇਂ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ ਮਨਾਏਗੀ



**ਚੰਡੀਗੜ੍ਹ** : ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ 19 ਤੋਂ 25 ਨਵੰਬਰ ਤੱਕ ਮਨਾਇਆ ਜਾਵੇਗਾ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਸ਼ਹੀਦੀ ਦਿਹਾੜੇ ਮੌਕੇ ਪੰਜਾਬ ਵਿੱਚ ਚਾਰ ਸ਼ਹਾਦਤ ਯਾਤਰਾਵਾਂ ਕੱਢੀਆਂ ਜਾਣਗੀਆਂ। ਇਹ ਯਾਤਰਾਵਾਂ ਇੱਕ ਮਾਝੇ ਵਿੱਚ, ਇੱਕ ਦੋਆਬੇ ਵਿੱਚ ਅਤੇ ਦੋ ਮਾਲਵੇ ਵਿੱਚੋਂ ਕੱਢੀਆਂ ਜਾਣਗੀਆਂ, ਜੋ ਕਿ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚੋਂ ਹੁੰਦਿਆਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਹੁੰਚ ਕੇ ਸਮਾਪਤ ਹੋਣਗੀਆਂ। ਉਨ੍ਹਾ ਕਿਹਾ ਕਿ ਇੱਕ ਯਾਤਰਾ ਸ੍ਰੀਨਗਰ ਤੋਂ ਸ਼ੁਰੂ ਹੋ ਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਹੁੰਚੇਗੀ, ਜਿਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮੌਜੂਦ ਰਹਿਣਗੇ। ਬੈਂਸ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਲੈ ਕੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਲਾਈਟ ਐਂਡ ਸਾਊਂਡ ਦੇ ਪ੍ਰੋਗਰਾਮ ਕਰਵਾਏ ਜਾਣਗੇ। ਇਸ ਤੋਂ ਇਲਾਵਾ ਪੰਜਾਬ ਦੇ ਸਾਰੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਸਣੇ ਹੋਰ ਵਿਦਿਅਕ ਅਦਾਰਿਆਂ ਵਿੱਚ ਵੀ ਧਾਰਮਕ ਪ੍ਰੋਗਰਾਮ ਕਰਵਾਏ ਜਾਣਗੇ।

22-JULY-PAGE-1.qxd 7/21/2025 10:36 PM Page 2



## ਸਕੂਲ ਦਾ ਨਾਂਅ ਸੁਤੰਤਰਤਾ ਸੰਗਰਾਮੀ ਅਜੈਬ ਸਿੰਘ ਦੇ ਨਾਂਅ 'ਤੇ ਰੱਖਿਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਦੇਸ਼ ਭਗਤਾਂ, ਸੁਤੰਤਰਤਾ ਸੰਗਰਾਮੀਆਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਪੰਜਾਬ ਸਰਕਾਰ ਤੇ ਦੇਸ਼ ਭਗਤ ਜਥੇਬੰਦੀਆਂ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਤਹਿਤ ਸਬ ਡਵੀਜ਼ਨ ਪਾਤੜਾਂ ਦੇ ਪਿੰਡ ਸਾਗਰਾ ਦੇ ਸਰਕਾਰੀ ਸਕੂਲ ਦਾ ਨਾਮ ਉੱਘੇ ਸੁਤੰਤਰਤਾ ਸੰਗਰਾਮੀ ਅਜੈਬ ਸਿੰਘ ਭੁੱਲਰ ਦੇ ਨਾਮ 'ਤੇ ਰੱਖਿਆ ਗਿਆ ਹੈ।ਜਾਣਕਾਰੀ ਦਿੰਦਿਆਂ ਸੁਤੰਤਰਤਾ ਸੰਗਰਾਮੀ ਉੱਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਰਜਿ. ਨੰ. 234 ਦੇ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੈਣੀ ਨੇ ਦੱਸਿਆ ਕਿ ਪੰਜਾਬ ਸਰਕਾਰ ਫ਼ੈਸਲੇ ਤਹਿਤ ਜ਼ਿਲ੍ਹਾ ਪਟਿਆਲਾ ਦੇ ਤਿੰਨ ਸਕੂਲਾਂ ਦੇ ਨਾਮ ਆਜ਼ਾਦੀ ਘੁਲਾਟੀਆਂ ਦੇ ਨਾਮ 'ਤੇ ਰੱਖਣ ਲਈ ਮਨਜ਼ੂਰੀ ਮਿਲ ਗਈ ਹੈ, ਜਿਸ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਸਾਗਰਾ ਦਾ ਨਾਮ ਸੁਤੰਤਰਤਾ ਸੰਗਰਾਮੀ ਅਜੈਬ ਸਿੰਘ ਸਰਕਾਰੀ ਐਲੀਮੈਂਟਰੀ ਸਕੂਲ ਸਾਗਰਾ ਰੱਖਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਮਾਣ ਸਨਮਾਨ ਨੂੰ ਬਹਾਲ ਰੱਖਣ ਲਈ ਜਥੇਬੰਦੀ ਵੱਲੋਂ ਸੰਘਰਸ਼ ਕੀਤਾ ਜਾ ਰਿਹਾ ਹੈ।ਸੁਤੰਤਰਤਾ ਸੰਗਰਾਮੀ ਅਜੈਬ ਸਿੰਘ ਭੁੱਲਰ ਦੇ ਪਰਿਵਾਰਕ ਮੈਂਬਰਾਂ ਚਰਨਜੀਤ ਸਿੰਘ ਭੁੱਲਰ ਤੇ ਹਰਨੇਕ ਸਿੰਘ ਭੁੱਲਰ ਨੇ ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਸਾਡੇ ਬਜ਼ੁਰਗਾਂ ਵੱਲੋਂ ਦੇਸ਼ ਦੀ ਆਜ਼ਾਦੀ ਲਈ ਪਾਏ ਯੋਗਦਾਨ ਨੂੰ ਯਾਦ ਰੱਖਦਿਆਂ ਸਕੂਲ ਦਾ ਨਾਮ ਸੁਤੰਤਰਤਾ ਸੰਗਰਾਮੀ ਦੇ ਨਾਮ 'ਤੇ ਰੱਖਣਾ ਸ਼ਲਾਘਾਯੋਗ ਉਪਰਾਲਾ ਹੈ, ਉੱਥੇ ਹੀ ਆਉਣ ਵਾਲੀ ਪੀੜ੍ਹੀ ਨੂੰ ਦੇਸ਼ ਭਗਤਾਂ ਦੀ ਜੀਵਨੀ ਤੋਂ ਪ੍ਰੇਰਨਾ ਮਿਲਦੀ ਰਹੇਗੀ। ਇਸ ਦੌਰਾਨ ਸੁਤੰਤਰਤਾ ਸੰਗਰਾਮੀ ਅਜੈਬ ਸਿੰਘ ਭੁੱਲਰ ਦੇ ਪਰਵਾਰ ਨੇ ਸਕੱਤਰ ਸਕੂਲ ਸਿੱਖਿਆ ਵਿਭਾਗ, ਸਕੱਤਰ ਫਰੀਡਮ ਫਾਈਟਰ ਵਿਭਾਗ, ਡਿਪਟੀ ਕਮਿਸ਼ਨਰ ਪਟਿਆਲਾ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਤੇ ਉਪ-ਮੰਡਲ ਅਫ਼ਸਰ ਪਾਤੜਾਂ ਦੇ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ।

## ਰੇਲ ਸੰਪਤੀ ਚੋਰੀ ਕਰਨ ਤੇ ਸਟਾਫ 'ਤੇ ਹਮਲੇ ਦੇ ਦੋਸ਼ 'ਚ 6 ਗ੍ਰਿਫ਼ਤਾਰ

### ਵੱਡੀ ਮਾਤਰਾ 'ਚ ਚੋਰੀ ਦਾ ਸਾਮਾਨ ਬਰਾਮਦ






**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਫਿਰੋਜ਼ਪੁਰ ਸਿਟੀ ਦੀ ਬਾਹਰੀ ਚੌਕੀ ਤੇ ਜੀਆਰਪੀ/ਫਿਰੋਜ਼ਪੁਰ ਦੀ ਸਾਂਝੀ ਕਾਰਵਾਈ 'ਚ ਰੇਲ ਸੰਪਤੀ ਦੀ ਚੋਰੀ ਤੇ ਡਿਊਟੀ 'ਤੇ ਤਾਇਨਾਤ ਸਟਾਫ 'ਤੇ ਚਾਕੂ ਨਾਲ ਹਮਲਾ ਕਰਨ ਦੇ ਮਾਮਲੇ 'ਚ ਛੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਕਾਰਵਾਈ ਦੌਰਾਨ ਵੱਡੀ ਮਾਤਰਾ 'ਚ ਚੋਰੀ ਕੀਤੀ ਰੇਲ ਸੰਪਤੀ, ਜਿਸ 'ਚ 80 ਮੀਟਰ ਅੰਡਰ ਫਰੇਮ ਵਾਇਰ ਸ਼ਾਮਲ ਹੈ, ਬਰਾਮਦ ਕੀਤੀ ਗਈ ਹੈ। ਇਸ ਮਾਮਲੇ 'ਚ ਦੋ ਕਬਾੜੀਆਂ ਸਮੇਤ ਚਾਰ ਹੋਰ ਮੁਲਜ਼ਮਾਂ ਨੂੰ ਵੀ ਹਿਰਾਸਤ 'ਚ ਲਿਆ ਗਿਆ ਹੈ। ਮਾਮਲੇ ਦੀ ਸ਼ੁਰੂਆਤ 15 ਜੁਲਾਈ 2025 ਨੂੰ ਬਾਹਰੀ ਚੌਕੀ ਫਿਰੋਜ਼ਪੁਰ ਸਿਟੀ 'ਚ ਦਰਜ ਮੁਕੱਦਮਾ ਨੰਬਰ 07/25 ਅਧੀਨ 3 ਆਰਪੀ (ਯੂਪੀ) ਐਕਟ ਅਤੇ ਜੀਆਰਪੀ/ਫਿਰੋਜ਼ਪੁਰ 'ਚ ਦਰਜ ਐੱਫਆਈਆਰ ਨੰਬਰ 24/2025 ਅਧੀਨ 3(5), 121(1), 121(2), 132, 221 ਬੀਐੱਨਐੱਸ ਦੇ ਤਹਿਤ ਹੋਈ। ਮੁਲਜ਼ਮਾਂ 'ਤੇ ਰੇਲ ਸੰਪਤੀ ਦੀ ਚੋਰੀ ਕਰਨ ਤੇ ਡਿਊਟੀ 'ਤੇ ਮੌਜੂਦ ਸਟਾਫ 'ਤੇ ਚਾਕੂ ਨਾਲ ਹਮਲਾ ਕਰਕੇ ਭੱਜਣ ਦਾ ਦੋਸ਼ ਸੀ।

ਰੇਲਵੇ ਪੋਸਟ ਫਿਰੋਜ਼ਪੁਰ ਤੇ ਸੀਆਈਬੀ ਫਿਰੋਜ਼ਪੁਰ ਦੀ ਟੀਮ ਨੇ 17 ਜੁਲਾਈ 2025 ਨੂੰ ਮੁੱਖ ਮੁਲਜ਼ਮ ਰਿੰਕੂ ਕੁਮਾਰ ਪੁੱਤਰ ਦਰਸ਼ਨ ਲਾਲ ਨਿਵਾਸੀ ਮੁਹੱਲਾ ਵਾਲਮੀਕੀ ਨੇੜੇ ਬੇਰ ਸਾਹਿਬ ਗੁਰੂ ਹਰਸਹਾਏ, ਹਾਲ ਪਤਾ ਜੀਜੋਂ ਦਾ ਮਕਾਨ, ਨੇੜੇ ਜਿੰਦੋ ਕਰਿਆਨਾ ਸਟੋਰ ਆਵਾ ਬਸਤੀ ਫਿਰੋਜ਼ਪੁਰ ਸਿਟੀ ਤੇ ਬੌਬੀ ਪੁੱਤਰ ਜੋਗਿੰਦਰ ਨਿਵਾਸੀ ਆਵਾ ਬਸਤੀ, ਨੇੜੇ ਪਾਣੀ ਵਾਲੀ ਟੈਂਕੀ, ਫਿਰੋਜ਼ਪੁਰ ਸਿਟੀ ਨੂੰ ਗ੍ਰਿਫਤਾਰ ਕੀਤਾ। ਇਨ੍ਹਾਂ ਕੋਲੋਂ 50 ਐੱਮਐੱਮ ਦੀ 40 ਮੀਟਰ ਅੰਡਰ ਫਰੇਮ ਵਾਇਰ, ਜਿਸ ਦੀ ਕੀਮਤ 9,000 ਰੁਪਏ ਹੈ, ਬਰਾਮਦ ਕੀਤੀ ਗਈ। ਦੋਵਾਂ ਮੁਲਜ਼ਮਾਂ ਨੂੰ ਏਸੀਜੀਐੱਮ/ਫਿਰੋਜ਼ਪੁਰ ਦੀ ਅਦਾਲਤ 'ਚ ਪੇਸ਼ ਕੀਤਾ ਗਿਆ, ਜਿੱਥੇ ਮਾਨਯੋਗ ਅਦਾਲਤ ਨੇ ਇਨ੍ਹਾਂ ਨੂੰ 14 ਦਿਨਾਂ ਦੀ ਜੁਡੀਸ਼ੀਅਲ ਕਸੱਟਡੀ (ਜੇਸੀ) 'ਚ ਭੇਜਣ ਦੇ ਹੁਕਮ ਜਾਰੀ ਕੀਤੇ।

ਮੈਡੀਕਲ ਜਾਂਚ ਤੋਂ ਬਾਅਦ ਦੋਵਾਂ ਨੂੰ ਕੇਂਦਰੀ ਜੇਲ੍ਹ 'ਚ ਭੇਜ ਦਿੱਤਾ ਗਿਆ। ਮੁਲਜ਼ਮਾਂ ਦੇ ਬਿਆਨਾਂ ਦੇ ਆਧਾਰ 'ਤੇ ਜਾਂਚ ਨੂੰ ਅੱਗੇ ਵਧਾਉਂਦਿਆਂ ਰੇਲ ਸੰਪਤੀ ਦੀ ਚੋਰੀ 'ਚ ਸ਼ਾਮਲ ਦੋ ਹੋਰ ਵਾਂਛਿਤ ਮੁਲਜ਼ਮਾਂ, ਰਿੱਕੀ ਉਰਫ ਲੱਕੀ ਭੂਤ ਪੁੱਤਰ ਕ੍ਰਿਸ਼ਨ ਲਾਲ ਨਿਵਾਸੀ ਵਾਰਡ-2 ਆਵਾ ਵਾਲੀ ਬਸਤੀ, ਫਿਰੋਜ਼ਪੁਰ ਅਤੇ ਰਵੀਕਾਂਤ ਉਰਫ ਸਾਜਨ ਪੁੱਤਰ ਮਨੋਜ ਮੰਡਲ ਨਿਵਾਸੀ ਗਲੀ ਨੰਬਰ 1, ਵਾਰਡ-2, ਆਵਾ ਵਾਲੀ ਬਸਤੀ, ਫਿਰੋਜ਼ਪੁਰ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਤੋਂ ਇਲਾਵਾ ਮੁਲਜ਼ਮਾਂ ਦੇ ਬਿਆਨਾਂ ਦੇ ਆਧਾਰ 'ਤੇ ਚੋਰੀ ਹੋਈ ਰੇਲ ਸੰਪਤੀ ਖ਼੍ਰੀਦਣ ਵਾਲੇ ਦੋ ਕਬਾੜੀਆਂ, ਸਤੀਸ਼ ਕੁਮਾਰ ਪੁੱਤਰ ਰੋਸ਼ਨ ਲਾਲ ਨਿਵਾਸੀ ਨਵੀਂ ਆਬਾਦੀ, ਜ਼ੀਰਾ ਗੇਟ ਫਿਰੋਜ਼ਪੁਰ) ਤੇ ਲੋਕੇਸ਼ ਪੁੱਤਰ ਨਰੇਸ਼ ਕੁਮਾਰ ਨਿਵਾਸੀ ਖਾਤਾ ਨੰਬਰ 166 ਘੁਮਾਰ ਮੰਡੀ, ਫਿਰੋਜ਼ਪੁਰ ਕੈਂਟ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਕੋਲੋਂ 50 ਐੱਮਐੱਮ ਦੀ 40+24 ਮੀਟਰ, 16 ਐੱਮਐੱਮ ਦੀ 80 ਮੀਟਰ ਤੇ 4 ਐੱਮਐੱਮ ਦੀ 50 ਮੀਟਰ ਅੰਡਰ ਫਰੇਮ ਵਾਇਰ, ਜਿਸ ਦੀ ਕੁੱਲ ਕੀਮਤ 26,500 ਰੁਪਏ ਹੈ, ਬਰਾਮਦ ਕੀਤੀ ਗਈ। 19 ਜੁਲਾਈ 2025 ਨੂੰ ਇਨ੍ਹਾਂ ਚਾਰਾਂ ਮੁਲਜ਼ਮਾਂ ਨੂੰ ਏਸੀਜੀਐੱਮ/ਫਿਰੋਜ਼ਪੁਰ ਦੀ ਅਦਾਲਤ 'ਚ ਪੇਸ਼ ਕੀਤਾ ਗਿਆ, ਜਿੱਥੇ ਉਨ੍ਹਾਂ ਨੂੰ 14 ਦਿਨਾਂ ਦੀ ਜੁਡੀਸ਼ੀਅਲ ਕਸਟੱਡੀ 'ਚ ਜੇਲ੍ਹ ਭੇਜ ਦਿੱਤਾ ਗਿਆ।

## ਹਰਿਆਣਾ 'ਚ ਹੋਵੇਗੀ ਤਿੰਨ ਰੋਜ਼ਾ ਰਾਸ਼ਟਰੀ ਪੰਜਾਬੀ ਕਾਨਫਰੰਸ

### ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੀ ਉੱਨਤੀ ਲਈ ਉਪਰਾਲੇ ਤੇਜ਼ : ਹਰਪਾਲ ਗਿੱਲ

**ਸਿਰਸਾ (ਸੁਰਿੰਦਰ ਪਾਲ ਸਿੰਘ)**

ਹਰਿਆਣਾ ਸਾਹਿਤ ਤੇ ਸੰਸਕ੍ਰਿਤੀ ਅਕਾਦਮੀ ਦੇ ਪੰਜਾਬੀ ਵਿਭਾਗ ਤੇ ਡਾਇਰੈਕਟਰ ਹਰਪਾਲ ਸਿੰਘ ਗਿੱਲ ਤੇ ਅਕਾਦਮੀ ਦੇ ਕਾਰਜਕਾਰੀ ਉੱਪ-ਚੇਅਰਮੈਨ ਪ੍ਰੋਫੈਸਰ ਕੁਲਦੀਪ ਚੰਦ, ਉਰਦੂ ਸੈੱਲ ਦੇ ਡਾ: ਚੰਦਰ ਤ੍ਰਿਖਾ ਤੇ ਮੈਂਬਰ ਸਕੱਤਰ ਮਨਜੀਤ ਸਿੰਘ, ਸਲਾਹਕਾਰ ਕਮੇਟੀ ਮੈਂਬਰ ਡਾਕਟਰ ਰਤਨ ਸਿੰਘ ਢਿੱਲੋਂ, ਡਾ: ਸੁਦਰਸ਼ਨ ਗਾਸੋ, ਡਾ: ਸਾਹਿਬ ਸਿੰਘ ਅਰਸ਼ੀ, ਪ੍ਰਿੰਸੀਪਲ ਬ੍ਰਿਜ ਭੂਸ਼ਨ ਸ਼ਰਮਾ, ਡਾ: ਚਰਨਜੀਤ ਕੌਰ ਤੇ ਲਖਵਿੰਦਰ ਪਾਲ ਸਿੰਘ ਗਰੇਵਾਲ ਸਮੇਤ ਸਾਰੇ ਮੈਂਬਰਾਂ ਵੱਲੋਂ ਫੈਸਲਾ ਲਿਆ ਗਿਆ ਕਿ ਹਰਿਆਣਾ 'ਚ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੀ ਉੱਨਤੀ ਲਈ ਇਸ ਸਾਲ ਨਵੰਬਰ ਮਹੀਨੇ ਵਿੱਚ ਤਿੰਨ ਰੋਜ਼ਾ ਰਾਸ਼ਟਰੀ ਪੰਜਾਬੀ ਕਾਨਫਰੰਸ ਕਰਵਾਈ ਜਾਵੇਗੀ, ਜਿਸ ਵਿੱਚ ਹਰਿਆਣਾ ਤੋਂ ਇਲਾਵਾ ਹੋਰਨਾਂ ਰਾਜਾਂ ਦੀਆਂ ਯੂਨੀਵਰਸਿਟੀਆਂ, ਕਾਲਜਾਂ ਤੇ ਸਾਹਿਤ ਅਕਾਦਮੀਆਂ ਤੋਂ ਬੁੱਧੀਜੀਵੀਆਂ ਤੇ ਵਿਦਵਾਨਾਂ ਦੀ ਰਜਿਸਟ੍ਰੇਸ਼ਨ ਕੀਤੀ ਜਾਵੇਗੀ। ਅਕਾਦਮੀ ਦੇ ਡਾਇਰੈਕਟਰ ਹਰਪਾਲ ਸਿੰਘ ਗਿੱਲ ਨੇ ਕਿਹਾ ਕਿ ਇਸ ਕਾਨਫਰੰਸ ਦਾ ਵਿਸ਼ਾ ਪੰਜਾਬੀ ਭਾਸ਼ਾ ਸਹਿਤ ਸੱਭਿਆਚਾਰ ਤੇ ਇਤਿਹਾਸ ਹੋਵੇਗਾ। ਉਨ੍ਹਾਂ ਕਿਹਾ ਕਿ ਹਰਿਆਣਾ ਸਾਹਿਤ ਅਕਾਦਮੀ ਦੀ ਇਹ ਪੰਜਾਬੀ ਕਾਨਫਰੰਸ ਇੱਕ ਮੀਲ ਪੱਥਰ ਸਾਬਿਤ ਹੋਵੇਗੀ। ਇਸ ਮੀਟਿੰਗ ਵਿੱਚ ਪੰਜਾਬੀ ਦੀਆਂ ਉਪ-ਭਾਸ਼ਾਵਾਂ ਪੁਆਧੀ, ਸਰਾਇਕੀ ਆਦਿ ਦੀਆਂ ਰਚਨਾਵਾਂ ਨੂੰ ਸ਼ਬਦ ਬੂੰਦ ਪੱਤ੍ਰਿਕਾ ਵਿੱਚ ਛਾਪਣ ਹਿੱਤ ਸਾਹਿਤਕਾਰਾਂ ਨੂੰ ਆਪਣੀਆਂ ਰਚਨਾਵਾਂ ਭੇਜਣ ਲਈ ਉਤਸ਼ਾਹਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸ਼ਬਦ ਬੂੰਦ ਪੱਤ੍ਰਿਕਾ ਲਈ ਹੋਰ ਮੈਂਬਰ ਬਣਾਉਣ ਦੇ ਉਪਰਾਲੇ ਤੇਜ਼ ਕੀਤੇ ਜਾਣਗੇ। ਆਦਮੀ ਦੇ ਡਾਇਰੈਕਟਰ ਦਾ ਕਹਿਣਾ ਹੈ ਕਿ ਹਰਿਆਣਾ ਵਿੱਚ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਪੂਰੇ ਹਰਿਆਣਾ ਪ੍ਰਾਂਤ ਨੂੰ 7 ਜ਼ੋਨਾਂ ਵਿੱਚ ਵੰਡ ਕੇ ਜ਼ਿਲ੍ਹਾ ਪੱਧਰੀ ਤੇ ਬਲਾਕ ਪੱਧਰੀ ਕਮੇਟੀਆਂ ਬਣਾਈਆਂ ਜਾਣਗੀਆਂ, ਜੋ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਲਈ ਕੰਮ ਕਰਨਗੀਆਂ।

## ਅਲਾਇੰਸ ਇੰਟਰਨੈਸ਼ਨਲ ਸਕੂਲ ਵੱਲੋਂ ਵੈਦਿਕ ਗਣਿਤ 'ਤੇ ਵਰਕਸ਼ਾਪ



**ਰਾਜਪੁਰਾ (ਰਮੇਸ਼ ਕਟਾਰੀਆ)**-ਅਲਾਇੰਸ ਇੰਟਰਨੈਸ਼ਨਲ ਸਕੂਲ ਨੇ ਕਲਾਸ 9 ਤੋਂ 12 ਤੱਕ ਦੇ ਵਿਦਿਆਰਥੀਆਂ ਲਈ ਇੱਕ ਗਿਆਨਵਰਧਕ ਵੈਦਿਕ ਗਣਿਤ ਵਰਕਸ਼ਾਪ ਕਰਵਾਈ।ਇਹ ਖਾਸ ਸੈਸ਼ਨ ਪ੍ਰਸਿੱਧ ਅੰਤਰਿਕਸ਼ ਵਿਗਿਆਨੀ, ਸਟਾਰਟਅਪ ਮੈਂਟਰ ਤੇ ਸਲਾਈਟ (ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ) ਲੌਂਗੋਵਾਲ ਪੰਜਾਬ ਦੇ ਅਧਿਆਪਕ ਪ੍ਰੋ. ਰਵੀ ਕਾਂਤ ਮਿਸ਼ਰਾ ਦੁਆਰਾ ਸੰਚਾਲਤ ਕੀਤਾ ਗਿਆ।ਪ੍ਰੋ. ਮਿਸ਼ਰਾ ਨੇ ਵਿਦਿਆਰਥੀਆਂ ਨਾਲ ਅਜਿਹੀਆਂ ਝਟਪਟ ਤਕਨੀਕਾਂ ਤੇ ਨਵੀਨ ਤਰੀਕਿਆਂ ਨੂੰ ਸਾਂਝਾ ਕੀਤਾ, ਜੋ ਕਿ ਗਣਿਤ ਦੀਆਂ ਜਟਿਲ ਗਿਣਤੀਆਂ ਨੂੰ ਆਸਾਨ ਤੇ ਦਿਲਚਸਪ ਬਣਾਉਂਦੀਆਂ ਹਨ।ਉਨ੍ਹਾਂ ਦੀ ਵਿੱਦਿਅਕ ਪਹੁੰਚ ਨੇ ਵਿਦਿਆਰਥੀਆਂ ਨੂੰ ਗਣਿਤਕ ਸੰਕਲਪਾਂ ਨੂੰ ਸੱਭਿਆਚਾਰਕ ਤੇ ਰਵਾਇਤੀ ਜੜ੍ਹਾਂ ਨਾਲ ਜੋੜਨ ਵਿੱਚ ਮਦਦ ਕੀਤੀ, ਜਿਸ ਨਾਲ ਵਿਦਿਆਰਥੀਆਂ ਵਿੱਚ ਵਿਸ਼ੇ ਪ੍ਰਤੀ ਗਹਿਰਾ ਸਮਝ ਤੇ ਆਕਰਸ਼ਣ ਪੈਦਾ ਹੋਇਆ।ਇਹ ਵਰਕਸ਼ਾਪ ਬਹੁਤ ਹੀ ਇੰਟਰੈਕਟਿਵ ਰਹੀ, ਜਿਸ ਵਿੱਚ ਵਿਦਿਆਰਥੀਆਂ ਨੇ ਚਰਚਾ ਕੀਤੀ, ਸਵਾਲ ਪੁੱਛੇ ਤੇ ਗਣਿਤ ਦੇ ਨੈਤਿਕ ਪੱਖਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ।ਪ੍ਰੋ. ਮਿਸ਼ਰਾ ਨੇ ਧੀਰਜ ਨਾਲ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਤੇ ਉਨ੍ਹਾਂ ਨੂੰ ਤਰਕਸੰਗਤ ਸੋਚ ਵੱਲ ਉਤਸ਼ਾਹਤ ਕੀਤਾ।ਇਵੈਂਟ ਦੇ ਅੰਤ ਵਿੱਚ ਸਕੂਲ ਦੇ ਪ੍ਰਿੰਸਪਲ ਬ੍ਰਿਜੇਸ਼ ਸਕਸੇਨਾ ਨੇ ਸੰਬੋਧਨ ਕੀਤਾ।ਉਨ੍ਹਾਂ ਪ੍ਰੋ. ਰਵੀ ਕਾਂਤ ਮਿਸ਼ਰਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਸਕੂਲ ਪ੍ਰਬੰਧਨ ਦਾ ਵੀ ਧੰਨਵਾਦ ਕੀਤਾ, ਜੋ ਕਿ ਐਸੇ ਲਾਭਕਾਰੀ ਸਿੱਖਣ ਦੇ ਅਨੁਭਵ ਸਾਂਝਾ ਕਰਨ ਲਈ ਹਮੇਸ਼ਾ ਤਤਪਰ ਰਹਿੰਦੇ ਹਨ।

## ਲੈਂਡ ਪੂਲਿੰਗ ਯੋਜਨਾ ਮਾਨ ਸਰਕਾਰ ਦੇ ਕੀਤੇ-ਕਰਾਏ 'ਤੇ ਫੇਰੇਗੀ ਪਾਣੀ : ਵਿਜੇ ਧੀਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਦੀ ਭਗਵੰਤ ਮਾਨ ਸਰਕਾਰ ਇੱਕਦਮ ਸ਼ਹਿਰੀ ਕਰਨ ਤਹਿਤ ਪੰਜਾਬ ਦੀ 44000 ਏਕੜ ਖੇਤੀਬਾੜੀ ਵਾਲੀ ਜ਼ਮੀਨ ਐਕਵਾਇਰ ਕਰਨ ਲਈ ਲੈਂਡ ਪੂਲਿੰਗ ਸਕੀਮ ਲੈ ਕੇ ਆਈ ਹੈ।ਇਸ ਯੋਜਨਾ ਦਾ ਪੰਜਾਬ ਵਿੱਚ ਵਿਰੋਧੀ ਸਿਆਸੀ ਪਾਰਟੀਆਂ, ਸੰਯੁਕਤ ਕਿਸਾਨ ਮੋਰਚਾ ਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਵਿਰੋਧ ਸ਼ੁਰੂ ਹੋ ਗਿਆ ਹੈ ਅਤੇ ਇਹ ਵਿਰੋਧ ਦਿੱਲੀ ਦੇ ਬੀਤੇ ਕਿਸਾਨ ਅੰਦੋਲਨ ਵਾਂਗ ਇੱਕ ਸੂਬਾ ਪੱਧਰੀ ਜਨਤਕ ਅੰਦੋਲਨ ਦਾ ਰੂਪ ਧਾਰਨ ਕਰ ਸਕਦਾ ਹੈ। ਇਹ ਵਿਚਾਰ ਇੱਥੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੇ ਉਸ ਸਮੇਂ ਪ੍ਰਗਟ ਕੀਤੇ, ਜਦ ਉਹ ਮਜ਼ਦੂਰਾਂ ਦੇ ਇਕੱਠ ਵਿੱਚ ਪੰਜਾਬ ਸਰਕਾਰ ਨੂੰ ਅਪੀਲ ਕਰ ਰਹੇ ਸਨ ਕਿ ਉਹ ਉਕਤ ਯੋਜਨਾ 'ਤੇ ਪੁਨਰ ਵਿਚਾਰ ਕਰੇ ਤੇ ਸੰਬੰਧਤ ਧਿਰਾਂ ਨਾਲ ਸਲਾਹ ਮਸ਼ਵਰਾ ਕਰਨ ਲਈ ਫਿਲਹਾਲ ਇਸ ਲੈਂਡ ਪੂਲਿੰਗ ਨੀਤੀ ਨੂੰ ਲੋਕ ਹਿੱਤ ਵਿੱਚ ਵਾਪਸ ਲੈ ਲਵੇ।ਮਜ਼ਦੂਰ ਆਗੂ ਵਿਜੇ ਧੀਰ ਨੇ ਖਦਸ਼ਾ ਪ੍ਰਗਟ ਕੀਤਾ ਕਿ ਪੰਜਾਬ ਇੱਕ ਖੇਤੀ ਪ੍ਰਧਾਨ ਪ੍ਰਦੇਸ਼ ਹੈ ਤੇ ਖੇਤੀਬਾੜੀ ਨਾਲ ਕਿਸਾਨਾਂ ਦੀਆਂ ਵਿਸ਼ੇਸ਼ ਤੌਰ 'ਤੇ ਭਾਵਨਾਵਾਂ ਜੁੜੀਆਂ ਹੋਈਆਂ ਹਨ।ਉਨ੍ਹਾ ਕਿਹਾ ਕਿ ਲੈਂਡ ਪੂਲਿੰਗ ਨੀਤੀ ਦਾ ਵਿਰੋਧ ਕਿਤੇ ਸਰਕਾਰ ਵਿਰੋਧੀ ਜਨ ਅੰਦੋਲਨ ਵਿੱਚ ਨਾ ਤਬਦੀਲ ਹੋ ਜਾਵੇ ਤੇ ਭਗਵੰਤ ਮਾਨ ਸਰਕਾਰ ਦੇ ਸਾਢੇ ਤਿੰਨ ਸਾਲ ਦੇ ਕੀਤੇ ਕਰਾਏ 'ਤੇ ਪਾਣੀ ਨਾ ਫਿਰ ਜਾਵੇ।ਧੀਰ ਨੇ ਕਿਹਾ ਕਿ ਪੰਜਾਬ ਵਿੱਚ ਪਹਿਲਾਂ ਹੀ ਸ਼ਹਿਰੀ ਆਬਾਦੀ 42 ਫੀਸਦੀ ਦੇ ਲਗਭਗ ਹੋ ਚੁੱਕੀ ਹੈ।ਇਸ ਵਿੱਚ ਹੋਰ ਵਾਧਾ ਕਰਨਾ ਫਾਇਦੇਮੰਦ ਨਹੀਂ ਹੈ।ਧੀਰ ਨੇ ਕਿਹਾ ਕਿ ਪੰਜਾਬ ਵਿੱਚ 80 ਫੀਸਦੀ ਕਿਸਾਨੀ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੀ ਹੈ ਤੇ ਜੇਕਰ ਇਨ੍ਹਾਂ ਕਿਸਾਨਾਂ ਦੀ ਖੇਤੀਬਾੜੀ ਵਾਲੀ ਜ਼ਮੀਨ ਐਕਵਾਇਰ ਕਰ ਲਈ ਗਈ ਤਾਂ ਜਿੱਥੇ ਵੱਡੀ ਗਿਣਤੀ ਵਿੱਚ ਇਹ ਛੋਟੇ ਕਿਸਾਨ ਬੇਰੁਜ਼ਗਾਰ ਹੋ ਜਾਣਗੇ ਤੇ ਖੇਤੀ ਖਤਮ ਹੋਣ ਨਾਲ ਸਭ ਤੋਂ ਵੱਡਾ ਨੁਕਸਾਨ ਮਜ਼ਦੂਰ ਵਰਗ ਦਾ ਹੋਵੇਗਾ। ਧੀਰ ਨੇ ਮੰਗ ਕੀਤੀ ਕਿ ਲੈਂਡ ਪੂਲਿੰਗ ਸਕੀਮ 'ਤੇ ਮੁੜ ਵਿਚਾਰ ਕੀਤਾ ਜਾਵੇ ਤੇ ਕਿਸਾਨ ਜਥੇਬੰਦੀਆਂ, ਮਜ਼ਦੂਰ ਜਥੇਬੰਦੀਆਂ, ਆਰਥਿਕ ਤੇ ਕਾਨੂੰਨੀ ਮਾਹਰਾਂ ਦੀ ਇੱਕ ਕਮੇਟੀ ਬਣਾਈ ਜਾਵੇ ਅਤੇ ਕਮੇਟੀ ਦੀ ਰਿਪੋਰਟ ਉਪਰੰਤ ਇਸ ਯੋਜਨਾ ਨੂੰ ਲਾਗੂ ਕਰਨਾ ਹੈ ਜਾਂ ਨਹੀਂ ਕਰਨਾ ਹੈ, ਬਾਬਤ ਫੈਸਲਾ ਲਿਆ ਜਾਵੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਡੱਡ, ਜਨਰਲ ਸਕੱਤਰ ਮੇਜਰ ਸਿੰਘ ਲੰਡੇ ਕੇ, ਜਸਵੰਤ ਸਿੰਘ ਜੱਸਾ, ਰਿੱਪੀ, ਰੇਸ਼ਮ ਸਿੰਘ, ਮਦਨ ਸਿੰਘ, ਚਮਕੌਰ ਸਿੰਘ ਮਹਿਣਾ, ਗੁਰਚਰਨ ਸਿੰਘ ਬਹੋਨਾ, ਰਜਿੰਦਰ ਸਿੰਘ ਕਾਲਾ, ਸੁਖਦੇਵ ਸਿੰਘ, ਸੰਨੀ, ਸ਼ਿੰਦਰ ਪਾਲ, ਸ਼ੰਮੀ, ਦਰਸ਼ਨ ਸਿੰਘ ਜੋੜਾ, ਵਿਨੋਦ, ਚੰਨਾ, ਬੱਬੂ, ਗਗਨ, ਸੋਮਨਾਥ, ਮਨੋਹਰ ਲਾਲ, ਸ਼ੱਕੂ, ਜੋਤੀ, ਸਾਹਿਲ, ਹੈਪੀ, ਸਾਗਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਜੱਖਲਾਂ ਦੇ ਸਰਪੰਚ ਤੇ ਪੰਚਾਂ ਨੇ 'ਆਪ' ਦੀ ਅਗਵਾਈ ਕਬੂਲੀ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਹਲਕਾ ਧੂਰੀ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਬਲ ਮਿਲਿਆ, ਜਦੋਂ ਨੇੜਲੇ ਪਿੰਡ ਜੱਖਲਾਂ ਦੀ ਸਰਪੰਚ ਬਿੰਦਰ ਕੌਰ ਤੇ ਪੰਚਾਇਤ ਮੈਂਬਰ ਜਸਪਾਲ ਸਿੰਘ, ਸ਼ਿਆਮ ਲਾਲ ਤੇ ਬਲਵੀਰ ਸਿੰਘ ਨੇ ਭਾਜਪਾ ਨੂੰ ਅਲਵਿਦਾ ਕਹਿੰਦੇ ਹੋਏ 'ਆਪ' ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ।ਮੁੱਖ ਮੰਤਰੀ ਕੈਂਪਸ ਦਫ਼ਤਰ ਵਿਖੇ ਸੰਖੇਪ ਸਮਾਗਮ ਦੌਰਾਨ ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਦਲਬੀਰ ਸਿੰਘ ਢਿੱਲੋਂ ਨੇ ਉਨ੍ਹਾਂ ਨੂੰ 'ਜੀ ਆਇਆ ਨੂੰ' ਆਖਦੇ ਹੋਏ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾਇਆ। ਚੇਅਰਮੈਨ ਢਿੱਲੋਂ ਨੇ ਕਿਹਾ ਕਿ ਜੱਖਲਾਂ ਪਿੰਡ ਦੀ ਚੋਣੀ ਹੋਈ ਸਿਆਸੀ ਲੀਡਰਸ਼ਿਪ ਵੱਲੋਂ 'ਆਪ' ਵਿੱਚ ਆਉਣਾ ਪਾਰਟੀ ਦੀ ਵਧ ਰਹੀ ਲੋਕਪ੍ਰਿਯਤਾ ਤੇ ਸਰਕਾਰ ਵੱਲੋਂ ਹੋ ਰਹੇ ਵਿਕਾਸ ਕਾਰਜਾਂ ਪ੍ਰਤੀ ਲੋਕਾਂ ਦੇ ਵਿਸ਼ਵਾਸ ਦਾ ਪ੍ਰਮਾਣ ਹੈ।ਸਰਪੰਚ ਬਿੰਦਰ ਕੌਰ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਦੀ ਗਤੀਸ਼ੀਲ ਤੇ ਦੂਰਅੰਦੇਸ਼ੀ ਭਰੀ ਲੀਡਰਸ਼ਿਪ ਤੋਂ ਪ੍ਰਭਾਵਿਤ ਹੋ ਕੇ 'ਆਪ' ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਪਿੰਡ ਦੇ ਲੋਕਾਂ ਦੀ ਭਲਾਈ, ਨੌਜਵਾਨਾਂ ਲਈ ਰੋਜ਼ਗਾਰ ਤੇ ਸਿੱਖਿਆ ਸਹੂਲਤਾਂ ਵਿੱਚ ਸੁਧਾਰ ਦੇ ਮਕਸਦ ਨਾਲ ਉਨ੍ਹਾਂ ਨੇ ਭਾਜਪਾ ਛੱਡ ਕੇ 'ਆਪ' ਦੀ ਅਗਵਾਈ ਸਵੀਕਾਰ ਕੀਤੀ ਹੈ।ਚੇਅਰਮੈਨ ਢਿੱਲੋਂ ਨੇ ਕਿਹਾ ਕਿ ਨਵੀਂ ਸ਼ਾਮਲ ਹੋਈ ਟੀਮ ਨੂੰ ਪਾਰਟੀ ਵਿੱਚ ਉਚਿਤ ਮਾਣ, ਸਤਿਕਾਰ ਤੇ ਸਹਿਯੋਗ ਦਿੱਤਾ ਜਾਵੇਗਾ ਤਾਂ ਜੋ ਪਿੰਡ ਦੀ ਵਿਕਾਸ ਯਾਤਰਾ ਹੋਰ ਤੇਜ਼ੀ ਨਾਲ ਅੱਗੇ ਵਧੇ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸ਼ਾਮ ਸਿੰਗਲਾ, ਬਲਾਕ ਪ੍ਰਧਾਨ ਜਸਪਾਲ ਸਿੰਘ ਪਾਲਾ, ਵੀਰ ਭਾਨ, ਸੁਰਜੀਤ ਸਿੰਘ ਰਾਜੋਮਾਜਰਾ, ਹਰਪ੍ਰੀਤ ਗਿੱਲ, ਜਸਵਿੰਦਰ ਸਿੰਘ ਖੁਰਮੀ ਆਦਿ ਹਾਜ਼ਰ ਸਨ।

## ਸੁਖਵਿੰਦਰ ਸਿੰਘ ਪ੍ਰਧਾਨ ਤੇ ਅਜਾਇਬ ਸਿੰਘ ਜਨਰਲ ਸਕੱਤਰ ਚੁਣੇ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਬੀਕੇਯੂ ਏਕਤਾ ਉਗਰਾਹਾਂ ਦੀ ਭਲਵਾਨ ਇਕਾਈ ਦੀ ਚੋਣ ਦੌਰਾਨ ਸੁਖਵਿੰਦਰ ਸਿੰਘ ਨੂੰ ਭਲਵਾਨ ਇਕਾਈ ਦਾ ਪ੍ਰਧਾਨ, ਅਜਾਇਬ ਸਿੰਘ ਜਨਰਲ ਸਕੱਤਰ, ਮੀਤ ਪ੍ਰਧਾਨ ਰਾਜਵੰਤ ਸਿੰਘ, ਸੀਨੀਅਰ ਮੀਤ ਪ੍ਰਧਾਨ ਹਰਜਿੰਦਰ ਸਿੰਘ, ਖਜ਼ਾਨਚੀ ਨੇਤਰ ਸਿੰਘ, ਸਹਾਇਕ ਖਜ਼ਾਨਚੀ ਬਲਵੀਰ ਸਿੰਘ, ਪ੍ਰਚਾਰ ਸਕੱਤਰ ਮੁਖਤਿਆਰ ਸਿੰਘ, ਬੀਕੇਯੂ ਏਕਤਾ ਉਗਰਾਹਾਂ ਦੀ ਭਲਵਾਨ ਇਕਾਈ ਦੀ ਚੋਣ ਦੌਰਾਨ ਸੁਖਵਿੰਦਰ ਸਿੰਘ ਨੂੰ ਭਲਵਾਨ ਇਕਾਈ ਦਾ ਪ੍ਰਧਾਨ, ਅਜਾਇਬ ਸਿੰਘ ਜਨਰਲ ਸਕੱਤਰ, ਮੀਤ ਪ੍ਰਧਾਨ ਰਾਜਵੰਤ ਸਿੰਘ, ਸੀਨੀਅਰ ਮੀਤ ਪ੍ਰਧਾਨ ਹਰਜਿੰਦਰ ਸਿੰਘ, ਖਜ਼ਾਨਚੀ ਨੇਤਰ ਸਿੰਘ, ਸਹਾਇਕ ਖਜ਼ਾਨਚੀ ਬਲਵੀਰ ਸਿੰਘ, ਪ੍ਰਚਾਰ ਸਕੱਤਰ ਮੁਖਤਿਆਰ ਸਿੰਘ, ਸੰਗਠਨ ਸਕੱਤਰ ਗੁਲਜ਼ਾਰ ਸਿੰਘ, ਪ੍ਰੈੱਸ ਸਕੱਤਰ ਮੇਜਰ ਸਿੰਘ ਤੇ ਬਾਬੂ ਸਿੰਘ, ਬਲਜੀਤ ਸਿੰਘ ਕੇਸਰ ਸਿੰਘ ਸਲਾਹਕਾਰ ਚੁਣੇ ਗਏ।ਜਥੇਬੰਦੀ ਦੀ ਬਲਾਕ ਇਕਾਈ ਦੇ ਜਰਨਲ ਸਕੱਤਰ ਹਰਪਾਲ ਸਿੰਘ ਪੇਧਨੀ, ਮੈਂਬਰ ਰਾਮ ਸਿੰਘ ਕੱਕੜਵਾਲ ਤੇ ਕਰਮਜੀਤ ਸਿੰਘ ਬੇਨੜਾ ਨੇ ਕਿਸਾਨਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ।

## ਕਿਰਤੀ ਕਿਸਾਨ ਯੂਨੀਅਨ ਵੱਲੋਂ ਸੰਗਰੂਰ ਧਰਨੇ 'ਚ ਵੱਡੀ ਸ਼ਮੂਲੀਅਤ ਦਾ ਐਲਾਨ

### ਬਲਾਕ ਬਰੀਵਾਲਾ ਦੇ ਪਿੰਡਾਂ 'ਚ ਕੀਤੀਆਂ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਕਿਰਤੀ ਕਿਸਾਨ ਯੂਨੀਅਨ ਵੱਲੋਂ ਪੁਲਸ ਜਬਰ ਖਿਲਾਫ 25 ਜੁਲਾਈ ਦੀ ਸੰਗਰੂਰ ਰੈਲੀ ਦੇ ਸਬੰਧ ਵਿੱਚ ਪਿੰਡ ਝਬੇਲ ਵਾਲੀ, ਮਰਾੜ ਕਲਾਂ, ਤਖਤ ਮੁਲਾਣਾ ਵਿਖੇ ਮੀਟਿੰਗਾਂ ਕੀਤੀਆਂ ਗਈਆਂ, ਜਿਨਾਂ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ, ਜ਼ਿਲ੍ਹਾ ਸਕੱਤਰ ਹਰਪ੍ਰੀਤ ਸਿੰਘ ਝਬੇਲਵਾਲੀ, ਜ਼ਿਲ੍ਹਾ ਮੀਤ ਪ੍ਰਧਾਨ ਗੁਰਮੀਤ ਸਿੰਘ ਮਰਾੜ ਕਲਾਂ ਤੇ ਚਮਕੌਰ ਸਿੰਘ ਤਖਤ ਮੁਲਾਣਾ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਹੱਕਾਂ ਲਈ ਸੰਘਰਸ਼ ਕਰ ਰਹੇ ਕਿਸਾਨਾਂ ਮਜ਼ਦੂਰਾਂ ਬੇਰੁਜ਼ਗਾਰਾਂ ਦੇ ਸੰਘਰਸ਼ਾਂ ਨੂੰ ਕੁਚਲਣ ਤੋਂ ਇਲਾਵਾ ਝੂਠੇ ਪੁਲਸ ਮੁਕਾਬਲੇ, ਹਿਰਾਸਤੀ ਕਤਲ, ਬੁਲਡੋਜ਼ਰ ਕਾਰਵਾਈਆਂ ਆਮ ਵਰਤਾਰਾ ਬਣਦਾ ਜਾ ਰਿਹਾ ਹੈ। ਪੰਜਾਬ ਅੰਦਰ ਜਮਹੂਰੀਅਤ ਨਾਂ ਦੀ ਕੋਈ ਚੀਜ਼ ਬਾਕੀ ਨਹੀਂ ਹੈ, ਪੁਲਸੀਆ ਦਹਿਸ਼ਤ ਰਾਹੀਂ ਲੋਕਾਂ ਦੀ ਜਵਾਨਬੰਦੀ ਕੀਤੀ ਜਾ ਰਹੀ ਹੈ।ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਨੀਤੀ ਦੇ ਤਹਿਤ ਕਿਸਾਨਾਂ ਦੀਆਂ ਜ਼ਮੀਨਾਂ ਧੱਕੇ ਨਾਲ ਕਬਜ਼ਾ ਕਰਕੇ ਪਿੰਡਾਂ ਵਿੱਚ ਵਸਦੇ ਹਜ਼ਾਰਾਂ ਕਿਸਾਨਾਂ ਮਜ਼ਦੂਰਾਂ ਦੁਕਾਨਦਾਰਾਂ ਨੂੰ ਉਜਾੜਿਆ ਜਾ ਰਿਹਾ। ਪੰਜਾਬ ਦੇ ਲੋਕ ਸੰਘਰਸ਼ਾਂ ਲਈ ਉੱਠ ਖੜੇ ਨਾ ਹੋਣ, ਇਸ ਲਈ ਪੰਜਾਬ ਨੂੰ ਪੁਲਸ ਰਾਜ ਬਣਾ ਦਿੱਤਾ ਗਿਆ ਹੈ, ਜਿਸ ਖਿਲਾਫ ਲੋਕਾਂ 'ਚ ਭਾਰੀ ਰੋਸ ਹੈ। ਇਸ ਮੌਕੇ ਆਗੂਆਂ ਨੇ ਕਿਹਾ ਕਿ ਪਹਿਲਾਂ ਕੇਂਦਰ ਨੇ ਨਵੇਂ ਫੌਜਦਾਰੀ ਕਾਨੂੰਨ ਲਿਆ ਕੇ ਹਰ ਰੋਸ ਪ੍ਰਦਰਸ਼ਨ ਨੂੰ ਅੱਤਵਾਦੀ ਸਰਗਰਮੀ ਦੇ ਘੇਰੇ 'ਚ ਲੈ ਆਂਦਾ ਤੇ ਉਸੇ ਦਿਸ਼ਾ 'ਚ ਪੰਜਾਬ ਸਰਕਾਰ ਅੱਗੇ ਵਧ ਰਹੀ ਹੈ ਅਤੇ ਲੋਕਾਂ ਦੇ ਪ੍ਰਦਰਸ਼ਨ ਕਰਨ ਦੇ ਹੱਕ 'ਤੇ ਅਣਐਲਾਨੀਆਂ ਪਾਬੰਦੀਆਂ ਮੜ੍ਹ ਰਹੀ ਹੈ।ਇਸ ਮੌਕੇ ਪਰਗਟ ਸਿੰਘ ਝਬੇਲਵਾਲੀ, ਬਲਜੀਤ ਸਿੰਘ ਫੌਜੀ, ਜਸਵੰਤ ਸਿੰਘ ਡੋਡਾਂਵਾਲੀ ਨੇ ਕਿਹਾ ਕਿ ਮੋਦੀ ਸਰਕਾਰ ਅਮਰੀਕਾ ਤੇ ਯੂਰਪੀਅਨ ਦੇਸ਼ਾਂ ਨਾਲ ਮੁਕਤ ਵਪਾਰ ਸਮਝੌਤਾ ਕਰ ਰਹੀ ਹੈ, ਜਿਸ ਕਰਕੇ ਬਾਹਰਲੇ ਦੇਸ਼ਾਂ ਤੋਂ ਖੇਤੀ ਨਾਲ ਸੰਬੰਧਤ ਵਸਤੂਆਂ ਦੀਆਂ ਕੀਮਤਾਂ ਬਹੁਤ ਸਸਤੀਆਂ ਹੋ ਜਾਣੀਆਂ, ਜਿਸ ਨਾਲ ਕਰੋੜਾਂ ਕਿਸਾਨਾਂ, ਡੇਅਰੀ ਉਤਪਾਦਕਾਂ ਦਾ ਉਜਾੜਾ ਤੈਅ ਹੈ। ਆਗੂਆਂ ਨੇ ਕਿਹਾ ਕਿ ਜ਼ਮੀਨਾਂ ਬਚਾਉਣ ਤੇ ਲਗਾਤਾਰ ਖਤਮ ਕੀਤੀ ਜਾ ਰਹੀ ਜਮਹੂਰੀਅਤ ਨੂੰ ਬਚਾਉਣ ਲਈ ਬਚਾਉਣ ਲਈ ਪੰਜਾਬ ਦੇ ਲੋਕਾਂ ਨੂੰ ਕਾਫਲੇ ਬੰਨ੍ਹ ਕੇ ਵੱਡੀ ਗਿਣਤੀ ਵਿੱਚ 25 ਤਰੀਕ ਨੂੰ ਸੰਗਰੂਰ ਵਿੱਚ ਕੀਤੀ ਜਾ ਰਹੀ ਜਬਰ ਵਿਰੋਧੀ ਰੈਲੀ ਸ਼ਾਮਲ ਹੋਣ ਦੀ ਅਪੀਲ ਕੀਤੀ।

## ਪਾਰਟੀ ਦੇ ਵਫ਼ਾਦਾਰ ਨੌਜਵਾਨ ਆਗੂਆਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ : ਰਜਿੰਦਰ ਸਿੰਘ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਵਿਧਾਨ ਸਭਾ ਹਲਕਾ ਸਮਾਣਾ ਦੇ ਸਾਬਕਾ ਵਿਧਾਇਕ ਤੇ ਕਾਂਗਰਸ ਦੇ ਹਲਕਾ ਇੰਚਾਰਜ ਰਜਿੰਦਰ ਸਿੰਘ ਨੇ ਕਿਹਾ ਕਿ ਪਾਰਟੀ ਲਈ ਕੰਮ ਕਰਨ ਵਾਲੇ ਵਫ਼ਾਦਾਰ ਨੌਜਵਾਨ ਆਗੂਆਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਉਹ ਅੱਜ ਸਮਾਣਾ ਸ਼ਹਿਰ ਦੇ ਨਵੇਂ ਬਣੇ ਪ੍ਰਧਾਨ ਰਿਸ਼ੂ ਸਿੰਗਲਾ ਦਾ ਸਨਮਾਨ ਕਰਨ ਸਮੇਂ ਇੱਕ ਸਨਮਾਨ ਸਮਾਰੋਹ ਮੌਕੇ ਬੋਲ ਰਹੇ ਸਨ। ਉਨ੍ਹਾਂ ਕਿਹਾ ਕਿ ਰਿਸ਼ੂ ਸਿੰਗਲਾ ਦੀ ਨਿਯੁਕਤੀ ਨਾਲ ਸਮਾਣਾ ਹਲਕੇ ਵਿੱਚ ਕਾਂਗਰਸ ਮਜ਼ਬੂਤ ਹੋਵੇਗੀ ਤੇ ਨੌਜਵਾਨਾਂ ਨੂੰ ਪਾਰਟੀ ਪ੍ਰਤੀ ਜਾਗਰੂਕ ਕਰਨ ਵਿੱਚ ਮਦਦ ਹੋਵੇਗੀ। ਰਜਿੰਦਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਿਰਫ਼ ਲਫਾਫੇਬਾਜ਼ੀ ਕਰਕੇ ਕਾਗ਼ਜ਼ਾਂ ਵਿੱਚ ਹੀ ਪੰਜਾਬ ਦਾ ਵਿਕਾਸ ਕਰ ਰਹੀ ਹੈ, ਜਦੋਂਕਿ ਵਿਕਾਸ ਨਾਂ ਦੀ ਕੋਈ ਚੀਜ਼ ਨਹੀਂ ਦਿਸ ਰਹੀ। ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਸੜਕਾਂ ਦੀ ਹਾਲਤ ਇੰਨੀ ਖਸਤਾ ਹੋ ਚੁੱਕੀ ਹੈ ਕਿ ਉਨ੍ਹਾਂ ਉੱਤੇ ਪੈਦਲ ਤੁਰਨਾ ਵੀ ਮੁਸ਼ਕਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਵੇਲੇ ਹੀ ਸੜਕਾਂ ਨੂੰ ਨਵੇਂ ਸਿਰੇ ਤੋਂ ਬਣਾਇਆ ਗਿਆ ਸੀ, ਪ੍ਰੰਤੂ ਅੱਜ ਸੜਕਾਂ ਵਿੱਚ ਦੋ-ਦੋ ਫੁੱਟ ਦੇ ਟੋਏ ਬਣੇ ਹੋਏ ਹਨ। ਇਸ ਮੌਕੇ ਕਾਂਗਰਸੀ ਆਗੂ ਨਾਇਬ ਸਿੰਘ, ਸੁਖਵਿੰਦਰ ਸਿੰਘ, ਰਣਜੀਤ ਸਿੰਘ ਜਾਲਾਂ, ਤਰਸੇਮ ਸਿੰਘ ਝੰਡੀ, ਯਾਦਵਿੰਦਰ ਸਿੰਘ ਧਨੌਰੀ, ਸੀਤਲ ਸਿੰਘ ਨੰਬਰਦਾਰ, ਗੁਰਵਿੰਦਰ ਸਿੰਘ ਖੇੜੀਮਾਨੀਆ, ਮਿੱਠੂ ਦਦਹੇੜਾ, ਦਵਿੰਦਰ ਸਿੰਘ ਸਰਪੰਚ ਰਾਮਗੜ੍ਹ, ਕੁਲਦੀਪ ਸਿੰਘ ਸ਼ੇਰਮਾਜਰਾ, ਪ੍ਰਤਾਪ ਸਿੰਘ ਸੇਖੋਂ, ਗਿਆਨ ਸਿੰਘ ਬਠੋਈ, ਰਜਿੰਦਰ ਸਿੰਘ ਬਲੀਪੁਰ, ਹੈਲੀ ਡਕਾਲਾ, ਸੰਦੀਪ ਸ਼ਿਲਪੀ ਡਕਾਲਾ, ਜਗਮੇਲ ਸਿੰਘ ਬੀਬੀਪੁਰ, ਬਲਵਿੰਦਰ ਸਿੰਘ ਸਰਪੰਚ ਤੋਂ ਇਲਾਵਾ ਸ਼ਿਵ ਕੁਮਾਰ ਘੱਗਾ, ਬਾਤਿਸ਼ ਵਰਮਾ, ਸੁਮਿਤ ਕੁਮਾਰ ਸ਼ੰਟੀ, ਰਜਿੰਦਰ ਬਾਲੀ, ਜੱਸ ਬੱਬੂ, ਕੁਲਦੀਪ ਦੀਪਾ, ਪਵਨ ਖੁਰਾਨਾ, ਭਗਵਾਨ ਦਾਸ, ਨੋਨੂ ਸ਼ਰਮਾ ਤੋਂ ਇਲਾਵਾ ਗਗਨ ਸਿੰਗਲਾ ਐੱਮ.ਸੀ., ਮਨੋਜ ਸਿੰਗਲਾ ਤੇ ਹੋਰ ਬਹੁਤ ਸਾਰੇ ਆਗੂ ਇਸ ਸਮੇਂ ਹਾਜ਼ਰ ਸਨ।

## ਬਾਬਾ ਖੇਤਰਪਾਲ ਮੰਦਿਰ ਵਿਖੇ ਲਗਾਇਆ ਸੱਤਵਾਂ ਵਿਸ਼ਾਲ ਲੰਗਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੇ ਚੰਨੂੰਵਾਲਾ ਰੋਡ ਉਪਰ ਮਹਿੰਦਰਾ ਪੈਲੇਸ ਦੀ ਬੈਕਸਾਈਡ ਤਿਆਰ ਹੋ ਰਹੇ ਬਾਬਾ ਖੇਤਰਪਾਲ ਜੀ ਦੇ ਮੰਦਰ ਨੂੰ ਲੈ ਸੰਗਤਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਤੇ ਹਰ ਐਤਵਾਰ ਨੂੰ ਕਰਵਾਏ ਜਾ ਰਹੇ ਹਫਤਾਵਾਰੀ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸ਼ਰਧਾਲੂ ਨਤਮਸਤਕ ਹੋ ਕੇ ਸੇਵਾ ਕਰਦੀਆਂ ਹਨ।ਹਫਤਾਵਾਰੀ ਲੰਗਰ ਲਗਾਏ ਜਾਣ ਦੀ ਚਲਾਈ ਗਈ ਪ੍ਰਥਾ ਦੇ ਤਹਿਤ ਬੀਤੇ ਐਤਵਾਰ ਇਸ ਵਾਰ ਸੱਤਵਾਂ ਵਿਸ਼ਾਲ ਲੰਗਰ ਬਾਬਾ ਖੇਤਰਪਾਲ ਜੀ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਵਿਜੇ ਬਾਂਸਲ, ਪ੍ਰਧਾਨ ਸੰਜੀਵ ਗਰਗ, ਕੈਸ਼ੀਅਰ ਰਕੇਸ਼ ਜਿੰਦਲ ਤੋਤਾ ਦੀ ਅਗਵਾਈ ਵਿੱਚ ਸੁਰਿੰਦਰ ਕੁਮਾਰ ਪੁਰੀ ਤੇ ਉਨ੍ਹਾਂ ਦੀ ਧਰਮ ਪਤਨੀ ਕੁਸਮ ਪੁਰੀ ਵੱਲੋਂ ਉਨ੍ਹਾਂ ਦੇ ਪਰਵਾਰ ਵੱਲੋਂ ਲਗਾਇਆ ਗਿਆ।ਇਸ ਮੌਕੇ ਉਕਤ ਸੇਵਾਦਾਰਾਂ ਵੱਲੋਂ ਸੰਗਤਾਂ ਨੂੰ ਇਕ ਪੰਗਤ ਵਿਚ ਬਿਠਾ ਕੇ ਸੇਵਾਦਾਰਾਂ ਵੱਲੋਂ ਲੰਗਰ ਛਕਾਇਆ ਗਿਆ। ਇਸ ਮੌਕੇ ਮੌਜੂਦ ਮੰਦਰ ਦੇ ਪੁਜਾਰੀ ਮੁਕੇਸ਼ ਸ਼ਰਮਾ, ਚੇਅਰਮੈਨ ਵਿਜੈ ਬਾਂਸਲ, ਪ੍ਰਧਾਨ ਸੰਜੀਵ ਗਰਗ, ਕੈਸ਼ੀਅਰ ਰਕੇਸ਼ ਜਿੰਦਲ ਤੋਤਾ ਨੇ ਦੱਸਿਆ ਕਿ ਮੰਦਰ ਵਿਖੇ ਉਸਾਰੀ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ ਤੇ ਸੰਗਤਾਂ ਦੇ ਸਹਿਯੋਗ ਨਾਲ ਬਾਬਾ ਖੇਤਰਪਾਲ ਜੀ ਵਿਸ਼ਾਲ ਮੰਦਰ ਬਣ ਕੇ ਤਿਆਰ ਹੋ ਗਿਆ ਹੈ ਅਤੇ ਅਜੇ ਵੀ ਕਾਰ ਸੇਵਾ ਦਾ ਕੰਮ ਜਾਰੀ ਹੈ, ਜੋ ਵੀ ਸ਼ਰਧਾਲੂ ਆਪਣੀ ਸ਼ਰਧਾ ਮੁਤਾਬਿਕ ਕੋਈ ਵੀ ਸੇਵਾ ਕਰਨਾ ਚਾਹੁੰਦਾ ਹੈ ਤਾਂ ਉਹ ਕਮੇਟੀ ਮੈਂਬਰ ਦੇ ਨਾਲ ਸੇਵਾ ਕਰ ਸਕਦਾ ਹੈ।ਇਸ ਮੌਕੇ ਅਜੇ ਗਰਗ, ਅਜੇ ਪੂਰੀ, ਮੁਕੇਸ਼ ਗੋਇਲ, ਨਵੀਨ ਗੋਇਲ, ਜੰਗਬੰਦੀ ਪ੍ਰਸਾਦ, ਪ੍ਰਸੰਨ ਕੁਮਾਰ ਤੇ ਹੋਰ ਹਾਜ਼ਰ ਸਨ।

## ਸ੍ਰੀ ਨੈਣਾ ਦੇਵੀ ਵਿਖੇ ਲੰਗਰ ਲਗਾਉਣ ਲਈ ਰਾਸ਼ਨ ਦਾ ਟਰੱਕ ਰਵਾਨਾ



**ਸ਼ੇਰਪੁਰ (ਰਵੀ ਟਿੱਬਾ)**-ਸਰਬ ਭਾਰਤੀਯ ਸੇਵਾ ਸੰਮਤੀ ਧੂਰੀ ਨੇ ਇੱਕ ਟਰੱਕ ਰਾਸ਼ਨ ਦਾ ਪ੍ਰਧਾਨ ਸ੍ਰੀ ਰਾਕੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਮਾਤਾ ਸ੍ਰੀ ਨੈਣਾ ਦੇਵੀ ਜੀ ਚਾਲਾ ਸਾਉਣ ਅਸ਼ਟਮੀ 2025 'ਤੇ ਸ੍ਰੀ ਦੁਰਗਾ ਸੇਵਾ ਦਲ ਪੰਜਾਬ ਦੇ ਸਹਿਯੋਗ ਲਈ ਭੇਜਿਆ।ਜਨਰਲ ਸਕੱਤਰ ਪਿਆਰ ਚੰਦ ਸੰਖਿਆਨ ਨੇ ਦੱਸਿਆ ਕਿ ਇਸ ਮੌਕੇ ਪ੍ਰਸਿੱਧ ਉਦਯੋਗਪਤੀ ਤੇ ਸਮਾਜ ਸੇਵੀ ਦਰਸ਼ਨ ਸਿੰਘ ਲੋਟੇ ਦੁਆਰਾ ਕੰਜਕ ਪੂਜਨ ਕਰਕੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਉਨ੍ਹਾਂ ਦੱਸਿਆ ਕਿ 53ਵਾਂ ਕੈਂਪ ਲਗਾਇਆ ਜਾ ਰਿਹਾ ਹੈ ਤੇ 24 ਘੰਟੇ ਭੰਡਰਾ ਚੱਲੇਗਾ ਅਤੇ ਪੁਲਸ ਪ੍ਰਸ਼ਾਸਨ ਦੇ ਸਹਿਯੋਗ ਲਈ ਵਲੰਟੀਅਰ ਸੇਵਾ ਤੇ ਆਮ ਯਾਤਰੀਆਂ ਦੀ ਸੇਵਾ ਲਈ ਮੈਡੀਕਲ ਕੈਂਪ ਮੁਫਤ ਲਗਾਇਆ ਜਾਵੇਗਾ।ਇਸ ਕੈਂਪ ਵਿੱਚ ਪੰਜਾਬ ਦੇ ਸਾਰੀਆਂ ਸੰਸਥਾਵਾਂ ਦੇ 400 ਵਲੰਟੀਅਰ ਤੇ ਧੂਰੀ ਦੇ 20 ਵਲੰਟੀਅਰ 24 ਜੁਲਾਈ ਤੋਂ 2 ਅਗਸਤ ਤੱਕ ਭਾਗ ਲੈਣਗੇ।ਇਸ ਮੌਕੇ ਪ੍ਰਧਾਨ ਰਾਕੇਸ਼ ਕੁਮਾਰ ਗਰਗ, ਪਿਆਰ ਚੰਦ ਸੰਖਿਆਣ, ਮੋਹਣ ਲਾਲ ਸਿੰਗਲਾ, ਵਿਜੈ ਕੁਮਾਰ ਬਿੰਨੀ ਪ੍ਰੈੱਸ ਸਕੱਤਰ, ਟੇਕ ਬਹਾਦਰ ਸ੍ਰੀਵਾਸਤਵਾ, ਪੂਰਨ ਚੰਦ ਸਿੰਗਲਾ, ਸੁਖਵਿੰਦਰ ਸ਼ਰਮਾ ਜਨਰਲ ਕੈਪਟਨ, ਹਰਜੀਤ ਸਿੰਘ ਢਿੱਲੋਂ, ਸੰਜੇ ਸਿੰਗਲਾ ਕੈਸ਼ੀਅਰ, ਗਿਆਨ ਚੰਦ ਮਿੱਤਲ, ਭੀਮ ਚੰਦ, ਸ਼ਾਮ ਲਾਲ ਸ਼ਾਮਾ, ਕ੍ਰਿਸ਼ਨ ਚੰਦ ਮਿੱਤਲ, ਜਗਦੀਪ ਮਹੰਤ, ਪਵਨ ਭੂਸ਼ਨ ਸਿੰਗਲਾ, ਯਸ਼ਪਾਲ ਬਾਂਸਲ, ਦਿਨੇਸ਼ ਬਾਂਸਲ, ਵਿਕਾਸ ਸੇਠ, ਸੰਜੀਵ ਟੋਨੀ, ਦੀਪਕ ਕਮਲ ਅੱਛਰੂ, ਨਰੇਸ਼ ਕੁਮਾਰ, ਗੁਰਮੇਲ ਸਿੰਘ ਮੇਲਾ ਆਦਿ ਹਾਜ਼ਰ ਸਨ।

## ...ਸਫ਼ਾ 1 ਦੇ ਬਾਕੀ

### ਕਾਮਰੇਡ ਵੀ ਐੱਸ ਅਛੂਤਾਨੰਦਨ...

ਤੇ ਖੱਬੇ ਮੋਰਚੇ ਨੂੰ 20 ਵਿੱਚੋਂ ਸਿਰਫ 4 ਸੀਟਾਂ ਮਿਲੀਆਂ। ਉਦੋਂ ਅਛੂਤਾਨੰਦਨ ਮੁੱਖ ਮੰਤਰੀ ਸਨ। ਜਦੋਂ ਪੱਤਰਕਾਰਾਂ ਨੇ ਪੁੱਛਿਆ ਕਿ ਏਨੇ ਮਾੜੇ ਨਤੀਜੇ ਦੇ ਬਾਵਜੂਦ ਤੁਸੀਂ ਹੱਸ ਰਹੇ ਹੋ ਤਾਂ ਉਨ੍ਹਾ ਕਿਹਾ—ਤਾਂ ਮੈਂ ਰੋਵਾਂ? ਹੱਸਦਾ ਚੰਗਾ ਨਹੀਂ ਲੱਗਦਾ?

ਅਛੂਤਾਨੰਦਨ ਦੇ ਮਜ਼ਾਕ ਤੇ ਹਾਜ਼ਰ-ਜਵਾਬੀ ਦੇ ਮੁਕਾਬਲੇ ਓਮਨ ਚਾਂਡੀ, ਏ ਕੇ ਐਂਟੋਨੀ, ਰਾਹੁਲ ਤਾਂ ਮੋਦੀ ਵਰਗੇ ਹੌਲੇ ਪੈ ਜਾਂਦੇ ਸਨ। 2019 ਵਿੱਚ ਰਾਹੁਲ ਨੇ ਕਹਿ ਦਿੱਤਾ ਸੀ ਕਿ ਉਹ ਹੁਣ ਵੀ ਸਿਆਸਤ ਨਾਲ ਚਿੰਬੜੇ ਹੋਏ ਹਨ, ਤਾਂ ਉਨ੍ਹਾ ਦੀ ਪ੍ਰਤੀਕਿਰਿਆ ਸੀ—ਅਮੂਲ ਬੇਬੀ। ਅਛੂਤਾਨੰਦਨ ਪਰਵਾਰ ਵਿੱਚ ਪਤਨੀ ਵਸੁਮਤੀ, ਬੇਟਾ ਵੀ ਏ ਅਰੁਣ ਕੁਮਾਰ ਤੇ ਧੀ ਵੀ ਵੀ ਆਸ਼ਾ ਛੱਡ ਗਏ ਹਨ।

### ਈ ਡੀ ਸਾਰੀਆਂ ਹੱਦਾਂ...

ਜਾਰੀ ਨਾ ਕਰਨ ਲਈ ਕਿਹਾ ਗਿਆ ਹੈ। ਸਾਲਿਸਟਰ ਜਨਰਲ ਨੇ ਕਿਹਾ, 'ਵਕੀਲਾਂ ਨੂੰ ਕਾਨੂੰਨੀ ਰਾਏ ਦੇਣ ਲਈ ਸੰਮਨ ਨਹੀਂ ਕੀਤਾ ਜਾ ਸਕਦਾ।' ਹਾਲਾਂਕਿ, ਉਨ੍ਹਾ ਕਿਹਾ ਕਿ ਝੂਠੇ ਬਿਰਤਾਂਤ ਬਣਾ ਕੇ ਸੰਸਥਾਵਾਂ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ ਹਨ। ਵਕੀਲਾਂ ਨੇ ਜ਼ੋਰ ਦਿੱਤਾ ਕਿ ਵਕੀਲਾਂ ਨੂੰ ਸੰਮਨ ਕਰਨਾ, ਖਾਸ ਕਰਕੇ ਕਾਨੂੰਨੀ ਰਾਏ ਦੇਣ ਲਈ ਇੱਕ ਖਤਰਨਾਕ ਮਿਸਾਲ ਕਾਇਮ ਕਰ ਰਿਹਾ ਹੈ। ਇੱਕ ਵਕੀਲ ਨੇ ਕਿਹਾ, 'ਜੇ ਇਹ ਜਾਰੀ ਰਿਹਾ, ਤਾਂ ਇਹ ਵਕੀਲਾਂ ਨੂੰ ਇਮਾਨਦਾਰ ਅਤੇ ਸੁਤੰਤਰ ਸਲਾਹ ਦੇਣ ਤੋਂ ਰੋਕੇਗਾ।' ਉਨ੍ਹਾ ਅੱਗੇ ਕਿਹਾ ਕਿ ਜ਼ਿਲ੍ਹਾ ਅਦਾਲਤਾਂ ਦੇ ਵਕੀਲ ਵੀ ਬੇਲੋੜੀ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਅਟਾਰਨੀ ਜਨਰਲ ਨੇ ਚਿੰਤਾਵਾਂ ਨੂੰ ਸਵੀਕਾਰ ਕੀਤਾ ਅਤੇ ਕਿਹਾ, 'ਜੋ ਹੋ ਰਿਹਾ ਹੈ, ਉਹ ਯਕੀਨੀ ਤੌਰ 'ਤੇ ਗਲਤ ਹੈ।' ਬੈਂਚ ਨੇ ਸਾਰੇ ਪੱਖਾਂ, ਜਿਸ ਵਿੱਚ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ, ਜਿਸ ਦੀ ਨੁਮਾਇੰਦਗੀ ਇਸ ਦੇ ਪ੍ਰਧਾਨ ਅਤੇ ਸੀਨੀਅਰ ਵਕੀਲ ਵਿਕਾਸ ਸਿੰਘ ਕਰ ਰਹੇ ਸਨ, ਨੂੰ ਇਸ ਮੁੱਦੇ 'ਤੇ ਵਿਆਪਕ ਨੋਟ ਜਮ੍ਹਾਂ ਕਰਾਉਣ ਦਾ ਨਿਰਦੇਸ਼ ਦਿੱਤਾ ਅਤੇ ਦਖਲਅੰਦਾਜ਼ੀ ਦੀਆਂ ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ। ਇਹ ਮਾਮਲਾ ਹੁਣ 29 ਜੁਲਾਈ ਨੂੰ ਅਗਲੀ ਸੁਣਵਾਈ ਲਈ ਸੂਚੀਬੱਧ ਕੀਤਾ ਗਿਆ ਹੈ। ਚੀਫ ਜਸਟਿਸ ਨੇ ਟਿੱਪਣੀ ਕੀਤੀ, 'ਆਖਿਰਕਾਰ, ਅਸੀਂ ਸਾਰੇ ਵਕੀਲ ਹਾਂ, ਅਦਾਲਤ ਵਿੱਚ ਦਲੀਲਾਂ ਨੂੰ ਵਿਰੋਧੀ ਤੌਰ 'ਤੇ ਨਹੀਂ ਦੇਖਿਆ ਜਾਣਾ ਚਾਹੀਦਾ।'

### ਜਸਟਿਸ ਵਰਮਾ ਖਿਲਾਫ...

ਨੇ ਕਿਹਾ, 'ਕੀ ਉਹ ਤੁਹਾਡੇ ਦੋਸਤ ਹਨ? ਉਹ ਅਜੇ ਵੀ ਜਸਟਿਸ ਵਰਮਾ ਹੀ ਹਨ। ਤੁਸੀਂ ਉਨ੍ਹਾ ਨੂੰ ਕਿਵੇਂ ਸੰਬੋਧਤ ਕਰ ਰਹੇ ਹੋ? ਥੋੜ੍ਹੀ ਨਿਮਰਤਾ ਵਰਤੋ। ਤੁਸੀਂ ਇਕ ਵਿਦਵਾਨ ਜਸਟਿਸ ਦੀ ਗੱਲ ਕਰ ਰਹੇ ਹੋ। ਉਹ ਅਜੇ ਵੀ ਕੋਰਟ ਦੇ ਜਸਟਿਸ ਹਨ।' ਵਕੀਲ ਨੇ ਜ਼ੋਰ ਦੇ ਕੇ ਕਿਹਾ, 'ਮੈਨੂੰ ਨਹੀਂ ਲੱਗਦਾ ਕਿ ਉਹ ਏਨੇ ਮਹਾਨ ਹਨ ਕਿ ਉਨ੍ਹਾ ਨੂੰ ਸਨਮਾਨ ਦਿੱਤਾ ਜਾਵੇ। ਮਾਮਲੇ ਨੂੰ ਸੂਚੀਬੱਧ ਕੀਤਾ ਜਾਣਾ ਚਾਹੀਦਾ ਹੈ।' ਇਸ 'ਤੇ ਚੀਫ ਜਸਟਿਸ ਨੇ ਕਿਹਾ, 'ਕ੍ਰਿਪਾ ਕਰਕੇ ਕੋਰਟ ਨੂੰ ਨਿਰਦੇਸ਼ ਨਾ ਦਿਓ।'

ਕਾਬਿਲੇਗੌਰ ਹੈ ਕਿ ਹਾਲ ਹੀ ਵਿੱਚ ਅਲਾਹਾਬਾਦ ਹਾਈ ਕੋਰਟ ਦੇ ਜੱਜ ਜਸਟਿਸ ਵਰਮਾ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਇੱਕ ਅੰਦਰੂਨੀ ਜਾਂਚ ਕਮੇਟੀ ਦੀ ਰਿਪੋਰਟ ਨੂੰ ਰੱਦ ਕਰਨ ਦੀ ਬੇਨਤੀ ਕੀਤੀ ਹੈ। ਇਸ ਅੰਦਰੂਨੀ ਕਮੇਟੀ ਦੀ ਰਿਪੋਰਟ ਵਿਚ ਜਸਟਿਸ ਵਰਮਾ ਨੂੰ ਨਕਦੀ ਵਸੂਲੀ ਮਾਮਲੇ ਵਿੱਚ ਦੋਸ਼ੀ ਪਾਇਆ ਗਿਆ ਸੀ। ਵਰਮਾ ਨੇ ਪਟੀਸ਼ਨ ਵਿਚ 8 ਮਈ ਨੂੰ ਤਤਕਾਲੀ ਚੀਫ ਜਸਟਿਸ ਸੰਜੀਵ ਖੰਨਾ ਵੱਲੋਂ ਕੀਤੀ ਗਈ ਸਿਫਾਰਸ਼ ਨੂੰ ਰੱਦ ਕਰਨ ਦੀ ਬੇਨਤੀ ਕੀਤੀ ਹੈ, ਜਿਸ ਵਿੱਚ ਸੰਸਦ ਨੂੰ ਉਨ੍ਹਾ (ਵਰਮਾ) ਵਿਰੁੱਧ ਮਹਾਂਦੋਸ਼ ਦੀ ਕਾਰਵਾਈ ਸ਼ੁਰੂ ਕਰਨ ਦੀ ਬੇਨਤੀ ਕੀਤੀ ਗਈ ਹੈ। ਸੰਸਦ ਦੇ ਮੌਨਸੂਨ ਸੈਸ਼ਨ ਵਿੱਚ ਵਰਮਾ ਨੂੰ ਹਟਾਉਣ ਸੰਬੰਧੀ ਤਜਵੀਜ਼ ਲਿਆਉਣ ਦੀ ਯੋਜਨਾ ਹੈ।

### 'ਕ੍ਰਿਪਾ ਕਰਕੇ ਸਿਆਸੀ ...

ਜਸਟਿਸ ਨੇ ਕਿਹਾ, 'ਕੀ ਤੁਹਾਨੂੰ ਏਨਾ ਯਕੀਨ ਹੈ ਕਿ ਤੁਹਾਨੂੰ ਸਹਿਮਤੀ ਮਿਲ ਜਾਵੇਗੀ? ਅਦਾਲਤ ਦੇ ਸਾਹਮਣੇ ਸਿਆਸੀਕਰਨ ਕਰਨ ਦੀ ਕੋਸ਼ਿਸ਼ ਨਾ ਕਰੋ, ਤੁਹਾਨੂੰ ਆਪਣੀ ਸਿਆਸੀ ਲੜਾਈ ਕਿਤੇ ਹੋਰ ਲੜਨੀ ਚਾਹੀਦੀ ਹੈ।'

ਬੈਂਚ ਨੇ ਮਾਮਲੇ ਦੀ ਸੁਣਵਾਈ ਚਾਰ ਹਫਤਿਆਂ ਲਈ ਮੁਲਤਵੀ ਕਰ ਦਿੱਤੀ। ਜ਼ਿਕਰਯੋਗ ਹੈ ਕਿ ਇਹ ਪਟੀਸ਼ਨ ਇਸ ਸਾਲ ਅਪਰੈਲ ਵਿੱਚ ਦਿੱਤੇ ਗਏ ਉਸ ਫੈਸਲੇ ਨਾਲ ਸੰਬੰਧਤ ਹੈ, ਜਿਸ ਵਿੱਚ ਸੁਪਰੀਮ ਕੋਰਟ ਨੇ ਕਲਕੱਤਾ ਹਾਈ ਕੋਰਟ ਦੇ ਉਸ ਆਦੇਸ਼ ਨੂੰ ਬਰਕਰਾਰ ਰੱਖਿਆ ਸੀ, ਜਿਸ ਵਿੱਚ 2016 'ਚ ਪੱਛਮੀ ਬੰਗਾਲ ਸਕੂਲ ਸੇਵਾ ਕਮਿਸ਼ਨ ਵੱਲੋਂ ਕੀਤੀਆਂ ਗਈਆਂ ਲਗਭਗ 25,000 ਨਿਯੁਕਤੀਆਂ ਨੂੰ ਅਯੋਗ ਕਰਾਰ ਦਿੱਤਾ ਗਿਆ ਸੀ। ਮੁੱਖ ਮੰਤਰੀ ਨੇ ਇਸ ਫੈਸਲੇ 'ਤੇ ਕਥਿਤ ਤੌਰ 'ਤੇ ਕੁਝ ਆਲੋਚਨਾਤਮਕ ਟਿੱਪਣੀਆਂ ਕੀਤੀਆਂ ਸਨ।

## ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਲਾਗੂ ਨਹੀਂ ਹੋਣ ਦਿਆਂਗੇ : ਲੱਖੋਵਾਲ

**ਸਮਰਾਲਾ (ਸੁਰਜੀਤ ਸਿੰਘ)** : ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਢੀਂਡਸਾ ਦੀ ਪ੍ਰਧਾਨਗੀ ਵਿੱਚ ਹੋਈ।ਭਖਦੇ ਕਿਸਾਨੀ ਮੁੱਦਿਆਂ ਤੇ ਵਿਚਾਰ ਵਟਾਂਦਰਾ ਹੋਇਆ।ਮੀਟਿੰਗ ਵਿੱਚ ਅਵਤਾਰ



ਸਿੰਘ ਮੇਹਲੋਂ ਸਰਪ੍ਰਸਤ ਪੰਜਾਬ ਤੇ ਸੂਬਾ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਉਚੇਚੇ ਤੌਰ 'ਤੇ ਪਹੁੰਚੇ।ਅਵਤਾਰ ਸਿੰਘ ਮੇਹਲੋਂ ਤੇ ਹਰਿੰਦਰ ਸਿੰਘ ਲੱਖੋਵਾਲ ਨੇ ਲੈਂਡ ਪੂਲਿੰਗ ਦੇ ਕਿਸਾਨਾਂ ਨੂੰ ਹੋਣ ਵਾਲੇ ਨੁਕਸਾਨ ਬਾਰੇ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ। ਸਹਿਕਾਰਤਾ ਮਹਿਕਮੇ ਵੱਲੋਂ ਬੇਲੋੜੀ ਨੈਨੋ ਯੂਰੀਆ ਤੇ ਨੈਨੋ ਡਾਈ ਡੀ.ਏ.ਪੀ. ਖਾਦ ਕਿਸਾਨਾਂ ਨੂੰ ਦੇਣ ਵਿਰੁੱਧ ਚੇਤਾਵਨੀ ਦਿੱਤੀ ਗਈ।ਚੰਡੀਗੜ੍ਹ ਵਿਖੇ ਸਰਬ ਪਾਰਟੀ ਮੀਟਿੰਗ ਦੇ ਫੈਸਲੇ ਅਨੁਸਾਰ 30 ਜੁਲਾਈ ਨੂੰ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਵਿਰੁੱਧ ਟਰੈਕਟਰ ਮਾਰਚ ਕੱਢਿਆ ਜਾਵੇਗਾ।ਉਪਰੰਤ 24 ਅਗਸਤ ਨੂੰ ਮੁੱਲਾਂਪੁਰ ਦਾਖਾ ਮਹਾਂ ਪੰਚਾਇਤ ਕੀਤੀ ਜਾਵੇਗੀ।ਇਸ ਸਬੰਧ ਵਿੱਚ ਪਿੰਡਾਂ ਦੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇਗਾ।ਮਨਜੀਤ ਸਿੰਘ ਢੀਂਡਸਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਹੁਣ ਭਾਜਪਾ ਵਾਂਗ ਕਿਸਾਨ ਮਾਰੂ ਸਾਬਿਤ ਹੋ ਰਹੀ ਹੈ।ਚੇਤਾਵਨੀ ਦਿੱਤੀ ਕਿ ਸਰਕਾਰ ਦੀ ਲੋਕ ਮਾਰੂ ਨੀਤੀਆਂ ਲਾਗੂ ਨਹੀਂ ਹੋਣ ਦੇਵਾਂਗੇ।ਇਸ ਮੌਕੇ ਵੱਡੀ ਗਿਣਤੀ ਵਿੱਚ ਯੂਨੀਅਨ ਆਗੂ ਤੇ ਸਰਗਰਮ ਵਰਕਰਾਂ ਹਾਜ਼ਰ ਰਹੇ।

## ਵਾਤਾਵਰਨ ਦੀ ਸ਼ੁੱਧਤਾ ਲਈ ਪੌਦੇ ਲਗਾਉਣਾ ਜ਼ਰੂਰੀ : ਲਾਲਕਾ



**ਨਾਭਾ (ਵਰਿੰਦਰ ਵਰਮਾ)**-ਗੁਰਦੁਆਰਾ ਬਉਲੀ ਸਾਹਿਬ ਰਾਮਗੜ੍ਹ ਵਿਖੇ ਅਕਾਲ ਤਖਤ ਸਾਹਿਬ ਨੂੰ ਸਮਰਪਤ ਹਰਿਆ ਭਰਿਆ ਪੰਜਾਬ ਤਹਿਤ ਸ਼੍ਰੋਮਣੀ ਅਕਾਲੀ ਦਲ ਹਲਕਾ ਨਾਭਾ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਅਗਵਾਈ ਹੇਠ ਬੂਟੇ ਲਗਵਾਏ ਗਏ।ਇਸ ਮੌਕੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਨੇ ਕਿਹਾ ਕਿ ਵਾਤਾਵਰਣ ਦੀ ਸ਼ੁੱਧਤਾ ਲਈ ਪੌਦੇ ਲਗਾਉਣਾ ਸਮੇਂ ਦੀ ਮੁੱਖ ਲੋੜ ਹੈ।ਪੌਦਿਆਂ ਦਾ ਸਾਡੇ ਜੀਵਨ 'ਚ ਬਹੁਤ ਵੱਡਾ ਮਹੱਤਵ ਹੈ, ਕਿਉਂਕਿ ਇਹ ਵਾਤਾਵਰਨ ਨੂੰ ਸੁਰੱਖਿਆਤ ਰੱਖਣ ਦੇ ਨਾਲ ਹੀ ਸਾਡੇ ਜੀਵਨ ਨੂੰ ਜਿਉਣ ਲਈ ਸਾਫ ਸੁਥਰਾ ਵਾਤਾਵਰਨ ਪ੍ਰਦਾਨ ਕਰਦੇ ਹਨ।ਉਨ੍ਹਾਂ ਕਿਹਾ ਕਿ ਅੱਜ ਵਿਕਾਸ ਦੀ ਦੌੜ 'ਚ ਅੰਨੇਵਾਦ ਦਰੱਖਤਾਂ ਦੀ ਕਟਾਈ ਹੋ ਰਹੀ ਹੈ, ਜਿਸ ਦਾ ਸਿੱਧਾ ਅਸਰ ਵਾਤਾਵਰਨ 'ਤੇ ਪੈਂਦਾ ਹੈ।ਉਨ੍ਹਾਂ ਕਿਹਾ ਕਿ ਪੌਦੇ ਇਨਸਾਨ ਲਈ ਓਨੇ ਹੀ ਜ਼ਰੂਰੀ ਹਨ, ਜਿੰਨੀ ਹਵਾ 'ਤੇ ਪਾਣੀ ਪ੍ਰੰਤੂ ਇਨਸਾਨੀ ਬਸਤੀਆਂ ਨੂੰ ਇਨ੍ਹਾਂ ਨੂੰ ਕੱਟ ਕੇ ਵਸਾਇਆ ਜਾ ਰਿਹਾ ਹੈ, ਜਿਸ ਦੀ ਮਨੁੱਖ ਭਾਰੀ ਕੀਮਤ ਚੁਕਾ ਰਿਹਾ ਹੈ ਤੇ ਉਸ ਨੂੰ ਖਰਾਬ ਵਾਤਾਵਰਨ ਦੇ ਨਾਲ ਜਿਉਣਾ ਪੈ ਰਿਹਾ ਹੈ।ਇਸ ਮੌਕੇ ਉਨ੍ਹਾਂ ਨਾਲ ਭਾਈ ਦਵਿੰਦਰ ਸਿੰਘ, ਭਾਈ ਸੰਦੀਪ ਸਿੰਘ, ਭਾਈ ਗੁਰਬਖਸ਼ ਸਿੰਘ, ਭਾਈ ਅਜੈਬ ਸਿੰਘ, ਜਥੇਦਾਰ ਭਾਈ ਮੋਹਨ ਸਿੰਘ ਰਾਮਗੜ੍ਹ, ਭਾਈ ਕਰਨੈਲ ਸਿੰਘ, ਯੂਥ ਆਗੂ ਪ੍ਰਿੰਸ ਤੁੰਗ ਪੰਕ ਜਿੰਦਲ ਬਹਾਦਰ ਸਿੰਘ, ਅਪਰਪਾਰ ਸਿੰਘ, ਮਾਸਟਰ ਸੁਖਦੇਵ ਸਿੰਘ, ਲਖਵੀਰ ਸਿੰਘ ਸਾਬਕਾ ਚੇਅਰਮੈਨ ਰਾਮਗੜ੍ਹ, ਪਰਮਵੀਰ ਸਿੰਘ ਪੰਮਾ ਤੇ ਸਾਰਾ ਸਟਾਫ ਮੌਜੂਦ ਸੀ।

## ਠੀਕਰੀਵਾਲਾ ਦੇ ਨੌਜਵਾਨ ਬੇਅੰਤ ਸਿੰਘ ਦੀ ਲਾਸ਼ ਪਿੰਡ ਪੁੱਜੀ





**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਠੀਕਰੀਵਾਲਾ (ਬਰਨਾਲਾ) ਦੇ ਨੌਜਵਾਨ ਬੇਅੰਤ ਸਿੰਘ (30) ਪੁੱਤਰ ਸਵ: ਬਚਿੱਤਰ ਸਿੰਘ ਦੀ 2 ਜੁਲਾਈ ਨੂੰ ਕੈਨੇਡਾ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਅੱਜ ਉਸ ਦੀ ਲਾਸ਼ 18 ਦਿਨਾਂ ਬਾਅਦ ਪਿੰਡ ਠੀਕਰੀਵਾਲਾ ਪੁੱਜੀ। ਅੰਤਿਮ ਸੰਸਕਾਰ ਸਮੇਂ ਵੱਡੀ ਗਿਣਤੀ ਵਿੱਚ ਪਹੁੰਚੇ ਲੋਕਾਂ, ਰਿਸ਼ਤੇਦਾਰਾਂ ਨੇ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ। ਇਸ ਮੌਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਸ਼੍ਰੋਮਣੀ ਅਕਾਲੀ ਦਲ (ਅ) ਦੇ ਸਕੱਤਰ, ਹਲਕਾ ਇੰਚਾਰਜ ਗੁਰਜੰਟ ਸਿੰਘ ਕੱਟੂ, ਚੇਅਰਮੈਨ ਸੁਖਵਿੰਦਰ ਦਾਸ ਆਦਿ ਆਗੂਆਂ ਨੇ ਪਿੰਡ ਠੀਕਰੀਵਾਲਾ ਪੁੱਜ ਕੇ ਪੀੜਤ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਨੌਜਵਾਨ ਬੇਅੰਤ ਸਿੰਘ ਇਸੇ ਸਾਲ ਅਪ੍ਰੈਲ ਮਹੀਨੇ 'ਚ ਰੋਜ਼ੀ, ਰੋਟੀ ਲਈ ਕੈਨੇਡਾ ਗਿਆ ਸੀ। ਦੋ ਜੁਲਾਈ ਨੂੰ ਉਸ ਨੂੰ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਬੇਅੰਤ ਸਿੰਘ ਪੰਜ ਭੈਣਾਂ ਦਾ ਇਕਲੌਤਾ ਭਰਾ ਤੇ ਵਿਧਵਾ ਮਾਂ ਮਲਕੀਤ ਕੌਰ ਦਾ ਇਕੋ ਇਕ ਸਹਾਰਾ ਸੀ। ਪਰਵਾਰ ਨੇ ਕਰਜ਼ਾ ਚੁੱਕ ਕੇ ਉਸ ਨੂੰ ਕੈਨੇਡਾ ਭੇਜਿਆ ਸੀ, ਪਰ ਉੱਥੇ ਇਹ ਦੁੱਖਦਾਈ ਹਾਦਸਾ ਵਾਪਰ ਗਿਆ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

22-July-PAGE-3.qxd 7/21/2025 10:56 PM Page 1



# ਸਰਹੱਦੀ ਲੋਕਾਂ ਦੀ ਚੌਕਸੀ ਤੇ ਪੁਲਸ ਦੀ ਸਖ਼ਤੀ ਸਦਕਾ ਸਰਹੱਦ ਪਾਰੋਂ ਹੈਰੋਇਨ ਦੀ ਸਪਲਾਈ 'ਚ ਗਿਰਾਵਟ ਆਈ : ਧਾਲੀਵਾਲ

**ਅਜਨਾਲਾ/ਅੰਮ੍ਰਿਤਸਰ (ਸੁਖਵਿੰਦਰ ਸਿੰਘ ਰਾਜੂ)**

ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਨੇ ਕੌਮਾਂਤਰੀ ਸਰਹੱਦੀ ਪਿੰਡਾਂ ਥੋਬਾ, ਕੋਟਲੀ ਜਮੀਤ ਸਿੰਘ, ਦਿਆਲਪੁਰਾ ਤੇ ਨਾਗਰ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾਵਾਂ ਦੌਰਾਨ ਹੋਈਆਂ ਪ੍ਰਭਾਵਸ਼ਾਲੀ ਜਨਤਕ ਰੈਲੀਆਂ ਨੂੰ ਸੰਬੋਧਨ ਕਰਦਿਆਂ ਭਾਰਤ -ਪਾਕਿ ਕੌਮਾਂਤਰੀ ਸਰਹੱਦ ਦੇ ਨੇੜੇ ਵੱਸੇ ਪਿੰਡਾਂ ਦੇ ਲੋਕਾਂ ਨੂੰ ਦੂਸਰੀ ਕਤਾਰ ਦੀ ਸੁਰੱਖਿਆ ਪੰਕਤੀ ਕਰਾਰ ਦਿੱਤਾ ਅਤੇ ਕਿਹਾ ਕਿ ਸਰਹੱਦ ਤੇ ਤਾਇਨਾਤ ਬੀਐੱਸਐੱਫ ਪਿਛੇ ਵੱਸਦੇ ਸਰਹੱਦੀ ਲੋਕਾਂ ਅਤੇ ਪੰਜਾਬ ਪੁਲਸ ਦੀ ਸਖ਼ਤੀ ਸਦਕਾ ਸਰਹੱਦ ਪਾਰ ਪਾਕਿਸਤਾਨ ਤੋਂ ਆਉਣ ਵਾਲੇ ਮਾਰੂ ਨਸ਼ੇ ਹੈਰੋਇਨ ਦੀ ਸਪਲਾਈ ਵਿੱਚ ਭਾਰੀ ਗਿਰਾਵਟ ਆਈ ਹੈ ਅਤੇ ਸਰਹੱਦ ਪਾਰੋਂ ਹਥਿਆਰਾਂ ਦੀ ਤਸਕਰੀ ਅਤੇ ਭਾਰਤ ਵਿਰੋਧੀ ਘੁਸਪੈਠ 'ਚ ਵੀ ਖੜੌਤ ਆਈ ਹੈ।ਸਾਬਕਾ ਮੰਤਰੀ ਧਾਲੀਵਾਲ ਨੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਲਈ ਦ੍ਰਿੜ ਸੰਕਲਪ ਦੇ ਮੱਦੇਨਜ਼ਰ ਪੰਜਾਬ 'ਚ ਹੁਣ ਨਸ਼ਿਆਂ ਦੀ ਸਪਲਾਈ ਲਾਈਨ ਟੁੱਟ ਚੁੱਕੀ ਹੈ ਅਤੇ ਜਲਦੀ ਪੰਜਾਬ ਨਸ਼ਾ ਮੁਕਤ ਹੋਣ ਤੇ ਪੰਜਾਬ ਵਾਸੀ ਫ਼ੀਲ ਗੁੱਡ ਮਹਿਸੂਸ ਕਰਨਗੇ।ਸ: ਧਾਲੀਵਾਲ ਨੇ ਸਪੱਸ਼ਟ ਕੀਤਾ ਕਿ ਪੰਜਾਬ 'ਚ ਰਹਿਣ ਲਈ ਨਸ਼ਾ ਤਸਕਰਾਂ ਨੂੰ ਨਸ਼ੇ ਵੇਚਣ ਦਾ ਕਾਲਾ ਧੰਦਾ ਮੁਕੰਮਲ ਛੱਡ ਕੇ ਅਤੇ ਨਸ਼ਾ ਰੋਗ ਦੀ ਜਕੜ ਚ ਫਸੇ ਨੌਜਵਾਨਾਂ ਨੂੰ ਸਰਕਾਰੀ ਨਸ਼ਾ ਕੇਂਦਰਾਂ ਚੋਂ ਮੁਫ਼ਤ ਇਲਾਜ ਕਰਵਾ ਕੇ ਰੰਗਲੇ ਪੰਜਾਬ ਦੀ ਮੁੱਖ ਧਾਰਾ ਚ ਪਰਤਣਾ ਹੀ ਪੈਣਾ ਹੈ। ਉਨ੍ਹਾਂ ਨੇ ਕਿਹਾ ਕਿ ਪਿੰਡਾਂ 'ਚ



ਖੇਤਾਂ ਦੀ ਹਰਿਆਲੀ, ਕਿਸਾਨਾਂ, ਮਜ਼ਦੂਰਾਂ, ਛੋਟੇ ਕਾਰੋਬਾਰੀਆਂ ਦੀ ਖ਼ੁਸ਼ਹਾਲੀ, ਨੌਜੁਆਨਾਂ ਦੇ ਸਿਹਤਮੰਦ ਜੁੱਸਿਆਂ ਦੀ ਭਲਵਾਨੀ ਤੇ ਫ਼ੌਜ ਚ ਦੇਸ਼ ਦੀ ਰਖਵਾਲੀ, ਇਹੋ ਖੂਬੀਆਂ ਰੰਗਲੇ ਪੰਜਾਬ ਦੀ ਪਛਾਣ ਰਹੀਆਂ ਹਨ।ਪਰ ਖੇਤੀ ਸੂਬੇ ਦਾ ਵਿਸ਼ਾ ਹੋਣ ਦੇ ਬਾਵਜੂਦ ਖੇਤੀ ਨੂੰ ਆਪਣੇ ਹੱਥਾਂ 'ਚ ਰੱਖ ਕੇ ਸਾਬਕਾ ਕੇਂਦਰੀ ਸਰਕਾਰਾਂ ਦੀਆਂ ਕਿਸਾਨ ਮਾਰੂ ਨੀਤੀਆਂ ਕਾਰਨ ਅਤੇ ਪੰਜਾਬ ਦੀ ਸੱਤਾ ਤੇ ਕਾਬਜ਼ ਰਹੀਆਂ ਕਾਂਗਰਸ ਤੇ ਅਕਾਲੀ- ਭਾਜਪਾ ਸਰਕਾਰਾਂ ਨੇ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਤੇ ਨਸ਼ਿਆਂ ਦੇ ਅੰਧਕਾਰ ਲਗਾ ਕੇ ਜਿਸ ਦੀ ਚਿੜੀ ਦੇ ਖ਼ੁਸ਼ਹਾਲੀ ਦੀ ਉਡਾਰੀ ਲਾਉਣ ਵਾਲੇ ਖੰਭ ਬੇਰ ਸੁੱਟੇ ਤੇ ਰੰਗਲੇ ਪੰਜਾਬ ਨੂੰ ਕੰਗਾਲਾ ਪੰਜਾਬ ਬਣਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ।ਉਨ੍ਹਾਂ ਕਿਹਾ ਕਿ ਪੰਜਾਬ ਨੂੰ ਮੁੜ ਹਰਿਆਲੀ ਤੇ ਖ਼ੁਸ਼ਹਾਲੀ ਭਰਪੂਰ ਰੰਗਲਾ ਪੰਜਾਬ ਬਣਾਉਣ ਲਈ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਨੇ ਦ੍ਰਿੜ ਸੰਕਲਪ ਲੈ ਕੇ ਯੁੱਧ ਨਸ਼ਿਆ ਵਿਰੁੱਧ ਛੇੜ ਦਿੱਤਾ ਹੈ।ਜਿਸਨੂੰ ਸਫਲ ਬਣਾਉਣ ਲਈ ਆਮ ਪਿੰਡ ਵਾਸੀਆਂ ਤੋਂ ਇਲਾਵਾ ਨੌਜਵਾਨਾਂ ਦੇ ਮੋਢਿਆਂ ਤੇ ਜ਼ਿਆਦਾ ਜ਼ਿੰਮੇਵਾਰੀ ਹੈ, ਕਿਉਂਕਿ 16 ਸਾਲ ਤੋਂ 35 ਸਾਲ ਤੱਕ ਉਮਰ ਦੇ ਨੌਜੁਆਨਾਂ ਦੀ ਵਸੋਂ 65 ਫ਼ੀਸਦ ਤੋਂ ਵਧੇਰੇ ਹੋਣ ਕਾਰਣ ਸੁਭਾਵਿਕ ਹੀ ਨੌਜੁਆਨਾਂ ਨੂੰ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਆਪਣੀ ਜ਼ਿੰਮੇਵਾਰੀ ਸੁਹਿਰਦਤਾ ਨਾਲ ਸਾਂਭਣ ਲਈ ਹੁਣ ਅੱਗੇ ਆ ਜਾਣਾ ਚਾਹੀਦਾ ਹੈ।ਨਸ਼ਾ ਮੁਕਤੀ ਯਾਤਰਾਵਾਂ ਦੇ ਆਗਾਜ਼ ਤੇ ਵਿਧਾਇਕ ਤੇ ਸਾਬਕਾ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵਲੋਂ ਯਾਤਰਾਵਾਂ 'ਚ ਸ਼ਾਮਲ ਸਿਵਲ ਤੇ ਪੁਲੀਸ ਪ੍ਰਸ਼ਾਸਨਿਕ ਅਧਿਕਾਰੀਆਂ ਸਣੇ ਸਮੂਹ ਹਾਜਰੀਨ ਨੂੰ ਨਸ਼ਾ ਮੁਕਤੀ ਦੇ ਸਮੂਹਿਕ ਹਲਫ ਦਿਵਾਏ।

# ਜਗਤ ਪੰਜਾਬ ਸਭਾ ਦੀ ਸਟੇਟ ਟੀਮ ਨੇ ਆਈ ਜੀ ਬਾਰਡਰ ਰੇਂਜ ਨਾਲ ਕੀਤੀ ਮੁਲਾਕਾਤ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਯੁੱਧ ਨਸ਼ਿਆਂ ਵਿਰੁੱਧ ਮੁਹਿਮ ਤਹਿਤ ਜਗਤ ਪੰਜਾਬ ਦੀ ਸਟੇਟ ਟੀਮ ਜਿਸ ਵਿੱਚ ਸੀਨੀਅਰ ਉਪ ਪ੍ਰਧਾਨ ਪਰਮਿੰਦਰ ਸਿੰਘ ਸੈਣੀ ਜਿਲਾ ਗਾਈਡੈਂਸ ਕਊਂਸਲਰ ਅਤੇ ਸਰਵਨ ਸਿੰਘ ਉਪ ਪ੍ਰਧਾਨ ਸ਼ਾਮਲ ਸਨ, ਸਟੇਟ ਪ੍ਰਧਾਨ ਮੁਕੇਸ਼ ਵਰਮਾ ਦੀ ਅਗਵਾਈ ਹੇਠ ਡੀ ਆਈ ਜੀ ਬਾਡਰ ਰੇਂਜ ਅੰਮ੍ਰਿਤਸਰ ਡਾ. ਨਾਨਕ ਸਿੰਘ ਆਈਪੀਐੱਸ ਨਾਲ ਮੁਲਾਕਾਤ ਘਰ ਉਨ੍ਹਾਂ ਦਾ ਸਵਾਗਤ ਕੀਤਾ।ਇਸ ਮੌਕੇ ਉਨ੍ਹਾਂ ਨੇ ਬਾਰਡਰ ਜਿਲੇ ਵਿਚ ਬਤੌਰ ਡੀ ਆਈ ਦੀ ਪੋਸਟ ਸੰਭਾਲਣ ਤੇ ਬਤੌਰ ਸਵਾਗਤ ਉਨਾਂ ਦਾ ਬਣਿਆ ਹੋਇਆ ਸਕੈਚ ਭੇਟ ਕੀਤਾ ਗਿਆ।ਇਸ ਦੇ ਨਾਲ ਨਾਲ ਜਗਤ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਅਜੈਬ ਸਿੰਘ ਚੱਠਾ ਪ੍ਰਧਾਨ ਸਰਦੂਲ ਸਿੰਘ ਥਿਆੜਾ ਦੇ ਯਤਨਾਂ ਤੋਂ ਤਿਆਰ ਕਾਇਦਾ ਨੂਰ ਵੀ ਭੇਟ ਕੀਤਾ ਗਿਆ ਜਿਸ ਵਿੱਚ ਪੰਜਾਬੀ, ਹਿੰਦੀ ਅੰਗਰੇਜ਼ੀ ਅਤੇ ਸ਼ਾਹਮੁਖੀ ਚਾਰੇ ਭਾਸ਼ਾਵਾਂ ਦੀ ਮੌਲਿਕ ਜਾਣਕਾਰੀ ਦਿੱਤੀ ਗਈ ਹੈ, ਵੀ ਭੇਟ ਕੀਤੀ। ਇਸ ਮੌਕੇ ਡੀਆਈਜੀ ਬਾਰਡਰ ਡਾ. ਨਾਨਕ ਸਿੰਘ ਨੇ



ਜਗਤ ਪੰਜਾਬੀ ਸਭਾ ਵੱਲੋਂ ਮਾਂ ਬੋਲੀ ਪੰਜਾਬੀ ਨੂੰ ਪ੍ਰਫੁੱਲਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਭਵਿੱਖ ਦੇ ਲਈ ਸ਼ੁਭ ਇੱਛਾਵਾਂ ਦਿੱਤੀਆਂ।ਉਨ੍ਹਾਂ ਦੱਸਿਆ ਕਿ ਜਲਦੀ ਹੀ ਉਹ ਜ਼ਿਲ੍ਹਾ ਗੁਰਦਾਸਪੁਰ ਵਿੱਚ ਸੰਸਥਾ ਦੇ ਸਹਿਯੋਗ ਤੋਂ ਨਸ਼ੇ ਵਿਰੁੱਧ ਸੈਮੀਨਾਰ ਲਗਾਉਣਗੇ । ਜਗਤ ਪੰਜਾਬ ਸਭਾ ਦੀ ਟੀਮ ਨੇ ਇਸ ਮੌਕੇ ਬਾਰਡਰ ਏਰੀਆ 'ਚ ਨਸ਼ੇ ਦੇ ਵਪਾਰੀ ਅਤੇ ਪੈਡਲਰਾਂ ਤੇ ਪੰਜਾਬ ਸਰਕਾਰ ਵੱਲੋਂ ਪੰਜਾਬ ਪੁਲਸ ਦੇ ਜ਼ਰੀਏ ਸ਼ਿਕਜੇ ਦੀ ਵੀ ਬਾਖੂਬੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਨਸ਼ੇ ਨੂੰ ਜੜ੍ਹ ਤੋਂ ਖਤਮ ਕਰਨ ਲਈ ਪੁਲਸ ਵਿਭਾਗ ਦੀ ਕੋਸ਼ਿਸ਼ ਜਾਰੀ ਹੈ ਅਤੇ ਕਿਸੇ ਵੀ ਨਸ਼ੇ ਦੇ ਵਪਾਰੀ ਨੂੰ ਬਖਸ਼ਿਆ ਨਹੀਂ ਜਾਏਗਾ।ਉਨ੍ਹਾਂ ਕਿਹਾ ਕਿ ਇਸ ਕੰਮ ਨੂੰ ਨੇਪਰੇ ਚਾੜ੍ਹਨ ਅਤੇ ਨਸ਼ੇ ਨੂੰ ਜੜ੍ਹੋਂ ਖਤਮ ਕਰਨ ਵਿੱਚ ਲੋਕਾਂ ਦੀ ਮਦਦ ਜ਼ਰੂਰੀ ਹੈ। ਇਸ ਮੌਕੇ ਪਵਨ ਭਾਰਦਵਾਜ ਜਨਰਲ ਸਕੱਤਰ ਅਤੇ ਜਸਬੀਰ ਸਿੰਘ ਸਮਰਾ ਵੀ ਮੌਜੂਦ ਸਨ।

# ਨਹਿਰ ਅੱਪਰ ਬਾਰੀ ਦੁਆਬ ਪੁਲ ਤਿੱਬੜੀ 'ਤੇ ਲੰਬੇ ਸਮੇਂ ਤੋਂ ਬੰਦ ਸੋਲਰ ਲਾਈਟਾਂ ਮੁੜ ਚਾਲੂ ਕਰਵਾਉਣ ਦੀ ਮੰਗ

**ਗੁਰਦਾਸਪੁਰ, (ਜਨਕ ਮਹਾਜਨ)**

ਗੁਰਦਾਸਪੁਰ-ਮੁਕੇਰੀਆਂ ਮੁੱਖ ਸੜਕ 'ਤੇ ਪੈਂਦੀ ਨਹਿਰ ਅੱਪਰ ਬਾਰੀ ਦੁਆਬ ਅਤੇ ਕਸੂਰ ਬਰਾਂਚ ਦੋਨਾ ਨਹਿਰਾਂ 'ਤੇ ਬਣੇ ਪੁਲਾਂ ਦੀ ਖਸਤਾ ਹਾਲਤ ਹੋਣ ਕਾਰਨ ਅੱਜ ਤੋਂ ਲਗਭਗ 20 ਸਾਲ ਪਹਿਲਾਂ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਤਿੰਨ ਕਰੋੜ ਦੀ ਲਾਗਤ ਨਾਲ ਇਕ ਲੰਬੇ ਪੁਲ ਦੀ ਉਸਾਰੀ 28 ਅਪ੍ਰੈਲ 2007 ਵਿੱਚ ਕਰਵਾਈ ਸੀ ਜਿਸ ਦਾ ਉਦਘਾਟਨ ਸਰਦਾਰ ਸੁਖਬੀਰ ਸਿੰਘ ਬਾਦਲ ਸਾਬਕਾ ਉਪ ਮੁੱਖ ਮੰਤਰੀ ਪੰਜਾਬ ਅਤੇ ਪਰਮਿੰਦਰ ਸਿੰਘ ਢੀਂਡਸਾ ਸਾਬਕਾ ਕੈਬਨਟ ਮੰਤਰੀ ਲੋਕ ਨਿਰਮਾਣ ਵਿਭਾਗ ਪੰਜਾਬ ਤੋਂ ਇਲਾਵਾ ਐੱਮ.ਪੀ. ਵਿਨੋਦ ਖੰਨਾ ਅਤੇ ਸੰਸਦੀ ਸਕੱਤਰ ਗੁਰਬਚਨ ਸਿੰਘ ਬੱਬੇਹਾਲੀ ਨੇ ਸਾਂਝੇ ਤੌਰ 'ਤੇ ਕੀਤਾ ਸੀ। ਇਸ ਸਮੇਂ ਪੁੱਲ 'ਤੇ 14 ਲਾਈਟਾਂ ਲੋਕ ਨਿਰਮਾਣ ਵਿਭਾਗ ਨੇ ਲਗਵਾਈਆਂ ਸਨ ਜਿਹੜੀਆਂ ਸਿਰਫ ਦੋ ਸਾਲ ਹੀ ਚੱਲੀਆਂ ਅਤੇ ਫਿਰ ਇਨ੍ਹਾਂ ਸੋਲਰ ਲਾਈਟਾਂ ਦੀਆਂ ਬੈਟਰੀਆਂ ਚੋਰ ਚੋਰੀ ਕਰਕੇ ਲੈ ਗਏ ਅਤੇ ਲਾਈਟਾਂ ਨਕਾਰਾ ਹੋ ਗਈਆਂ। ਲੋਕਾਂ ਨੇ ਦੱਸਿਆ ਕਿ ਪੁੱਲ ਦੀ ਉਚਾਈ ਹੋਣ ਕਰਕੇ ਰਾਤ ਵੇਲੇ ਤੇਜ਼ ਰਫਤਾਰ ਵਾਹਨ ਜਦੋਂ ਆਉਂਦੇ ਹਨ ਤਾਂ ਲਾਈਟਾਂ ਨਾ ਹੋਣ ਕਰਕੇ ਆਪਸ ਵਿੱਚ ਟਕਰਾ ਜਾਂਦੇ ਹਨ ਜਿਸ ਨਾਲ ਜਾਨੀ ਮਾਲੀ ਨੁਕਸਾਨ ਹੋਣ ਦਾ ਡਰ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਇਸ ਪੁੱਲ 'ਤੇ ਲਾਈਟਾਂ ਜਗਾਉਣ ਲਈ ਕਈ ਵਾਰ ਇਲਾਕੇ ਦੇ ਮੋਹਤਵਾਰ ਵਿਅਕਤੀਆਂ ਨੇ ਮਹਿਕਮੇ ਦੇ ਅਧਿਕਾਰੀਆਂ ਪਾਸੋਂ ਮੰਗ ਕੀਤੀ ਗਈ ਹੈ ਪਰ ਅਜੇ ਤੀਕ ਪੁਲ 'ਤੇ ਲਾਈਟਾਂ ਨਹੀਂ ਜਗ ਸਕੀਆਂ। ਜਦੋਂ ਇਸ ਮਾਮਲੇ ਸਬੰਧੀ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀ ਨਾਲ ਗੱਲਬਾਤ ਕੀਤੀ ਜਾਂਦੀ ਹੈ ਤਾਂ ਉਹ ਇਹ



ਕਹਿ ਕੇ ਟਾਲ ਦਿੰਦੇ ਹਨ ਕਿ ਸਾਡੇ ਕੋਲ ਪੁਲ 'ਤੇ ਲਾਈਟਾਂ ਲਗਵਾਉਣ ਦਾ ਕੋਈ ਅਧਿਕਾਰ ਨਹੀਂ ਹੈ। ਇਲਾਕਾ ਵਾਸੀਆਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਸਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਹੈ ਕਿ ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਪੈਂਦੀ ਨਹਿਰ ਅਪਰ ਬਰੀ ਦੁਆਬ ਅਤੇ ਕਸੂਰ ਬਰਾਂਚ 'ਤੇ ਬਣੇ ਪੁਲਾਂ 'ਤੇ ਟੁੱਟੇ ਭੱਜੇ ਪੋਲਾਂ ਨੂੰ ਦੁਬਾਰਾ ਲਗਾ ਕੇ ਬੰਦ ਪਈਆਂ ਸੋਲਰ ਲਾਈਟਾਂ ਚਾਲੂ ਕਰਵਾਈਆਂ ਜਾਣ ਤਾਂ ਜੋ ਇਸ ਪੁਲ 'ਤੇ ਰਾਤ ਸਮੇਂ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

# ਢਾਡੀ ਗੁਰਦੀਪ ਸਿੰਘ ਦੀਪਕ ਨੇ ਵਾਰਾਂ ਰਾਹੀਂ ਕੈਨੇਡਾ ਦੀ ਸਿੱਖ ਸੰਗਤ ਨੂੰ ਕੀਤਾ ਨਿਹਾਲ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਕੈਨੇਡਾ ਬਰੈਪਟਨ ਦੇ ਗੁਰਦੁਆਰਾ ਸਿੱਖ ਸੰਗਤ ਸਾਹਿਬ ਵਿਖੇ ਪੰਥ ਦੇ ਮਹਾਨ ਢਾਡੀ ਗੁਰਦੀਪ ਸਿੰਘ ਦੀਪਕ ਜਲੰਧਰ ਵਾਲੇ, ਸਰੰਗੀ ਮਾਸਟਰ ਕੁਲਵੀਰ ਸਿੰਘ, ਸਾਥੀ ਬਲਵਾਨ ਸਿੰਘ ਸਿੱਧੂ ਅਤੇ ਇੰਦਰਜੀਤ ਸਿੰਘ ਲੱਖਾ ਵੱਲੋਂ ਧਾਰਮਿਕ ਦੀਵਾਨਾ ਵਿੱਚ ਸੰਗਤਾਂ ਨੂੰ ਗੁਰੂ ਜਸ ਰਾਹੀਂ ਨਿਹਾਲ ਕੀਤਾ ਗਿਆ। ਢਾਡੀ ਗੁਰਦੀਪ ਸਿੰਘ ਦੀਪਕ ਪਿਛਲੇ ਦਿਨਾਂ ਤੋਂ ਸ਼ਾਮੀ ਅਤੇ ਸਵੇਰੇ ਗੁਰਦੁਆਰਾ ਸਿੱਖ ਸੰਗਤ ਬਰੈਪਟਨ ਵਿਖੇ ਦੀਵਾਨ ਸਮਾਗਮ ਦੌਰਾਨ ਕੈਨੇਡਾ ਦੀਆਂ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਦੇ ਹੋਏ ਸੰਗਤਾਂ ਨੂੰ ਦਸਾਂ ਨਹੁੰਆਂ ਦੀ ਕਿਰਤ ਕਰਨ ਅਤੇ ਵੰਡ ਕੇ ਛਕਣ ਦਾ ਹੋਕਾ ਦਿੰਦੇ ਹੋਏ ਇਹ ਕਹਿੰਦੇ ਹਨ ਕਿ ਸੰਗਤਾਂ ਨੂੰ ਗੁਰਬਾਣੀ ਦੇ ਲੜ ਲੱਗਣਾ ਚਾਹੀਦਾ ਹੈ ਅਤੇ ਜਿਨ੍ਹਾਂ ਪ੍ਰਾਣੀਆਂ ਨੇ ਅਜੇ ਤੱਕ ਅੰਮ੍ਰਿਤ ਦੀ ਦਾਤ ਭਾਵ ਅੰਮ੍ਰਿਤ ਨਹੀਂ ਛਕਿਆ ਉਨ੍ਹਾਂ ਨੇ ਸੰਗਤਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਦੀ ਸ਼ਹੀਦੀ ਸਬੰਧੀ ਪ੍ਰਸੰਗ ਸੁਣਾਇਆ। ਨਾਲ ਹੀ ਭਾਈ ਸਾਹਿਬ ਨੇ



ਸੰਗਤਾਂ ਨੂੰ ਆਪਣੇ ਮਿੱਠੜੇ ਸੁਭਾਅ ਦੇ ਅਨੁਸਾਰ ਗੁਰਬਾਣੀ ਦੇ ਸੰਗ ਜੋੜਿਆ ਅਤੇ ਅਪੀਲ ਕੀਤੀ ਕਿ ਆਪਣੇ ਰੁਝੇਵਿਆਂ ਵਿੱਚੋਂ ਥੋੜ੍ਹਾ ਜਿਨਾ ਸਮਾਂ ਨਿਤਨੇਮ ਦੇ ਲਈ ਜ਼ਰੂਰ ਕੱਢਣਾ ਚਾਹੀਦਾ ਹੈ। ਸੰਗਤਾਂ ਨੇ ਬਹੁਤ ਹੀ ਉਤਸ਼ਾਹ ਨਾਲ ਢਾਡੀ ਵਾਰਾਂ ਦਾ ਆਨੰਦ ਮਾਣਿਆ।

# ਸ਼੍ਰੋਮਣੀ ਅਕਾਲੀ ਦਲ ਨੇ ਪ੍ਰਿੰ. ਸੁਖਵਿੰਦਰ ਕੌਰ ਰੰਧਾਵਾ ਨੂੰ ਹਲਕਾ ਤਰਨਤਾਰਨ ਤੋਂ ਉਮੀਦਵਾਰ ਐਲਾਨਿਆ

**ਝਬਾਲ, (ਹਰਜਿੰਦਰ ਸਿੰਘ ਸੋਨੀ)**

ਕਸਬਾ ਝਬਾਲ ਵਿਖੇ ਆਜ਼ਾਦ ਗਰੁੱਪ ਵੱਲੋਂ ਕਰਵਾਈ ਗਈ ਸ਼੍ਰੋਮਣੀ ਅਕਾਲੀ ਦਲ ਦੀ ਰੈਲੀ ਰਿਕਾਰਡ ਤੋੜ ਇਕੱਠ 'ਚ ਹੋਈ। ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ: ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪਹਿਲੇ ਪ੍ਰਧਾਨ ਜਥੇਦਾਰ ਸਰਮੁਖ ਸਿੰਘ ਝਬਾਲ ਦੇ ਕਸਬਾ ਝਬਾਲ ਤੋਂ ਅੱਜ 2027 ਦੀ ਅਕਾਲੀ ਸਰਕਾਰ ਬਣਾਉਣ ਦਾ ਹੁਣ ਤੋਂ ਹੀ ਮੁੱਢ ਬੱਝਣ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਹੀਂ ਸਗੋਂ ਕੇਜਰੀਵਾਲ ਹੈ ਜੋ ਕਾਂਗਰਸ ਵਾਂਗ ਹੀ ਸਿੱਖਾਂ ਦਾ ਦੁਸ਼ਮਣ ਹੈ।ਉਨ੍ਹਾਂ ਕਿਹਾ ਕਿ ਬੇਅਦਬੀ ਦੇ ਝੂਠੇ ਇਲਜ਼ਾਮ ਲਾ ਕੇ ਅਕਾਲੀ ਦਲ ਨੂੰ ਬਦਨਾਮ ਕਰਨ ਵਾਲੀ ਆਮ ਆਦਮੀ ਪਾਰਟੀ ਦੇ ਐੱਮਐੱਲਏ ਖੁਦ ਮੋਗਾ ਤੇ ਮਲੇਰਕੋਟਲਾ ਬੇਅਦਬੀ ਮਾਮਲੇ 'ਚ ਦੋਸ਼ੀ ਪਾਏ ਗਏ ਹਨ।ਇੱਥੇ ਬੱਸ ਨਹੀਂ ਉਸ ਦੇ ਵਕੀਲ ਹਰਜੋਤ ਸਿੰਘ ਬੈਂਸ ਤੇ ਹਰਪਾਲ ਸਿੰਘ ਚੀਮਾ ਵੀ ਆਮ ਪਾਰਟੀ ਦੇ ਮੰਤਰੀ ਹੀ ਸਨ।ਸ੍ਰ: ਬਾਦਲ ਨੇ ਅਕਾਲੀ ਦਲ ਦੇ ਰਾਜ ਸਮੇਂ ਲੋਕਾਂ ਨੂੰ ਬਿਜਲੀ ਮੁਫ਼ਤ, ਆਟਾ ਦਾਲ ਸਕੀਮ, ਸ਼ਗਨ ਸਕੀਮ, ਮੈਡੀਕਲ ਮੁਫ਼ਤ, ਪੜ੍ਹਾਈ ਮੁਫ਼ਤ, ਕਿਸਾਨਾਂ ਨੂੰ ਸਬਸਿਡੀਆਂ, ਸੜਕਾਂ ਅਦਿ ਸਹੂਲਤਾਂ ਦੀ ਸ਼ੁਰੂਆਤ ਕੀਤੇ ਜਾਣ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਹੁਣ ਤੁਹਾਡੇ ਸਾਥ ਦੀ ਲੋੜ ਹੈ ਤਾਂ ਜੋ ਲੋਕ ਹਿਤੈਸ਼ੀ ਅਕਾਲੀ ਸਰਕਾਰ ਫਿਰ ਤੁਹਾਡੇ ਲਈ ਹੋਰ ਵੀ ਲੋਕ ਭਲਾਈ ਸਕੀਮਾਂ ਅਤੇ ਵਿਕਾਸ ਦੀਆਂ ਹਨੇਰੀਆਂ ਲੈ ਕੇ ਆ ਸਕੇ।ਉਨਾਂ ਆਜ਼ਾਦ ਗਰੁੱਪ ਦੇ ਮੁਖੀਆਂ,



ਸਰਪੰਚਾਂ, ਕੌਂਸਲਰਾਂ, ਪੰਚਾਂ, ਸਮੇਤ ਵੱਡੀ ਤਦਾਦ 'ਚ ਮੈਂਬਰਾਂ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਣ ਤੇ ਜੀ ਆਇਆਂ ਆਖਦਿਆਂ ਉਨਾਂ ਨੂੰ ਸਨਮਾਨਿਤ ਕੀਤਾ ਅਤੇ ਜ਼ਿਮਨੀ ਚੋਣ ਤਰਨਤਾਰਨ ਲਈ ਸਭ ਸਿਆਸੀ ਪਾਰਟੀਆਂ ਤੋਂ ਪਹਿਲਾਂ ਵਿਧਾਨ ਹਲਕਾ ਤਰਨਤਾਰਨ ਦੀ ਜ਼ਿਮਨੀ ਚੋਣ ਲਈ ਪ੍ਰਿੰ. ਸੁਖਵਿੰਦਰ ਕੌਰ ਰੰਧਾਵਾ (ਮੁਖੀ ਅਜ਼ਾਦ ਗਰੁੱਪ) ਨੂੰ ਸ਼੍ਰੋਮਣੀ ਅਕਾਲੀ ਦਲ ਪਾਰਟੀ ਦਾ ਉਮੀਦਵਾਰ ਐਲਾਨਿਆ ਅਤੇ ਲੋਕਾਂ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦੀ ਅਪੀਲ ਕੀਤੀ।ਇਸ ਮੌਕੇ ਵੱਡੀ ਗਿਣਤੀ 'ਚ ਅਕਾਲੀ ਆਗੂ ਤੇ ਵਰਕਰ ਹਾਜ਼ਰ ਸਨ।

# ਸਰਕਾਰਾਂ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਲਈ ਗੰਭੀਰਤਾ ਨਾ ਵਿਖਾਉਣਾ ਵੱਡੀ ਚਿੰਤਾ ਦਾ ਵਿਸ਼ਾ : ਸੱਚਰ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਪੰਜਾਬ ਸਰਕਾਰ ਤੇ ਕੇਂਦਰ ਦੀ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਨਿੱਤ ਆ ਰਹੀਆਂ ਧਮਕੀ ਭਰੀਆਂ ਈਮੇਲ ਤੇ ਗੰਭੀਰਤਾ ਨਾ ਵਿਖਾਉਣਾ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਲਈ ਇੱਕ ਵੱਡੀ ਚਿੰਤਾ ਦਾ ਵਿਸ਼ਾ ਹੈ। ਇਸ ਬਾਰੇ ਚੀਫ ਖਾਲਸਾ ਦੀਵਾਨ ਦੇ ਸੀਨੀਅਰ ਮੈਂਬਰ ਤੇ ਹਲਕਾ ਮਜੀਠਾ ਦੇ ਕਾਂਗਰਸੀ ਹਲਕਾ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਨੇ ਅੱਜ ਆਪਣੇ ਪਿੰਡ ਕੱਥੂਨੰਗਲ ਵਿੱਚ ਇੱਕ ਸਮਾਗਮ ਵਿੱਚ ਸ਼ਿਰਕਤ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਸੱਚਰ ਨੇ ਕਿਹਾ ਕਿ ਕੀ ਸਾਡੇ ਦੇਸ਼ ਕੋਲ ਸਾਈਬਰ ਕਰਾਈਮ ਦੇ ਜਾਂ ਹੋਰ ਆਈ ਟੀ ਸੈਕਟਰ ਦੇ ਮਾਹਿਰਾਂ ਦੀ ਕਮੀ ਹੈ? ਜੋ ਦੁਨੀਆ ਦੇ ਬਹੁਤ ਤੋਂ ਵੱਧ ਪਵਿੱਤਰ ਧਾਰਮਿਕ ਅਸਥਾਨ ਜੋ ਸਾਰੀ ਲੋਕਾਈ ਨੂੰ ਸਾਂਝੀਵਾਲਤਾ ਦਾ ਸੁਨੇਹਾ ਦਿੰਦਾ ਹੈ ਤੇ ਹਰ ਰੋਜ਼ ਲੱਖਾਂ ਦੀ ਗਿਣਤੀ ਵਿੱਚ ਲੋਕ ਇੱਥੇ ਨਤਮਸਤਕ ਹੋ ਕੇ ਆਪਣੀਆਂ ਖੁਸ਼ੀਆਂ ਲੈ ਕੇ ਜਾਂਦੇ ਹਨ ਤੇ ਲੱਖਾਂ ਲੋਕ ਸੰਗਤ ਤੇ ਪੰਗਤ ਵਿੱਚ ਬੈਠਕੇ ਪਰਸ਼ਾਦਾ ਛਕਦੇ ਹਨ, ਇਸ ਅਸਥਾਨ ਬਾਰੇ ਕੋਈ ਮਾੜੀ ਸ਼ਬਦਾਵਲੀ ਲਿਖ ਸਕੇ ਜਾਂ ਬੋਲ ਸਕੇ ਕਿਸੇ ਵੀ ਵਿਅਕਤੀ ਨੂੰ ਚਾਹੇ ਉਹ ਕਿਸੇ ਵੀ ਧਰਮ ਨਾਲ ਸਬੰਧ ਰੱਖਦਾ ਹੋਵੇ ਬਰਦਾਸ਼ਤ ਨਹੀਂ ਕਰ ਸਕਦਾ। ਸੱਚਰ ਨੇ ਕਿਹਾ ਕਿ ਦੇਸ਼ ਦੇ ਗ੍ਰਹਿ ਮੰਤਰੀ ਨੂੰ ਸੂਬੇ ਦੇ ਮੁੱਖ ਮੰਤਰੀ ਨਾਲ ਤੁਰੰਤ ਰਾਬਤਾ ਕਰਕੇ ਇਸ ਅਤਿ ਸੰਵੇਦਨਸ਼ੀਲ ਮੁੱਦੇ ਨੂੰ ਚੰਦ ਘੰਟਿਆਂ ਵਿੱਚ ਨਹੀਂ ਬਲਕਿ ਚੰਦ ਮਿੰਟਾਂ ਵਿੱਚ ਸੁਲਝਾਉਣਾ ਚਾਹੀਦਾ ਸੀ ਪਰ ਸਿਆਣੇ ਕਹਿੰਦੇ ਹਨ ਕਿ ਕਹਾਵਤ ਹੈ ਕਿ ਕਿਸੇ ਵੀ ਕੰਮ ਵਿੱਚ ਦੇਰੀ ਭ੍ਰਿਸ਼ਟਾਚਾਰ ਨੂੰ ਜਨਮ ਦਿੰਦੀ ਹੈ, ਇਸ ਕੰਮ ਵਿੱਚ ਵੀ ਹੋ ਰਹੀ ਦੇਰੀ ਕਈ ਸ਼ੰਕਾਵਾਂ ਨੂੰ ਜਨਮ ਦੇ ਰਹੀ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਸਰਪੰਚ ਜਤਿੰਦਰ ਸਿੰਘ ਕੱਥੂਨੰਗਲ, ਡਾ. ਸੁਖਵਿੰਦਰ ਸਿੰਘ ਰੰਧਾਵਾ, ਸੁਲੱਖਣ ਸਿੰਘ, ਡਾ. ਮੋਹਨ ਸਿੰਘ ਸ਼ਾਮਲ ਸਨ।



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਜ਼ਾਦ ਗਰੁੱਪ ਵੱਲੋਂ ਦਾਣਾ ਮੰਡੀ ਝਬਾਲ ਵਿੱਚ ਕਰਵਾਈ ਵਿਸ਼ਾਲ ਰੈਲੀ ਵਿੱਚ ਪਹੁੰਚੇ ਜਿੱਥੇ ਉਨ੍ਹਾਂ ਮਾਝੇ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਜੀ ਵਿਖੇ ਨਤਮਸਤਕ ਹੋਏ। ਸਰਬੱਤ ਦੇ ਭਲੇ ਦੀ ਅਰਦਾਸ ਕਰਵਾਈ ਗਈ ਅਤੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ।ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਸਰਬਦਿਆਲ ਸਿੰਘ, ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ ਅਤੇ ਵੱਡੀ ਗਿਣਤੀ ਵਿੱਚ ਸੇਵਾਦਾਰ ਹਾਜ਼ਰ ਸਨ।
(ਫੋਟੋ ਤੇ ਵੇਰਵਾ: ਹਰਜਿੰਦਰ ਸਿੰਘ ਸੋਨੀ)

# ਅਗਨੀਵੀਰ ਭਰਤੀ ਲਈ ਫਿਜ਼ੀਕਲ ਟੈਸਟ ਲਈ ਮੁਫਤ ਤਿਆਰੀ ਸੰਬੰਧੀ ਸੀ-ਪਾਈਟ ਕੈਂਪ ਸ਼ੁਰੂ

**ਪੱਟੀ, (ਸ਼ਮਸ਼ੇਰ ਸਿੰਘ ਯੋਧਾ)**

ਸੀ ਪਾਈਟ ਕੈਂਪ ਪੱਟੀ ਜ਼ਿਲ੍ਹਾ ਤਰਨ ਤਾਰਨ ਦੇ ਕੈਂਪ ਟਰੇਨਿੰਗ ਅਫਸਰ ਕੈਪਟਨ (ਰਿਟਾਇਰਡ) ਗੁਰਦਰਸ਼ਨ ਸਿੰਘ ਵੱਲੋਂ ਦਿੱਤੀ ਜਾਣਕਾਰੀ ਮੁਤਾਬਿਕ ਜਿਨ੍ਹਾਂ ਯੁਵਕਾਂ ਨੇ ਜੁਲਾਈ 2025 ਵਿੱਚ ਅਗਨੀਵੀਰ ਦੀ ਲਿਖਤੀ ਪ੍ਰੀਖਿਆ ਦੇ ਦਿੱਤੀ ਹੈ ਅਤੇ ਉਹ ਯੁਵਕ ਫਿਜ਼ੀਕਲ ਦੀ ਤਿਆਰੀ ਕਰਨਾ ਚਾਹੁੰਦੇ ਹਨ, ਉਹ ਸੀ-ਪਾਈਟ ਕੈਂਪ ਪੱਟੀ ਵਿਖੇ ਰਿਪੋਰਟ ਕਰਨ ਅਤੇ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਉਠਾਉਣ। ਤਰਨ ਤਾਰਨ ਜ਼ਿਲ੍ਹੇ ਵਿੱਚ ਯੁਵਕਾਂ ਦੇ ਫਿਜ਼ੀਕਲ ਟੈਸਟ ਦੀ ਟਰੇਨਿੰਗ ਚਲ ਰਹੀ ਹੈ।ਅਗਨੀਵੀਰ ਆਰਮੀ ਭਰਤੀ ਦੀ ਮਿਤੀ 06 ਅਕਤੂਬਰ 2025 ਤੋਂ ਸ਼ੁਰੂ ਹੋ ਰਹੀ ਹੈ।ਇਸ ਲਈ ਯੁਵਕ ਸੀ ਪਾਈਟ ਕੈਂਪ, ਪੱਟੀ ਵਿਖੇ ਪਹੁੰਚ ਕੇ ਫਿਜ਼ੀਕਲ ਦੀ ਤਿਆਰੀ ਸ਼ੁਰੂ ਕਰਨ।ਯੁਵਕ ਸਵੇਰੇ 09:00 ਵਜੇ ਤੋਂ ਲੈ ਕੇ 11:30 ਵਜੇ ਤੱਕ ਪਹੁੰਚ ਕੇ ਆਪਣੀ ਐਡਮਿਸ਼ਨ ਕਰਵਾ ਸਕਦੇ ਹਨ।ਕੈਂਪ ਵਿੱਚ ਆਉਣ ਸਮੇਂ ਆਨ ਲਾਈਨ ਰਜਿਸਟਰੇਸ਼ਨ ਦੀ ਇਕ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਟੀਫਿਕੇਟ ਦੀ ਫੋਟੋ ਸਟੇਟ ਕਾਪੀ , ਪੰਜਾਬ ਰੈਜ਼ੀਡੈਂਸ ਦੀ ਫੋਟੋ ਕਾਪੀ, ਜਾਤੀ ਦੇ



ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਆਧਾਰ ਕਾਰਡ ਦੇ ਫੋਟੋ ਸਟੇਟ ਦੀ ਕਾਪੀ, ਬੈਂਕ ਖਾਤੇ ਦੀ ਫੋਟੋ ਸਟੇਟ ਕਾਪੀ ਅਤੇ ਉਹ ਖਾਤਾ ਚਾਲੂ ਹਾਲਤ ਵਿੱਚ ਹੋਵੇ।ਨਾਲ ਹੀ ਪਾਸਪੋਰਟ ਸਾਈਜ਼ ਦੀ ਇਕ ਫੋਟੋ, ਇਕ ਪੈੱਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ।ਛਾਤੀ ਬਿਨਾਂ ਫੁਲਾ ਕੇ 77 ਸੈਂਟੀਮੀਟਰ ਅਤੇ ਫੁਲਾਅ ਕੇ 82 ਸੈਂਟੀਮੀਟਰ, ਕੱਦ 05 ਫੁੱਟ 07 ਇੰਚ ਹੋਵੇ।ਕੈਂਪ ਦੇ ਅਧਿਕਾਰੀ ਨੇ ਦੱਸਿਆ ਕਿ ਟਰੇਨਿੰਗ ਦੌਰਾਨ ਰਿਹਾਇਸ਼ ਅਤੇ ਖਾਣਾ ਪੰਜਾਬ ਸਰਕਾਰ ਵੱਲੋਂ ਮੁਫਤ ਦਿੱਤਾ ਜਾਵੇਗਾ ਅਤੇ ਫਿਜ਼ੀਕਲ ਟੈਸਟ ਦੀ ਤਿਆਰੀ ਲਈ ਕੋਈ ਫੀਸ ਨਹੀਂ ਲਈ ਜਾਵੇਗੀ।ਵਧੇਰੇ ਜਾਣਕਾਰੀ ਲਈ ਇਨ੍ਹਾਂ ਮੁਬਾਇਲ ਨੰਬਰਾਂ 97818-91928 ਅਤੇ 98760-30372 'ਤੇ ਸੰਪਰਕ ਕੀਤਾ ਜਾ ਸਕਦਾ।

# ਸਕੂਲ ਦੀ ਇਮਾਰਤ ਖਸਤਾ ਹਾਲ ਹੋਣ ਕਾਰਨ ਸਕੂਲ ਗੁਰਦੁਆਰੇ 'ਚ ਲੱਗਦੈ

## ਸਾਂਸਦ ਔਜਲਾ ਨੇ ਆਪਣੇ ਅਖਤਿਆਰੀ ਫੰਡ 'ਚੋਂ ਮੌਕੇ 'ਤੇ ਦਿੱਤੇ 20 ਲੱਖ ਰੁਪਏ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਆਮ ਆਦਮੀ ਪਾਰਟੀ ਦੀ ਸਿੱਖਿਆ ਇਨਕਲਾਬ ਦਾ ਪਰਦਾਫਾਸ਼ ਉਦੋਂ ਹੋਇਆ ਜਦੋਂ ਐਮ. ਪੀ. ਗੁਰਜੀਤ ਸਿੰਘ ਔਜਲਾ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਸੁਭਾਸ਼ ਕਲੋਨੀ, ਲੱਖਾ ਸਿੰਘ ਪਲਾਟ ਸੁਲਤਾਨਵਿੰਡ ਪਹੁੰਚੇ ਜਿੱਥੇ ਸਕੂਲ ਨੂੰ ਖਸਤਾ ਇਮਾਰਤ ਕਾਰਨ ਗੁਰਦੁਆਰੇ ਅਤੇ ਕਿਸੇ ਹੋਰ ਜਗ੍ਹਾ ਤਬਦੀਲ ਕਰ ਦਿੱਤਾ ਗਿਆ ਹੈ। ਹਾਲਤ ਦੇਖ ਕੇ ਐਮ.ਪੀ. ਨੇ ਮੌਕੇ 'ਤੇ ਐੱਮ.ਪੀ.ਐੱਲ.ਏ.ਡੀ. ਫੰਡ ਵਿੱਚੋਂ 20 ਲੱਖ ਰੁਪਏ ਦਿੱਤੇ। ਇਸ ਦੇ ਨਾਲ ਹੀ ਹੈਰਾਨੀ ਦੀ ਗਲ ਹੈ ਕਿ ਅਪ੍ਰੈਲ 2025 ਵਿੱਚ ਆਮ ਆਦਮੀ ਪਾਰਟੀ ਦੇ ਅਧਿਕਾਰੀਆਂ ਵੱਲੋਂ ਇੱਥੇ ਟਾਈਲਾਂ ਦਾ ਉਦਘਾਟਨ ਕੀਤਾ ਗਿਆ ਸੀ। ਐੱਮ. ਪੀ. ਗੁਰਜੀਤ ਸਿੰਘ ਔਜਲਾ ਅੱਜ ਸਕੂਲ ਪਹੁੰਚੇ ਅਤੇ ਸਕੂਲ ਦਾ ਦੌਰਾ ਕੀਤਾ। ਉਨ੍ਹਾਂ ਦੱਸਿਆ ਕਿ ਇਲਾਕੇ ਦੇ ਜ਼ਿੰਮੇਵਾਰ ਲੋਕਾਂ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਸੀ, ਜਦੋਂ ਕਿ ਵਿਭਾਗ ਨੇ ਉਨ੍ਹਾਂ ਤੋਂ ਇਹ ਵੀ ਮੰਗ ਕੀਤੀ ਸੀ ਕਿ ਐੱਮ.ਪੀ.ਐੱਲ.ਏ.ਡੀ. ਫੰਡ ਵਿੱਚੋਂ ਸਕੂਲ ਲਈ ਗ੍ਰਾਂਟ ਦਿੱਤੀ ਜਾਵੇ। ਜਿਸ ਤੋਂ ਬਾਅਦ ਅੱਜ ਉਹ ਸਕੂਲ ਦਾ ਦੌਰਾ ਕਰਨ ਆਏ ਹਨ ਅਤੇ ਇਹ ਦੇਖ ਕੇ ਬਹੁਤ ਦੁੱਖ ਹੋਇਆ ਕਿ ਸਿੱਖਿਆ ਕ੍ਰਾਂਤੀ ਸਿਰਫ਼ ਨਾਮ ਦੀ ਹੀ ਲਿਆਂਦੀ ਜਾ ਰਹੀ ਹੈ। ਸਕੂਲ ਵਿੱਚ ਆਮ ਆਦਮੀ ਪਾਰਟੀ ਦੇ ਅਧਿਕਾਰੀਆਂ ਦਾ ਇੱਕ ਬੋਰਡ ਹੈ ਜਿਸ ਦੇ ਉਦਘਾਟਨ ਦੀ ਮਿਤੀ 23 ਅਪ੍ਰੈਲ, 2025 ਹੈ। ਐੱਮਪੀ ਔਜਲਾ ਨੇ ਕਿਹਾ ਕਿ ਅਪ੍ਰੈਲ ਮਹੀਨੇ ਵਿੱਚ ਇੱਥੇ ਟਾਈਲਾਂ ਲਗਾਈਆਂ ਗਈਆਂ ਹਨ ਜਦੋਂ ਕਿ ਸਕੂਲ ਦੀ ਪੂਰੀ ਇਮਾਰਤ ਖਸਤਾ ਹਾਲਤ ਵਿੱਚ ਹੈ ਅਤੇ ਕਿਸੇ ਵੀ ਸਮੇਂ ਢਹਿ ਸਕਦੀ ਹੈ, ਜਿਸ ਕਾਰਨ ਇਸ ਸੀਜ਼ਨ ਵਿੱਚ ਬੱਚਿਆਂ ਨੂੰ ਕਿਤੇ ਹੋਰ ਸ਼ਿਫਟ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਐੱਮਪੀ ਨੂੰ ਬਹੁਤ ਘੱਟ ਗ੍ਰਾਂਟ ਮਿਲਦੀ ਹੈ ਪਰ ਉਹ ਕੋਸ਼ਿਸ਼ ਕਰਦੇ ਹਨ ਕਿ ਜੋ ਵੀ ਗ੍ਰਾਂਟ ਵੰਡੀ ਜਾਂਦੀ ਹੈ, ਉਸਨੂੰ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਵੰਡਿਆ ਜਾਵੇ ਤਾਂ ਜੋ ਹਰ ਘਰ ਨੂੰ ਇਸਦਾ ਲਾਭ ਮਿਲ ਸਕੇ। ਉਨ੍ਹਾਂ ਕਿਹਾ ਕਿ ਤੁਰੰਤ ਪ੍ਰਭਾਵ ਨਾਲ ਸਕੂਲ ਲਈ 20 ਲੱਖ ਰੁਪਏ ਦਿੱਤੇ ਜਾਣਗੇ। ਕਿਉਂਕਿ ਬੱਚਿਆਂ ਦੀ ਗਿਣਤੀ ਜ਼ਿਆਦਾ ਹੈ, ਇਸ ਲਈ ਸਕੂਲ ਦਾ ਵਿਸਥਾਰ ਕਰਨ ਦੀ ਲੋੜ ਹੈ, ਇਸ ਲਈ ਉਹ ਨਵੀਂ ਜ਼ਮੀਨ ਲਈ ਕੋਸ਼ਿਸ਼ ਕਰਨਗੇ ਤਾਂ ਜੋ ਹੋਰ ਨਵੀਆਂ ਇਮਾਰਤਾਂ ਬਣਾਈਆਂ ਜਾ ਸਕਣ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਹਰ ਕੰਮ ਲਈ ਸਿਰਫ਼ ਰਸਮਾਂ ਪੂਰੀਆਂ ਕਰ ਰਹੀ ਹੈ ਪਰ ਜ਼ਮੀਨੀ ਹਕੀਕਤ ਕੁਝ ਹੋਰ ਹੈ। ਉਨ੍ਹਾਂ ਸਕੂਲ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇ ਅਤੇ ਜਲਦੀ ਤੋਂ ਜਲਦੀ ਸਕੂਲ ਦੀ ਨਵੀਂ ਇਮਾਰਤ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਫੰਡਾਂ ਦੀ ਚਿੰਤਾ ਨਹੀਂ ਕਰਨੀ ਚਾਹੀਦੀ।




# ਜ਼ਿਲ੍ਹਾ ਪੁਲਸ ਵੱਲੋਂ ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਕਾਹਨੂੰਵਾਨ ਦੇ ਏਐੱਸਆਈ ਰਛਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਟੀ. ਪੁਆਇੰਟ ਚੱਕ ਯਕੂਬ ਤੋਂ ਰੁਬਿੰਦਰ ਸਿੰਘ ਰੋਬਨ ਪੁੱਤਰ ਸਰਬਜੀਤ ਸਿੰਘ ਵਾਸੀ ਚੱਕ ਯਕੂਬ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਕਤ ਵਿਅਕਤੀਆਂ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 27 ਗਰਾਮ 136 ਮਿਲੀਗ੍ਰਾਮ ਅਫੀਮ ਬਰਾਮਦ ਹੋਈ। ਇਸੇ ਤਰ੍ਹਾਂ ਥਾਣਾ ਦੀਨਾਨਗਰ ਦੇ ਏ.ਐੱਸ.ਆਈ. ਗੁਰਨਾਮ ਸਿੰਘ ਨੇ ਸਮੇਤ ਪੁਲਸ ਪਾਰਟੀ ਪਿੰਡ ਘੁੱਲਾ ਬ੍ਰਹਮਣਾ ਤੋਂ ਇਕ ਕਾਰ ਸਵਿਫਟ ਡਿਜ਼ਾਇਰ ਪਿੰਡ ਪਨਿਆੜ ਸਾਇਡ ਤੋਂ ਆਉਂਦੀ ਦਿਖਾਈ ਦਿੱਤੀ ਜਿਸ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਨਾ-ਮਾਲੂਮ ਕਾਰ ਚਾਲਕ ਕਾਰ ਛੱਡ ਕੇ ਹਨੇਰੇ ਵਿੱਚ ਖਿਸਕ ਗਿਆ। ਕਾਰ ਦੀ ਚੈਕਿੰਗ ਕਰਨ 'ਤੇ ਕਾਰ ਦੀ ਡਿੱਗੀ ਵਿਚੋਂ 60 ਬੋਤਲਾਂ ਸ਼ਰਾਬ ਠੇਕਾ ਸ਼ਰਾਬ ਬਰਾਮਦ ਹੋਈਆਂ ਹਨ। ਥਾਣਾ ਦੀਨਾਨਗਰ ਦੇ ਏ.ਐੱਸ.ਆਈ. ਰਵਿੰਦਰ ਸਿੰਘ ਨੇ ਸਮੇਤ ਪੁਲਸ ਪਾਰਟੀ ਆਰੀਆ ਨਗਰ ਤੋਂ ਅਕਾਸ਼ਦੀਪ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਮਰਲਾ ਕਾਲੋਨੀ ਅਵਾਂਖਾ ਜੋ ਨਸ਼ੇ ਦਾ ਸੇਵਨ ਕਰ ਰਿਹਾ ਸੀ, ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ ਸਿਲਵਰ ਪੇਪਰ, ਲਾਈਟਰ, 10 ਰੁਪਏ ਦਾ ਨੋਟ ਬਰਾਮਦ ਹੋਇਆ ਹੈ। ਪੁਲਸ ਇਨ੍ਹਾਂ ਸਾਰੇ ਨਸ਼ਾ ਤਸਕਰਾਂ ਖ਼ਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸੰਬੰਧ 'ਚ ਸ਼ਿਮਲਾ ਵਿਖੇ ਗੁਰਮਤਿ ਸਮਾਗਮ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ ਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ਼ਿਮਲਾ ਵਿਖੇ ਵਿਸ਼ਾਲ ਗੁਰਮਤਿ ਸਮਾਗਮ ਆਯੋਜਿਤ ਕੀਤਾ ਗਿਆ।ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਸਥਾਨਕ ਗੁਰਦੁਆਰਾ ਕਮੇਟੀ ਵੱਲੋਂ ਕਰਵਾਏ ਗਏ ਇਸ ਸਮਾਗਮ ਮੌਕੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਜੋੜਿਆ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਗੁਰਮਤਿ ਵਿਚਾਰਾਂ ਸਾਂਝੀਆਂ ਕਰਦਿਆਂ ਗੁਰੂ ਸਾਹਿਬ ਜੀ ਦੇ ਉਪਦੇਸ਼ਾਂ ਦੀ ਸੇਧ ਵਿਚ ਸੰਗਤ ਨੂੰ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਹੱਕਾਂ ਦੀ ਰੱਖਿਆ ਲਈ ਇਕ ਲਾਸਾਨੀ ਮਿਸਾਲ ਹੈ।ਗੁਰੂ ਸਾਹਿਬ ਨੇ ਨਾ ਸਿਰਫ ਸਿੱਖ ਧਰਮ ਦੀ, ਸਗੋਂ ਸਮੂਹ ਕੌਮਾਂ ਦੀ ਰੱਖਿਆ ਲਈ ਆਪਣੀ ਸ਼ਹਾਦਤ ਦਿੱਤੀ। ਨੌਵੇਂ ਪਾਤਸ਼ਾਹ ਜੀ ਸੱਚ, ਨਿਸ਼ਕਾਮਤਾ ਅਤੇ ਤਿਆਗ ਦੇ ਜੀਵੰਤ ਪ੍ਰਤੀਕ ਹਨ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਮਾਗਮਾਂ ਮੌਕੇ ਕੀਤੇ ਜਾਂਦੇ ਸਨਮਾਨ ਦੇ ਸੰਬੰਧ ਵਿੱਚ ਵਿਸ਼ੇਸ਼ ਤੌਰ ਤੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਿਰੋਪਾਓ ਦਾ ਸਿੱਖ ਪਰੰਪਰਾ ਵਿੱਚ ਬਹੁਤ ਉੱਚਾ ਸਤਿਕਾਰ ਹੈ ਅਤੇ ਇਹ ਕੇਵਲ ਸਿੰਘ ਸਾਹਿਬਾਨ, ਮਹਾਨ ਸ਼ਖ਼ਸੀਅਤਾਂ, ਗੁਰਮਤਿ ਪ੍ਰਚਾਰਕਾਂ ਜਾਂ ਧਾਰਮਿਕ ਸੇਵਾਵਾਂ ਲਈ ਵਿਸ਼ੇਸ਼ ਯੋਗਦਾਨ ਕਰਨ ਵਾਲਿਆਂ ਨੂੰ ਹੀ ਭੇਟ ਕੀਤਾ ਜਾਣਾ ਚਾਹੀਦਾ ਹੈ।ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰੇਕ ਸਾਲ ਲੱਖਾਂ ਦੀ ਗਿਣਤੀ ਵਿੱਚ ਸਿੱਖ ਰਹਿਤ ਮਰਿਆਦਾ ਪ੍ਰਕਾਸ਼ਿਤ ਕਰਕੇ ਸੰਗਤ ਤੱਕ ਮੁਫ਼ਤ ਪਹੁੰਚਾਈ ਜਾਂਦੀ ਹੈ।ਐਡਵੋਕੇਟ ਧਾਮੀ ਨੇ ਸੰਗਤ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਜਦੋਂ ਵੀ ਕਿਸੇ ਨੂੰ ਸਨਮਾਨ ਦਿੱਤਾ ਜਾਵੇ ਤਾਂ ਇਸ ਮਰਿਆਦਾ ਨੂੰ ਜ਼ਰੂਰ ਸੌਂਪਿਆ ਜਾਵੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਦਲਜੀਤ ਸਿੰਘ ਭਿੰਡਰ ਨੇ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਮਨੁੱਖਤਾ ਦੀ ਭਲਾਈ ਲਈ ਹਮੇਸ਼ਾਂ ਅੱਗੇ ਆਉਣ ਦੀ ਅਪੀਲ ਕੀਤੀ।ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੀ ਹਾਜ਼ਰੀ ਭਰੀ।ਸਮਾਗਮ ਸਮੇਂ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਦਲਜੀਤ ਸਿੰਘ ਭਿੰਡਰ, ਅੰਮ੍ਰਿਤਪਾਲ ਸਿੰਘ ਕੁਲਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਵਧੀਕ ਮੈਨੇਜਰ ਹਰਦੇਵ ਸਿੰਘ, ਗੁਰਦੁਆਰਾ ਸਿੰਘ ਸਭਾ ਸ਼ਿਮਲਾ ਦੇ ਪ੍ਰਧਾਨ ਜਸਵਿੰਦਰ ਸਿੰਘ, ਕਰਨੈਲ ਸਿੰਘ, ਸਿੱਖ ਮਿਸ਼ਨ ਹਿਮਾਚਲ ਪ੍ਰਦੇਸ਼ ਦੇ ਇੰਚਾਰਜ ਭਾਈ ਗੁਰਦੀਪ ਸਿੰਘ ਆਦਿ ਹਾਜ਼ਰ ਸਨ।



# ਪੰਜਾਬ ਦੇ ਸਾਹਿਤਕ ਅਤੇ ਸੱਭਿਆਚਾਰਕ ਗੌਰਵਮਈ ਵਿਰਸੇ ਨੂੰ ਪਛਾਨਣ ਦੀ ਲੋੜ : ਕੇਂਦਰੀ ਲੇਖਕ ਸਭਾ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਦੇ ਸਹਿਯੋਗ ਨਾਲ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਕਰਵਾਏ ਗਏ ਡੇਢ ਸਾਲਾ ਇਜਲਾਸ ਵਿੱਚ ਵਿਦਵਾਨਾਂ ਨੇ ਪੰਜਾਬੀ ਬੋਲੀ-ਕੱਲ, ਅੱਜ ਅਤੇ ਭਲਕ ਵਿਸ਼ੇ 'ਤੇ ਚਰਚਾ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਪੰਜਾਬੀ ਭਾਸ਼ਾ ਦੇ ਸਾਹਿਤਕ ਅਤੇ ਸਭਿਆਚਾਰਕ ਗੌਰਵਮਈ ਵਿਰਸੇ ਨੂੰ ਪਛਾਨਣ ਦੀ ਲੋੜ ਹੈ ਤਾਂ ਜੋ ਅਗਲੀ ਪੀੜ੍ਹੀ ਆਪਣੇ ਅਮੀਰ ਵਿਰਸੇ ਦੀਆਂ ਜੜ੍ਹਾਂ ਨਾਲ ਜੁੜੀ ਰਹੇ। ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਨੇ ਵੱਡੀ ਗਿਣਤੀ ਵਿੱਚ ਪੁੱਜੇ ਸਾਹਿਤਕਾਰਾਂ ਨੂੰ ਜੀ ਆਇਆਂ ਆਖਿਆ।ਵਿਚਾਰ ਚਰਚਾ ਦਾ ਆਰੰਭ ਕਰਦਿਆਂ ਡਾ. ਮਨਜਿੰਦਰ ਸਿੰਘ ਨੇ ਕਿਹਾ ਕਿ ਮਾਂ ਬੋਲੀ ਦੀਆਂ ਬਹੁਮੁੱਲੀਆਂ ਵਿਸ਼ਵ ਵਿਆਪੀ ਗਿਆਨ ਪਰੰਪਰਾਵਾਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਅਜਿਹੇ ਉਪਰਾਲੇ ਨਿਰੰਤਰ ਕਰਦੇ ਰਹਿਣਾ ਚਾਹੀਦਾ ਹੈ।ਪ੍ਰਸਿੱਧ ਕਾਲਮ ਨਵੀਸ ਸ੍ਰੀ ਸਤਨਾਮ ਸਿੰਘ ਮਾਣਕ ਨੇ ਮਾਤ ਭਾਸ਼ਾ ਦੀ ਬੇਹਤਰੀ ਦੀ ਵਕਾਲਤ ਕਰਦਿਆਂ ਕਿਹਾ ਕਿ ਸਰਕਾਰਾਂ ਨੂੰ ਮੁਫਤਖੋਰੀ ਦੇ ਛਲਾਵਿਆਂ ਨੂੰ ਤਿਆਗ ਕੇ ਮਾਤ ਭਾਸ਼ਾ ਨੂੰ ਰੁਜ਼ਗਾਰ ਮੁਖੀ ਬਣਾਉਣ ਲਈ ਸਕੂਲਾਂ, ਕਾਲਜਾਂ ਅਤੇ ਹੋਰਨਾਂ ਅਦਾਰਿਆਂ ਵਿੱਚ ਰੁਜ਼ਗਾਰ ਦੇ ਵਸੀਲੇ ਪੈਦਾ ਕਰਨੇ ਚਾਹੀਦੇ ਹਨ।ਚਿੰਤਕ ਅਤੇ ਨਾਵਲਕਾਰ ਡਾ. ਮਨਮੋਹਨ ਨੇ ਸੋਸ਼ਲ ਮੀਡੀਆ ਦੇ ਵੱਖ ਵੱਖ ਪਲੇਟਫਾਰਮਾਂ ਤੋਂ ਪਰੋਸੀ ਜਾਂਦੀ ਭੱਦੀ ਸ਼ਬਦਾਵਲੀ 'ਤੇ ਉਂਗਲ ਚੁੱਕਦਿਆ ਕਿਹਾ ਕਿ ਗੁਰੂਆਂ, ਪੀਰਾਂ ਫਕੀਰਾਂ ਵੱਲੋਂ ਆਪਣੇ ਵਰਤੋਂ ਵਿਹਾਰ ਵਿੱਚ ਲਿਆਂਦੀ ਗਈ ਭਾਸ਼ਾ ਦਾ ਨਿਰਾਦਰ ਕਰਨਾ ਕਿਸੇ ਵੀ ਪੱਧਰ ਤੇ ਜਾਇਜ਼ ਨਹੀਂ।ਡਾ. ਲਖਵਿੰਦਰ ਜੌਹਲ ਨੇ ਸਫਲ ਸਮਾਗਮ ਦੀ ਵਧਾਈ ਦਿੰਦਿਆਂ ਮੁੱਲਵਾਨ ਭਾਸ਼ਾਈ ਟਿੱਪਣੀਆਂ ਕੀਤੀਆਂ।ਸਮੁੱਚੇ ਸਮਾਗਮ ਦਾ ਸੰਚਾਲਨ ਕਥਾਕਾਰ ਦੀਪ ਦਵਿੰਦਰ ਸਿੰਘ ਵੱਲੋਂ ਕੀਤਾ ਗਿਆ।ਕੇਂਦਰੀ ਸਭਾ ਵੱਲੋਂ ਦਿੱਤੇ ਜਾਣ ਵਾਲੇ ਬਹੁਵੱਕਾਰੀ ਪੁਰਸਕਾਰ ਇਸ ਵਾਰੀ ਹਰਭਜਨ ਸਿੰਘ ਹੁੰਦਲ ਕਾਵਿ ਪੁਰਸਕਾਰ ਗਜ਼ਲਗੋ ਜਸਵਿੰਦਰ ਨੂੰ, ਡਾ. ਐੱਸ. ਤਰਸੇਮ ਸਾਹਿਤ ਸਾਧਨਾ ਪੁਰਸਕਾਰ ਬਲਵੀਰ ਪਰਵਾਨਾ ਨੂੰ, ਡਾ. ਰਵਿੰਦਰ ਰਵੀ ਆਲੋਚਨਾ ਪੁਰਸਕਾਰ ਡਾ. ਮਨਜਿੰਦਰ ਸਿੰਘ ਨੂੰ ਅਤੇ ਗਿਆਨੀ ਹੀਰਾ ਸਿੰਘ ਜਥੇਬੰਦਕ ਪੁਰਸਕਾਰ ਕਰਮ ਸਿੰਘ ਵਕੀਲ ਨੂੰ ਦਿੱਤੇ ਗਏ ਜਿਨ੍ਹਾਂ ਵਿੱਚ 11 ਹਜ਼ਾਰ ਸਨਮਾਨ ਰਾਸ਼ੀ ਅਤੇ ਸਨਮਾਨ ਚਿੰਨ੍ਹ ਭੇਟ ਕੀਤੇ ਗਏ।ਬੀਤੇ ਡੇਢ ਸਾਲ ਵਿੱਚ ਸਭਾ ਵੱਲੋਂ ਕੀਤੀਆਂ ਸਾਹਿਤਕ ਸਰਗਰਮੀਆਂ ਡਾ. ਸ਼ਿੰਦਰਪਾਲ ਸਿੰਘ ਅਤੇ ਵਿੱਤੀ ਲੈਣ ਦੇਣ ਦੀ ਸਮੁੱਚੀ ਰਿਪੋਰਟ ਦਰਸ਼ਨ ਬੁੱਟਰ ਅਤੇ 15 ਮਤੇ ਅਤੇ ਐਲਾਨਨਾਮਾ ਸੁਸ਼ੀਲ ਦੁਸਾਂਝ ਵੱਲੋਂ ਪੇਸ਼ ਕੀਤਾ ਗਿਆ ਜਿਨ੍ਹਾਂ ਨੂੰ ਹਾਜ਼ਰੀਨ ਵੱਲੋਂ ਪ੍ਰਵਾਨਗੀ ਦਿੱਤੀ ਗਈ।ਇਸ ਮੌਕੇ ਯਤਿੰਦਰ ਕੌਰ ਮਾਹਲ, ਦੀਪਕ ਸ਼ਰਮਾ ਚਰਨਾਰਥਲ, ਸੁਲੱਖਣ ਸਰਹੱਦੀ, ਰੋਜੀ ਸਿੰਘ, ਰਾਜਪਾਲ ਬਾਠ, ਹਰਪਾਲ ਸਿੰਘ ਨਾਗਰਾ, ਸੁਮੀਤ ਸਿੰਘ, ਡਾ. ਬਲਜੀਤ ਢਿੱਲੋ, ਨਿਰਮਲ ਅਰਪਣ, ਪ੍ਰਤੀਕ ਸਹਿਦੇਵ, ਅੰਗਰੇਜ਼ ਸਿੰਘ ਵਿਰਦੀ, ਮੰਗਤ ਚੰਚਲ, ਡਾ: ਲੇਖਰਾਜ, ਸੀਤਲ ਸਿੰਘ ਗੁੰਨੋਪੁਰੀ, ਪ੍ਰਿੰ. ਗੁਰਬੀਰ ਸਿੰਘ ਸੋਹਲ, ਗੁਰਮੀਤ ਸਿੰਘ ਬਾਜਵਾ, ਮੱਖਣ ਸਿੰਘ ਭੈਣੀਵਾਲਾ, ਮਨਮੋਹਨ ਸਿੰਘ ਢਿੱਲੋਂ, ਸ਼ਾਇਰ ਮਲਵਿੰਦਰ, ਮੂਲ ਚੰਦ ਸ਼ਰਮਾ, ਰਜਿੰਦਰ ਰਾਜਨ, ਮੋਹਿਤ ਸਹਿਦੇਵ, ਡਾ. ਇਕਬਾਲ ਕੌਰ ਸੌਂਧ, ਕੁਲਜੀਤ ਵੇਰਕਾ, ਡਾ: ਸਵੈਰਾਜ ਸੰਧੂ, ਡਾ. ਸ਼ਿੰਦਰ ਪਾਲ, ਗੁਰਪ੍ਰੀਤ ਸਿੰਘ ਰੰਗੀਲਪੁਰ, ਵਿਜੇ ਅਗਨੀਹੋਤਰੀ, ਸੁਰਿੰਦਰ ਖਲਚੀਆਂ, ਰਾਜਵਿੰਦਰ ਰਾਜ, ਬਰਕਤ ਵੋਹਰਾ, ਮੰਗਲ ਟਾਂਡਾ, ਡਾ. ਗਗਨਦੀਪ ਸਿੰਘ, ਗੁਰਬਾਜ ਛੀਨਾ, ਬਲਵਿੰਦਰ ਸੰਧੂ, ਸੁਰਿੰਦਰ ਚੌਹਾਨ, ਕਮਲ ਦੁਸਾਂਝ, ਡਾ. ਵਿਕਰਮ, ਬਖਤੌਰ ਧਾਲੀਵਾਲ, ਡਾ. ਬਲਜੀਤ ਰਿਆੜ, ਡਾ. ਪਰਮਜੀਤ ਸਿੰਘ ਬਾਠ, ਮਨਜੀਤ ਸਿੰਘ ਵੱਸੀ ਰਮਿੰਦਰਜੀਤ ਕੌਰ, ਡਾ. ਦਵਿੰਦਰ ਸੈਫੀ, ਡਾ. ਸੀਮਾ ਗਰੇਵਾਲ, ਡਾ. ਹੀਰਾ ਸਿੰਘ, ਰਿਸ਼ੀ ਹਿਰਦੇ ਪਾਲ, ਸ਼ੁਕਰਗੁਜ਼ਾਰ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੰਜਾਬ ਭਰ ਤੋਂ ਸਾਹਿਤਕਾਰ ਪਹੁੰਚੇ ਹੋਏ ਸਨ।

## ਗ਼ਜ਼ਲਗੋ ਜਸਵਿੰਦਰ, ਬਲਵੀਰ ਪਰਵਾਨਾ, ਡਾ: ਮਨਜਿੰਦਰ ਸਿੰਘ ਅਤੇ ਕਰਮ ਸਿੰਘ ਵਕੀਲ ਸਨਮਾਨਿਤ



# ਗੁਰਦਾਸਪੁਰ-ਮੁਕੇਰੀਆਂ ਸੜਕ ਕੰਢੇ ਕੁੱਝ ਥਾਵਾਂ 'ਤੇ ਬਰਮ ਉੱਚੇ-ਨੀਵੇਂ ਹੋਣ ਕਾਰਨ ਹਾਦਸੇ ਵਾਪਰਨ ਦਾ ਡਰ

**ਗੁਰਦਾਸਪੁਰ, (ਜਨਕ ਮਹਾਜਨ)**

ਗੁਰਦਾਸਪੁਰ-ਮੁਕੇਰੀਆਂ ਸੜਕ ਦਾ ਨਿਰਮਾਣ ਕਾਰਜ ਕੁਝ ਸਮਾਂ ਪਹਿਲਾਂ ਹੀ ਮੁਕੰਮਲ ਹੋਇਆ ਸੀ ਪਰ ਇਸ ਸੜਕ ਕੰਢੇ ਬਣੇ ਬਰਮ ਦੇ ਕੰਮ ਨੂੰ ਅੱਧ ਵਿਚਕਾਰ ਹੀ ਛੱਡ ਦਿੱਤਾ ਗਿਆ ਜਿਸ ਕਰਕੇ ਕੁਝ ਥਾਵਾਂ 'ਤੇ ਬਰ੍ਹਮ ਉਚੇ ਨੀਵੇਂ ਹੋਏ ਪਏ ਹਨ। ਇਨ੍ਹਾਂ ਉਚੇ-ਨੀਵੇਂ ਬਰ੍ਹਮਾਂ ਕਾਰਨ ਦੋ ਪਹੀਆ ਵਾਹਨ ਚਾਲਕ ਜਦੋਂ ਆਪਣੇ ਵਾਹੀਕਲਾਂ ਨੂੰ ਸੜਕ ਤੋਂ ਹੇਠਾਂ ਉਤਾਰਨ ਤੋਂ ਬਾਅਦ ਦੁਬਾਰਾ ਸੜਕ 'ਤੇ ਚੜਨ ਦੀ ਕੋਸ਼ਿਸ਼ ਕਰਦੇ ਹਨ ਤਾਂ ਉਹ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਸੜਕ ਲਗਭਗ 24 ਕਿਲੋਮੀਟਰ ਲੰਬੀ ਹੈ ਅਤੇ ਦਰਿਆ ਬਿਆਸ ਤੱਕ ਇਸ ਦੀ ਲੰਬਾਈ ਲਗਭਗ 16 ਕਿੱਲੋਮੀਟਰ ਗੁਰਦਾਸਪੁਰ ਦੀ ਹੱਦ ਅੰਦਰ ਪੈਂਦੀ ਹੈ। ਦਾਊਵਾਲ ਨਾਕੇ ਤੋਂ (ਦਰਿਆ ਬਿਆਸ) ਤੋਂ ਅੱਗੇ ਸੜਕ ਦਾ ਬਾਕੀ ਹਿੱਸਾ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਂਦਾ ਹੈ। ਗੁਰਦਾਸਪੁਰ ਦੀ ਹੱਦ ਵਿਚ ਪੈਂਦੇ ਇਸ 16 ਕਿੱਲੋਮੀਟਰ ਸੜਕ ਕੰਢੇ ਬਰਮ ਉੱਚੇ ਨੀਵੇਂ ਹੋਣ ਕਾਰਨ ਵਹੀਕਲਾਂ ਨੂੰ ਕਾਫ਼ੀ ਮੁਸ਼ਕਿਲ ਪੇਸ਼ ਆਉਂਦੀ ਹੈ। ਇਥੇ ਜਿਕਰਯੋਗ ਹੈ ਕਿ ਕਸਬਾ ਪੁਰਾਣਾ ਸ਼ਾਲਾ ਤੋਂ ਲੈ ਕੇ ਦਰਿਆ ਬਿਆਸ ਤੱਕ ਸੜਕ ਦੇ ਜ਼ਿਆਦਾ ਹਿੱਸੇ ਵਿਚ ਬਰ੍ਹਮ ਉਚੇ ਨੀਵੇਂ ਹਨ ਜਿਸ ਕਾਰਨ ਛੋਟੀਆਂ ਗੱਡੀਆਂ ਨੂੰ ਸੜਕ 'ਤੇ ਦੁਬਾਰਾ ਚੜ੍ਹਨ ਵਾਸਤੇ ਕਾਫ਼ੀ ਔਂਕੜਾਂ ਪੇਸ਼ ਆਉਂਦੀਆਂ ਹਨ। ਇਸ ਸੜਕ ਕੰਡੇ ਵੱਡੀ ਵੱਡੀ ਮਾਤਰਾ ਵਿਚ ਘਾਹ ਬੂਟੀ ਉਗੀ ਪਈ ਹੈ ਜਿਸ ਨੇ ਸੜਕ ਦਾ ਕਾਫ਼ੀ ਕੱਚਾ ਹਿੱਸਾ ਆਪਣੀ ਲਪੇਟ ਵਿਚ ਲੈ ਲਿਆ ਹੈ। ਸੜਕ ਉਪਰੋਂ ਦੀ ਜਦੋਂ ਦੋ ਵੱਡੇ ਵਾਹਨ ਆਪਸ ਵਿਚ ਗੁਜ਼ਰਦੇ ਹਨ ਤਾਂ ਜਗ੍ਹਾ ਘੱਟ ਹੋਣ ਕਰਕੇ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ। ਲੋਕਾਂ ਦੀ ਪੰਜਾਬ ਸਰਕਾਰ ਅਤੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਹੈ ਕਿ ਇਸ ਸੜਕ ਕੰਢੇ ਉਗੀ ਜੜ੍ਹੀ ਬੂਟੀ ਨੂੰ ਵੱਢਿਆ ਜਾਵੇ ਅਤੇ ਸੜਕ ਕੰਢੇ ਉਚੇ-ਨੀਵੇਂ ਬਰਮਾਂ ਨੂੰ ਪੱਧਰਾ ਕੀਤਾ ਜਾਵੇ ਤਾਂ ਜੋ ਸੜਕ ਤੋਂ ਗੁਜ਼ਰਨ ਸਮੇਂ ਦੋ ਪਹੀਆ ਵਾਹਨ ਚਾਲਕਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।



22-July-PAGE-4.qxd 7/21/2025 10:45 PM Page 1

ਨਵਾਂ ਜ਼ਮਾਨਾ
ਮੰਗਲਵਾਰ, 22 ਜੁਲਾਈ 2025

# ਘੋਰ ਅਸੰਵੇਦਨਸ਼ੀਲਤਾ

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 18 ਜੁਲਾਈ ਨੂੰ ਪੱਛਮੀ ਬੰਗਾਲ ਦੇ ਦੁਰਗਾਪੁਰ ਪ੍ਰੋਜੈਕਟਾਂ ਦੇ ਉਦਘਾਟਨ ਦੌਰਾਨ ਰੱਖੀ ਰੈਲੀ ਵਿੱਚ ਪਿਛਲੇ ਸਾਲ ਅਗਸਤ 'ਚ ਆਰ ਜੀ ਕਰ ਮੈਡੀਕਲ ਕਾਲਜ ਕੋਲਕਾਤਾ ਵਿੱਚ ਟਰੇਨੀ ਡਾਕਟਰ ਨਾਲ ਬਲਾਤਕਾਰ ਤੇ ਹੱਤਿਆ ਦਾ ਮੁੱਦਾ ਉਠਾਇਆ ਅਤੇ ਮੁੱਖ ਮੰਤਰੀ ਮਮਤਾ ਬੈਨਰਜੀ 'ਤੇ ਮੁਲਜ਼ਮਾਂ ਨੂੰ ਬਚਾਉਣ ਦਾ ਦੋਸ਼ ਲਾਇਆ, ਪਰ ਇੱਕ ਹਫਤਾ ਪਹਿਲਾਂ ਭਾਜਪਾ ਦੇ ਰਾਜ ਵਾਲੇ ਓਡੀਸ਼ਾ 'ਚ ਉਸੇ ਤਰ੍ਹਾਂ ਦੀ ਹੋਈ ਘਟਨਾ ਬਾਰੇ ਹੁਣ ਤੱਕ ਚੁੱਪ ਹਨ। ਓਡੀਸ਼ਾ ਦੇ ਬਾਲਾਸੋਰ ਦੇ ਫਕੀਰ ਮੋਹਨ ਕਾਲਜ ਵਿੱਚ ਬੀ ਐੱਡ ਕਰ ਰਹੀ 20 ਸਾਲਾ ਵਿਦਿਆਰਥਣ ਨੇ 12 ਜੁਲਾਈ ਨੂੰ ਪ੍ਰਿੰਸੀਪਲ ਦਫਤਰ ਅੱਗੇ ਖੁਦ 'ਤੇ ਪੈਟਰੋਲ ਪਾ ਕੇ ਆਤਮਦਾਹ ਕਰ ਲਿਆ ਤੇ 15 ਜੁਲਾਈ ਨੂੰ ਉਸ ਦੀ ਮੌਤ ਹੋ ਗਈ। ਉਸ ਨੇ ਖੁਦਕੁਸ਼ੀ ਨੋਟ ਵਿੱਚ ਆਪਣੇ ਵਿਭਾਗ ਮੁਖੀ ਸਮੀਰ ਕੁਮਾਰ ਸਾਹੂ 'ਤੇ ਯੌਨ ਸ਼ੋਸ਼ਣ ਕਰਨ ਤੇ ਪ੍ਰਿੰਸੀਪਲ ਦਿਲੀਪ ਘੋਸ਼ 'ਤੇ ਉਸ ਨੂੰ ਅਜਿਹਾ ਕਰਨ ਤੋਂ ਨਾ ਰੋਕਣ ਦਾ ਦੋਸ਼ ਲਾਇਆ। ਨਾ ਪ੍ਰਿੰਸੀਪਲ ਨੇ ਐਕਸ਼ਨ ਲਿਆ ਤੇ ਨਾ ਸਾਹੂ ਨੇ ਯੌਨ ਸ਼ੋਸ਼ਣ ਕਰਨਾ ਬੰਦ ਕੀਤਾ। ਇੱਥੇ ਸਵਾਲ ਉੱਠਦਾ ਹੈ ਕਿ ਦੇਸ਼ ਦਾ ਪ੍ਰਧਾਨ ਮੰਤਰੀ ਦੋ ਸੂਬਿਆਂ ਵਿੱਚ ਬਲਾਤਕਾਰ ਦੀਆਂ ਘਟਨਾਵਾਂ ਵਿਚਾਲੇ ਕਿਵੇਂ ਸਫਲਤਾ ਨਾਲ ਵਖਰੇਵਾਂ ਕਰ ਲੈਂਦਾ ਹੈ? ਇਸ ਨੂੰ ਚੋਣਵੀਂ ਸੰਵੇਦਨਸ਼ੀਲਤਾ ਨਾ ਕਹਿ ਕੇ ਘੋਰ ਅਸੰਵੇਦਨਸ਼ੀਲਤਾ ਹੀ ਕਿਹਾ ਜਾ ਸਕਦਾ ਹੈ। ਪ੍ਰਧਾਨ ਮੰਤਰੀ ਲਈ ਕੀ ਸਿਰਫ ਇੱਕ ਪਾਰਟੀ ਪ੍ਰਤੀਬੱਧਤਾ ਹੀ ਅਹਿਮ ਹੈ? ਇੱਕ ਜਮਹੂਰੀ ਦੇਸ਼ ਤਮਾਮ ਵਿਚਾਰਧਾਰਾਵਾਂ ਦੇ ਮਿਸ਼ਰਣ ਨਾਲ ਬਣਦਾ ਹੈ। ਜਦੋਂ ਕੋਈ ਪ੍ਰਧਾਨ ਮੰਤਰੀ ਪ੍ਰੋਜੈਕਟਾਂ ਦੇ ਉਦਘਾਟਨ ਦੇ ਮੌਕੇ ਨੂੰ ਵੀ ਆਪਣੇ ਸਿਆਸੀ ਲਾਭ ਲਈ ਉਹ ਮਹਿਲਾਵਾਂ ਨੂੰ ਢਾਲ ਬਣਾ ਕੇ ਵਰਤਦਾ ਹੈ ਤਾਂ ਸ਼ੋਭਾ ਨਹੀਂ ਦਿੰਦਾ। ਪ੍ਰਧਾਨ ਮੰਤਰੀ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਓਡੀਸ਼ਾ ਵਿੱਚ ਭਾਜਪਾ ਰਾਜ ਕਾਇਮ ਹੋਣ ਤੋਂ ਬਾਅਦ ਇੱਕ ਸਾਲ ਦੇ ਅੰਦਰ ਬਲਾਤਕਾਰ ਦੀਆਂ ਘਟਨਾਵਾਂ 8 ਫੀਸਦੀ ਕਿਵੇਂ ਵਧ ਗਈਆਂ। ਮਮਤਾ ਬੈਨਰਜੀ ਨੂੰ ਸਵਾਲ ਕਰਨ ਵਾਲੇ ਪ੍ਰਧਾਨ ਮੰਤਰੀ ਨੂੰ ਓਡੀਸ਼ਾ ਦੇ ਮੁੱਖ ਮੰਤਰੀ ਤੋਂ ਵੀ ਪੁੱਛਣਾ ਚਾਹੀਦਾ ਹੈ ਕਿ ਬਾਲਾਸੋਰ ਵਿੱਚ 10 ਸਾਲ ਦੀ ਬੱਚੀ ਨਾਲ ਬਲਾਤਕਾਰ ਤੇ ਫਿਰ ਉਸ ਦੀ ਹੱਤਿਆ ਕਿਉਂ ਹੋਈ? ਝਾਰਸੁਗੁੜਾ ਵਿੱਚ ਛੇ ਸਾਲ ਦੀ ਵਿਦਿਆਰਥਣ ਨਾਲ ਗੈਂਗਰੇਪ ਕਿਉਂ ਹੋਇਆ? ਕੇਂਦਰਪਾੜਾ ਵਿੱਚ ਯੌਨ ਸ਼ੋਸ਼ਣ ਦੀ ਸ਼ਿਕਾਰ ਬਾਰ੍ਹਵੀਂ ਦੀ ਵਿਦਿਆਰਥਣ ਨੇ ਖੁਦਕਸ਼ੀ ਕਿਉਂ ਕੀਤੀ?*

*ਓਡੀਸ਼ਾ ਹੀ ਨਹੀਂ, ਹੋਰਨਾਂ ਭਾਜਪਾ ਰਾਜਾਂ ਵਿੱਚ ਵੀ ਹਾਲਤ ਇਹੋ ਜਿਹੀ ਹੈ। ਸੋਚਣ ਵਾਲੀ ਗੱਲ ਹੈ ਕਿ ਇਸ ਪਾਰਟੀ ਦੀ ਸੋਚ ਤੇ ਕਾਰਜ-ਪ੍ਰਣਾਲੀ ਵਿੱਚ ਕੀ ਖਾਮੀ ਹੈ ਕਿ ਜਿਨ੍ਹਾਂ ਪੰਜ ਰਾਜਾਂ ਵਿੱਚ ਸਭ ਤੋਂ ਵੱਧ ਬਲਾਤਕਾਰ (ਕੌਮੀ ਅਪਰਾਧ ਰਿਕਾਰਡ ਬਿਊਰੋ-2022) ਦੇ ਮਾਮਲੇ ਸਾਹਮਣੇ ਆਏ, ਸਾਰਿਆਂ ਵਿੱਚ ਭਾਜਪਾ ਦੀ ਸੱਤਾ ਹੈ—ਰਾਜਸਥਾਨ, ਯੂ ਪੀ, ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਆਸਾਮ।*

*ਦੇਸ਼ ਦੀਆਂ ਮਹਿਲਾਵਾਂ ਨੂੰ ਪ੍ਰਧਾਨ ਮੰਤਰੀ ਤੋਂ ਪੁੱਛਣਾ ਚਾਹੀਦਾ ਹੈ ਕਿ ਜਦ ਚੋਣਾਂ ਵਿੱਚ ਵੋਟਾਂ ਮੰਗਣ ਦਾ ਵੇਲਾ ਆਉਂਦਾ ਹੈ ਤਾਂ ਉਹ ਸਟਾਰ ਪ੍ਰਚਾਰਕ ਬਣ ਕੇ ਸਾਹਮਣੇ ਆਉਂਦੇ ਹਨ, ਪਰ ਬਲਾਤਕਾਰ ਤੇ ਹੋਰ ਯੌਨ ਹਿੰਸਾ ਦੇ ਮਾਮਲੇ ਵਿੱਚ ਇਨਸਾਫ ਦੀ ਗੱਲ ਆਉਂਦੀ ਹੈ ਤਾਂ ਲੁਕ ਜਾਂਦੇ ਹਨ। ਭਾਜਪਾ ਸ਼ਾਸਤ ਰਾਜਾਂ ਵਿੱਚ ਬਲਾਤਕਾਰ ਦੀਆਂ ਘਟਨਾਵਾਂ ਬਾਰੇ ਉਨ੍ਹਾ ਦੇ ਮੂੰਹੋਂ ਆਵਾਜ਼ ਕਿਉਂ ਨਹੀਂ ਨਿਕਲਦੀ? ਪ੍ਰਧਾਨ ਮੰਤਰੀ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਉਨ੍ਹਾ ਨੂੰ ਇਸ ਅਹੁਦੇ ਤੱਕ ਲਿਆਉਣ ਵਿੱਚ ਮਹਿਲਾਵਾਂ ਦਾ ਵੱਡਾ ਹੱਥ ਹੈ ਤੇ ਮਹਿਲਾਵਾਂ ਕਿਸੇ ਨੂੰ ਸੱਤਾ ਤੋਂ ਲਾਹੁਣਾ ਵੀ ਜਾਣਦੀਆਂ ਹਨ।*

ਬਰਸੀ 'ਤੇ ਵਿਸ਼ੇਸ਼

# ਦਹਿਸ਼ਤਗਰਦਾਂ ਦਾ ਕੋਈ ਧਰਮ ਨਹੀਂ ਹੁੰਦਾ

**ਨਰਿੰਦਰ ਸੋਹਲ**

ਦਹਿਸ਼ਤਗਰਦਾਂ ਦਾ ਮਕਸਦ ਸਿਰਫ ਦਹਿਸ਼ਤ ਪੈਦਾ ਕਰਨਾ ਹੁੰਦਾ ਹੈ, ਨਾ ਕਿ ਕਿਸੇ ਧਰਮ ਨੂੰ ਨਿਭਾਉਣਾ। ਉਨ੍ਹਾਂ ਨੂੰ ਲੋਕਾਂ ਦੀ ਦਰਦ ਭਰੀ ਚੀਕ-ਪੁਕਾਰ ਵਿਚੋਂ ਸਵਾਦ ਆਉਂਦਾ ਹੈ। ਇਹੀ ਸਵਾਦ ਉਹਨਾਂ ਨੂੰ ਹੋਰ ਕਤਲੇਆਮ ਕਰਨ ਲਈ ਉਕਸਾਉਂਦਾ ਹੈ। ਪੰਜਾਬ ਵਿੱਚ ਚੱਲੇ ਕਾਲੇ ਦੌਰ ਅਤੇ ਦੇਸ਼ ਭਰ ਵਿੱਚ ਵਾਪਰਦੀਆਂ ਘਟਨਾਵਾਂ ਦੌਰਾਨ ਇਹ ਸਭ ਵੇਖਿਆ ਤੇ ਆਪਣੇ ਪਰਵਾਰ ਉਤੇ ਹੋਏ ਹਮਲੇ ਸਮੇਂ ਗਹਿਰਾਈ ਨਾਲ ਮਹਿਸੂਸ ਵੀ ਕੀਤਾ। ਛੋਟੇ-ਛੋਟੇ ਬੱਚਿਆਂ ਨੂੰ ਮਾਰ ਕੇ ਜਾਂ ਯਤੀਮ ਕਰਕੇ ਕਿਹੜਾ ਧਰਮ ਨਿਭਾਇਆ ਗਿਆ? ਸਿੱਖ ਧਰਮ ਤਾਂ ਸਰਬੱਤ ਦੇ ਭਲੇ ਦੀ ਗੱਲ ਕਰਨ ਵਾਲਾ ਹੈ, ਫਿਰ ਪੰਜਾਬ ਵਿੱਚ ਨਿਰਦੋਸ਼ਾਂ ਦਾ ਕਤਲ ਕਰਕੇ ਕੀ ਭਲਾ ਕੀਤਾ ਤੇ ਕਿਹੜੇ ਸਿੱਖ ਧਰਮ ਦੀ ਪਾਲਣਾ ਕੀਤੀ ?

ਸਾਡੇ ਪਰਵਾਰ ਉਤੇ 21 ਜੁਲਾਈ 1987 ਨੂੰ ਰਾਤ ਸੁੱਤਿਆਂ ਪਿਆਂ 'ਤੇ ਹਮਲਾ ਹੋਇਆ ਸੀ। ਇਸ ਹਮਲੇ ਵਿੱਚ ਪੰਜ ਮੌਤਾਂ ਹੋਈਆਂ ਤੇ ਦੋ ਮੈਂਬਰ ਜ਼ਖ਼ਮੀ ਹੋਏ। ਸਾਡਾ ਦਾਦਾ ਉਸ ਰਾਤ ਘਰ ਨਹੀਂ ਸੀ। ਜਦੋਂ ਅਗਲੇ ਦਿਨ ਉਹਨਾ ਨੂੰ ਲਿਆਂਦਾ ਗਿਆ ਤਾਂ ਘਰ ਉਜੜ ਚੁੱਕਾ ਸੀ। ਉਹਨਾ ਦੇ ਦਰਦ ਦਾ ਅਹਿਸਾਸ ਕੌਣ ਕਰ ਸਕਦਾ ਸੀ, ਜਿਸ ਦਾ ਪੁੱਤ, ਨੂੰਹ ਤੇ ਘਰਵਾਲੀ ਇਕੱਠਿਆਂ ਤੁਰ ਗਏ ਸਨ। ਉਹ ਕਾਤਲਾਂ ਨੂੰ ਸਵਾਲ ਕਰਦਿਆਂ ਪੁੱਛਦਾ, '70 ਸਾਲਾ ਸਵਰਨ ਦੀ ਮਾਤਾ ਨੂੰ ਮਾਰ ਕੇ ਤੁਸੀਂ ਸਿੱਖੀ ਦੀ ਕੀ ਸੇਵਾ ਕੀਤੀ ਹੈ? ਘਰ ਸੰਭਾਲਣ ਵਾਲੀ ਨੂੰਹ ਨੂੰ ਗੋਲੀ ਮਾਰਕੇ, 11 ਸਾਲਾਂ ਦੀ ਬਚੀ ਤੇ 17 ਵਰ੍ਹਿਆਂ ਦੇ ਹੀਰਾ ਸਿੰਘ ਨੂੰ ਮਾਰ ਕੇ ਕੀ ਸੇਵਾ ਕੀਤੀ ਹੈ ਸਿੱਖੀ ਦੀ? ਮੇਰਾ ਪੁੱਤਰ ਏਸ ਲਈ ਮਾਰਿਆ ਗਿਆ, ਕਿਉਂਕਿ ਉਹ ਸੱਚੀ ਗੱਲ ਕਹਿੰਦਾ ਸੀ, ਉਹ ਕਹਿੰਦਾ ਸੀ ਹਿੰਦੂ-ਸਿੱਖ ਕਤਲ ਨਹੀਂ ਹੋਣ ਦੇਣੇ...ਕਾਤਲ ਮੇਰੇ ਪੁੱਤ ਤੋਂ ਡਰਦੇ ਸਨ ਤਾਂ ਹੀ ਸੁੱਤੇ ਪਏ ਨੂੰ ਮਾਰ ਗਏ। ਏਸ ਤਰ੍ਹਾਂ ਤਾਂ ਚੂਹੇ ਕਰਦੇ ਨੇ, ਖੁੱਡ ਵਿਚੋਂ ਨਿਕਲ ਕੇ ਫਸਲ ਦਾ ਖਰਾਬਾ ਕੀਤਾ ਤੇ ਫੇਰ ਖੁੱਡ ਵਿਚ ਜਾ ਵੜੇ...।' ਇੱਕ ਦਲੇਰ ਪੁੱਤ ਦੇ ਪਿਤਾ ਦਾ ਇਹ ਕਹਿਣਾ ਵਾਜਬ ਹੈ, ਕਿਉਂਕਿ ਜੇ ਕਾਮਰੇਡ ਸਵਰਨ ਸਿੰਘ ਉਤੇ ਹਮਲਾ ਉਹਨਾਂ ਦੇ ਜਾਗਦਿਆਂ ਹੁੰਦਾ ਤਾਂ ਫਿਰ ਉਹ ਦੁਸ਼ਮਣ ਨੂੰ ਸੁੱਕੇ ਨਾ ਜਾਣ ਦਿੰਦੇ, ਸਗੋਂ ਦੋ-ਚਾਰ ਨੂੰ ਗੋਲੀ ਦਾ ਨਿਸ਼ਾਨਾ ਜ਼ਰੂਰ ਬਣਾਉਂਦੇ। ਕਾਮਰੇਡ ਸੋਹਲ ਸਾਬਕਾ ਫੌਜੀ ਸੀ ਤੇ ਉਹਨਾਂ ਨੂੰ ਆਪਣੇ ਨਿਸ਼ਾਨੇ 'ਤੇ ਪੂਰਾ ਵਿਸ਼ਵਾਸ ਸੀ, ਪਰ ਡਰਪੋਕਾਂ ਨੇ ਸ਼ੇਰ ਨੂੰ ਸੁੱਤਿਆਂ ਆਣ ਢਾਹਿਆ। ਅਸਲ ਵਿੱਚ ਪਾਪਾ ਦੀ ਮਿਹਨਤਕਸ਼ ਲੋਕਾਂ ਦੀ ਸੇਵਾ ਕਰਨ ਦੀ ਲਗਨ ਦਾ ਅੱਤਵਾਦੀ ਲਾਭ ਲੈ ਗਏ। ਪਾਪਾ ਅੱਤਵਾਦੀਆਂ ਦੀਆਂ ਅੱਖਾਂ 'ਚ ਰੜਕਦੇ ਸਨ, ਜਿਹੜੀ ਗੱਲ ਗੁੱਝੀ ਨਹੀਂ ਸੀ। ਉਹ ਇਸ ਸਬੰਧੀ ਸੁਚੇਤ ਸਨ ਤੇ ਪਰਵਾਰ ਨੂੰ ਵੀ ਸੁਚੇਤ ਕਰਦਿਆਂ ਆਪਣਾ ਬਚਾਅ ਰੱਖਦੇ ਸਨ। ਹਮਲੇ ਵਾਲੇ ਦਿਨ ਪਿੰਡ ਵਿੱਚ ਬੇਮੌਸਮੀਆਂ ਬਾਰਸ਼ਾਂ ਅਤੇ ਖਰਾਬੇ ਕਾਰਨ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਰਿਲੀਫ ਵੰਡੀ ਜਾਣੀ ਸੀ। ਇਹ ਰਿਲੀਫ ਕਮਿਊਨਿਸਟਾਂ ਖਾਸ ਕਰ ਕਿਸਾਨ ਸਭਾ ਦੇ ਘੋਲ ਕਾਰਨ ਪ੍ਰਾਪਤ ਹੋਈ ਸੀ। ਇਹ ਰਿਲੀਫ ਹਰ ਕਿਸਾਨ ਤੇ ਖੇਤ ਮਜ਼ਦੂਰ ਨੂੰ ਪੁਜਦੀ ਕਰਨਾ ਅਤੇ ਇਸ ਵਿਚ ਕੋਈ ਘਪਲਾ ਨਾ ਹੋਣ ਦੇਣਾ, ਇਹ ਵੀ ਕਿਸਾਨ ਸਭਾ ਤੇ ਕਮਿਊਨਿਸਟ ਕਾਰਕੁਨਾਂ ਦਾ ਇਕ ਫਰਜ਼ ਸੀ। ਇਹੋ ਫਰਜ਼ ਨਿਭਾਉਂਦੇ ਹੋਏ ਪਾਪਾ ਨੂੰ ਸ਼ਾਮ ਹੋ ਗਈ ਤੇ ਅੱਤਵਾਦੀ ਤਾੜ ਗਏ ਕਿ ਅੱਜ ਰਾਤ ਉਹ ਘਰ ਵਿੱਚ ਇਕੱਲਾ ਹੀ ਹੋਵੇਗਾ। ਸਾਰੇ ਦਿਨ ਦੀ ਥਕਾਵਟ ਕਾਰਨ ਛੱਤ ਉਤੇ ਪਿਆਂ ਨੂੰ ਨੀਂਦ ਨੇ ਆ ਘੇਰਿਆ। ਇਸੇ ਦੌਰਾਨ ਅੱਤਵਾਦੀਆਂ ਨੇ ਹਮਲਾ ਕਰਕੇ ਪਾਪਾ ਅਤੇ ਪੁੱਤਾਂ ਵਰਗੇ ਖੇਤ ਮਜ਼ਦੂਰ ਹੀਰਾ ਸਿੰਘ ਨੂੰ ਸੁੱਤੇ ਪਿਆਂ ਕਤਲ ਕਰ ਦਿੱਤਾ। ਫਿਰ ਹੇਠਾਂ ਵਿਹੜੇ ਵਿੱਚ ਸੁੱਤੀਆਂ ਸਾਡੀ ਦਾਦੀ ਦਾਤੋ, ਮਾਂ ਸ਼ਵਿੰਦਰ ਕੌਰ ਅਤੇ ਮਾਸੂਮ ਭੈਣ ਰਾਜਵਿੰਦਰ ਦੀ ਹੱਤਿਆ ਕਰ ਦਿੱਤੀ। ਅਸੀਂ ਦੋ ਭੈਣਾਂ ਮੈਂ ਤੇ ਵੱਡੀ ਭੈਣ ਵੀਰਇੰਦਰ ਜ਼ਖ਼ਮੀ ਹੋਈਆਂ।



ਪਾਪਾ ਦਾ ਜਨਮ 1945 ਨੂੰ ਇਕ ਗਰੀਬ ਕਿਸਾਨ ਪਰਵਾਰ ਵਿੱਚ ਪਿੰਡ ਭੈਣੀ ਮੱਟੂਆਂ ਜ਼ਿਲ੍ਹਾ ਤਰਨ ਤਾਰਨ ਵਿਚ ਹੋਇਆ। ਛੋਟੀ ਉਮਰ ਹੀ ਸੀ ਕਿ ਪਰਵਾਰ ਪਾਪਾ ਦੇ ਨਾਨਕੇ ਪਿੰਡ ਸੋਹਲ ਆ ਵਸਿਆ। ਇਥੇ ਹੀ ਉਹ ਸਕੂਲ ਦੀ ਪੜ੍ਹਾਈ ਪੂਰੀ ਕਰਕੇ ਫੌਜ ਵਿੱਚ ਭਰਤੀ ਹੋ ਗਏ, ਪਰ ਘਰੇਲੂ ਮਜਬੂਰੀਆਂ ਕਾਰਨ ਛੇ ਸਾਲ ਪਿਛੋਂ ਹੀ ਰਿਟਾਇਰਮੈਂਟ ਲੈ ਲਈ। ਚਾਰ ਭੈਣਾਂ ਦੇ ਇਕਲੌਤੇ ਭਰਾ ਹੋਣ ਕਾਰਨ ਉਹਨਾਂ ਦੇ ਸਿਰ ਉੱਤੇ ਵੱਡੀਆਂ ਜ਼ੁੰਮੇਵਾਰੀਆਂ ਸਨ। ਪਿੰਡ ਆਉਣ ਪਿਛੋਂ ਛੇਤੀ ਹੀ ਉਹ ਸਾਥੀ ਕੁੰਦਨ ਲਾਲ ਤੇ ਕਾਮਰੇਡ ਹੰਸ ਰਾਜ ਦੇ ਪ੍ਰਭਾਵ ਹੇਠ ਕਮਿਊਨਿਸਟ ਵਿਚਾਰਾਂ ਵੱਲ ਖਿੱਚੇ ਗਏ। ਮਜ਼ਦੂਰਾਂ, ਕਿਸਾਨਾਂ ਦੀ ਲਹਿਰ ਵਿੱਚ ਸਰਗਰਮ ਹੁੰਦਿਆ 1969 ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਬਕਾਇਦਾ ਮੈਂਬਰ ਬਣ ਗਏ। ਉਹਨਾ ਵੱਲੋਂ ਮਿਹਨਤ ਤੇ ਲਗਨ ਨਾਲ ਕੀਤੀਆਂ ਸਰਗਰਮੀਆਂ ਕਾਰਨ ਜਲਦੀ ਹੀ ਉਹ ਪਾਰਟੀ ਦੀ ਜ਼ਿਲ੍ਹਾ ਕੌਂਸਲ ਦੇ ਮੈਂਬਰ ਚੁਣੇ ਗਏ, ਜੋ ਅੰਤ ਤੱਕ ਰਹੇ। ਅਚਾਨਕ ਪੰਜਾਬ ਵਿੱਚ ਅੱਤਵਾਦ ਦਾ ਕਾਲਾ ਦੌਰ ਚੱਲ ਪਿਆ। ਉਸ ਸਮੇਂ ਇਹਨਾਂ ਹਾਲਾਤ ਦਾ ਜੇ ਕੋਈ ਨੰਗੇ ਧੜ ਅੱਗੇ ਹੋ ਕੇ ਵਿਰੋਧ ਕਰ ਰਿਹਾ ਸੀ ਤਾਂ ਉਹ ਲਾਲ ਝੰਡੇ ਵਾਲੇ ਹੀ ਸਨ, ਜੋ ਹਿੱਕ ਠੋਕ ਕੇ ਲੜੇ ਤੇ ਪਰਵਾਰਾਂ ਸਮੇਤ ਸ਼ਹਾਦਤ ਦੇਣ ਤੋਂ ਵੀ ਪਿੱਛੇ ਨਾ ਹਟੇ। ਪਾਪਾ ਵੀ ਇਹਨਾਂ ਵਿਚੋਂ ਇੱਕ ਸਨ, ਜੋ ਭਾਰਤੀ ਕਮਿਊਨਿਸਟ ਪਾਰਟੀ ਤੇ ਪੰਜਾਬ ਕਿਸਾਨ ਸਭਾ ਜ਼ਿਲ੍ਹਾ ਅੰਮ੍ਰਿਤਸਰ (ਹੁਣ ਤਰਨ ਤਾਰਨ) ਦੇ ਉਘੇ ਆਗੂ ਸਨ। ਪਾਰਟੀ ਜਾਂ ਜਥੇਬੰਦੀ ਵੱਲੋਂ ਲੱਗਦੀ ਹਰ ਡਿਊਟੀ ਨੂੰ ਉਹ ਤਨਦੇਹੀ ਨਾਲ ਨਿਭਾਉਂਦੇ ਸਨ। ਉਦੋਂ ਸੀ ਪੀ ਆਈ ਵੱਲੋਂ ਇਹਨਾਂ ਮਾੜੇ ਹਾਲਾਤ ਦਾ ਵਿਰੋਧ ਕਰਨ ਤੇ ਲੋਕਾਂ ਦੇ ਮਨਾਂ ਅੰਦਰਲੀ ਦਹਿਸ਼ਤ ਨੂੰ ਕੱਢਣ ਲਈ ਜੂਨ-ਜੁਲਾਈ ਮਹੀਨੇ ਵਿੱਚ ਜਨ-ਸੰਪਰਕ ਮੁਹਿੰਮ ਚਲਾਈ ਗਈ। ਪਾਪਾ ਵੀ ਇਸ ਮੁਹਿੰਮ ਦੀ ਮੂਹਰਲੀ ਕਤਾਰ ਵਿੱਚ ਸਨ। ਦਹਿਸ਼ਤ ਦਾ ਮਾਹੌਲ ਸਿਰਜਣ ਵਾਲਿਆਂ ਨੂੰ ਇਹ ਕਿਵੇਂ ਬਰਦਾਸ਼ਤ ਹੋ ਸਕਦਾ ਸੀ। ਭਾਈਚਾਰਕ ਏਕਤਾ ਦੀ ਗੱਲ ਕਰਨ ਵਾਲੀ ਉਸ ਬੁਲੰਦ ਆਵਾਜ਼ ਨੂੰ ਖਮੋਸ਼ ਕਰਨ ਲਈ ਹੀ ਸਾਡੇ ਘਰ ਉਤੇ ਹਮਲਾ ਕੀਤਾ ਗਿਆ।

ਸਾਡਾ ਪਰਵਾਰ ਗੁਰੂਆਂ ਦੀ ਬਾਣੀ ਨੂੰ ਮੰਨਣ ਵਾਲਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਨ ਵਾਲਾ ਸੀ। ਹਰ ਲੋੜਵੰਦ ਦੇ ਕੰਮ ਆਉਣਾ ਆਪਣਾ ਫਰਜ਼ ਸਮਝਦਾ ਸੀ। ਇਸ ਗੱਲ ਦੀ ਗਵਾਹੀ ਭਰਦੇ ਨੇ ਦਹਿਸ਼ਤਗਰਦਾਂ ਦੇ ਇਹ ਬੋਲ 'ਹੁਣ ਦੇਖਾਂਗੇ ਕੌਣ ਕਰਦਾ ਹੈ ਗਰੀਬਾਂ ਦੀ ਸੇਵਾ' ਇਹ ਸ਼ਬਦ ਉਹਨਾਂ ਉਦੋਂ ਕਹੇ, ਜਦੋਂ ਸਾਡੇ ਪਰਿਵਾਰਕ ਮੈਂਬਰਾਂ ਦਾ ਕਤਲ ਕਰਨ ਪਿਛੋਂ ਉਹ ਮੁੜ ਰਹੇ ਸਨ, ਪਰ ਉਹਨਾਂ ਦੇ ਮਨਸੂਬੇ ਕਦੇ ਪੂਰੇ ਨਹੀਂ ਹੋਏ। ਸਾਡੇ ਪਾਪਾ ਵੱਲੋਂ ਘਰ ਦੇ ਕਾਮੇ ਨੂੰ ਦਿੱਤੇ ਰੁਤਬੇ ਕਰਕੇ ਹੀ ਹੀਰਾ ਸਿੰਘ ਦੇ ਪਿਤਾ ਨੇ ਆਪਣੇ ਪੁੱਤਰ ਦੀ ਲਾਸ਼ ਆਪਣੇ ਘਰ ਨਹੀਂ ਖੜੀ ਸੀ, ਸਗੋਂ ਸਾਡੇ ਪਰਵਾਰਕ ਮੈਂਬਰਾਂ ਨਾਲ ਹੀ ਉਸ ਦਾ ਸਸਕਾਰ ਕੀਤਾ ਗਿਆ ਸੀ। ਹਮੇਸ਼ਾ ਉਹ ਪਰਵਾਰ ਸਾਡੇ ਪਰਵਾਰ ਨਾਲ ਜੁੜਿਆ ਰਿਹਾ। ਸਾਡਾ ਭਰਾ ਗੁਰਬਿੰਦਰ ਸੋਹਲ ਹਮੇਸ਼ਾ ਲੋੜ ਪੈਣ ਤੇ ਉਹਨਾਂ ਦੀ ਆਰਥਿਕ ਮਦਦ ਵੀ ਕਰਦਾ ਰਿਹਾ। ਸੱਚ ਹੈ ਕਿ ਵੱਡੇ-ਵੱਡੇ ਜਾਬਰਾਂ ਦੇ ਇਹ ਜਤਨ ਕਦੇ ਸਫਲ ਨਹੀਂ ਹੋ ਸਕੇ ਕਿ ਉਹ ਕਮਿਊਨਿਸਟਾਂ ਨੂੰ ਮਿਹਨਤਕਸ ਅਵਾਮ ਦੀ ਸੇਵਾ ਕਰਨੋਂ ਰੋਕ ਸਕਣ।

ਜਦੋਂ ਅੱਜ ਅੱਤਵਾਦ ਦੇ ਕਾਲੇ ਦੌਰ ਦੀ ਘਟਨਾ ਬਾਰੇ ਲਿਖ ਰਹੀ ਸੀ ਤਾਂ ਪਹਿਲਗਾਮ ਵਿੱਚ ਵਾਪਰੀ ਘਟਨਾ ਅੱਖਾਂ ਸਾਹਮਣੇ ਆ ਖਲੋਤੀ। ਕਿਵੇਂ ਅਚਾਨਕ ਹੱਸਦੇ-ਖੇਡਦੇ ਪਰਵਾਰਾਂ ਉਤੇ ਅੱਤਵਾਦੀਆਂ ਨੇ ਹਮਲਾ ਕਰ ਦਿੱਤਾ ਸੀ। ਮਿੰਟਾਂ ਵਿੱਚ ਹੀ ਕਿੰਨੇ ਘਰਾਂ ਵਿੱਚ ਮਾਤਮ ਛਾ ਗਿਆ, ਪਰ ਉਹਨਾਂ ਪਰਵਾਰਾਂ ਦੇ ਦਰਦ ਨੂੰ ਮਹਿਸੂਸ ਕਰਨ ਦੀ ਥਾਂ ਗੋਦੀ ਮੀਡੀਆ ਤੇ ਹੋਰ ਮੁੱਠੀ-ਭਰ ਲੋਕਾਂ ਵੱਲੋਂ ਇਸ ਘਟਨਾ ਨੂੰ ਹਿੰਦੂ-ਮੁਸਲਿਮ ਦਾ ਮੁੱਦਾ ਬਣਾਉਣ ਦੇ ਸਿਰਤੋੜ ਯਤਨ ਕੀਤੇ ਗਏ, ਪਰ ਚੰਗੀ ਗੱਲ ਹੋਈ ਕਿ ਇਸ ਕਾਵਾਂ-ਰੌਲੀ ਦੌਰਾਨ ਆਮ ਲੋਕਾਂ ਅਤੇ ਖਾਸ ਕਰਕੇ ਕਸ਼ਮੀਰੀਆਂ ਨੇ ਸੜਕਾਂ 'ਤੇ ਉਤਰ ਕੇ ਇਹਨਾਂ ਯਤਨਾਂ ਨੂੰ ਨਾਕਾਮ ਕਰ ਦਿੱਤਾ। ਉਹਨਾ ਚੀਕ-ਚੀਕ ਕੇ ਕਿਹਾ ਕਿ ਦਹਿਸ਼ਤਗਰਦਾਂ ਦਾ ਕੋਈ ਧਰਮ ਨਹੀਂ ਹੁੰਦਾ। ਜੇ ਗੋਦੀ ਮੀਡੀਆ ਅਨੁਸਾਰ ਦਹਿਸ਼ਤਗਰਦ ਕਿਸੇ ਵਿਸ਼ੇਸ਼ ਧਰਮ ਦੀ ਪਾਲਣਾ ਕਰ ਰਹੇ ਹੁੰਦੇ ਤਾਂ ਉਹ ਕਸ਼ਮੀਰੀ ਭਰਾਵਾਂ ਦੀ ਰੋਜ਼ੀ-ਰੋਟੀ ਨੂੰ ਨੁਕਸਾਨ ਕਿਉਂ ਪਹੁੰਚਾਉਦੇ? ਕਿਉਂ ਉਸ ਘੋੜੇ ਵਾਲੇ ਨੌਜਵਾਨ ਦਾ ਕਤਲ ਕਰਦੇ, ਪਰ ਗੋਦੀ ਮੀਡੀਆ ਨੇ ਤਾਂ ਆਪਣੇ ਵੱਲੋਂ ਦੇਸ਼ ਦੇ ਮਾਹੌਲ ਨੂੰ ਖਰਾਬ ਕਰਨ ਦੀ ਕੋਈ ਕਸਰ ਨਹੀਂ ਛੱਡੀ।

ਹੁਣ ਵੀ ਸਾਡੇ ਦੇਸ਼ ਦੇ ਹਾਲਾਤ ਸੁਖਾਵੇਂ ਨਹੀਂ ਹਨ। ਕੇਂਦਰ ਵਿੱਚ ਰਾਜ ਕਰਨ ਵਾਲੀ ਧਿਰ ਲਗਾਤਾਰ ਦੇਸ਼ ਨੂੰ ਬਰਬਾਦੀ ਵੱਲ ਲਿਜਾ ਰਹੀ ਹੈ। ਲੋਕਾਂ ਦੇ ਸੰਵਿਧਾਨਕ ਹੱਕਾਂ ਨੂੰ ਦਿਨ-ਦਿਹਾੜੇ ਲਿਤਾੜਿਆ ਜਾ ਰਿਹਾ। ਵੱਡੀ ਗਿਣਤੀ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਹੀ ਵਾਂਝਾ ਕੀਤਾ ਜਾ ਰਿਹਾ। ਭਾਜਪਾ ਦੇ ਜ਼ੁੰਮੇਵਾਰ ਆਗੂ 'ਧਰਮ ਨਿਰਪੱਖਤਾ' ਅਤੇ 'ਸਮਾਜਵਾਦ' ਵਰਗੇ ਅਹਿਮ ਸ਼ਬਦਾਂ ਨੂੰ ਸੰਵਿਧਾਨ ਵਿਚੋਂ ਹਟਾਉਣ ਲਈ ਲਗਾਤਾਰ ਮੰਗ ਕਰ ਰਹੇ ਹਨ। ਉਹਨਾਂ ਅਨੁਸਾਰ ਕਾਂਗਰਸ ਵੱਲੋਂ ਸੰਵਿਧਾਨ ਵਿੱਚ 'ਧਰਮ ਨਿਰਪੱਖ' ਸ਼ਬਦ ਮੁਸਲਮਾਨਾਂ ਦੇ ਵੋਟ ਹਾਸਲ ਕਰਨ ਅਤੇ 'ਸਮਾਜਵਾਦ' ਸ਼ਬਦ ਖੱਬੇ ਪੱਖੀਆਂ ਨੂੰ ਖੁਸ਼ ਕਰਨ ਲਈ ਜੋੜੇ ਗਏ ਸਨ, ਜਦਕਿ ਭਾਰਤ ਦੇ ਸੰਦਰਭ ਵਿੱਚ ਧਰਮ ਨਿਰਪੱਖਤਾ ਦਾ ਅਰਥ ਸਭ ਧਰਮਾਂ ਨੂੰ ਬਰਾਬਰ ਰੱਖਣਾ ਅਤੇ ਬਰਾਬਰ ਦਰਜਾ ਦੇਣਾ ਹੈ। ਸੰਵਿਧਾਨ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਧਰਮ ਦੇ ਨਾਂਅ 'ਤੇ ਦੇਸ਼ ਵਿੱਚ ਜੋ ਹਾਲਾਤ ਸਿਰਜੇ ਜਾ ਰਹੇ ਹਨ, ਬਹੁਤ ਦੁਖਦਾਇਕ ਹੈ।

ਜੇ ਪੰਜਾਬ ਦੇ ਹਾਲਾਤ ਦੀ ਗੱਲ ਕਰੀਏ ਤਾਂ ਇਹ ਵੀ ਸੁਖਾਵੇਂ ਨਹੀਂ। ਇਸ ਤਰ੍ਹਾਂ ਲੱਗਦਾ ਜਿਵੇ ਸਰਕਾਰ ਨੇ ਪੰਜਾਬ ਪੁਲਸ ਤੇ ਗੈਂਗਸਟਰਾਂ ਦੇ ਹਵਾਲੇ ਕਰ ਦਿੱਤਾ ਹੋਵੇ। ਦਿਨ ਦਿਹਾੜੇ ਕਤਲ ਹੋ ਰਹੇ ਹਨ। ਗੈਂਗਸਟਰਾਂ ਤੇ ਪੁਲਸ ਵਿੱਚ ਹੁੰਦੇ ਮੁਕਾਬਲੇ ਵੱਖਰੀ ਦਹਿਸ਼ਤ ਫੈਲਾਉਣ ਦਾ ਕੰਮ ਕਰ ਰਹੇ ਹਨ, ਜਿਸ ਕਰਕੇ ਕਾਰੋਬਾਰੀ ਤੇ ਆਮ ਲੋਕ ਆਪਣੇ ਆਪ ਨੂੰ ਕਿਤੇ ਵੀ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ। ਦੂਜੇ ਪਾਸੇ ਸਰਕਾਰ 'ਲੈਂਡ ਪੂਲਿੰਗ ਸਕੀਮ' ਅਧੀਨ ਕਿਸਾਨਾਂ ਦੀ ਉਪਜਾਊ ਜਮੀਨ ਖੋਹ ਕੇ ਪੰਜਾਬ ਨੂੰ ਉਜਾੜਨ ਲਈ ਉਤਾਵਲੀ ਹੋਈ ਪਈ ਹੈ, ਪਰ ਕਿਸਾਨ ਜਥੇਬੰਦੀਆਂ ਨੇ ਇਸ ਵਿਰੁੱਧ ਜ਼ਬਰਦਸਤ ਅੰਦੋਲਨ ਸ਼ੁਰੂ ਕਰਨ ਦੀ ਸਰਕਾਰ ਨੂੰ ਚੇਤਾਵਨੀ ਦੇ ਦਿੱਤੀ ਹੈ। ਬੇਰੁਜ਼ਗਾਰੀ ਵਿੱਚ ਦਿਨੋ-ਦਿਨ ਵਾਧਾ ਹੋ ਰਿਹਾ, ਜੋ ਨੌਜਵਾਨਾਂ ਨੂੰ ਨਸ਼ਿਆਂ, ਗੈਂਗਸਟਰਵਾਦ ਤੇ ਨਿਰਾਸ਼ਾ ਵੱਲ ਧਕੇਲ ਰਿਹਾ, ਪਰ ਸਰਕਾਰਾਂ ਇਸ ਨੂੰ ਗੰਭੀਰਤਾ ਨਾਲ ਲੈਣ ਦੀ ਥਾਂ ਨੌਜਵਾਨਾਂ ਨੂੰ ਧਰਮਾਂ ਦੇ ਨਾਂਅ 'ਤੇ ਉਲਝਾਈ ਰੱਖਣਾ ਚਾਹੁੰਦੀਆਂ ਹਨ। ਇਸ ਲਈ ਸਭ ਧਿਰਾਂ ਨੂੰ ਹਾਲਾਤ ਦੀ ਗੰਭੀਰਤਾ ਨੂੰ ਸਮਝਦਿਆਂ ਇਕੱਠੇ ਹੋ ਕੇ ਅਵਾਜ਼ ਚੁੱਕਣ ਦੀ ਲੋੜ ਹੈ। ਕਮਿਊਨਿਸਟ ਤਾਂ ਹਮੇਸ਼ਾ ਹੀ ਦੇਸ ਦੀ ਏਕਤਾ ਅਖੰਡਤਾ, ਧਰਮਾਂ, ਫਿਰਕਿਆਂ,ਜਾਤਾਂ ਦੇ ਨਾਂਅ ਉਤੇ ਵੰਡੀਆਂ ਪਾਉਣ ਵਿਰੁੱਧ ਲੜਦੇ ਆਏ ਹਨ ਤੇ ਲੜਦੇ ਰਹਿਣਗੇ। ਇਹੀ ਸਾਡੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੈ।

**# ਸੰਪਰਕ : 94641-13255**

# ਮੋਬਾਇਲ ਫੋਨ ਦੀ ਸੁਚੱਜੀ ਵਰਤੋਂ ਦੀ ਲੋੜ

**ਅਮਨਦੀਪ ਕੌਰ**

ਵਧ ਰਹੀ ਮੋਬਾਈਲ ਫ਼ੋਨ ਦੀ ਵਰਤੋਂ ਸਾਨੂੰ ਬਹੁਤ ਕੁਝ ਸਿਖਾ ਰਹੀ ਹੈ। ਇਹ ਸਿਰਫ ਸੰਚਾਰ ਦਾ ਸਾਧਨ ਹੀ ਨਹੀਂ, ਸਗੋਂ ਹੁਣ ਇਹ ਸਿੱਖਿਆ, ਵਪਾਰ, ਮਨੋਰੰਜਨ ਅਤੇ ਦਿਨਚਰਿਆ ਦੇ ਹਰ ਪੱਖ ਨੂੰ ਪ੍ਰਭਾਵਿਤ ਕਰ ਰਹੀ ਹੈ। ਜਿੱਥੇ ਇਸ ਨੇ ਬਹੁਤ ਕੁੱਝ ਆਸਾਨ ਬਣਾ ਦਿੱਤਾ, ਉੱਥੇ ਦੂਸਰੇ ਪਾਸੇ ਇਸ ਦੀ ਹੱਦ ਤੋਂ ਜ਼ਿਆਦਾ ਵਰਤੋਂ ਅਤੇ ਨਿਰਭਰਤਾ ਮਹਿੰਗੀ ਪੈ ਰਹੀ ਹੈ । ਹਾਲਾਂਕਿ ਮੋਬਾਇਲ ਫ਼ੋਨ ਕੰਪਨੀਆਂ ਨੇ ਮੋਬਾਇਲ ਸਸਤੇ ਅਤੇ ਨੈੱਟਵਰਕ ਫਰੀ ਕਰ ਦਿੱਤੇ, ਪਰ ਇਸ ਦੇ ਮੁਫਤ ਸੌਦੇ ਨੇ ਬਹੁਤ ਕੁਝ ਮਹਿੰਗਾ ਕਰ ਦਿੱਤਾ । ਜਿਵੇਂ ਕਿ ਸਾਡੇ ਮਨ ਦਾ ਸਕੂਨ, ਬੱਚਿਆਂ ਦੀ ਅੱਖਾਂ ਦੀ ਰੌਸਨੀ, ਮਾਨਸਿਕ ਸੰਤੁਲਨਤਾ ਅਤੇ ਮਨੋਵਿਗਿਆਨਿਕ ਤੌਰ 'ਤੇ ਅਪਾਹਿਜ ਬਣਾ ਦਿੱਤਾ ਹੈ । ਸਭ ਤੋਂ ਵੱਡੀ ਗੱਲ ਸਮਾਜਿਕ ਸੰਬੰਧਾਂ ਵਿੱਚ ਕਮੀ । ਮੋਬਾਇਲ ਫ਼ੋਨ ਦੇ ਨਾਲ ਸਾਡੀ ਅਤੇ ਸਾਡੀ ਆਉਣ ਵਾਲੀ ਪੀੜ੍ਹੀ ਵਿੱਚ ਬਹੁਤ ਵੱਡੀ ਤਬਦੀਲੀ ਆਈ ਹੈ।

ਅੱਜਕੱਲ੍ਹ ਦੀ ਡਿਜੀਟਲ ਦੁਨੀਆ ਵਿੱਚ ਮੋਬਾਈਲ ਫ਼ੋਨ ਸਾਡੀ ਹੀ ਨਹੀ, ਸਾਡੇ ਬੱਚਿਆਂ ਦੀ ਜ਼ਿੰਦਗੀ ਦਾ ਵੀ ਅਟੁੱਟ ਹਿੱਸਾ ਬਣ ਚੁੱਕਿਆ ਹੈ। ਜੇਕਰ ਮੋਬਾਇਲ ਫ਼ੋਨ ਬੱਚਿਆਂ ਲਈ ਇੱਕ ਸਿੱਖਣ ਵਾਲਾ ਸਾਧਨ ਹੈ ਤਾਂ ਦੂਜੇ ਪਾਸੇ ਇਹ ਨੁਕਸਾਨਦਾਇਕ ਵੀ ਸਾਬਤ ਹੋ ਰਿਹਾ ਹੈ। ਇਹ ਏਨਾ ਕੁ ਨੁਕਸਾਨਦਾਇਕ ਹੋ ਗਿਆ ਹੈ, ਕਿ ਅੱਜਕੱਲ੍ਹ ਦੇ ਬੱਚੇ ਛੋਟੀ ਉਮਰ ਤੋਂ ਹੀ ਮੋਬਾਈਲ ਦੀ ਵਰਤੋਂ ਕਰਨ ਲੱਗ ਪਏ ਹਨ। ਖੇਡਣ ਦੀ ਉਮਰ ਵਿੱਚ ਹੀ ਉਨ੍ਹਾਂ ਦਾ ਰੁਝਾਨ ਮੋਬਾਇਲ ਦੀਆਂ ਖੇਡਾਂ, ਯੂਟਿਊਬ ਵੀਡੀਓਜ਼, ਇੰਸਟਾਗਰਾਮ ਆਦਿ ਵਰਗੀਆਂ ਹੋਰ ਸੋਸ਼ਲ ਮੀਡੀਆ ਐਪਾਂ ਵਿੱਚ ਹੋਣ ਲੱਗ ਪਿਆ ਹੈ, ਜੋ ਕਿ ਇੱਕ ਚਿੰਤਾ ਦਾ ਵਿਸ਼ਾ ਬਣ ਚੁੱਕਿਆ ਹੈ। ਇਸ ਦਾ ਪ੍ਰਭਾਵ ਸਾਨੂੰ ਬੱਚਿਆਂ ਵਿੱਚ ਦੇਖਣ ਨੂੰ ਮਿਲ ਰਿਹਾ ਹੈ, ਜਿਵੇਂ ਕਿ ਉਨ੍ਹਾਂ ਦੀਆਂ ਅੱਖਾਂ ਦੀ ਰੌਸ਼ਨੀ, ਮਨੋਇਕਾਗਰਤਾ ਅਤੇ ਸਰੀਰਕ ਸਰਗਰਮੀਆਂ 'ਚ ਘਟਾਅ ਆ ਰਿਹਾ ਹੈ।

ਇਸ ਦੀ ਸ਼ੁਰੂਆਤ ਕੋਵਿਡ-19 ਦੌਰਾਨ ਹੋਈ, ਜਦੋਂ ਸਕੂਲ ਬੰਦ ਸਨ, ਮੋਬਾਇਲ ਫ਼ੋਨ ਨੇ ਹੀ ਸਿੱਖਿਆ ਨੂੰ ਅੱਗੇ ਵਧਾਇਆ ਅਤੇ ਵਿਦਿਆ ਸੰਬੰਧੀ ਵੀਡੀਓਜ਼ ਦੇ ਜਰੀਏ ਵਧੀਆ ਢੰਗ ਨਾਲ ਬੱਚੇ ਪੜ੍ਹ ਸਕੇ, ਪਰ ਇਸ ਦੇ ਨਾਲ ਮੋਬਾਇਲ ਦੇ ਉਲਟ ਪ੍ਰਭਾਵ ਵੀ ਪਏ ਹਨ। ਬੱਚੇ ਇਸ ਨੂੰ ਆਪਣੀ ਜ਼ਰੂਰਤ ਤੋ ਜਿਆਦਾ ਸਾਧਨ ਬਣਾ ਚੁੱਕੇ ਹਨ । ਇਹ ਆਦਤ ਕੋਵਿਡ ਤੋਂ ਬਾਅਦ ਵੀ ਜਾਰੀ ਹੈ । ਬੱਚੇ ਹੁਣ ਛੋਟੀ ਉਮਰ ਤੋਂ ਹੀ ਯੂਟਿਊਬ ਵੀਡੀਓਜ਼, ਇੰਸਟਾਗਰਾਮ, ਫੇਸਬੁਕ ਵਰਗੇ ਪਲੇਟਫਾਰਮਾਂ 'ਤੇ ਸਮਾਂ ਬਿਤਾਉਂਦੇ ਹਨ। ਫੋਨ ਦੀ ਲੰਮੀ ਵਰਤੋਂ ਕਾਰਨ ਬੱਚਿਆਂ ਦੀ ਨੀਂਦ ਘੱਟ ਹੋਣ ਲੱਗੀ ਹੈ, ਜੋ ਉਨ੍ਹਾਂ ਦੀ ਸਿਹਤ ਲਈ ਨੁਕਸਾਨਦਾਇਕ ਹੈ ਅਤੇ ਕਈ ਪ੍ਰਕਾਰ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ । ਕਈ ਮਾਪੇ ਆਪਣੇ ਛੋਟੇ-ਛੋਟੇ ਬੱਚਿਆਂ ਨੂੰ ਬਹਿਲਾਉਣ ਲਈ ਉਹਨਾਂ ਦੇ ਹੱਥਾਂ ਵਿੱਚ ਮੋਬਾਇਲ ਫ਼ੋਨ ਦੇ ਦਿੰਦੇ ਹਨ, ਕਿਉਂਕਿ ਅਜਿਹੇ ਮਾਪਿਆਂ ਕੋਲ ਆਪਣੇ ਬੱਚਿਆਂ ਨੂੰ ਦੇਣ ਲਈ ਸਮਾਂ ਨਹੀਂ ਹੁੰਦਾ । ਜਦੋ ਬੱਚੇ ਰੋਂਦੇ ਹਨ, ਬੇਚੈਨ ਹੋ ਜਾਂਦੇ ਹਨ, ਉਦੋਂ ਬੱਚਿਆਂ ਨੂੰ ਆਪਣੇ ਮਾਪਿਆਂ ਦਾ ਸਮਾਂ ਚਾਹੀਦਾ ਹੈ, ਪਰ ਅਜਿਹੇ ਸਮੇਂ ਵਿੱਚ ਉਹ ਆਪ ਬੱਚਿਆਂ ਨੂੰ ਫ਼ੋਨ ਦੇ ਦਿੰਦੇ ਹਨ । ਮਾਪਿਆਂ ਨੂੰ ਚਾਹੀਦਾ ਹੈ ਕਿ ਜਿੰਨਾ ਹੋ ਸਕੇ ਆਪਣੇ ਬੱਚਿਆਂ ਨੂੰ ਮੋਬਾਇਲ ਤੋਂ ਦੂਰ ਰੱਖ ਕੇ ਹੋਰ ਚੀਜਾਂ ਵਿੱਚ ਰੁਚੀ ਪੈਦਾ ਕਰਨ, ਜਿਵੇਂ ਖੇਡਾਂ, ਕਲਾ, ਕਵਿਤਾ, ਗਾਣਾ, ਕਿਤਾਬਾਂ ਪੜ੍ਹਨੀਆਂ, ਪਰਿਵਾਰਕ ਗਤੀਵਿਧੀਆਂ।

ਜੇਕਰ ਮਾਪੇ ਖੁਦ ਮੋਬਾਇਲ ਫ਼ੋਨ ਦੀ ਵਰਤੋਂ ਸੀਮਤ ਮਾਤਰਾ ਵਿੱਚ ਕਰਦੇ ਹਨ ਤਾਂ ਬੱਚੇ ਵੀ ਅਜਿਹਾ ਹੀ ਕਰਨਗੇ। ਬੱਚੇ ਵੱਡਿਆਂ ਨੂੰ ਦੇਖ ਕੇ ਸਿੱਖਦੇ ਹਨ। ਬੱਚਿਆਂ ਨਾਲ ਮਿਲ ਕੇ ਉਨ੍ਹਾਂ ਦਾ ਰੋਜ਼ਾਨਾ ਟਾਈਮ ਟੇਬਲ ਬਣਾਉਣਾ, ਖਾਣੇ ਦੇ ਸਮੇਂ ਟੇਬਲ 'ਤੇ ਮੋਬਾਈਲ ਫ਼ੋਨ ਨਾ ਰੱਖਣਾ, ਮਾਪੇ ਆਪਣੇ ਬੱਚਿਆਂ ਲਈ ਹਰ ਰੋਜ਼ ਇੱਕ ਸਮਾਂ ਨਿਰਧਾਰਤ ਕਰਨ, ਜਿੱਥੇ ਸਾਰਾ ਪਰਵਾਰ ਇਕੱਠੇ ਬੈਠ ਕੇ ਗੱਲਾਂ ਕਰੇ, ਖੇਡ-ਖੇਡੇ ਜਾਂ ਖਾਣਾ ਖਾਏ। ਰੋਜ਼ ਰਾਤ ਨੂੰ ਕਿਤਾਬਾ ਪੜ੍ਹਨ ਦੀ ਆਦਤ ਬਣਾਓ, ਬੱਚਿਆਂ ਨਾਲ ਮਿਲ ਕੇ ਸਵੇਰੇ ਜਾਂ ਸ਼ਾਮ ਨੂੰ ਥੋੜ੍ਹਾ ਜਿਹਾ ਯੋਗਾ ਵੀ ਕਰੋ । ਬੱਚਿਆਂ ਨੂੰ ਪੰਜਾਬ ਦੀਆਂ ਪੁਰਾਣੀਆਂ ਖੇਡਾ ਜੋ ਰਵਾਇਤੀ ਪੰਜਾਬੀ ਖੇਡਾਂ ਨੂੰ ਦਰਸਾਉਂਦਾ ਦੀਆਂ ਹਨ, ਜਿਸ ਵਿੱਚ ਖੋ-ਖੋ, ਪਿਠੂ, ਗੁੱਲੀ-ਡੰਡਾ, ਸਟਾਪੂ ਆਦਿ ਸ਼ਾਮਲ ਸਨ, ਜੋ ਕਿ ਅੱਜਕੱਲ੍ਹ ਅਲੋਪ ਹੋ ਰਹੀਆਂ ਹਨ। ਮਾਪੇ ਅਤੇ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਮੋਬਾਇਲ ਦੀ ਸਹੀ ਵਰਤੋਂ ਸਿਖਾਉਣ ਅਤੇ ਉਹਨਾਂ ਦੀ ਸਮਾਂ-ਸੀਮਾ ਨਿਰਧਾਰਤ ਕਰਨ ਵਿਚ ਸਹਾਇਤਾ ਕਰਨ, ਜਿਵੇਂ ਕਿ ਆਪਾਂ ਆਪਣੇ ਘਰਾਂ ਵਿੱਚ ਦੇਖਦੇ ਹਾਂ ਕਿ ਬੱਚਿਆਂ ਨੂੰ ਮੋਬਾਇਲ ਫ਼ੋਨ ਦੀ ਏਨੀ ਕੁ ਲੱਤ ਲੱਗ ਚੁੱਕੀ ਹੈ ਕਿ ਬੱਚੇ ਮੋਬਾਇਲ ਫ਼ੋਨ ਤੋਂ ਬਿਨਾਂ ਰੋਟੀ ਵੀ ਨਹੀਂ ਖਾਂਦੇ । ਛੇਵੀਂ ਤੋਂ ਸੱਤਵੀਂ ਜਮਾਤ ਤੱਕ ਦੇ ਬੱਚੇ ਵੀ ਇੰਸਟਾਗਰਾਮ ਅਤੇ ਫੇਸਬੁਕ 'ਤੇ ਆਈ.ਡੀ ਬਣਾ ਕੇ ਰਿਕੁਐਸਟਾਂ ਭੇਜ ਰਹੇ ਹਨ ਲੋਕਾਂ ਨਾਲ ਜੁੜ ਰਹੇ ਹਨ, ਅੱਤੇ ਉਹ ਆਪਣੀਆਂ ਚੰਗੀਆਂ-ਮਾੜੀਆਂ ਵੀਡੀਓਜ਼ ਵੀ ਅਪਲੋਡ ਕਰ ਰਹੇ ਹਨ । ਸਾਨੂੰ ਇਹਨਾਂ ਗੱਲਾਂ ਵੱਲ ਧਿਆਨ ਦੇਣ ਦੀ ਬਹੁਤ ਜ਼ਰੂਰਤ ਹੈ। ਸਾਨੂੰ ਆਪਣੀ ਪੀੜ੍ਹੀ ਨੂੰ ਸੰਭਾਲਣ ਦੀ ਜ਼ਰੂਰਤ ਹੈ। ਹਰ ਇੱਕ ਚੀਜ਼ ਦੇ ਦੋ ਪਹਿਲੂ ਹੁੰਦੇ ਹਨ, ਇੱਕ ਚੰਗਾ ਇੱਕ ਮਾੜਾ । ਬੱਚਿਆਂ ਨੂੰ ਮੋਬਾਇਲ ਫ਼ੋਨ ਦੀ ਵਰਤੋਂ ਦੇ ਸਕਾਰਾਤਮਕ ਅਤੇ ਨਕਾਰਾਤਮਕ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਵਿੱਚ ਮਦਦ ਕਰਨ ਲਈ ਪ੍ਰਭਾਵਸਾਲੀ ਰਣਨੀਤੀਆਂ ਬਾਰੇ ਦੱਸਣਾ ਚਾਹੀਦਾ ਹੈ, ਜੋ ਕਿ ਉਨ੍ਹਾਂ ਦੀ ਸਿਹਤ ਅਤੇ ਵਿਦਿਆ ਲਈ ਫਾਇਦੇਮੰਦ ਰਹੇਗਾ।

**# ਸੰਪਰਕ : 62395-43925**

# ਮੰਗਤਿਆਂ ਦੀ ਸਮੱਸਿਆ ਲਈ ਪੰਜਾਬ ਸਰਕਾਰ ਦੀ ਚੰਗੀ ਪਹਿਲ



**ਮੁਹੰਮਦ ਅੱਬਾਸ ਧਾਲੀਵਾਲ**

ਅੱਜ ਸਮੁੱਚੀ ਦੁਨੀਆ ਲਈ ਭੀਖ ਮੰਗਣ ਦੀ ਸਮੱਸਿਆ ਇੱਕ ਵੱਡੀ ਚੁਣੌਤੀ ਬਣ ਕੇ ਸਾਹਮਣੇ ਆ ਰਹੀ ਹੈ। ਸਮੱਸਿਆ ਦੀ ਵਿਆਪਕਤਾ ਦਾ ਅੰਦਾਜ਼ਾ ਇਸ ਗੱਲੋਂ ਹੀ ਲਗਾਇਆ ਜਾ ਸਕਦਾ ਹੈ ਕਿ ਅੱਜ ਦੁਨੀਆ ਭਰ ਵਿੱਚ ਲੱਖਾਂ ਲੋਕ ਜੀਵਨ ਬਿਤਾਉਣ ਲਈ ਭੀਖ ਮੰਗਣ 'ਤੇ ਨਿਰਭਰ ਕਰਦੇ ਹਨ।

ਇਹ ਸਮੱਸਿਆ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਦੋਵਾਂ ਵਿੱਚ ਮਿਲਦੀ ਹੈ, ਖਾਸ ਕਰਕੇ ਧਾਰਮਿਕ ਸਥਾਨਾਂ, ਸੈਲਾਨੀ ਥਾਵਾਂ, ਬਜ਼ਾਰਾਂ ਅਤੇ ਰੇਲਵੇ ਸਟੇਸ਼ਨਾਂ ਨੇੜੇ ਭਿਖਾਰੀ ਵੱਡੀ ਗਿਣਤੀ ਵਿੱਚ ਮਿਲਦੇ ਹਨ । ਇਨ੍ਹਾਂ ਭੀਖ ਮੰਗਣ ਵਾਲਿਆਂ ਵਿੱਚ ਅਕਸਰ ਬੱਚੇ, ਬਜ਼ੁਰਗ, ਅਪਾਹਜ ਅਤੇ ਕਈ ਵਾਰ ਪੂਰੇ ਦੇ ਪੂਰੇ ਪਰਵਾਰ ਸ਼ਾਮਲ ਹੁੰਦੇ ਹਨ। ਜੇਕਰ ਭੀਖ ਮੰਗਣ ਦੇ ਕਾਰਨਾਂ ਦੀ ਗੱਲ ਕਰੀਏ ਤਾਂ ਇਸ ਦੇ ਜੋ ਮੁੱਖ ਕਾਰਨ ਸਾਹਮਣੇ ਆਉਂਦੇ ਹਨ, ਉਹਨਾਂ ਵਿੱਚੋਂ ਇੱਕ ਗਰੀਬੀ ਹੈ, ਇਸ ਦੇ ਨਾਲ ਹੀ ਭੋਜਨ ਦਾ ਨਾ ਮਿਲਣਾ, ਜਦੋਂ ਕਿ ਇਸ ਦੇ ਨਾਲ-ਨਾਲ ਰਿਹਾਇਸ਼ ਅਤੇ ਇਲਾਜ ਜਿਹੀਆਂ ਬੁਨਿਆਦੀ ਲੋੜਾਂ 'ਚ ਕਮੀ ਸ਼ਾਮਲ ਹਨ। ਇਸ ਦੇ ਨਾਲ ਹੀ ਬੇਰੁਜ਼ਗਾਰੀ ਵੀ ਇੱਕ ਵੱਡਾ ਕਾਰਨ ਹੈ, ਨੌਕਰੀ ਨਾ ਮਿਲਣ ਕਰਕੇ ਆਮਦਨ ਦਾ ਕੋਈ ਸਰੋਤ ਨਹੀਂ। ਅਨਪੜ੍ਹਤਾ ਵੀ ਉਕਤ ਸਮੱਸਿਆ ਦਾ ਇੱਕ ਵੱਡਾ ਕਾਰਨ ਹੈ, ਇਹ ਕਿ ਸਿੱਖਿਆ ਦੀ ਕਮੀ ਕਰਕੇ ਨੌਕਰੀ ਲੱਭਣ ਵਿੱਚ ਮੁਸ਼ਕਲਾਂ ਆਉਂਦੀਆਂ ਹਨ।

ਇਸ ਦੇ ਨਾਲ-ਨਾਲ ਅਪਾਹਜਤਾ ਜਾਂ ਮਾਨਸਿਕ ਬਿਮਾਰੀ ਵੀ ਇਸ ਦੇ ਵੱਡੇ ਕਾਰਨਾਂ ਵਿੱਚ ਸ਼ਾਮਲ ਹਨ। ਕਈ ਲੋਕ ਇਲਾਜ ਨਾ ਹੋਣ ਕਾਰਨ ਭੀਖ ਮੰਗਣ 'ਤੇ ਮਜਬੂਰ ਹੋ ਜਾਂਦੇ ਹਨ। ਇੱਕ ਹੋਰ ਅਜੋਕੇ ਸਮੇਂ ਜੋ ਇਸ ਸਮੱਸਿਆ ਦਾ ਬਹੁਤ ਵੱਡਾ ਕਾਰਨ ਹੈ, ਉਹ ਹੈ ਗੈਰ-ਕਾਨੂੰਨੀ ਮਾਫੀਆ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਕਈ ਥਾਵਾਂ 'ਤੇ ਭੀਖ ਮੰਗਣ ਦੀ ਗਤੀਵਿਧੀ ਮਾਫੀਆ ਦੁਆਰਾ ਚਲਾਈ ਜਾਂਦੀ ਹੈ।

ਜੇਕਰ ਇਸ ਸਮੇਂ ਵਿਸ਼ਵ ਭਰ ਵਿੱਚ ਭੀਖ ਮੰਗਣ ਦੀ ਸਥਿਤੀ ਦੀ ਸਮੀਖਿਆ ਕਰੀਏ ਤਾਂ ਇਸ ਵਿੱਚ ਮੁੱਖ ਤੌਰ 'ਤੇ ਭਾਰਤ, ਪਾਕਿਸਤਾਨ, ਬੰਗਲਾਦੇਸ਼ ਆਦਿ ਦੇਸ਼ਾਂ ਵਿੱਚ ਜਨਸੰਖਿਆ ਦੀ ਘਣਤਾ ਅਤੇ ਆਰਥਿਕ ਅਸਮਾਨਤਾ ਕਾਰਨ ਭੀਖ ਮੰਗਣ ਵਾਲਿਆਂ ਦੀ ਸੰਖਿਆ ਵਧੇਰੇ ਨਜ਼ਰ ਆਉਂਦੀ ਹੈ।

ਇਸ ਤੋਂ ਇਲਾਵਾ ਅਫਰੀਕਾ ਵਿੱਚ ਵੀ ਗਰੀਬੀ, ਲੜਾਈ ਅਤੇ ਖਾਧ ਖੁਰਾਕ ਦੀ ਕਮੀ ਕਾਰਨ ਭਿਖਾਰੀਆਂ ਦੀ ਗਿਣਤੀ ਵਧੇਰੇ ਵਿਖਾਈ ਦੇ ਰਹੀ ਹੈ।

ਜੇਕਰ ਗੱਲ ਯੂਰਪ ਦੀ ਕਰੀਏ ਤਾਂ ਉੱਥੇ ਸ਼ਰਨਾਰਥੀ ਸੰਕਟ ਅਤੇ ਗਰੀਬੀ ਆਦਿ ਦੇ ਚੱਲਦਿਆਂ ਭਿਖਾਰੀ ਨਜ਼ਰ ਆਉਂਦੇ ਹਨ। ਗੱਲ ਇੱਥੇ ਹੀ ਨਹੀਂ ਮੁੱਕਦੀ, ਸਗੋਂ ਅਮਰੀਕਾ ਅਤੇ ਕੈਨੇਡਾ ਆਦਿ ਦੇਸ਼ਾਂ ਵਿੱਚ ਵੀ ਹੋਮਲੈੱਸਨੈੱਸ, ਮਾਨਸਿਕ ਸਮੱਸਿਆਵਾਂ ਅਤੇ ਨਸ਼ਿਆਂ ਨਾਲ ਜੁੜੀਆਂ ਸਮੱਸਿਆਵਾਂ ਨਾਲ ਜੂਝ ਰਹੇ ਬਹੁਤ ਸਾਰੇ ਲੋਕ ਭੀਖ ਮੰਗ ਕੇ ਆਪਣਾ ਗੁਜ਼ਾਰਾ ਕਰਦੇ ਨਜ਼ਰ ਆਉਂਦੇ ਹਨ।

ਜੇਕਰ ਉਕਤ ਸੰਦਰਭ ਵਿੱਚ ਗੱਲ ਮੱਧ ਪੂਰਬ ਦੇ ਦੇਸ਼ਾਂ ਦੀ ਕਰੀਏ ਤਾਂ ਇੱਥੇ ਕਈ ਸਾਲਾਂ ਤੋਂ ਯੁੱਧ ਦੀ ਮਾਰ ਝੇਲ ਰਹੇ ਸੀਰੀਆ, ਯਮਨ, ਫਲਸਤੀਨ, ਗਾਜ਼ਾ ਆਦਿ ਦੇਸ਼ਾਂ ਦੇ ਆਰਥਿਕ ਹਾਲਾਤ ਸੰਕਟਮਈ ਸਥਿਤੀ 'ਚ ਹਨ, ਜਿਸ ਦੇ ਨਤੀਜੇ ਵਜੋਂ ਇੱਥੇ ਵੀ ਭੁੱਖਮਰੀ ਤੇ ਭਿਖਾਰੀ ਪ੍ਰਥਾ 'ਚ ਵਾਧਾ ਹੋ ਰਿਹਾ ਹੈ।

ਇੱਥੇ ਜ਼ਿਕਰਯੋਗ ਹੈ ਕਿ ਕਈ ਦੇਸ਼ਾਂ ਵਿੱਚ ਭੀਖ ਮੰਗਣ ਨੂੰ ਗੈਰ ਕਾਨੂੰਨੀ ਕਰਾਰ ਦਿੰਦਿਆਂ ਇਸ 'ਤੇ ਪੂਰੀ ਤਰ੍ਹਾਂ ਕਾਨੂੰਨੀ ਪਾਬੰਦੀ ਲਗਾਈ ਗਈ ਹੈ। ਸਾਡੇ ਸਿਸਟਮ ਦੀ ਤ੍ਰਾਸਦੀ ਹੈ ਕਿ ਅੱਜ ਬਹੁਤ ਸਾਰੇ ਬੱਚਿਆਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ ਅਤੇ ਬਹੁਤ ਸਾਰੇ ਬੱਚਿਆਂ ਅਤੇ ਅਪਾਹਜਾਂ ਨੂੰ ਕਈ ਵਾਰ ਭੀਖ ਮੰਗਣ ਲਈ ਮਜਬੂਰ ਕੀਤਾ ਜਾਂਦਾ ਹੈ।

ਜੇਕਰ ਗੱਲ ਆਮ ਲੋਕਾਂ ਦੀ ਕਰੀਏ ਤਾਂ ਜਨਤਾ ਦੀ ਸੋਚ ਭਿਖਾਰੀਆਂ ਨੂੰ ਲੈ ਕੇ ਅਕਸਰ ਨਕਾਰਾਤਮਕ ਨਜ਼ਰੀਏ ਨਾਲ ਭਰੀ ਹੁੰਦੀ ਹੈ। ਉਕਤ ਮਾਮਲੇ ਵਿੱਚ ਪਿਛਲੇ ਦਿਨੀਂ ਪੰਜਾਬ ਸਰਕਾਰ ਦੁਆਰਾ ਜੋ ਇਸ ਉਕਤ ਸਮੱਸਿਆ ਨੂੰ ਨਜਿੱਠਣ ਲਈ ਕਦਮ ਚੁੱਕੇ ਗਏ ਹਨ, ਉਹਨਾਂ ਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ ਤਾਂ ਉਹ ਮੈਂ ਸਮਝਦਾ ਹਾਂ ਕਿ ਥੋੜ੍ਹੀ ਹੈ। ਇੱਕ ਨਿਊਜ਼ ਰਿਪੋਰਟ ਅਨੁਸਾਰ ਪੰਜਾਬ ਸਰਕਾਰ ਨੇ ਸੂਬੇ ਭਰ ਵਿੱਚ ਭੀਖ ਮੰਗਣ ਵਾਲੇ ਬੱਚਿਆਂ ਦੀ ਸੁਰੱਖਿਆ ਅਤੇ ਪਛਾਣ ਲਈ ਇੱਕ ਵੱਡਾ ਕਦਮ ਚੁੱਕਿਆ ਹੈ। ਇਸ ਦੇ ਤਹਿਤ ਸਮਾਜਿਕ ਸੁਰੱਖਿਆ ਅਤੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਨੇ 'ਆਪ੍ਰੇਸ਼ਨ ਜੀਵਨ ਜੋਤ' ਸ਼ੁਰੂ ਕੀਤਾ ਹੈ, ਜਿਸ ਵਿੱਚ ਸ਼ੱਕੀ ਹਾਲਾਤ ਵਿੱਚ ਭੀਖ ਮੰਗਣ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਡੀ ਐੱਨ ਏ ਟੈਸਟ ਕੀਤੇ ਜਾਣਗੇ। ਇਹ ਫੈਸਲਾ ਉਨ੍ਹਾਂ ਚਿੰਤਾਜਨਕ ਘਟਨਾਵਾਂ ਦੇ ਮੱਦੇਨਜ਼ਰ ਲਿਆ ਗਿਆ ਹੈ, ਜੋ ਸਾਹਮਣੇ ਆ ਰਹੀਆਂ ਹਨ, ਜਿਸ ਵਿੱਚ ਇਹ ਸ਼ੱਕ ਕੀਤਾ ਗਿਆ ਹੈ ਕਿ ਭੀਖ ਮੰਗਣ ਵਾਲੇ ਬਹੁਤ ਸਾਰੇ ਬੱਚਿਆਂ ਦਾ ਉਨ੍ਹਾਂ ਦੇ ਨਾਲ ਆਉਣ ਵਾਲੇ ਮਰਦ ਜਾਂ ਔਰਤ ਨਾਲ ਕੋਈ ਜੈਵਿਕ ਸਬੰਧ ਨਹੀਂ ਹੈ। ਇਹ ਖਦਸ਼ਾ ਹੈ ਕਿ ਇਨ੍ਹਾਂ ਬੱਚਿਆਂ ਨੂੰ ਮਨੁੱਖੀ ਤਸਕਰੀ ਰਾਹੀਂ ਸ਼ਹਿਰਾਂ ਵਿੱਚ ਲਿਆਂਦਾ ਜਾ ਰਿਹਾ ਹੈ ਅਤੇ ਭੀਖ ਮੰਗਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਵੱਡੇ ਸ਼ਹਿਰਾਂ ਵਿੱਚ, ਔਰਤਾਂ ਅਕਸਰ ਲਾਲ ਬੱਤੀਆਂ ਜਾਂ ਬਾਹਰ ਧਾਰਮਿਕ ਸਥਾਨਾਂ 'ਤੇ ਮਾਸੂਮ ਬੱਚਿਆਂ ਨੂੰ ਆਪਣੀ ਗੋਦ ਵਿੱਚ ਲੈ ਕੇ ਭੀਖ ਮੰਗਦੀਆਂ ਦਿਖਾਈ ਦਿੰਦੀਆਂ ਹਨ। ਸਮਾਜ ਵਿੱਚ ਹਮਦਰਦੀ ਦੀ ਭਾਵਨਾ ਦੇ ਕਾਰਨ ਲੋਕ ਅਕਸਰ ਅਜਿਹੇ ਬੱਚਿਆਂ ਨੂੰ ਕੁਝ ਪੈਸੇ ਦਿੰਦੇ ਹਨ । ਪਰ ਕਿਤੇ ਨਾ ਕਿਤੇ ਇਹ ਵਿਵਹਾਰ ਅਣਜਾਣੇ ਵਿੱਚ ਬੱਚਿਆਂ ਦੀ ਤਸਕਰੀ ਅਤੇ ਸ਼ੋਸ਼ਣ ਨੂੰ ਉਤਸ਼ਾਹਿਤ ਕਰ ਸਕਦਾ ਹੈ। ਸਰਕਾਰ ਦਾ ਮੰਨਣਾ ਹੈ ਕਿ ਇਹ ਮੁੱਦਾ ਸਿਰਫ ਗਰੀਬੀ ਦਾ ਨਹੀਂ ਹੈ, ਸਗੋਂ ਸੰਗਠਿਤ ਅਪਰਾਧ ਦਾ ਹਿੱਸਾ ਬਣ ਗਿਆ ਹੈ।

ਉਕਤ ਰਿਪੋਰਟ ਅਨੁਸਾਰ ਹੁਣ ਅੰਮ੍ਰਿਤਸਰ 'ਚ ਛੋਟੇ ਬੱਚਿਆਂ ਨੂੰ ਭੀਖ ਮੰਗਣ ਲਈ ਮਜਬੂਰ ਕਰਨ ਵਾਲਿਆਂ ਖਿਲਾਫ ਪੰਜਾਬ ਸਰਕਾਰ ਸਖਤ ਰੁਖ ਅਖਤਿਆਰ ਕਰ ਰਹੀ ਹੈ। ਉਕਤ ਸੰਦਰਭ ਵਿੱਚ ਪਿਛਲੇ ਦਿਨੀਂ ਗੋਲਡਨ ਗੇਟ 'ਤੇ ਡੀ ਸੀ ਅੰਮ੍ਰਿਤਸਰ ਦੇ ਹੁਕਮਾਂ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਵਿਭਾਗ ਦੀ ਅਗਵਾਈ ਹੇਠ ਚਲਾਈ ਗਈ ਵਿਸ਼ੇਸ਼ ਮੁਹਿੰਮ ਦੌਰਾਨ ਭੀਖ ਮੰਗਣ ਵਾਲੀਆਂ ਔਰਤਾਂ ਅਤੇ ਬੱਚਿਆਂ ਦੀ ਜਾਂਚ ਕੀਤੀ ਗਈ। ਇਸ ਮੌਕੇ ਸਮਾਜ ਸੇਵੀ ਹਰਮਨਪ੍ਰੀਤ ਸਿੰਘ ਨੇ ਮੀਡੀਆ ਨੂੰ ਦੱਸਿਆ ਕਿ ਕਈ ਔਰਤਾਂ ਦਿਨ ਦੀ ਸ਼ੁਰੂਆਤ 'ਚ ਛੋਟੇ ਬੱਚਿਆਂ ਨੂੰ ਆਟੋ ਰਾਹੀਂ ਲਿਆਉਂਦੀਆਂ ਹਨ ਅਤੇ ਉਨ੍ਹਾਂ ਤੋਂ ਭੀਖ ਮੰਗਵਾਈ ਜਾਂਦੀ ਸੀ। ਇਸ ਗੈਰ-ਕਾਨੂੰਨੀ ਕੰਮ ਨੂੰ ਰੋਕਣ ਲਈ ਉਹਨਾਂ ਨੇ ਪ੍ਰਸ਼ਾਸਨ ਨਾਲ ਮਿਲ ਕੇ ਕੰਮ ਕੀਤਾ। ਕਾਰਵਾਈ ਦੌਰਾਨ ਇੱਕ ਔਰਤ ਅਤੇ ਦੋ ਬੱਚਿਆਂ ਨੂੰ ਕਾਬੂ ਕੀਤਾ ਗਿਆ ਹੈ। ਜ਼ਿਲ੍ਹਾ ਬਾਲ ਸਿੱਖਿਆ ਅਫਸਰ ਤਰਨਜੀਤ ਸਿੰਘ ਨੇ ਦੱਸਿਆ ਕਿ ਬੱਚਿਆਂ ਨੂੰ ਰੈਸਕਿਊ ਕਰਕੇ ਉਨ੍ਹਾਂ ਦੀ ਵੈਕਸੀਨੇਸ਼ਨ ਅਤੇ ਆਵਸ਼ਕ ਜਾਂਚ ਕੀਤੀ ਗਈ।

ਉਨ੍ਹਾਂ ਨੂੰ ਬਾਲ ਭਲਾਈ ਕਮੇਟੀ ਦੇ ਹਵਾਲੇ ਕੀਤਾ ਜਾਵੇਗਾ।



ਇਸ ਕਾਰਵਾਈ ਹੇਠ ਕਈ ਭੀਖ ਮੰਗਣ ਵਾਲਿਆਂ ਦੇ ਡੀ ਐੱਨ ਏ ਟੈਸਟ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਦੇ ਆਧਾਰ ਕਾਰਡ ਦੇ ਆਧਾਰ 'ਤੇ ਉਨ੍ਹਾਂ ਦੀ ਪਛਾਣ ਕਰਕੇ ਜਿੱਥੇ ਦੇ ਰਹਿਣ ਵਾਲੇ ਹਨ, ਉਥੇ ਭੇਜਣ ਦੀ ਪ੍ਰਕਿਰਿਆ ਵੀ ਚੱਲ ਰਹੀ ਹੈ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਪੰਜਾਬ ਦੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਬਲਜੀਤ ਕੌਰ ਨੇ ਕਿਹਾ ਸੀ ਕਿ ਪੰਜਾਬ ਸਰਕਾਰ ਭੀਖ ਮੰਗਣ ਐਕਟ ਵਿੱਚ ਸੋਧ ਕਰੇਗੀ। ਇਸ ਨਾਲ ਭੀਖ ਮੰਗਣ ਵਾਲੇ ਗਰੋਹ ਚਲਾਉਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾ ਸਕਦੀ ਹੈ। ਮੰਤਰੀ ਬਲਬੀਰ ਕੌਰ ਨੇ ਕਿਹਾ ਸੀ ਕਿ ਪੰਜਾਬ ਭੀਖ ਮੰਗਣ ਰੋਕਥਾਮ ਐਕਟ, 1971 ਵਿੱਚ ਸੋਧ ਕੀਤੀ ਜਾਵੇਗੀ ਤਾਂ ਜੋ ਲਾਲ ਬੱਤੀਆਂ ਅਤੇ ਹੋਰ ਚੌਰਾਹਿਆਂ 'ਤੇ ਬੱਚਿਆਂ ਨੂੰ ਭੀਖ ਮੰਗਣ ਲਈ ਮਜਬੂਰ ਕਰਨ ਵਾਲੇ ਗਰੋਹਾਂ ਨੂੰ ਚਲਾਉਣ ਵਾਲਿਆਂ 'ਤੇ ਭਾਰੀ ਸਜ਼ਾਵਾਂ ਲਗਾਈਆਂ ਜਾ ਸਕਣ। ਮੰਤਰੀ ਬਲਜੀਤ ਕੌਰ ਨੇ ਜਾਣਕਾਰੀ ਦਿੱਤੀ ਸੀ ਕਿ ਜੀਵਨ ਜਯੋਤੀ ਤਹਿਤ ਜੁਲਾਈ 2024 ਤੋਂ ਲੈ ਕੇ ਹੁਣ ਤੱਕ 286 ਬੱਚਿਆਂ ਨੂੰ ਅਜਿਹੇ ਗਰੋਹਾਂ ਤੋਂ ਬਚਾਇਆ ਗਿਆ ਹੈ, ਜੋ ਲੋਕਾਂ ਨੂੰ ਭੀਖ ਮੰਗਣ ਲਈ ਮਜਬੂਰ ਕਰਦੇ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਾਲ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਐੱਸ ਏ ਐੱਸ ਨਗਰ ਅਤੇ ਬਠਿੰਡਾ ਵਿੱਚ ਇੱਕ ਪਾਇਲਟ ਪ੍ਰੋਜੈਕਟ 'ਸਮਾਈਲ' ਸ਼ੁਰੂ ਕੀਤਾ ਜਾਵੇਗਾ। ਇਸ ਪਹਿਲਕਦਮੀ ਤਹਿਤ ਬਾਲ ਭਿਖਾਰੀਆਂ ਦੀ ਪਛਾਣ ਕੀਤੀ ਜਾਵੇਗੀ। ਉਨ੍ਹਾਂ ਦੇ ਪਰਵਾਰਾਂ ਦਾ ਪਤਾ ਡੀ ਐੱਨ ਏ ਟੈਸਟਿੰਗ ਰਾਹੀਂ ਲਗਾਇਆ ਜਾਵੇਗਾ।

ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਤੋਂ ਸੇਧ ਲੈਂਦਿਆਂ ਸਾਡੇ ਦੇਸ਼ ਦੀ ਕੇਂਦਰ ਸਰਕਾਰ ਨੂੰ ਉਕਤ ਸੰਦਰਭ ਵਿੱਚ ਵਿਸ਼ੇਸ਼ ਕਦਮ ਚੁੱਕਣ ਦੀ ਲੋੜ ਹੈ। ਜੇਕਰ ਇਸ ਭੀਖ ਮੰਗਣ ਦੀ ਸਮੱਸਿਆ ਦੇ ਹੱਲ ਦੀ ਗੱਲ ਕਰੀਏ ਤਾਂ ਅਸੀਂ ਇਸ ਨੂੰ ਪੁਨਰਵਾਸ ਸਕੀਮਾਂ, ਤਾਲੀਮ, ਨੌਕਰੀ ਸਹਾਇਤਾ, ਲੋੜੀਂਦੇ ਮਾਨਸਿਕ ਰੋਗੀ ਲੋਕਾਂ ਦਾ ਇਲਾਜ ਕਰਕੇ ਕਰ ਸਕਦੇ ਹਾਂ। ਇਸ ਦੇ ਨਾਲ-ਨਾਲ ਸਿੱਖਿਆ ਦੀ ਸਹੂਲਤ ਮੁਹੱਈਆ ਕਰਵਾ ਕੇ ਖਾਸ ਕਰਕੇ ਗਰੀਬ ਬੱਚਿਆਂ ਲਈ ਇਸ ਲਈ ਸਰਕਾਰੀ ਮਦਦ ਵੈੱਲਫੇਅਰ ਸਕੀਮਾਂ, ਹੋਮਲੈੱਸ ਲਈ ਰਿਹਾਇਸ਼ ਆਦਿ ਉਪਰਾਲੇ ਲਾਹੇਵੰਦ ਸਿੱਧ ਹੋ ਸਕਦੇ ਹਨ।

ਇਸ ਤੋਂ ਇਲਾਵਾ ਸੇਵਾ ਸੰਸਥਾਵਾਂ ਭੋਜਨ, ਰਿਹਾਇਸ਼, ਟ੍ਰੇਨਿੰਗ ਤੇ ਸਹਾਇਤਾ ਪ੍ਰਦਾਨ ਕਰਕੇ ਇਸ ਸਮੱਸਿਆ ਨੂੰ ਖਤਮ ਕਰਨ 'ਚ ਅਹਿਮ ਭੂਮਿਕਾ ਨਿਭਾਅ ਸਕਦੀਆਂ ਹਨ।

ਇਸ ਤੋਂ ਇਲਾਵਾ ਸਰਕਾਰ ਦੁਆਰਾ ਅਜਿਹੇ ਮਾਫੀਆ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਕਰਕੇ ਭੀਖ ਮੰਗਣ ਦੀ ਲੁੱਟ-ਖਸੁੱਟ 'ਤੇ ਰੋਕ ਲਗਾਈ ਜਾ ਸਕਦੀ ਹੈ। ਜਦੋਂ ਕਿ ਸਮਾਜਿਕ ਜ਼ਿੰਮੇਵਾਰੀ ਤਹਿਤ ਆਮ ਸ਼ਹਿਰੀ ਵੀ ਅਜਿਹੀਆਂ ਥਾਵਾਂ ਜਿੱਥੇ ਲੋੜਵੰਦ ਲੋਕਾਂ ਦੀ ਮੌਜੂਦਗੀ ਹੋਵੇ, ਉਨ੍ਹਾਂ ਦੀਆਂ ਲੋੜਾਂ ਦੀ ਪੂਰਤੀ ਕਰ 'ਤੇ ਉਨ੍ਹਾਂ ਨੂੰ ਲੋੜੀਂਦੀਆਂ ਸੰਭਵ ਸਹੂਲਤਾਂ ਦੇ ਕੇ ਇਸ ਸਮੱਸਿਆ ਦੇ ਹੱਲ ਵਿੱਚ ਅਹਿਮ ਯੋਗਦਾਨ ਪਾ ਸਕਦੇ ਹਨ।

ਕੁੱਲ ਮਿਲਾ ਕੇ ਉਕਤ ਸਮੱਸਿਆ ਦੇ ਸੰਦਰਭ ਵਿੱਚ ਕਿਹਾ ਜਾ ਸਕਦਾ ਹੈ ਕਿ ਅੱਜ ਭਿਖਾਰੀ ਸਮੱਸਿਆ ਸਿਰਫ ਰੋਜ਼ੀ-ਰੋਟੀ ਦੀ ਤੱਕ ਸੀਮਤ ਨਹੀਂ, ਸਗੋਂ ਸਮਾਜਿਕ ਅਸਮਾਨਤਾ ਅਤੇ ਨੀਤੀਆਂ ਦੀ ਨਾਕਾਮੀ ਵੀ ਇਸ ਲਈ ਵੱਡੀ ਜ਼ਿੰਮੇਵਾਰ ਹੈ। ਸੋ ਉਪਰੋਕਤ ਸਮੱਸਿਆ ਦਾ ਹੱਲ ਸਿਰਫ ਕਾਨੂੰਨੀ ਰੂਪ ਵਿੱਚ ਨਹੀਂ, ਸਗੋਂ ਇਸ ਦੇ ਨਾਲ-ਨਾਲ ਦਿਲੀ ਹਮਦਰਦੀ ਅਤੇ ਵਿਆਪਕ ਵਿਕਾਸ ਯੋਜਨਾਵਾਂ ਰਾਹੀਂ ਬਹੁਤ ਢੁਕਵੇਂ ਢੰਗ ਨਾਲ ਕੀਤਾ ਜਾ ਸਕਦਾ ਹੈ।

**ਸੰਪਰਕ : 98552-59650**

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਗੁਰਤੇਜ ਢਿੱਲੋਂ ਦਾ ਫੂਕਿਆ ਪੁਤਲਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਿੰਡ ਮੰਡੌਰ ਵਿੱਚ ਰਿਜ਼ਰਵ ਕੋਟੇ ਦੀ ਜ਼ਮੀਨ ਨੂੰ ਗੈਰ-ਕਾਨੂੰਨੀ ਢੰਗ ਨਾਲ ਹਥਿਆਉਣ ਤੇ ਦਲਿਤ ਮਜ਼ਦੂਰਾਂ ਦੇ ਹੱਕਾਂ ਨੂੰ ਕੁਚਲਣ ਦੀਆਂ ਸਾਜ਼ਿਸ਼ਾਂ ਵਿਰੁੱਧ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਸਖ਼ਤ ਸੰਘਰਸ਼ ਦਾ ਐਲਾਨ ਕਰਦੇ ਹੋਏ ਭਾਰਤੀ ਜਨਤਾ ਪਾਰਟੀ ਦੇ ਨੇਤਾ ਗੁਰਤੇਜ ਸਿੰਘ ਢਿੱਲੋਂ ਦਾ ਪੁਤਲਾ ਫੂਕਿਆ।ਕਮੇਟੀ ਦੇ ਮੀਤ ਪ੍ਰਧਾਨ ਧਰਮਵੀਰ ਹਰੀਗੜ੍ਹ ਤੇ ਬਲਾਕ ਪ੍ਰਧਾਨ ਪਰਮਜੀਤ ਸਿੰਘ ਨੇ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਖੁਲਾਸਾ ਕੀਤਾ ਕਿ ਪਿੰਡ ਮੰਡੌਰ ਦੇ ਧਨਾਢ ਚੌਧਰੀਆਂ ਤੇ ਬੀਜੇਪੀ ਦੇ ਸੂਬਾ ਕਾਰਜਕਾਰਨੀ ਮੈਂਬਰ ਗੁਰਤੇਜ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਦਲਿਤਾਂ ਦੀ ਜ਼ਮੀਨ 'ਤੇ ਕਬਜ਼ਾ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਕਈ ਸਾਲਾਂ ਤੋਂ ਪਿੰਡ ਮੰਡੌਰ ਦੇ ਦਲਿਤ ਮਜ਼ਦੂਰ ਰਿਜ਼ਰਵ ਕੋਟੇ ਦੀ ਜ਼ਮੀਨ ਹਾਸਲ ਕਰਨ ਲਈ ਸੰਘਰਸ਼ ਕਰ ਰਹੇ ਹਨ।ਆਗੂਆਂ ਨੇ ਦੋਸ਼ ਲਾਇਆ ਕਿ ਪ੍ਰਸ਼ਾਸਨ ਦੀ ਸ਼ਹਿ ਨਾਲ ਇਸ ਸਾਲ ਗਲਤ ਬੋਲੀ ਰਾਹੀਂ ਇਸ ਜ਼ਮੀਨ ਨੂੰ ਦਲਿਤਾਂ ਦੀ ਪਹੁੰਚ ਤੋਂ ਬਾਹਰ ਕਰਨ ਦੀ ਸਾਜ਼ਿਸ਼ ਰਚੀ ਗਈ।ਪ੍ਰਸ਼ਾਸਨ ਦੀ ਜਾਂਚ ਵਿੱਚ ਸਾਬਿਤ ਹੋਇਆ ਹੈ ਕਿ ਪਿੰਡ ਦੇ ਧਨਾਢ ਚੌਧਰੀਆਂ ਨੇ ਗੈਰ-ਕਾਨੂੰਨੀ ਢੰਗ ਨਾਲ ਜ਼ਮੀਨ ਹਥਿਆਉਣ ਦੀ ਕੋਸ਼ਿਸ਼ ਕੀਤੀ, ਪਰ ਇਸ ਦੇ ਬਾਵਜੂਦ ਪ੍ਰਸ਼ਾਸਨ ਨੇ ਬੋਲੀ ਰੱਦ ਕਰਕੇ ਜ਼ਮੀਨ ਦਲਿਤਾਂ ਨੂੰ ਸੌਂਪਣ ਦੀ ਬਜਾਏ ਮਜ਼ਦੂਰਾਂ 'ਤੇ ਦਬਾਅ ਬਣਾਉਣ ਦੀ ਨੀਤੀ ਅਪਣਾਈ।ਇਸ 'ਚ ਡਾ. ਬਲਵੀਰ ਸਿੰਘ ਤੇ ਪ੍ਰਸ਼ਾਸਨ ਦੀ ਮਿਲੀਭੁਗਤ ਸਪੱਸ਼ਟ ਦਿਖਾਈ ਦਿੰਦੀ ਹੈ, ਜੋ ਪਿੰਡ ਦੇ ਧਨਾਢ ਚੌਧਰੀਆਂ ਦਾ ਪੱਖ ਪੂਰ ਰਹੇ ਹਨ।ਇਸ ਸਥਿਤੀ ਵਿੱਚ ਜਦੋਂ ਦਲਿਤ ਮਜ਼ਦੂਰ ਦੇ ਹੱਕ ਕੁਚਲਣ ਲਈ ਬੀਜੇਪੀ ਦੇ ਨੇਤਾ ਗੁਰਤੇਜ ਸਿੰਘ ਢਿੱਲੋਂ ਵੀ ਧਨਾਢ ਚੌਧਰੀਆਂ ਦੇ ਪੱਖ ਵਿੱਚ ਆ ਨਿੱਤਰੇ ਤਾਂ ਇਸ ਨੇ ਭਾਰਤੀ ਜਨਤਾ ਪਾਰਟੀ ਦੀ ਦਲਿਤ ਵਿਰੋਧੀ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ ਹੈ।ਪਹਿਲਾਂ ਵੀ ਧਨਾਢ ਚੌਧਰੀਆਂ 'ਤੇ ਦਰਸ਼ਨ ਸਿੰਘ ਸਮੇਤ ਚਾਰ ਵਿਅਕਤੀਆਂ ਖ਼ਿਲਾਫ਼ ਰਿਜ਼ਰਵ ਜ਼ਮੀਨ 'ਤੇ ਧੱਕੇ ਨਾਲ ਕਬਜ਼ਾ ਕਰਨ ਤੇ ਦਲਿਤਾਂ 'ਤੇ ਹਮਲਾ ਕਰਨ ਦੇ ਦੋਸ਼ ਵਿੱਚ ਐੱਸ.ਸੀ./ਐੱਸ.ਟੀ. ਐਕਟ ਅਧੀਨ ਮੁਕੱਦਮਾ ਦਰਜ ਹੋਇਆ ਸੀ।ਹੈਰਾਨਕੁਨ ਹੈ ਕਿ ਪੁਲਸ ਨੇ ਦੋਸ਼ੀਆਂ ਨੂੰ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ, ਜੋ ਪੁਲਸ ਦੀ ਦਲਿਤ ਵਿਰੋਧੀ ਸੋਚ ਨੂੰ ਉਜਾਗਰ ਕਰਦਾ ਹੈ।ਆਗੂਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਪਿੰਡ ਮੰਡੌਰ ਵਿੱਚ ਰਿਜ਼ਰਵ ਜ਼ਮੀਨ ਦੀ ਕੀਤੀ ਗਲਤ ਬੋਲੀ ਰੱਦ ਕਰਕੇ ਜ਼ਮੀਨ ਮਜ਼ਦੂਰਾਂ ਸਾਂਝੀ ਖੇਤੀ ਲਈ ਦਿੱਤੀ ਜਾਵੇ।

# ਬੱਚਿਆਂ ਨੂੰ ਭੀਖ ਮੰਗਣ ਤੋਂ ਹਟਾਉਣਾ ਸਰਕਾਰ ਦਾ ਸ਼ਲਾਘਾਯੋਗ ਕਦਮ : ਸੀ ਪੀ ਆਈ

## ਆਰਥਿਕ ਪੱਧਰ ਨੂੰ ਚੁੱਕਣਾ ਤੇ ਸਿੱਖਿਆ ਯਕੀਨੀ ਬਣਾਉਣਾ ਇਸ ਦਾ ਟਿਕਾਊ ਹੱਲ : ਭਾਟੀਆ

**ਲੁਧਿਆਣਾ (ਰੈਕਟਰ ਕਥੂਰੀਆ)**

ਭਾਰਤੀ ਕਮਿਊਨਿਸਟ ਪਾਰਟੀ ਲੁਧਿਆਣਾ ਸ਼ਹਿਰੀ ਨੇ ਬੱਚਿਆਂ ਨੂੰ ਭੀਖ ਮੰਗਣ ਤੋਂ ਰੋਕਣ ਲਈ ਪ੍ਰਸ਼ਾਸਨ ਵੱਲੋਂ ਚੁੱਕੇ ਕਦਮਾਂ ਦੀ ਸ਼ਲਾਘਾ ਕੀਤੀ ਹੈ।ਜਾਰੀ ਬਿਆਨ ਵਿੱਚ ਪਾਰਟੀ ਦੇ ਸ਼ਹਿਰੀ ਸਕੱਤਰ ਐੱਮ ਐੱਸ ਭਾਟੀਆ ਨੇ ਕਿਹਾ ਕਿ ਅਖਬਾਰਾਂ ਵਿੱਚ ਛਪੀਆਂ ਰਿਪੋਰਟਾਂ ਮੁਤਾਬਕ ਪ੍ਰੋਜੈਕਟ ਜੀਵਨ ਜੋਤ 2 ਦੇ ਤਹਿਤ ਪ੍ਰਸ਼ਾਸਨ ਨੇ ਛਾਪੇਮਾਰੀ ਕਰਕੇ 18 ਬੱਚਿਆਂ ਨੂੰ ਭੀਖ ਮੰਗਣ ਤੋਂ ਬਚਾਇਆ ਹੈ।ਇਨ੍ਹਾਂ ਬੱਚਿਆਂ ਦੇ ਡੀਐੱਨਏ ਟੈਸਟ ਹੋਣਗੇ ਤੇ ਇਨ੍ਹਾਂ ਦੇ ਪਰਿਵਾਰਕ ਸੰਬੰਧਾਂ ਦੀ ਪੁਸ਼ਟੀ ਕੀਤੀ ਜਾਵੇਗੀ।ਉਨਾ ਚਿਰ ਇਨ੍ਹਾਂ ਬੱਚਿਆਂ ਨੂੰ ਸਰਕਾਰੀ ਬਾਲ ਸੰਭਾਲ ਘਰ ਦੋਰਾਹਾ ਵਿੱਚ ਸੁਰੱਖਿਤ ਰੱਖਿਆ ਜਾਵੇਗਾ, ਜਿੱਥੇ ਸਰਕਾਰ ਦਾ ਇਹ ਕਦਮ ਸ਼ਲਾਘਾਯੋਗ ਹੈ, ਉਥੇ ਇਸ ਸਮੱਸਿਆ ਦੇ ਕਾਰਨਾਂ ਵਿੱਚ ਜਾਣਾ ਬਹੁਤ ਜ਼ਰੂਰੀ ਹੈ।ਸਾਡੇ ਸਮਾਜ ਵਿੱਚ ਗਰੀਬ ਪਰਵਾਰ ਦੇ ਬੱਚੇ ਬਹੁਤ ਸਾਰੇ ਕਾਰਨਾਂ ਕਰਕੇ ਪੜ੍ਹਾਈ ਹਾਸਲ ਨਹੀਂ ਕਰ ਸਕਦੇ ਤੇ ਸਕੂਲ ਜਾਣ ਦੀ ਉਮਰ ਵਿੱਚ ਪਰਵਾਰ ਵੱਲੋਂ ਜਾਂ ਸਮਾਜ ਦੇ ਹੋਰ ਤਬਕਿਆਂ ਵੱਲੋਂ ਉਨ੍ਹਾਂ ਨੂੰ ਕੰਮ ਵਿੱਚ ਪਾਇਆ ਜਾਂਦਾ ਹੈ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਇਨ੍ਹਾਂ ਬੱਚਿਆਂ ਨੂੰ ਅਗਵਾ ਕੀਤਾ ਜਾਂਦਾ ਹੈ ਤੇ ਭੀਖ ਮੰਗਣ ਦੇ ਪੇਸ਼ੇ ਵਿੱਚ ਤੱਕਿਆ ਜਾਂਦਾ ਹੈ ਤੇ ਉਨ੍ਹਾਂ ਨਾਲ ਕੁੱਟਮਾਰ ਤੇ ਜ਼ਬਰਦਸਤੀ ਵੀ ਕੀਤੀ ਜਾਂਦੀ ਹੈ।ਢਾਬਿਆਂ 'ਤੇ ਜਾਂ ਕਾਰਖਾਨਿਆਂ ਵਿੱਚ ਇਨ੍ਹਾਂ ਮਾਸੂਮ ਬੱਚਿਆਂ ਤੋਂ ਕੰਮ ਕਰਾਇਆ ਜਾਂਦਾ ਹੈ।ਸਭ ਤੋਂ ਮਾੜੀ ਤਾਂ ਹਾਲਤ ਹੈ ਇਹ ਹੈ ਕਿ ਇਨ੍ਹਾਂ ਨੂੰ ਜਬਰੀ ਭੀਖ ਮੰਗਣ ਲਾਇਆ ਜਾਂਦਾ ਹੈ ਤੇ ਇਨ੍ਹਾਂ ਦੀ ਜ਼ਿੰਦਗੀ ਨੂੰ ਨਰਕ ਬਣਾਇਆ ਜਾਂਦਾ ਹੈ।ਇਸ ਗੱਲ ਦਾ ਪੂਰਾ ਖਤਰਾ ਰਹਿੰਦਾ ਹੈ ਕਿ ਬਾਅਦ ਵਿੱਚ ਇਹ ਬੱਚੇ ਅਪਰਾਧ ਦੀ ਦੁਨੀਆ ਵਿੱਚ ਸ਼ਾਮਲ ਹੋ ਸਕਦੇ ਹਨ। ਉਂਝ ਵੀ ਇਹ ਬੱਚੇ ਨਸ਼ਾ ਕਰਨ ਲੱਗ ਜਾਂਦੇ ਹਨ ਤੇ ਛੋਟੀ ਉਮਰ ਵਿੱਚ ਹੀ ਮਰਨ ਵਾਲੇ ਇਨ੍ਹਾਂ ਬੱਚਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਜਾਂਦੀ ਹੈ।ਇਨ੍ਹਾਂ ਦੀ ਸਿਹਤ ਸੰਭਾਲ ਦਾ ਕੋਈ ਵੀ ਇੰਤਜ਼ਾਮ ਨਹੀਂ ਹੁੰਦਾ। ਚਾਹੀਦਾ ਤਾਂ ਇਹ ਹੈ ਕਿ ਸਰਕਾਰ ਇਹ ਯਕੀਨੀ ਬਣਾਏ ਕਿ ਪੰਜ ਸਾਲ ਦਾ ਹਰ ਬੱਚਾ ਸਕੂਲ ਵਿੱਚ ਹੋਣਾ ਚਾਹੀਦਾ ਹੈ, ਇਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਣੀ ਚਾਹੀਦੀ ਹੈ ਤੇ ਇਸ ਦੀ ਕੁਤਾਹੀ ਲਈ ਸਰਕਾਰ ਜ਼ਿੰਮੇਵਾਰ ਹੋਣੀ ਚਾਹੀਦੀ।ਬੱਚਿਆਂ ਨੂੰ ਮੁਫਤ ਤੇ ਲਾਜ਼ਮੀ ਪੜ੍ਹਾਈ ਦਿੱਤੀ ਜਾਣੀ ਚਾਹੀਦੀ ਹੈ, ਜਿਸ ਦੇ ਲਈ ਸਰਕਾਰ ਨੂੰ ਆਪਣੇ ਬਜਟ ਵਿੱਚ ਘੱਟੋ ਘੱਟ 30 ਪ੍ਰਤੀਸ਼ਤ ਪੈਸਾ ਸਿੱਖਿਆ ਸਬੰਧੀ ਰੱਖਣਾ ਚਾਹੀਦਾ ਹੈ। ਇਸੇ ਤਰ੍ਹਾਂ ਹੀ ਸਿਹਤ ਸੰਭਾਲ ਦੀ ਜ਼ਿੰਮੇਵਾਰੀ ਕਾਨੂੰਨੀ ਤੌਰ 'ਤੇ ਸਰਕਾਰ ਦੀ ਹੋਣੀ ਚਾਹੀਦੀ ਹੈ ਤਾਂ ਕਿ ਬੱਚੇ ਦੀ ਪਰਵਰਿਸ਼ ਠੀਕ ਢੰਗ ਨਾਲ ਹੋਵੇ ਤੇ ਉਹ ਵੱਡਾ ਹੋ ਕੇ ਸਮਾਜ ਦਾ ਇੱਕ ਲਾਹੇਵੰਦ ਅੰਗ ਬਣ ਸਕੇ।ਇਸ ਦੇ ਲਈ ਵੀ ਸਰਕਾਰ ਨੂੰ ਬਜਟ ਦਾ ਘੱਟੋ ਘੱਟ 10 ਪ੍ਰਤੀਸ਼ਤ ਸਿਹਤ ਸੇਵਾਵਾਂ ਲਈ ਰੱਖਣਾ ਚਾਹੀਦਾ ਹੈ।ਇਸ ਪੇਸ਼ੇ ਵਿੱਚ ਅਕਸਰ ਉਨ੍ਹਾਂ ਬੱਚਿਆਂ ਨੂੰ ਧੱਕਿਆ ਜਾਂਦਾ ਹੈ, ਜਿਨ੍ਹਾਂ ਦੇ ਪਰਿਵਾਰ ਆਰਥਿਕ ਤੌਰ 'ਤੇ ਕਮਜ਼ੋਰ ਹਨ ਤੇ ਉਨ੍ਹਾਂ ਨੂੰ ਸਮਾਜ ਵਿੱਚ ਘੱਟੋ ਘੱਟ ਉਜ਼ਰਤ ਵੀ ਨਹੀਂ ਮਿਲਦੀ।ਇਸ ਕਰਕੇ ਬਹੁਤ ਸਾਰੇ ਪਰਿਵਾਰ ਆਰਥਿਕ ਤੰਗੀ ਕਰਕੇ ਬੱਚਿਆਂ ਨੂੰ ਪੜ੍ਹਾਅ ਨਹੀਂ ਸਕਦੇ ਤੇ ਬੱਚਿਆਂ ਨੂੰ ਕੰਮ ਵਿੱਚ ਪਾ ਦਿੰਦੇ ਹਨ।ਪੜ੍ਹਾਈ ਤੋਂ ਬਾਅਦ ਬੱਚਿਆਂ ਨੂੰ ਰੁਜ਼ਗਾਰ ਦੇਣਾ ਜਾਂ ਕੰਮ ਕਾਰ ਲਈ ਸੈੱਟ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ ਤਾਂ ਹੀ ਇਹੋ ਜਿਹੇ ਭੀਖ ਮੰਗਣ ਵਾਲੇ ਪੇਸ਼ੇ ਵਿੱਚੋਂ ਬੱਚਿਆਂ ਨੂੰ ਕੱਢਿਆ ਜਾ ਸਕਦਾ ਹੈ।



# ਮਜ਼ਦੂਰ ਬਸਤੀ 'ਚ ਠੇਕੇ ਦੀ ਬ੍ਰਾਂਚ ਖੋਲ੍ਹਣ ਵਿਰੁੱਧ ਧਰਨਾ ਦੇ ਰਹੇ ਲੋਕਾਂ 'ਤੇ ਲਾਠੀਚਾਰਜ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**

ਹਿੰਮਤਪੁਰਾ ਵਿਖੇ ਮਜ਼ਦੂਰ ਬਸਤੀ ਵਿੱਚ ਸ਼ਰਾਬ ਦੇ ਠੇਕੇ ਦੀ ਖੋਲੀ ਗਈ ਕਥਿਤ ਨਾਜਾਇਜ਼ ਬ੍ਰਾਂਚ ਨੂੰ ਲੈ ਕੇ ਕਿਸਾਨਾਂ ਮਜ਼ਦੂਰਾਂ ਵੱਲੋਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਝੰਡੇ ਹੇਠ ਪਿਛਲੇ ਤਿੰਨ ਦਿਨ ਤੋਂ ਚੱਲ ਰਹੇ ਧਰਨੇ ਦੌਰਾਨ ਅੱਜ ਸਵੇਰੇ ਸਾਰ ਪੁਲਸ ਦੀ ਵੱਡੀ ਨਫਰੀ ਵੱਲੋਂ ਮਜ਼ਦੂਰਾਂ ਦੇ ਧਰਨੇ 'ਤੇ ਧਾਵਾ ਬੋਲਿਆ ਗਿਆ।ਉਨ੍ਹਾਂ ਉੱਪਰ ਲਾਠੀਚਾਰਜ ਕੀਤਾ ਗਿਆ ਤੇ ਮਜ਼ਦੂਰਾਂ ਕਿਸਾਨਾਂ ਔਰਤਾਂ ਨੂੰ ਗ੍ਰਿਫ਼ਤਾਰ ਕਰ ਕੇ ਬਿਲਾਸਪੁਰ ਚੌਂਕੀ ਲਿਜਾਇਆ ਗਿਆ।ਇਸ ਦੌਰਾਨ ਪੁਲਸ ਧਰਨਾਕਾਰੀਆਂ ਦਾ ਲਾਇਆ ਹੋਇਆ ਟੈਂਟ ਦਰੀਆਂ ਪੱਖੇ ਬਰਤਨ ਝੰਡੇ ਆਦਿ ਪੁੱਟ ਕੇ ਆਪਣੇ ਨਾਲ ਲੈ ਗਏ।ਗ੍ਰਿਫ਼ਤਾਰ ਕੀਤੇ ਆਗੂਆਂ ਵਿੱਚ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸੈਕਟਰੀ ਦਰਸ਼ਨ ਸਿੰਘ ਹਿੰਮਤਪੁਰਾ, ਭਾਰਤੀ ਕਿਸਾਨ ਯੂਨੀਅਨ (ਏਕਤਾ) ਉਗਰਾਹਾਂ ਦੇ ਬਲਾਕ ਆਗੂ ਗੁਰਮੁੱਖ ਸਿੰਘ ਹਿੰਮਤਪੁਰਾ, ਔਰਤ ਆਗੂ ਕਰਮਜੀਤ ਕੌਰ ਹਿੰਮਤਪੁਰਾ, ਛਿੰਦਰਪਾਲ ਕੌਰ, ਪਰਮਜੀਤ ਕੌਰ, ਹਿੰਮਤਪੁਰਾ, ਤੇ ਦਰਜਨਾ ਮਜ਼ਦੂਰ, ਕਿਸਾਨ ਤੇ ਔਰਤਾਂ ਸ਼ਾਮਲ ਹਨ, ਜਿਨ੍ਹਾਂ ਵਿੱਚ 10 ਔਰਤਾਂ ਤੇ 9 ਮਜ਼ਦੂਰ ਕਿਸਾਨ ਸ਼ਾਮਲ ਹਨ।ਜਦੋਂ ਇਸ ਸਬੰਧੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾ ਦੇ ਬਲਾਕ ਸੈਕਟਰੀ ਬੂਟਾ ਸਿੰਘ ਭਾਗੀਕੇ ਇਸ ਘਟਨਾ ਦੀ ਪੁੱਛ ਪੜਤਾਲ ਕਰਨ ਬਿਲਾਸਪੁਰ ਚੌਂਕੀ ਪਹੁੰਚੇ ਤਾਂ ਪੁਲਸ ਨੇ ਉਨ੍ਹਾਂ ਨੂੰ ਵੀ ਗ੍ਰਿਫਤਾਰ ਕਰ ਲਿਆ, ਜਿਸ ਤੋਂ ਬਾਅਦ ਰੋਹ ਵਿੱਚ ਆਏ ਕਈ ਪਿੰਡਾਂ ਦੇ ਕਿਸਾਨਾਂ ਮਜ਼ਦੂਰਾਂ ਨੇ ਪੁਲਸ ਚੌਂਕੀ ਬਿਲਾਸਪੁਰ ਦਾ ਘਿਰਾਓ ਕਰ ਕੇ ਰੋਸ ਰੈਲੀ ਤੇ ਮੁਜ਼ਾਹਰਾ ਕੀਤਾ।ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਸੈਦੋਕੇ, ਬਲਾਕ ਖਜ਼ਾਨਚੀ ਕੇਵਲ ਕ੍ਰਿਸ਼ਨ ਬੱਧਨੀਂ ਕਲਾਂ, ਕੁਲਦੀਪ ਕੱਸਾ, ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਜਗਰਾਜ ਸਿੰਘ ਕੁੱਸਾ, ਨੌਜਵਾਨ ਭਾਰਤ ਸਭਾ ਵੱਲੋਂ ਕਰਮ ਰਾਮਾ ਬੀ ਕੇ ਯੂ ਦੇ ਜੰਗੀਰ ਸਿੰਘ ਹਿੰਮਤਪੁਰਾ, ਜਗਮੋਹਨ ਸਿੰਘ ਸੈਦੋਕੇ, ਕਰਤਾਰ ਸਿੰਘ ਰਾਮਾ, ਜਗਜੀਤ ਸਿੰਘ ਬੱਧਨੀ ਕਲਾ ਗੁਰਨਾਮ ਸਿੰਘ ਮਾਛੀਕੇ, ਸ਼ਿੰਗਾਰਾ ਸਿੰਘ ਤਖਤੂਪੁਰਾ, ਨੌਜਵਾਨ ਆਗੂ ਸੋਨੀ ਹਿੰਮਤਪੁਰਾ, ਰਾਸ਼ਟਰੀ ਪਿੱਛੜਾ ਵਰਗ ਮੋਰਚਾ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਡਾਕਟਰ ਹਰਗੁਰਪ੍ਰਤਾਪ ਸਿੰਘ ਨਿਹਾਲ ਸਿੰਘ ਨੇ ਕਿਹਾ ਕਿ ਜਿੱਥੇ ਇੱਕ ਪਾਸੇ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਛੇੜ ਕੇ ਡਰਾਮੇ ਕਰ ਰਹੀ ਹੈ, ਦੂਸਰੇ ਪਾਸੇ ਲੋਕਾਂ ਦੀ ਮਰਜ਼ੀ ਖਿਲਾਫ਼ ਮਜ਼ਦੂਰ ਬਸਤੀਆਂ ਵਿੱਚ ਰਿਹਾਇਸ਼ੀ ਇਲਾਕਿਆਂ ਅੰਦਰ ਸ਼ਰਾਬ ਦੇ ਠੇਕੇ ਖੋਲ੍ਹੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਹਿੰਮਤਪੁਰਾ ਦੀ ਮਜ਼ਦੂਰ ਬਸਤੀ ਵਿੱਚ ਸੰਘਣੀ ਅਬਾਦੀ ਅੰਦਰ ਨਾਜਾਇਜ਼ ਢੰਗ ਨਾਲ ਸ਼ਰਾਬ ਦੇ ਠੇਕੇ ਦੀ ਬ੍ਰਾਂਚ ਖੋਲੀ ਗਈ ਹੈ, ਜਿੱਥੇ ਕੇ ਸ਼ਰਾਬ ਦਾ ਆਹਾਤਾ ਵੀ ਚੱਲ ਰਿਹਾ ਹੈ, ਜਿਸ ਕਾਰਨ ਉਨ੍ਹਾਂ ਦੇ ਬੱਚਿਆਂ ਲੜਕੀਆਂ ਤੇ ਔਰਤਾਂ ਨੂੰ ਬਹੁਤ ਹੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਆਗੂਆਂ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਵੱਲੋਂ ਭਗਵੰਤ ਮਾਨ ਦੀ ਸਰਕਾਰ ਦੀ ਨਸ਼ਿਆਂ ਵਿਰੋਧੀ ਮੁਹਿੰਮ ਦਾ ਬੁਰਕਾ ਸ਼ਰਾਬ ਦੇ ਠੇਕਦਾਰਾਂ ਨਾਲ ਮਿਲ ਕੇ ਵੀਰੋ ਲੀਰ ਕਰ ਦਿੱਤਾ ਗਿਆ ਹੈ।ਲੋਕਾਂ ਦੇ ਰੋਹ ਨੂੰ ਦੇਖਦੇ ਹੋਏ ਡਿਊਟੀ ਮੈਜਿਸਟ੍ਰੇਟ ਅਰਚਨਾ ਸ਼ਰਮਾ ਤੇ ਥਾਣਾ ਮੁਖੀ ਪੂਰਨ ਸਿੰਘ ਧਾਲੀਵਾਲ ਨੇ ਪ੍ਰਦਰਸ਼ਨਕਾਰੀਆਂ ਨੂੰ ਵਿਸ਼ਵਾਸ ਦਿਵਾਇਆ ਕਿ 25 ਜੁਲਾਈ ਤੱਕ ਸ਼ਰਾਬ ਦਾ ਠੇਕਾ ਇਸ ਬਸਤੀ ਵਿੱਚੋਂ ਚੁੱਕ ਦਿੱਤਾ ਜਾਵੇਗਾ ਤੇ ਉਨ੍ਹਾਂ ਗ੍ਰਿਫ਼ਤਾਰ ਕੀਤੇ ਪ੍ਰਦਰਸ਼ਨਕਾਰੀਆਂ ਨੂੰ ਰਿਹਾਅ ਵੀ ਕਰ ਦਿੱਤਾ, ਜਿਸ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਨੇ 25 ਜੁਲਾਈ ਤੱਕ ਸੰਘਰਸ਼ ਨੂੰ ਮੁਲਤਵੀ ਕਰ ਦਿੱਤਾ।

**■ ਪੁਲਸ ਧਰਨੇ ਦਾ ਸਾਮਾਨ ਲਪੇਟ ਚੌਂਕੀ ਲੈ ਗਈ, ਰੋਹ 'ਚ ਆਏ ਲੋਕਾਂ ਚੌਂਰੀ ਘੇਰੀ**

## ਕਾਤਰਾਂ

### ਨਜਾਇਜ਼ ਸ਼ਰਾਬ ਸਮੇਤ ਔਰਤ ਗ੍ਰਿਫ਼ਤਾਰ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਸਵਾ 15 ਬੋਤਲਾਂ ਨਜਾਇਜ਼ ਸ਼ਰਾਬ ਸਣੇ ਇੱਕ ਔਰਤ ਨੂੰ ਕਾਬੂ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਲਕੀਤ ਸਿੰਘ ਨੇ ਦੱਸਿਆ ਕਿ ਉਹ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਸ੍ਰੀ ਮੁਕਤਸਰ ਸਾਹਿਬ ਰੋਡ 'ਤੇ ਸਥਿਤ ਡਰੀਮ ਵਿਲਾ ਪੈਲੇਸ ਕੋਲ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸੋਮਾ ਰਾਣੀ ਪਤਨੀ ਗੁਰਚਰਨ ਸਿੰਘ ਵਾਸੀ ਨਾਨਕ ਨਗਰੀ ਬਾਹਮਣੀ ਫਾਟਕ ਜਲਾਲਾਬਾਦ, ਜੋਕਿ ਨਜਾਇਜ਼ ਸ਼ਰਾਬ ਵੇਚਣ ਦੀ ਆਦੀ ਹੈ ਅਤੇ ਇਸ ਸਮੇਂ ਡਰੀਮ ਵਿਲਾ ਪੈਲੇਸ ਤੋਂ ਹਿਮਾਚਲਾ ਨਹਿਰ ਦੀ ਪਟੜੀ ਕੋਲ ਖੜ੍ਹੀ ਹੈ ਅਤੇ ਇਸ ਕੋਲ ਪਲਾਸਟਿਕ ਗੱਟੇ ਵਿੱਚ ਪਾਈ ਹੋਈ ਹੈ ਅਤੇ ਗਾਹਕਾਂ ਦੀ ਉਡੀਕ ਕਰ ਰਹੀ ਹੈ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਸਵਾ 15 ਬੋਤਲਾਂ ਨਜਾਇਜ਼ ਸ਼ਰਾਬ ਸਣੇ ਸੋਮਾ ਰਾਣੀ ਨੂੰ ਕਾਬੂ ਕੀਤਾ। ਇਸ ਔਰਤ ਵਿਰੁੱਧ ਥਾਣਾ ਸਿਟੀ ਜਲਾਲਾਬਾਦ ਵਿਖੇ ਪਰਚਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

### ਭੂਤਕਾਲ 'ਚ ਰਹਿਣ ਵਾਲਾ ਸਦਾ ਨਿਰਾਸ਼ ਰਹਿੰਦਾ : ਐਡਵੋਕੇਟ ਗੋਲਡੂ



**ਜੈਤੋ (ਸਤੀਸ਼ ਕੁਮਾਰ ਭੀਰੀ)**-ਕੋਰਟ ਕੰਪਲੈਕਸ ਆਪਣੇ ਚੈਂਬਰ ਵਿੱਚ ਫੁਰਸਤ ਦੇ ਪਲਾਂ ਦੌਰਾਨ ਫੌਜਦਾਰੀ ਕੇਸਾਂ ਦੇ ਨਾਮੀਂ ਐਡਵੋਕੇਟ ਅਮਿਤ ਕੁਮਾਰ ਮਿੱਤਲ ਗੋਲਡੂ ਨੇ ਕਿਹਾ ਕਿ ਤੁਸੀਂ ਇਕੱਲੇ ਬੋਲ ਤਾਂ ਸਕਦੇ ਹੋ, ਪ੍ਰੰਤੂ ਗੱਲਬਾਤ ਨਹੀਂ ਕਰ ਸਕਦੇ, ਤੁਸੀਂ ਇਕੱਲੇ ਉਤਸ਼ਾਹਤ ਤਾਂ ਹੋ ਸਕਦੇ ਹੋ, ਪ੍ਰੰਤੂ ਉਤਸਵ ਨਹੀਂ ਮਨਾ ਸਕਦੇ, ਅਸੀਂ ਇੱਕ ਦੂਜੇ ਦੇ ਬਿਨਾਂ ਕੁਝ ਨਹੀਂ ਹਾਂ ਇਹੀ ਰਿਸ਼ਤਿਆਂ ਦੀ ਖੂਬਸੂਰਤੀ ਹੈ।ਗੋਲਡੂ ਨੇ ਕਿਹਾ ਕਿ ਮਨ ਦੀ ਕੜਵਾਹਟ ਨੂੰ ਵੀ ਕਵਾਰਟਾਈਨ ਕਰਦੇ ਰਹੋ ਤੇ ਤੁਸੀਂ ਦੇਖੋਗੇ ਕਿ ਬਹੁਤ ਸਾਰੇ ਰਿਸ਼ਤੇ ਵੈਂਟੀਲੇਟਰ 'ਤੇ ਜਾਣ ਤੋਂ ਬਚ ਜਾਣਗੇ।ਉਨ੍ਹਾਂ ਕਿਹਾ ਕਿ ਬਜ਼ੁਰਗ ਭੂਤਕਾਲ ਵਿੱਚ ਜਿਉਂਦਾ ਹੈ ਇਸ ਲਈ ਉਹ ਪ੍ਰੇਸ਼ਾਨ ਰਹਿੰਦਾ ਹੈ, ਨੌਜਵਾਨ ਭਵਿੱਖ ਵਿੱਚ ਜਿਉਂਦਾ ਹੈ, ਇਸ ਲਈ ਉਹ ਖੁਸ਼ ਰਹਿੰਦਾ ਹੈ, ਇਸ ਲਈ ਸਾਨੂੰ ਸਦਾ ਵਰਤਮਾਨ ਵਿੱਚ ਹੀ ਜਿਉਣਾ ਤੇ ਖੁਸ਼ ਰਹਿਣਾ ਚਾਹੀਦਾ ਹੈ।

### ਮਨਰੇਗਾ ਵਰਕਰਜ਼ ਯੂਨੀਅਨ ਵੱਲੋਂ ਮਜ਼ਦੂਰ ਦੇ ਹੱਕ 'ਚ ਮੁਜ਼ਾਹਰਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਪਿੰਡ ਵੱਟੂ ਵਿੱਚ ਮਜ਼ਦੂਰ ਗੁਰਪ੍ਰੀਤ ਸਿੰਘ ਦੇ ਘਰ ਦੀ ਛੱਤ ਪਿੰਡ ਦੇ ਹੀ ਇੱਕ ਆਦਮੀ ਵੱਲੋਂ ਰੋਕਣ ਵਿਰੁੱਧ ਪਿੰਡ ਵਿੱਚ ਰੋਸ ਮੁਜ਼ਾਹਰਾ ਕੀਤਾ ਗਿਆ, ਜਿਸ ਦੀ ਗਵਾਈ ਮਨਰੇਗਾ ਵਰਕਰ ਯੂਨੀਅਨ ਦੇ ਸੂਬਾ ਆਗੂ ਜਸਵਿੰਦਰ ਸਿੰਘ ਵੱਟੂ ਤੇ ਜ਼ਿਲ੍ਹਾ ਆਗੂ ਜਗਸੀਰ ਸਿੰਘ ਬਾਜਾਂ ਨੇ ਕੀਤੀ। ਇਸ ਸਮੇਂ ਮਜ਼ਦੂਰਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਉਕਤ ਆਗੂਆਂ ਨੇ ਕਿਹਾ ਕਿ ਮਜ਼ਦੂਰ ਦੇ ਘਰ ਦੀ ਛੱਤ ਰੋਕਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ ਤੇ ਮਜ਼ਦੂਰ ਦੇ ਘਰ ਦੀ ਛੱਤ ਹਿੰਦੂ ਕਿਸਾਨ ਜਥੇਬੰਦੀਆਂ ਪਵਾ ਕੇ ਹੀ ਦਮ ਲੈਣਗੀਆਂ। ਉਨ੍ਹਾਂ ਕਿਹਾ ਕਿ ਵੱਟੂ ਕਲੋਨੀ ਵਿੱਚ ਨਹਿਰ ਉੱਤੇ 50 ਘਰ ਬਣਾ ਕੇ ਮਜ਼ਦੂਰ ਰਹਿ ਰਹੇ ਹਨ ਤੇ ਉਨ੍ਹਾਂ ਨਾਂ ਉੱਪਰ ਬਿਜਲੀ ਮੀਟਰ ਵੀ ਲੱਗੇ ਹੋਏ ਹਨ। ਗੁਰਪ੍ਰੀਤ ਸਿੰਘ ਪੁੱਤਰ ਮੇਜਰ ਸਿੰਘ ਨੇ ਵੀ ਪੰਜ ਮਰਲੇ 'ਤੇ ਘਰ ਬਣਾਉਣਾ ਸ਼ੁਰੂ ਕਰ ਦਿੱਤਾ ਸੀ, ਜਦੋਂ ਘਰ ਛੱਤ ਪਾਉਣ 'ਤੇ ਆਇਆ ਤਾਂ ਪਿੰਡ ਦੇ ਇੱਕ ਅਸਰ ਰਸੂਖ ਵਾਲੇ ਜ਼ਿਮੀਂਦਾਰ ਵੱਲੋਂ ਮਜ਼ਦੂਰ ਦੇ ਘਰ ਨੂੰ ਛੱਤ ਪੈਣ ਤੋਂ ਰੋਕ ਦਿੱਤਾ ਗਿਆ।

# ਅਮਰੀਕਾ ਵਿਖੇ ਸੜਕ ਹਾਦਸੇ 'ਚ ਪੰਜਾਬੀ ਨੌਜਵਾਨ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਤਿੰਨ ਸਾਲ ਪਹਿਲਾਂ ਆਪਣੇ ਸੁਨਹਿਰੇ ਭਵਿੱਖ ਦੀ ਆਸ ਵਿੱਚ ਅਮਰੀਕਾ ਵਿਖੇ ਪੜ੍ਹਾਈ ਕਰਨ ਗਏ ਪਿੰਡ ਸ਼ਿਵਦਾਸਪੁਰ ਦੇ 25 ਸਾਲਾ ਨੌਜਵਾਨ ਕਰਨਵੀਰ ਸਿੰਘ ਪੁੱਤਰ ਦਲਜੀਤ ਸਿੰਘ ਵੜੈਚ ਦੀ ਅਮਰੀਕਾ ਵਿੱਚ ਵਾਪਰੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਮੌਤ ਹੋ ਜਾਣ ਦਾ ਸਮਾਚਾਰ ਹੈ।ਕਰਨਵੀਰ ਸਿੰਘ ਵੜੈਚ ਦੇ ਵੱਡੇ ਭਰਾ ਸਾਹਿਲ ਵੜੈਚ ਨੇ ਦੱਸਿਆ ਕਿ ਕਰਨਵੀਰ ਸਿੰਘ ਤਿੰਨ ਸਾਲ ਪਹਿਲਾਂ ਅਮਰੀਕਾ ਗਿਆ ਸੀ, ਜਿੱਥੇ ਆਪਣੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਉਹ ਅੰਕਲੇ ਕੈਲੀਫੋਰਨੀਆ ਵਿੱਚ ਟਰੱਕ ਡਰਾਈਵਰ ਵਜੋਂ ਕੰਮ ਕਰ ਰਿਹਾ ਸੀ।ਜਿੱਥੇ ਅੱਜ ਸਵੇਰੇ ਆਈ ਇੱਕ ਫੋਨ ਕਾਲ ਰਾਹੀਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਅਮਰੀਕਨ ਸਮੇਂ ਮੁਤਾਬਕ ਬੀਤੀ ਰਾਤ ਕਰੀਬ 2 ਵਜੇ ਕਰਨਵੀਰ ਸਿੰਘ ਜਦੋਂ ਟਰੱਕ ਲੈ ਕੇ ਕੈਲੀਫੋਰਨੀਆ ਸੂਬੇ ਦੇ ਇੱਕ ਹਾਈਵੇ 'ਤੇ ਜਾ ਰਿਹਾ ਸੀ ਤਾਂ ਅਚਾਨਕ ਉਸ ਦਾ ਟਰੱਕ ਸੜਕ ਕਿਨਾਰੇ ਬਣੇ ਡਿਵਾਈਡਰ ਨਾਲ ਟਕਰਾ ਕੇ ਪਲਟ ਗਿਆ, ਜਿਸ ਤੋਂ ਤੁਰੰਤ ਬਾਅਦ ਟਰੱਕ ਨੂੰ ਅੱਗ ਲੱਗ ਗਈ ਤੇ ਟਰੱਕ ਦਾ ਡਰਾਈਵਰ ਵਾਲਾ ਕੈਬਿਨ ਵੀ ਅੱਗ ਦੀਆਂ ਲਪਟਾਂ ਵਿੱਚ ਘਿਰ ਗਿਆ ਤੇ ਅਚਾਨਕ ਵਾਪਰੇ ਇਸ ਹਾਦਸੇ ਕਾਰਨ ਕਰਨਵੀਰ ਸਿੰਘ ਨੂੰ ਟਰੱਕ 'ਚੋਂ ਬਾਹਰ ਨਿਕਲਣ ਦਾ ਮੌਕਾ ਹੀ ਨਹੀਂ ਮਿਲਿਆ ਤੇ ਉਸ ਦੀ ਅੱਗ ਵਿੱਚ ਝੁਲਸ ਜਾਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ।ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਕਰਨਵੀਰ ਸਿੰਘ ਦਾ ਹਾਲੇ ਦੋ ਦਿਨ ਪਹਿਲਾਂ ਹੀ 25ਵਾਂ ਜਨਮ ਦਿਨ ਸੀ, ਜਿਸ ਮੌਕੇ ਉਸ ਨੇ ਆਪਣੀ ਮਿਹਨਤ ਦੇ ਪੈਸਿਆਂ ਨਾਲ ਇੱਕ ਨਵੀਂ ਕਾਰ ਖਰੀਦੀ ਸੀ, ਜਿਸ ਨੂੰ ਲੈ ਕੇ ਬੀਤੇ ਦਿਨ ਉਹ ਬਹੁਤ ਖੁਸ਼ ਸੀ ਤੇ ਇਹ ਹਾਦਸਾ ਵਾਪਰਨ ਤੋਂ ਕੁਝ ਚਿਰ ਪਹਿਲਾਂ ਹੀ ਉਸ ਨੇ ਪਰਵਾਰ ਨਾਲ ਅਖੀਰਲੀ ਵਾਰ ਫੋਨ 'ਤੇ ਗੱਲ ਵੀ ਕੀਤੀ ਸੀ।

# ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਸੂਬਾ ਕਮੇਟੀ ਮੀਟਿੰਗ 'ਚ ਸੰਘਰਸ਼ ਦੀ ਚਿਤਾਵਨੀ



**ਸੰਗਰੂਰ (ਪ੍ਰਵੀਨ ਸਿੰਘ)**

ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਪੈਨਸ਼ਨ ਦੇ ਮੁੱਦੇ 'ਤੇ ਪੰਜਾਬ ਸਰਕਾਰ ਦੇ ਗੈਰ ਜ਼ਿੰਮੇਵਾਰਾਨਾ ਵਤੀਰੇ ਖਿਲਾਫ ਅਗਲੀ ਰਣਨੀਤੀ ਤੈਅ ਕਰਨ ਲਈ ਫਰੰਟ ਦੀ ਸੂਬਾ ਕਮੇਟੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਆਉਣ ਵਾਲੇ ਮਾਨਸੂਨ ਸੈਸ਼ਨ ਦੌਰਾਨ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਉਭਾਰਨ ਲਈ ਸੂਬੇ ਦੇ ਸੰਸਦ ਮੈਂਬਰਾਂ ਨੂੰ ਮੁਲਾਜ਼ਮਾਂ ਦੇ ਮਾਸ ਡੈਪੂਟੇਸ਼ਨਾਂ ਨਾਲ ਮੰਗ ਪੱਤਰ ਦੇਣ ਦੇ ਪ੍ਰੋਗਰਾਮ ਉਲੀਕੇ ਗਏ। ਇਸ ਤੋਂ ਇਲਾਵਾ ਪੰਜਾਬ ਨੂੰ ਪੁਲਸ ਰਾਜ ਵਿੱਚ ਤਬਦੀਲ ਕਰਨ ਤੇ ਜਮਹੂਰੀ ਸੰਘਰਸ਼ਾਂ ਨੂੰ ਦਬਾਉਣ ਦੀ ਨੀਤ ਨਾਲ ਸਰਕਾਰ ਦੀ ਦਮਨਕਾਰੀ ਨੀਤੀ ਖਿਲਾਫ ਕਿਸਾਨਾਂ ਤੇ ਮਜ਼ਦੂਰ ਜਥੇਬੰਦੀਆਂ ਵੱਲੋਂ 25 ਜੁਲਾਈ ਨੂੰ ਸੰਗਰੂਰ ਵਿਖੇ ਕੀਤੀ ਜਾ ਰਹੀ ਜਬਰ ਵਿਰੋਧੀ ਰੈਲੀ ਵਿੱਚ ਵੀ ਭਰਵੀਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ। ਸੂਬਾ ਕਮੇਟੀ ਮੀਟਿੰਗ ਦੀ ਜਾਣਕਾਰੀ ਦਿੰਦਿਆਂ ਸੂਬਾ ਕਨਵੀਨਰ ਅਤਿੰਦਰਪਾਲ ਸਿੰਘ, ਜ਼ੋਨ ਕਨਵੀਨਰ ਗੁਰਵਿੰਦਰ ਸਿੰਘ ਖਹਿਰਾ, ਇੰਦਰ ਸੁਖਦੀਪ ਸਿੰਘ ਓਢਰਾ, ਦਲਜੀਤ ਸਫੀਪੁਰ ਤੇ ਜਸਵੀਰ ਸਿੰਘ ਭੰਮਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਪਰ ਲਗਭਗ ਤਿੰਨ ਸਾਲ ਦਾ ਸਮਾਂ ਬੀਤਣ ਦੇ ਬਾਵਜੂਦ ਪੰਜਾਬ ਦੇ ਇੱਕ ਵੀ ਮੁਲਾਜ਼ਮ 'ਤੇ ਹਕੀਕੀ ਰੂਪ ਵਿੱਚ ਪੁਰਾਣੀ ਪੈਨਸ਼ਨ ਲਾਗੂ ਨਹੀਂ ਹੋਈ ਅਤੇ ਨਾ ਹੀ ਕਿਸੇ ਮੁਲਾਜ਼ਮ ਦਾ ਜੀਪੀਐੱਫ ਖਾਤਾ ਖੋਲ੍ਹਿਆ ਗਿਆ ਹੈ, ਜਿਸ ਨਾਲ ਪੰਜਾਬ ਦੇ ਲਗਭਗ ਸਵਾ ਦੋ ਲੱਖ ਐੱਨਪੀਐੱਸ ਮੁਲਾਜ਼ਮਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਸਖ਼ਤ ਰੋਸ ਹੈ। ਪੰਜਾਬ ਦੇ ਖਜ਼ਾਨੇ ਨੂੰ ਖਾਲੀ ਦੱਸ ਕੇ ਪੁਰਾਣੀ ਪੈਨਸ਼ਨ ਲਾਗੂ ਕਰਨ ਤੋਂ ਕਿਨਾਰਾ ਕਰ ਚੁੱਕੀ ਹੈ, ਕੇਂਦਰ ਦੀ ਮੋਦੀ ਸਰਕਾਰ ਦਾ ਪੁਰਾਣੀ ਪੈਨਸ਼ਨ ਖਿਲਾਫ ਹਮਲਾਵਰ ਰੁਖ ਲਗਾਤਾਰ ਜਾਰੀ ਹੈ। ਪੁਰਾਣੀ ਪੈਨਸ਼ਨ ਬਹਾਲ ਕਰਨ ਵਾਲੇ ਸੂਬਿਆਂ 'ਤੇ ਤਰ੍ਹਾਂ ਤਰ੍ਹਾਂ ਦੇ ਵਿੱਤੀ ਦਬਾਅ ਬਣਾਏ ਜਾ ਰਹੇ ਹਨ। ਪੈਨਸ਼ਨ ਦਾ ਮੁੱਦਾ ਰਾਜਾਂ ਦੇ ਅਧਿਕਾਰ ਹੇਠ ਆਉਂਦਾ ਹੈ, ਪਰ ਪੰਜਾਬ ਸਰਕਾਰ ਦੀ ਕੈਬਨਿਟ ਸਬ ਕਮੇਟੀ ਹੁਣ ਪੁਰਾਣੀ ਪੈਨਸ਼ਨ ਤੋਂ ਕਿਨਾਰਾ ਕਰਕੇ ਯੂਪੀਐੱਸ ਨੂੰ ਹੀ ਵਿਚਾਰਨ ਤੇ ਬਜ਼ਿੱਦ ਹੈ, ਜਿਸ ਦੇ ਖਿਲਾਫ ਮੁਲਾਜ਼ਮਾਂ ਵਿੱਚ ਤਿੱਖਾ ਰੋਸ ਹੈ।

ਇਸ ਮੌਕੇ ਅਗਲੇਰੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਕਨਵੀਨਰ ਦਲਜੀਤ ਸਫੀਪੁਰ, ਕੋ-ਕਨਵੀਨਰ ਗੁਰਦੀਪ ਸਿੰਘ ਤੇ ਮਨਜੀਤ ਸਿੰਘ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਆਉਣ ਵਾਲੇ ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਉਭਾਰਨ ਲਈ ਸੂਬੇ ਦੇ ਸੰਸਦ ਮੈਂਬਰਾਂ ਨੂੰ ਮਾਸ ਡੈਪੂਟੇਸ਼ਨਾਂ ਨਾਲ ਮੰਗ ਪੱਤਰ ਦਿੱਤੇ ਜਾਣਗੇ ਤੇ ਆਮ ਆਦਮੀ ਪਾਰਟੀ ਦੇ ਸੰਸਦਾਂ ਨੂੰ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਵਫ਼ਦ ਵੱਲੋਂ ਵੀ ਪੰਜਾਬ ਸਰਕਾਰ ਦੀ ਪੁਰਾਣੀ ਪੈਨਸ਼ਨ ਲਾਗੂ ਕਰਨ ਵਿੱਚ ਪੰਜਾਬ ਸਰਕਾਰ ਦੀ ਬੇਰੁਖੀ ਨੂੰ ਉਜਾਗਰ ਕਰਨ ਲਈ ਮੰਗ ਪੱਤਰ ਸੌਂਪੇ ਜਾਣਗੇ। ਮੰਗ ਪੱਤਰਾਂ ਰਾਹੀਂ ਸੰਸਦ ਮੈਂਬਰਾਂ ਨੂੰ ਇਸ ਵਿੱਚ ਪੁਰਾਣੀ ਪੈਨਸ਼ਨ ਦੀ ਬਹਾਲੀ ਦਾ ਮੁੱਦਾ ਉਠਾਉਣ ਲਈ ਅਪੀਲ ਕੀਤੀ ਜਾਵੇਗੀ।

ਇਸ ਮੀਟਿੰਗ ਵਿੱਚ ਡੀ.ਐੱਮ.ਐੱਫ ਦੇ ਸੂਬਾ ਪ੍ਰਧਾਨ ਤੇ ਸਕੱਤਰ ਕੁਮਾਰ ਜਗਮਨਜੀਤ ਸਿੰਘ ਤੇ ਹਰਦੀਪ ਟੋਡਰਪੁਰ, ਡੀਟੀਐੱਫ ਦੇ ਸੂਬਾ ਪ੍ਰਧਾਨ ਤੇ ਵਿਕਰਮ ਦੇਵ ਸਿੰਘ ਅਤੇ ਮਹਿੰਦਰ ਕੌੜਿਆਂਵਾਲੀ ਸਮੇਤ ਜਸਵਿੰਦਰ ਔਜਲਾ, ਸਤਪਾਲ ਸਮਾਣਵੀ, ਰਮਨਦੀਪ ਸਿੰਗਲਾ, ਮਨਦੀਪ ਸਿੰਘ, ਗੁਰਵਿੰਦਰ ਸਿੰਘ, ਜਗਦੀਸ਼ ਸੱਪਾਂਵਾਲੀ, ਰਾਜੇਸ਼ ਪਰਾਸ਼ਰ, ਕੰਵਰਦੀਪ ਸਿੰਘ ਢਿੱਲੋਂ, ਅਮਰਜੀਤ ਸਿੰਘ, ਗੁਰਜਿੰਦਰ ਸਿੰਘ, ਮਨਜੀਤ ਸਿੰਘ ਦਸੂਹਾ, ਸੁਖਵਿੰਦਰ ਗਿਰ, ਗੁਰਮੁੱਖ ਸਿੰਘ, ਰਜਿੰਦਰ ਸਿੰਘ, ਮਨਜੀਤ ਸਿੰਘ, ਸਰਬਜੀਤ ਭਾਵੜਾ, ਅਮਰਦੀਪ ਸ਼ਰਮਾ, ਬਲਜੀਤ ਸਿੰਘ, ਜਗਰੂਪ ਸਿੰਘ, ਸੁਖਦੇਵ ਡਾਂਸੀਵਾਲ, ਜਗਜੀਤ ਸਿੰਘ ਆਦਿ ਹਾਜ਼ਰ ਸਨ।

## ਭੋਗ 'ਤੇ ਵਿਸ਼ੇਸ਼

# ਦਰਸ਼ਨ ਸਿੰਘ ਪੰਡੋਰੀ ਆਖਰੀ ਦਮ ਤੱਕ 'ਆਪ' ਦੇ ਵਫਾਦਾਰ ਸਿਪਾਹੀ ਰਹੇ



ਆਮ ਆਦਮੀ ਪਾਰਟੀ ਦੇ ਮੁੱਢਲੇ ਦੌਰ ਤੋਂ ਲੈ ਕੇ ਆਖਰੀ ਸਾਹਾਂ ਤੱਕ ਵਫਾਦਾਰ ਸਿਪਾਹੀ ਵਜੋਂ ਸਮਰਪਿਤ ਭਾਵਨਾ ਕੰਮ ਕਰਨ ਵਾਲੇ 'ਆਪ' ਆਗੂ ਦਰਸ਼ਨ ਸਿੰਘ ਹੈਰੀ ਦਾ ਜਨਮ 9 ਜੂਨ 1955 ਵਿੱਚ ਮਾਤਾ ਜੰਗੀਰ ਕੌਰ ਦੀ ਕੁੱਖੋਂ ਪਿਤਾ ਮਹਿੰਦਰ ਸਿੰਘ ਦੇ ਗ੍ਰਹਿ ਵਿਖੇ ਹੋਇਆ।ਆਪ ਪੰਜ ਭੈਣ ਭਰਾ ਸਨ।ਉਨ੍ਹਾਂ ਦਾ ਵਿਆਹ ਸਨ 1987 'ਚ ਸ: ਤਾਰਾ ਸਿੰਘ ਦੀ ਸਪੁੱਤਰੀ ਬੀਬੀ ਬਲਵੰਤ ਕੌਰ ਪਿੰਡ ਖੇੜੀ ਜੱਟਾਂ (ਸੰਗਰੂਰ) ਨਾਲ ਹੋਇਆ। ਆਪ ਦੇ ਘਰ ਪੁੱਤਰ ਉਂਕਾਰ ਸਿੰਘ ਹੈਰੀ ਤੇ ਇਕ ਪੁੱਤਰੀ ਨੇ ਜਨਮ ਲਿਆ।2013 ਤੋਂ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ। ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸਪੀਕਰ ਕੁਲਤਾਰ ਸਿੰਘ ਸੰਧਵਾਂ, ਐੱਮਪੀ ਮੀਤ ਹੇਅਰ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਲੈ ਕੇ ਪਾਰਟੀ ਦੇ ਹਰ ਵੱਡੇ-ਛੋਟੇ ਆਗੂ ਨਾਲ ਕੰਮ ਕਰਨ ਦਾ ਮਾਣ ਉਨ੍ਹਾਂ ਨੂੰ ਪ੍ਰਾਪਤ ਹੋਇਆ।ਉਨ੍ਹਾਂ ਲੋਕ ਸਭਾ ਚੋਣਾਂ ਵਿੱਚ ਭਗਵੰਤ ਮਾਨ, ਮੀਤ ਹੇਅਰ ਨਾਲ, ਵਿਧਾਨ ਸਭਾ ਚੋਣਾਂ 'ਚ ਹਲਕਾ ਮਹਿਲ ਕਲਾਂ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਸਮੇਤ ਵੱਖ-ਵੱਖ ਆਗੂਆਂ ਦੀ ਚੋਣ ਮੁਹਿੰਮ 'ਚ ਸ਼ਾਮਲ ਹੋ ਕੇ ਆਪਣਾ ਅਹਿਮ ਯੋਗਦਾਨ ਪਾਇਆ।ਉਹ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੇ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ ਦੇ ਪਰਿਵਾਰਕ ਮੈਂਬਰ ਵਜੋਂ ਵਿਚਰਦੇ ਰਹੇ ਮੋਢੇ ਨਾਲ ਮੋਢਾ ਜੋੜ ਕੇ 24 ਘੰਟੇ ਪਾਰਟੀ ਦੀ ਮਜ਼ਬੂਤੀ ਲਈ ਜੁਟੇ ਰਹੇ ਸਨ।ਅਚਾਨਕ ਇੱਕ ਨਾਮੁਰਾਦ ਬਿਮਾਰੀ ਦੀ ਲਪੇਟ ਵਿੱਚ ਆਉਣ ਕਰਕੇ ਉਨ੍ਹਾਂ ਨੂੰ ਪੀਜੀਆਈ ਚੰਡੀਗੜ੍ਹ ਵਿਖੇ ਭਰਤੀ ਕਰਵਾਇਆ ਗਿਆ ਜਿਥੇ ਉਹ ਜ਼ਿੰਦਗੀ ਮੌਤ ਦੀ ਲੜਾਈ ਲੜਦਿਆਂ 13 ਜੁਲਾਈ ਨੂੰ ਅਲਵਿਦਾ ਆਖ ਗਏ।ਯਾਰਾਂ ਦੇ ਯਾਰ, ਰੰਗਲੇ ਸੱਜਣ ਦਰਸ਼ਨ ਸਿੰਘ ਹੈਰੀ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਅੱਜ 22 ਜੁਲਾਈ, ਮੰਗਲਵਾਰ ਨੂੰ ਇਕ ਵਜੇ ਗੁਰਦੁਆਰਾ ਸਾਹਿਬ ਪਿੰਡ ਪੰਡੋਰੀ (ਬਰਨਾਲਾ) ਵਿਖੇ ਹੋਵੇਗੀ।

**-ਪ੍ਰਦੀਪ ਸਿੰਘ ਲੋਹਗੜ੍ਹ, ਮਹਿਲ ਕਲਾਂ।**

# ਏਕਤਾ ਉਗਰਾਹਾਂ ਵੱਲੋਂ ਛਾਹੜ, ਧਰਮਗੜ੍ਹ ਛੰਨਾਂ ਤੇ ਸ਼ਾਦੀਹਰੀ ਪਿੰਡ ਇਕਾਈਆਂ ਦੀ ਚੋਣ



**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਦਿੜ੍ਹਬਾ ਵੱਲੋਂ ਬਲਾਕ ਪ੍ਰਧਾਨ ਭਰਪੂਰ ਸਿੰਘ ਮੌੜਾਂ ਤੇ ਬਲਾਕ ਆਗੂ ਹਰਜੀਤ ਸਿੰਘ ਮਹਿਲਾਂ ਦੀ ਅਗਵਾਈ ਹੇਠ ਛਾਹੜ, ਧਰਮਗੜ੍ਹ ਛੰਨਾਂ ਤੇ ਸ਼ਾਦੀ ਹਰੀ ਦੀਆਂ ਨਵੀਆਂ ਪਿੰਡ ਇਕਾਈਆਂ ਦਾ ਚੋਣ (ਅਜਲਾਸ) ਪਿੰਡ ਦੀ ਸਾਂਝੀ ਜਗ੍ਹਾ ਗੁਰਦੁਆਰਾ ਸਾਹਿਬ ਵਿਖੇ ਪਿੰਡ ਦੀ ਹਾਜ਼ਰੀ ਵਿੱਚ ਸਰਬਸੰਮਤੀ ਨਾਲ ਕੀਤੀ ਗਈ, ਜਿਸ ਮੌਕੇ ਬਲਾਕ ਦਿੜ੍ਹਬਾ ਦੇ ਸੀਨੀਅਰ ਮੀਤ ਪ੍ਰਧਾਨ ਹਰਬੰਸ ਸਿੰਘ ਦਿੜ੍ਹਬਾ, ਅਮਨਦੀਪ ਸਿੰਘ ਮਹਿਲਾਂ, ਮਿਸ਼ਰਾ ਸਿੰਘ ਨਿਹਾਲਗੜ੍ਹ ਤੇ ਬਲਾਕ ਪ੍ਰੈੱਸ ਸਕੱਤਰ ਚਰਨਜੀਤ ਸਿੰਘ ਘਨੌੜ ਸੰਤਪੁਰਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਆਗੂਆਂ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਨਾਲ ਮਿਲ ਕੇ ਕਿਸਾਨਾਂ ਮਜ਼ਦੂਰਾਂ ਦੀ ਕਿਰਤ 'ਤੇ ਹਮਲੇ ਕਰ ਰਹੀਆਂ ਹਨ ਤੇ ਜ਼ਮੀਨਾਂ ਉੱਪਰ ਬੁਰੀ ਨਜ਼ਰ ਰੱਖੀ ਹੋਈ ਹੈ, ਇਸ ਲਈ 25 ਜੁਲਾਈ ਨੂੰ ਸੰਗਰੂਰ ਦੇ ਵਿੱਚ ਵੱਡੀ ਕਿਸਾਨ ਮਜ਼ਦੂਰ ਰੈਲੀ ਕੀਤੀ ਜਾ ਰਹੀ ਹੈ, ਉਸ ਵਿੱਚ ਸ਼ਾਮਲ ਹੋਣ ਲਈ ਵੀ ਲੋਕਾਂ ਨੂੰ ਲਾਮਬੰਦ ਕੀਤਾ ਤੇ ਕਿਸਾਨਾਂ ਮਜ਼ਦੂਰਾਂ ਵੱਲੋਂ ਮੁੱਲਾਂਪੁਰ ਦਾਖਾਂ ਦੇ ਵਿੱਚ 24 ਅਗਸਤ ਨੂੰ ਵੱਡੀ ਰੈਲੀ ਕੀਤੀ ਜਾਵੇਗੀ। ਇਸ ਮੌਕੇ ਪਿੰਡ ਇਕਾਈ ਛਾਹੜ ਵਿਖੇ ਸਾਂਝਾ ਅਜਲਾਸ ਬੁਲਾ ਕੇ ਲੋਕਾਂ ਦੀ ਸਰਬਸੰਮਤੀ ਨਾਲ ਪਿੰਡ ਇਕਾਈ ਛਾਹੜ ਇਕਾਈ ਦੀ ਚੋਣ ਕੀਤੀ ਗਈ, ਜਿਸ ਦੇ ਪ੍ਰਧਾਨ ਅਮਰਜੀਤ ਸਿੰਘ, ਮੀਤ ਪ੍ਰਧਾਨ ਪ੍ਰਸ਼ੋਤਮ ਸਿੰਘ, ਜਨਰਲ ਸਕੱਤਰ ਬਲਦੇਵ ਸਿੰਘ ਸਿੰਘ, ਖਜ਼ਾਨਚੀ ਹੇਮਰਾਜ, ਸਹਾਇਕ ਖਜ਼ਾਨਚੀ ਮਾਸਟਰ ਰਜਿੰਦਰ ਸਿੰਘ, ਪ੍ਰੈੱਸ ਸਕੱਤਰ ਸੱਤਪਾਲ ਚੀਮਾ, ਪ੍ਰਚਾਰ ਸਕੱਤਰ ਪਰਮਜੀਤ ਸਿੰਘ ਸਮੇਤ 27 ਮੈਂਬਰੀ ਕਮੇਟੀ ਨੂੰ ਚੁਣਿਆ ਗਿਆ। ਇਸੇ ਤਰ੍ਹਾਂ ਇਸਤਰੀ ਵਿੰਗ ਦਾ ਗਠਨ ਕੀਤਾ ਗਿਆ, ਜਿਸ 'ਚ ਪ੍ਰਧਾਨ ਭੈਣ ਬਲਜੀਤ ਕੌਰ, ਮੀਤ ਪ੍ਰਧਾਨ ਸੁਖਵਿੰਦਰ ਕੌਰ, ਜਨਰਲ ਸਕੱਤਰ ਅਮਰਪਾਲ ਕੌਰ, ਖਜ਼ਾਨਚੀ ਬਲਦੇਵ ਕੌਰ (ਬੇਬੋ), ਪ੍ਰੈੱਸ ਸਕੱਤਰ ਕਰਮਜੀਤ ਕੌਰ, ਪ੍ਰਚਾਰ ਸਕੱਤਰ ਬਲਵੀਰ ਕੌਰ, ਸੰਗਠਨ ਸਕੱਤਰ ਸ਼ਿੰਦਰਪਾਲ ਕੌਰ ਸਮੇਤ 17 ਮੈਂਬਰੀ ਕਮੇਟੀ ਨੂੰ ਚੁਣਿਆ ਗਿਆ। ਇਸੇ ਤਰ੍ਹਾਂ ਪਿੰਡ ਇਕਾਈ ਧਰਮਗੜ੍ਹ ਛੰਨਾਂ ਦੇ ਪ੍ਰਧਾਨ ਹਰਮੇਲ ਸਿੰਘ, ਮੀਤ ਪ੍ਰਧਾਨ ਛੱਜੂ ਸਿੰਘ, ਜਨਰਲ ਸਕੱਤਰ ਹਰਬੰਸ ਸਿੰਘ, ਖਜ਼ਾਨਚੀ ਕਰਨੈਲ ਸਿੰਘ, ਪ੍ਰੈੱਸ ਸਕੱਤਰ ਕੁਲਦੀਪ ਸਿੰਘ, ਪ੍ਰਚਾਰ ਸਕੱਤਰ ਦਰਸ਼ਨ ਸਿੰਘ, ਸੰਗਠਨ ਸਕੱਤਰ ਦਰਸ਼ਨ ਸਿੰਘ ਲਾਭ ਕਾ ਸਮੇਤ 15 ਮੈਂਬਰੀ ਕਮੇਟੀ ਨੂੰ ਚੁਣਿਆ ਗਿਆ। ਇਸਤਰੀ ਵਿੰਗ ਦੇ ਪ੍ਰਧਾਨ ਭੈਣ ਚਰਨਜੀਤ ਕੌਰ, ਮੀਤ ਪ੍ਰਧਾਨ ਬਲਜੀਤ ਕੌਰ, ਜਨਰਲ ਸਕੱਤਰ ਸੁਰਜੀਤ ਕੌਰ, ਖਜ਼ਾਨਚੀ ਜਸਮੇਲ ਕੌਰ, ਪ੍ਰੈੱਸ ਸਕੱਤਰ ਹਰਮੇਲ ਕੌਰ, ਪ੍ਰਚਾਰ ਸਕੱਤਰ ਕਰਮਜੀਤ ਕੌਰ, ਸੰਗਠਨ ਸਕੱਤਰ ਮਨਜੀਤ ਕੌਰ ਸਮੇਤ 17 ਮੈਂਬਰੀ ਕਮੇਟੀ ਨੂੰ ਚੁਣਿਆ ਗਿਆ। ਇਸੇ ਤਰ੍ਹਾਂ ਪਿੰਡ ਸ਼ਾਦੀ ਹਰੀ ਦੇ ਪਿੰਡ ਇਕਾਈ ਦੀ ਚੋਣ ਕੀਤੀ ਗਈ, ਜਿਸ 'ਚ ਪ੍ਰਧਾਨ ਗੋਰਾ ਸਿੰਘ, ਜਨਰਲ ਸਕੱਤਰ, ਸ਼ੇਰ ਸਿੰਘ, ਖਜ਼ਾਨਚੀ ਬੰਤ ਸਿੰਘ, ਪ੍ਰੈੱਸ ਸਕੱਤਰ ਭੋਲਾ ਸਿੰਘ, ਸੰਗਠਨ ਸਕੱਤਰ ਠੰਡੂ ਰਾਮ ਸਮੇਤ 19 ਮੈਂਬਰੀ ਕਮੇਟੀ ਨੂੰ ਚੁਣਿਆ ਗਿਆ।

# ਬਾਰਸ਼ ਦੇ ਪਾਣੀ ਲਈ ਪੁੱਟੇ ਡੂੰਘੇ ਟੋਏ 'ਚ ਬੱਚੇ ਦੀ ਡੁੱਬਣ ਨਾਲ ਮੌਤ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਮਮਦੋਟ ਬਲਾਕ ਦੇ ਸਰਹੱਦੀ ਪਿੰਡ ਲੱਖਾ ਸਿੰਘ ਵਾਲਾ ਹਿਠਾੜ ਵਿਖੇ ਘਰ ਦੇ ਸਾਹਮਣੇ ਪਸ਼ੂਆਂ ਲਈ ਬੀਜੇ ਪੱਠਿਆਂ ਵਾਲੇ ਖੇਤ ਵਿੱਚੋਂ ਬਾਰਿਸ਼ ਦਾ ਪਾਣੀ ਕੱਢਣ ਲਈ 6-7 ਫੁੱਟ ਡੂੰਘੇ ਟੋਏ ਵਿੱਚ 5 ਸਾਲਾ ਮਾਸੂਮ ਬੱਚੇ ਦੇ ਡੁੱਬਣ ਨਾਲ ਮੌਤ ਹੋ ਜਾਣ ਦਾ ਦੁਖਦਾਈ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਬੱਚਾ ਪ੍ਰੀ-ਪ੍ਰਾਇਮਰੀ ਦਾ ਵਿਦਿਆਰਥੀ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਬੱਚੇ ਦੇ ਪਿਤਾ ਗੁਰਜੀਤ ਸਿੰਘ ਨੇ ਦੱਸਿਆ ਕਿ ਸਾਡੇ ਮਕਾਨ ਦੇ ਨਾਲ ਸਾਡੇ ਗੁਆਂਢੀ ਨੇ ਪਸ਼ੂਆਂ ਲਈ ਪੱਠੇ ਬੀਜੇ ਹੋਏ ਹਨ, ਲਗਾਤਾਰ ਪੈ ਰਹੀਆਂ ਬਾਰਸ਼ਾਂ ਨਾਲ ਪੱਠਿਆਂ ਵਾਲੇ ਖੇਤ ਵਿਚ ਬਾਰਸ਼ ਦਾ ਪਾਣੀ ਭਰਿਆ ਹੋਣ ਕਾਰਨ ਖੇਤ ਮਾਲਕ ਨੇ ਪਾਣੀ ਕੱਢਣ ਲਈ 6-7 ਫੁੱਟ ਡੂੰਘਾ ਟੋਆ ਖੱਟਿਆ ਹੋਇਆ ਸੀ, ਸ਼ਾਮ ਨੂੰ 4 ਵਜੇ ਦੇ ਕਰੀਬ ਮੇਰਾ 5 ਸਾਲਾ ਬੇਟਾ ਅਰਮਾਨ ਸਿੰਘ ਖੇਡਦੇ ਹੋਏ ਟੋਏ ਵਿਚ ਡਿੱਗ ਪਿਆ, ਜਿਸ ਦੀ ਪਾਣੀਂ ਵਿੱਚ ਡੁੱਬਣ ਨਾਲ ਮੌਤ ਹੋ ਗਈ। ਬੱਚੇ ਨੂੰ ਘਰ ਵਿੱਚ ਨਾ ਦੇਖ ਕੇ ਅਸੀਂ ਆਢ-ਗੁਆਂਢ ਭਾਲ ਕੀਤੀ ਤਾਂ ਕਰੀਬ ਇਕ ਘੰਟੇ ਬਾਅਦ ਬੱਚਾ ਪਾਣੀ ਵਾਲੇ ਟੋਏ ਵਿੱਚ ਮਰਿਆ ਪਾਇਆ ਗਿਆ। ਇਸ ਦੁੱਖਦਾਈ ਘਟਨਾ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ।

# ਸਟੇਟ ਐਵਾਰਡੀ ਪਰਮਿੰਦਰ ਭਲਵਾਨ ਤੇ ਟੀਮ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਸ਼ਲਾਘਾਯੋਗ : ਡੀ ਐੱਸ ਪੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਪੰਜਾਬ ਸਰਕਾਰ ਤੇ ਪੰਜਾਬ ਪੁਲਸ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤੇ ਸੰਪਰਕ ਪ੍ਰੋਜੈਕਟ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਡਾਇਰੈਕਟਰ ਜਨਰਲ ਆਫ਼ ਪੁਲਸ ਗੌਰਵ ਯਾਦਵ, ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਸ ਕਾਮਿਊਨਟੀ ਅਫੇਅਰ ਗੁਰਪ੍ਰੀਤ ਕੌਰ ਦਿਓ, ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਸਿੰਘ, ਐਸ ਐਸ ਪੀ ਪਟਿਆਲਾ ਵਾਰੁਣ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵੱਖ ਵੱਖ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਪਿੰਡਾਂ, ਕਸਬਿਆਂ ਵਿੱਚ ਜਾ ਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰ ਰਹੀਆਂ ਹਨ, ਵੱਲੋਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਤੇ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਨੇ ਡੀ ਐੱਸ ਪੀ ਦਿਹਾਤੀ ਗੁਰਪ੍ਰਤਾਪ ਸਿੰਘ ਢਿੱਲੋਂ ਮੁਲਾਕਾਤ ਕੀਤੀ।ਇਸ ਮੌਕੇ ਡੀ ਐੱਸ ਪੀ ਦਿਹਾਤੀ ਗੁਰਪ੍ਰਤਾਪ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਡਾਇਰੈਕਟਰ ਜਨਰਲ ਆਫ਼ ਪੁਲਸ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਟਿਆਲਾ ਦਿਹਾਤੀ ਦੇ ਸਰਪੰਚਾਂ, ਨੰਬਰਦਾਰਾਂ, ਐੱਮ ਸੀ, ਯੂਥ ਕਲੱਬਾਂ, ਧਾਰਮਿਕ ਸੰਸਥਾਵਾਂ, ਨੌਜਵਾਨਾਂ ਤੇ ਪਬਲਿਕ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਉਨ੍ਹਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਸਕੇ ਅਤੇ ਉਨ੍ਹਾਂ ਦੀ ਮਦਦ ਨਾਲ ਨਸ਼ਿਆਂ ਦੇ ਖ਼ਾਤਮੇ ਲਈ ਸਹਿਯੋਗ ਲਿਆ ਜਾ ਸਕੇ। ਉਨ੍ਹਾਂ ਕਿਹਾ ਕਿ ਨਸ਼ੇ ਸਾਡੇ ਸਮਾਜ ਨੂੰ ਘੁਣ ਵਾਂਗ ਖੋਖਲਾ ਕਰਦੇ ਜਾ ਰਹੇ ਹਨ ਅਤੇ ਨੌਜਵਾਨ ਪੀੜ੍ਹੀ ਇਸ ਨਸ਼ਿਆਂ ਦੀ ਦਲਦਲ ਵਿੱਚ ਫਸਦੀ ਜਾ ਰਹੀ ਹੈ। ਇਸ ਲਈ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਤੇ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਨੌਜਵਾਨਾਂ ਤੇ ਪਬਲਿਕ ਦੇ ਸਹਿਯੋਗ ਦੀ ਲੋੜ ਹੈ ਅਤੇ ਸਾਨੂੰ ਸਾਰਿਆਂ ਨੂੰ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਅੱਗੇ ਆ ਕੇ ਪਹਿਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਤੇ ਪਾਵਰ ਹਾਊਸ ਯੂਥ ਕਲੱਬ ਤੇ ਹੋਰ ਵੱਖ ਵੱਖ ਸੰਸਥਾਵਾਂ ਨਾਲ ਮਿਲ ਕੇ ਪਿੰਡਾਂ ਦੇ ਵਿੱਚ ਨਸ਼ਿਆਂ ਵਿਰੁੱਧ ਰੈਲੀਆਂ, ਨੁੱਕੜ ਨਾਟਕ, ਸੈਮੀਨਾਰ, ਵਿਚਾਰ ਚਰਚਾ ਆਦਿ ਲੜੀਵਾਰ ਪ੍ਰੋਗਰਾਮ ਕੀਤੇ ਜਾਣਗੇ ਅਤੇ ਭਰਪੂਰ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਦੀ ਟੀਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਵੱਲੋਂ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਵੱਲੋਂ ਨਸ਼ਿਆਂ ਵਿਰੁੱਧ ਹਰ ਸੰਭਵ ਮਦਦ ਕੀਤੀ ਜਾਵੇਗੀ।

# ਸਾਹਸ ਦਾ ਨਵਾਂ ਚਿਹਰਾ ਸ਼ਵਾਨ ਸਿੰਘ ਨੂੰ ਭਾਰਤੀ ਸੈਨਾ ਨੇ ਲਿਆ ਗੋਦ

## ਗੋਲਡਨ ਐਰੋ' ਡਵੀਜ਼ਨ ਨੇ ਸੰਭਾਲੀ ਪੜ੍ਹਾਈ ਦੀ ਜ਼ਿੰਮੇਵਾਰੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਦੀ ਮਿੱਟੀ, ਜਿੱਥੇ ਹਰ ਧੜਕਣ ਵਿੱਚ ਸੂਰਮਗਤੀ ਤੇ ਬਲੀਦਾਨ ਦੀ ਗੂੰਜ ਸੁਣਾਈ ਦਿੰਦੀ ਹੈ, ਉੱਥੇ ਇੱਕ ਨੌਜਵਾਨ ਲੜਕੇ ਸ਼ਵਾਨ ਸਿੰਘ ਨੇ ਆਪਣੀ ਅਡੋਲ ਦ੍ਰਿੜ੍ਹਤਾ ਤੇ ਅਟੁੱਟ ਜਜ਼ਬੇ ਨਾਲ ਸਾਰਿਆਂ ਦੇ ਦਿਲ ਜਿੱਤ ਲਏ ਹਨ। ਅੱਜ, ਇਸ ਜਜ਼ਬੇ ਨੂੰ ਇੱਕ ਮਜ਼ਬੂਤ ਸਹਾਰਾ ਮਿਲਿਆ ਹੈ। ਭਾਰਤੀ ਸੈਨਾ ਦੀ 'ਗੋਲਡਨ ਐਰੋ' ਡਵੀਜ਼ਨ ਨੇ ਇੱਕ ਦਿਲ ਨੂੰ ਛੂਹਣ ਵਾਲੇ ਕਦਮ ਵਿੱਚ ਇਸ "ਨੌਜਵਾਨ ਸੂਰਮੇ" ਨੂੰ ਗੋਦ ਲੈਣ ਦਾ ਫੈਸਲਾ ਕੀਤਾ ਹੈ ਅਤੇ ਉਸ ਦੀ ਸਿੱਖਿਆ ਦਾ ਸਾਰਾ ਖਰਚ ਚੁੱਕਣ ਦਾ ਵਾਅਦਾ ਕੀਤਾ ਹੈ। ਸ਼ਵਾਨ ਸਿੰਘ, ਜਿਸ ਨੇ ਆਪ੍ਰੇਸ਼ਨ ਸਿੰਦੂਰ ਦੌਰਾਨ ਆਪਣੀ ਅਸਾਧਾਰਣ ਹਿੰਮਤ ਨਾਲ ਨਾ ਸਿਰਫ ਸ਼ਲਾਘਾ, ਸਗੋਂ ਸਨਮਾਨ ਵੀ ਹਾਸਲ ਕੀਤਾ। ਸ਼ਵਾਨ ਦੀ ਸਿੱਖਿਅਕ ਸਪਾਂਸਰਸ਼ਿਪ ਵਿੱਚ ਸਕੂਲੀ ਸਿੱਖਿਆ ਦੇ ਹਰ ਪਹਿਲੂ ਨੂੰ ਸ਼ਾਮਲ ਕੀਤਾ ਜਾਵੇਗਾ, ਦਾਖਲੇ ਤੋਂ ਲੈ ਕੇ ਵਿੱਦਿਅਕ ਜ਼ਰੂਰਤਾਂ ਤੱਕ, ਤਾਂ ਜੋ ਕੋਈ ਵਿੱਤੀ ਰੁਕਾਵਟ ਉਸ ਦੇ ਸੁਪਨਿਆਂ ਦੇ ਰਾਹ ਵਿੱਚ ਨਾ ਆਵੇ। ਇਹ ਸ਼ਵਾਨ ਦੇ ਚਰਿੱਤਰ, ਸਾਹਸ ਤੇ ਭਾਰਤ ਦੀ ਆਤਮਾ ਵਿੱਚ ਇੱਕ ਨਿਵੇਸ਼ ਹੈ।

ਫਿਰੋਜ਼ਪੁਰ ਛਾਉਣੀ ਵਿੱਚ ਇੱਕ ਵਿਸ਼ੇਸ਼ ਸਮਾਰੋਹ ਦੌਰਾਨ, ਪੱਛਮੀ ਕਮਾਂਡ ਦੇ ਜੀਓਸੀ-ਇਨ-ਸੀ, ਲੈਫਟੀਨੈਂਟ ਜਨਰਲ ਮਨੋਜ ਕੁਮਾਰ ਕਟਿਆਰ, ਪੀਵੀਐੱਸਐੱਮ, ਏਵੀਐੱਸਐੱਮ ਨੇ ਸ਼ਵਾਨ ਸਿੰਘ ਨੂੰ ਨਿੱਜੀ ਤੌਰ 'ਤੇ ਸਨਮਾਨਤ ਕੀਤਾ। ਇਹ ਪਲ ਮੈਡਲਾਂ ਤੇ ਭਾਸ਼ਣਾਂ ਤੋਂ ਪਰੇ ਸੀ। ਇਸ ਨੇ ਭਾਰਤੀ ਸੈਨਾ ਤੇ ਪੰਜਾਬ ਦੇ ਲੋਕਾਂ ਵਿਚਕਾਰ ਅਟੁੱਟ ਰਿਸ਼ਤੇ ਨਤੇ ਅਗਲੀ ਪੀੜ੍ਹੀ ਪ੍ਰਤੀ ਸੈਨਾ ਦੀ ਡੂੰਘੀ ਜ਼ਿੰਮੇਵਾਰੀ ਨੂੰ ਪ੍ਰਤੀਬਿੰਬਤ ਕੀਤਾ। ਲੈਫਟੀਨੈਂਟ ਜਨਰਲ ਕਟਿਆਰ ਨੇ ਇਸ ਪਹਿਲ ਨੂੰ ਸੈਨਾ ਦੇ ਇਸ ਵਾਅਦੇ ਦਾ ਸਬੂਤ ਦੱਸਿਆ ਕਿ ਉਹ ਨਾ ਸਿਰਫ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦੇ ਹਨ, ਸਗੋਂ ਇਸ ਦੇ ਭਵਿੱਖ ਦਾ ਪਾਲਣ-ਪੋਸ਼ਣ ਵੀ ਕਰਦੇ ਹਨ। ਉਨ੍ਹਾਂ ਕਿਹਾ ਅਸੀਂ ਸ਼ਵਾਨ ਵਿੱਚ ਸਿਰਫ ਸਾਹਸ ਹੀ ਨਹੀਂ, ਸਮਰੱਥਾ ਵੀ ਵੇਖਦੇ ਹਾਂ ਤੇ ਸੈਨਾ ਹਰ ਕਦਮ 'ਤੇ ਉਸ ਦੇ ਨਾਲ ਖੜ੍ਹੀ ਹੈ। 'ਗੋਲਡਨ ਐਰੋ' ਡਿਵੀਜ਼ਨ ਦੇ ਅਫਸਰਾਂ ਤੇ ਜਵਾਨਾਂ ਲਈ ਇਹ ਸਿਰਫ ਸਮਰਥਨ ਦਾ ਕੰਮ ਨਹੀਂ, ਸਗੋਂ ਸਾਂਝੇ ਮਾਣ ਦੀ ਕਹਾਣੀ ਹੈ। ਸ਼ਵਾਨ ਲਈ, ਇਹ ਇੱਕ ਅਜਿਹੀ ਯਾਤਰਾ ਦੀ ਸ਼ੁਰੂਆਤ ਹੈ, ਜਿੱਥੇ ਉਸ ਦੀ ਬਹਾਦਰੀ ਨੂੰ ਅਵਸਰਾਂ ਨਾਲ ਜੋੜਿਆ ਜਾਵੇਗਾ।

# ਵਿਕਰਮ ਗਰਗ ਵਿੱਕੀ ਨੇ ਅਗਰਵਾਲ ਸਭਾ ਦੇ ਪ੍ਰਧਾਨ ਵਜੋਂ ਅਹੁਦਾ ਸੰਭਾਲਿਆ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਥਾਨਕ ਸੀਤਾਸਰ ਧਾਮ ਵਿਖੇ ਅਗਰਵਾਲ ਸਮਾਜ ਦਾ ਇੱਕ ਭਾਰੀ ਇਕੱਠ ਹੋਇਆ, ਜਿਸ ਵਿੱਚ ਅਗਰਵਾਲ ਸਭਾ (ਰਜਿ.) ਸੁਨਾਮ ਦੇ ਨਵ-ਨਿਯੁਕਤ ਪ੍ਰਧਾਨ ਵਿਕਰਮ ਗਰਗ ਵਿੱਕੀ ਸਾਬਕਾ ਕੌਂਸਲਰ ਨੇ ਸਭਾ ਦੀ ਪ੍ਰਧਾਨਗੀ ਦਾ ਅਹੁਦਾ ਸੰਭਾਲਿਆ ਤੇ ਆਪਣੀ ਨਵੀਂ ਟੀਮ ਦਾ ਐਲਾਨ ਕੀਤਾ।ਇਸ ਇਕੱਠ ਨੂੰ ਅਗਰ ਰਤਨ ਮਾਸਟਰ ਸ਼ਾਮ ਲਾਲ ਸਿੰਗਲਾ, ਅਗਰ ਰਤਨ ਕ੍ਰਿਸ਼ਨ ਸੰਦੋਹਾ, ਮਨਪ੍ਰੀਤ ਬਾਂਸਲ, ਯਸ਼ਪਾਲ ਮੰਗਲਾ ਤੇ ਜਤਿੰਦਰ ਜੈਨ ਨੇ ਸੰਬੋਧਨ ਕੀਤਾ। ਇਸ ਮੌਕੇ ਅਗਰਵਾਲ ਸਭਾ ਦੇ ਪ੍ਰਧਾਨ ਵਿਕਰਮ ਗਰਗ ਵਿੱਕੀ ਨੇ ਅਗਰਵਾਲ ਭਰਾਵਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਵੱਲੋਂ ਨੇੜਲੇ ਭਵਿੱਖ ਵਿੱਚ ਕੀਤੇ ਜਾਣ ਵਾਲੇ ਕੰਮਾਂ ਦਾ ਵੇਰਵਾ ਦੱਸਿਆ ਤੇ ਕਿਹਾ ਕਿ ਇਹ ਸਾਰੇ ਕੰਮ ਅਗਰਵਾਲ ਸਮਾਜ ਦੇ ਸਹਿਯੋਗ ਨਾਲ ਪੂਰੇ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਮੌਕੇ ਸੀਤਾਸਰ ਧਾਮ ਵਿਖੇ ਰਖਵਾਏ ਸ਼੍ਰੀ ਰਾਮਾਇਣ ਜੀ ਦੇ ਭੋਗ ਪਾਏ ਗਏ ਤੇ ਨਵੇਂ ਪ੍ਰਧਾਨ ਵਿਕਰਮ ਗਰਗ ਵਿੱਕੀ ਨੇ ਆਪਣੇ ਕੰਮ ਦੀ ਸ਼ੁਰੂਆਤ ਸ਼੍ਰੀ ਰਾਮ ਜੀ ਤੋਂ ਆਸ਼ੀਰਵਾਦ ਲੈ ਕੇ ਕੀਤੀ। ਇਸ ਮੌਕੇ ਮਾਸਟਰ ਸ਼ਾਮ ਲਾਲ ਸਿੰਗਲਾ ਨੂੰ ਚੀਫ ਅਡਵਾਈਜ਼ਰ, ਰਵੀ ਕਮਲ ਗੋਇਲ ਨੂੰ ਚੇਅਰਮੈਨ, ਮਨਪ੍ਰੀਤ ਬਾਂਸਲ ਨੂੰ ਚੀਫ ਪੈਟਰਨ, ਬਗੀਰਥ ਰਾਏ ਗੋਇਲ, ਵੇਦ ਪ੍ਰਕਾਸ਼ ਹੋਡਲਾ, ਕ੍ਰਿਸ਼ਨ ਸੰਦੋਹਾ, ਹਕੂਮਤ ਰਾਏ ਜਿੰਦਲ, ਹਰੀਦੇਵ ਗੋਇਲ, ਜਗਦੀਸ਼ ਚੰਦ ਸਿੰਗਲਾ ਤੇ ਯਸ਼ਪਾਲ ਸਿੰਗਲਾ ਨੂੰ ਸਰਪ੍ਰਸਤ ਬਣਾਇਆ ਗਿਆ।ਇਸ ਤੋਂ ਇਲਾਵਾ ਅਮਿਤ ਕਾਂਸਲ, ਧਰਮ ਪਾਲ ਗਰਗ ਛਾਹੜੀਆ, ਪ੍ਰਵੀਨ ਕੁਮਾਰ (ਬੂਟ ਹਾਊਸ), ਪ੍ਰੇਮ ਗੁਪਤਾ ਬੀ.ਕੇ.ਓ., ਸੁਰੇਸ਼ ਗੋਇਲ ਸ਼ਸ਼ੀ ਨੂੰ ਪੈਟਰਨ, ਕਮਲ ਗਰਗ ਗੁੱਜਰਾਂ ਨੂੰ ਚੇਅਰਮੈਨ ਡਾਇਰੈਕਟਰ ਬੋਰਡ, ਨਰੇਸ਼ ਜਖੇਪਲੀਆ ਨੂੰ ਚੇਅਰਮੈਨ ਅਡਵਾਈਜ਼ਰੀ ਬੋਰਡ ਨਿਯੁਕਤ ਕੀਤਾ ਗਿਆ ਤੇ ਕਮਲ ਅਗਰਵਾਲ, ਯਸ਼ਪਾਲ ਮੰਗਲਾ, ਰਾਮ ਲਾਲ ਰਾਮਾ ਆਲਮਪੁਰ ਤੇ ਆਰ. ਕੇ. ਗੋਇਲ ਨੂੰ ਸੀਨੀਅਰ ਮੀਤ ਪ੍ਰਧਾਨ, ਸ਼ਿਵ ਜਿੰਦਲ ਨੂੰ ਜਨਰਲ ਸਕੱਤਰ ਤੇ ਪ੍ਰਭਾਤ ਜਿੰਦਲ ਨੂੰ ਖਜ਼ਾਨਚੀ ਬਣਾਇਆ ਗਿਆ।ਇਨ੍ਹਾਂ ਤੋਂ ਇਲਾਵਾ ਆਰ. ਐੱਨ. ਕਾਂਸਲ ਤੇ ਰਾਜੀਵ ਸਿੰਗਲਾ ਨੂੰ ਮੀਡੀਆ ਸਕੱਤਰ, ਸੁਮਿਤ ਬੰਦਲਿਸ਼, ਮੁਨੀਸ਼ ਸੋਨੀ ਤੇ ਜਤਿੰਦਰ ਜੈਨ ਨੂੰ ਵਾਈਸ ਚੇਅਰਮੈਨ ਨਿਯੁਕਤ ਕੀਤਾ ਗਿਆ।ਇਸ ਤੋਂ ਇਲਾਵਾ ਰਾਜੀਵ ਬਿੰਦਲ, ਮੁਕੇਸ਼ ਗੋਇਲ, ਵਨੀਤ ਗਰਗ, ਚਰਨ ਦਾਸ ਗੋਇਲ, ਗੌਰਵ ਜਨਾਲੀਆ, ਡਾ. ਪ੍ਰਮੋਦ ਨੀਟੂ, ਮਨੀਸ਼ ਗਰਗ ਮੋਨੂੰ, ਕਰਨ ਗੋਇਲ ਕੰਨੂੰ ਨੂੰ ਜੁਆਇੰਟ ਸੈਕਟਰੀ, ਰਾਜਨ ਸਿੰਗਲਾ, ਸ਼੍ਰੀ ਕ੍ਰਿਸ਼ਨ ਗੋਇਲ ਤੇ ਇੰਜੀ. ਰਾਜੇਸ਼ ਗਰਗ ਨੂੰ ਜੁਆਇੰਟ ਕੈਸ਼ੀਅਰ ਬਣਾਇਆ ਗਿਆ ਹੈ।ਇਸ ਤੋਂ ਇਲਾਵਾ ਐਡਵੋਕੇਟ ਪ੍ਰਵੀਨ ਜੈਨ, ਬਿੱਟੂ ਚੌਧਰੀ, ਦੀਪਕ ਦੀਪੂ, ਗਿਆਨ ਚੰਦ ਫੀਡ ਵਾਲੇ, ਗੋਪਾਲ ਗੋਇਲ, ਜੀਵਨ ਰੋਕੀ, ਸੁਰਿੰਦਰ ਜਖੇਪਲ, ਸੰਜੀਵ ਪੱਪੀ, ਰਾਜ਼ੇਸ਼ ਕੁਮਾਰ, ਰਾਜਿੰਦਰ ਬਬਲੀ, ਰਾਜੀਵ ਗਰਗ, ਰਾਕੇਸ਼ ਜਿੰਦਲ ਕਾਕਾ, ਰਾਜੀਵ ਮੱਖਣ, ਰਾਮ ਲਾਲ ਤਾਇਲ, ਸੰਦੀਪ ਜਿੰਦਲ, ਸਤੀਸ਼ ਮਿੱਤਲ, ਅਜੇ ਜਿੰਦਲ ਮਸਤਾਨੀ, ਸੁਰੇਸ਼ ਬਾਂਸਲ, ਵਿਨੋਦ ਕੁਮਾਰ, ਡਾ. ਸੱਤਪਾਲ ਗਰਗ, ਕੇਵਲ ਕ੍ਰਿਸ਼ਨ ਗੋਇਲ ਮੈਨੇਜਰ, ਲਾਜਪਤ ਰਾਏ ਗਰਗ ਤੇ ਰਜਨੀਸ਼ ਰਿੰਕੂ ਗਰਗ ਨੂੰ ਵਾਈਸ ਪ੍ਰਧਾਨ ਬਣਾਇਆ ਗਿਆ ਹੈ।ਇਨ੍ਹਾਂ ਤੋਂ ਇਲਾਵਾ ਲਗਭਗ 50 ਸਾਥੀ ਸਲਾਹਕਾਰ ਬੋਰਡ ਦੇ ਮੈਂਬਰ ਬਣਾਏ ਗਏ ਹਨ।ਇਸ ਮੌਕੇ ਭਾਰੀ ਗਿਣਤੀ ਵਿੱਚ ਅਗਰਵਾਲ ਭੈਣ-ਭਰਾ ਹਾਜ਼ਰ ਸਨ।

# ਸਾਡੇ ਖਿਡਾਰੀ ਰੰਗਲਾ ਪੰਜਾਬ ਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਬ੍ਰਾਂਡ ਅੰਬੈਸਡਰ : ਸਿਹਤ ਮੰਤਰੀ

## ਫੌਜਾ ਸਿੰਘ ਸਾਡੇ ਖਿਡਾਰੀਆਂ ਦੇ ਰੋਲ ਮਾਡਲ ਬਣੇ ਰਹਿਣਗੇ : ਡਾ. ਬਲਬੀਰ ਸਿੰਘ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਾਡੇ ਖਿਡਾਰੀ ਪੰਜਾਬ ਸਰਕਾਰ ਵੱਲੋਂ ਰਾਜ ਨੂੰ ਨਸ਼ਾ ਮੁਕਤ ਕਰਨ ਲਈ ਅਰੰਭੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਰੰਗਲਾ ਪੰਜਾਬ ਦੇ ਬ੍ਰਾਂਡ ਅੰਬੈਸਡਰ ਹਨ।ਸਿਹਤ ਮੰਤਰੀ ਇੱਥੇ ਪੰਜਾਬ ਗਰੈਪਲਿੰਗ ਕਮੇਟੀ ਵੱਲੋਂ ਪੀ ਐੱਮ ਸ੍ਰੀ ਸਰਕਾਰੀ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਰਵਾਏ ਗਏ ਗਰੈਪਲਿੰਗ (ਰੈਸਲਿੰਗ) ਦੇ ਰਾਜ ਪੱਧਰੀ ਟੂਰਨਾਮੈਂਟ ਦੇ ਜੇਤੂਆਂ ਨੂੰ ਸਨਮਾਨ ਕਰਨ ਪੁੱਜੇ ਹੋਏ ਸਨ।ਇਸ ਮੌਕੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ 114 ਸਾਲਾਂ ਦੇ ਮੈਰਾਥਾਨ ਰਨਰ ਫ਼ੌਜਾ ਸਿੰਘ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਫ਼ੌਜਾ ਸਿੰਘ ਸਾਡੇ ਖਿਡਾਰੀਆਂ ਤੇ ਨੌਜਵਾਨਾਂ ਦੇ ਸਦਾ ਰੋਲ ਮਾਡਲ ਬਣੇ ਰਹਿਣਗੇ, ਇਸ ਲਈ ਸਾਰੇ ਨੌਜਵਾਨ ਦਬਾਅ ਕੇ ਮਿਹਨਤ ਕਰਨ ਤੇ ਖੇਡਾਂ ਵਿੱਚ ਨਾਮਣਾ ਖੱਟਣ।ਉਨ੍ਹਾਂ ਦੱਸਿਆ ਕਿ ਹੁਣ ਮੈਡੀਕਲ ਤੇ ਇੰਜੀਨੀਅਰਿੰਗ ਸਮੇਤ ਹੋਰ ਕਿੱਤਿਆਂ ਦੀ ਤਰ੍ਹਾਂ ਪੰਜਾਬ ਸਰਕਾਰ ਦੀ ਸਿੱਖਿਆ ਤੇ ਖੇਡ ਨੀਤੀ ਕਰਕੇ ਖੇਡਾਂ ਵੀ ਹੁਣ ਚੰਗਾ ਕੈਰੀਅਰ ਬਣ ਗਈਆਂ ਹਨ, ਜਿਸ ਲਈ ਨੌਜਵਾਨ ਮੈਡਲ ਜਿੱਤ ਕੇ ਲਿਆਉਣ ਤਾਂ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਉਨ੍ਹਾਂ ਨੂੰ ਨੌਕਰੀਆਂ ਵੀ ਦੇਵੇਗੀ ਤੇ ਨਗਦ ਇਨਾਮ ਵੀ ਦੇਵੇਗੀ।ਡਾ. ਬਲਬੀਰ ਸਿੰਘ ਨੇ ਰਾਜ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤੇ ਰੰਗਲਾ ਪੰਜਾਬ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਹੁਣ ਪੰਜਾਬ ਦੇ ਹਰ ਪਿੰਡ ਚ ਖੇਡ ਦੇ ਮੈਦਾਨ ਬਣਾਏ ਜਾ ਰਹੇ ਹਨ।ਉਨ੍ਹਾਂ ਹਾਕੀ ਤੇ ਕ੍ਰਿਕਟ ਸਮੇਤ ਕਈ ਹੋਰ ਖੇਡਾਂ ਦੇ ਨਾਮਵਰ ਪੰਜਾਬੀ ਖਿਡਾਰੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਡੇ ਖਿਡਾਰੀਆਂ ਨੇ ਪੰਜਾਬ ਦਾ ਨਾਮ ਕੌਮੀ ਤੇ ਕੌਮਾਂਤਰੀ ਪੱਧਰ ਉੱਤੇ ਚਮਕਾਇਆ ਹੈ।ਪੰਜਾਬ ਗਰੈਪਲਿੰਗ ਕਮੇਟੀ ਦੇ ਚੇਅਰਮੈਨ ਸ਼ੁਭਮ ਚੌਧਰੀ ਤੇ ਪੰਜਾਬ ਪ੍ਰਧਾਨ ਅਕਸ਼ੇ ਤਿਵਾੜੀ ਨੇ ਦੱਸਿਆ ਕਿ ਰੈਸਲਿੰਗ ਫੈਡਰੇਸ਼ਨ ਆਫ਼ ਇੰਡੀਆ ਦੀ ਰਹਿਨੁਮਾਈ ਹੇਠ ਰਾਜ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਉਨ੍ਹਾਂ ਦੀ ਜਥੇਬੰਦੀ ਵੱਲੋਂ ਗਰੈਪਲਿੰਗ ਰੈਸਲਿੰਗ ਦੀ ਤਰ੍ਹਾਂ ਦੀ ਹੀ ਇੱਕ ਜਾਨਦਾਰ ਖੇਡ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ।ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਵਿਜੇ ਕਪੂਰ ਨੇ ਵੀ ਸਿਹਤ ਮੰਤਰੀ ਦਾ ਸਵਾਗਤ ਕੀਤਾ।

## ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਮੈਂਬਰ ਪਾਰਲੀਮੈਂਟ ਨੂੰ ਦਿੱਤਾ ਮੰਗ ਪੱਤਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਸੀਟੂ ਜ਼ਿਲ੍ਹਾ ਪਟਿਆਲਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸ਼ਾਂਤੀ ਦੇਵੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾਈ ਪ੍ਰਧਾਨ ਹਰਜੀਤ ਕੌਰ ਪੰਜੋਲਾ, ਵਿੱਤ ਸਕੱਤਰ ਅੰਮ੍ਰਿਤਪਾਲ ਕੌਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਉਨ੍ਹਾਂ ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਲਗਾਤਾਰ ਬਿਨਾਂ ਹਥਿਆਰ ਦਿੱਤੇ ਆਂਗਣਵਾੜੀ ਵਰਕਰਾਂ ਉੱਤੇ ਦਬਾਓ ਸਬੰਧੀ ਗੱਲਬਾਤ ਕੀਤੀ।ਉਨ੍ਹਾਂ ਕਿਹਾ ਕਿ ਇੱਕ ਪਾਸੇ ਕੇਂਦਰ ਪੋਸ਼ਣ ਅਭਿਆਨ ਚਲਾ ਰਹੀ ਹੈ, ਪਰ ਦੂਜੇ ਪਾਸੇ ਦੋਹਰੀ ਪਹਿਚਾਣ ਪ੍ਰਣਾਲੀ ਅਪਣਾ ਕੇ ਹੱਕਦਾਰਾਂ ਨੂੰ ਹੱਕਾਂ ਤੋਂ ਵਾਂਝਿਆਂ ਵੀ ਕਰ ਰਹੀ ਹੈ, ਜਿਸ ਦੀ ਆਵਾਜ਼ ਉਠਾਉਣ ਲਈ ਆਲ ਇੰਡੀਆ ਫੈਡਰੇਸ਼ਨ ਵੱਲੋਂ ਦਿੱਤੇ ਸੱਦੇ ਅਨੁਸਾਰ ਮੈਂਬਰ ਪਾਰਲੀਮੈਂਟ ਡਾ: ਧਰਮਵੀਰ ਗਾਂਧੀ ਨੂੰ ਸੰਸਦ ਵਿੱਚ ਆਵਾਜ਼ ਉਠਾਉਣ ਲਈ ਬੇਨਤੀ ਪੱਤਰ ਦਿੱਤਾ ਗਿਆ।ਬੇਨਤੀ ਪੱਤਰ ਦਿੰਦੇ ਹੋਏ ਮੰਗ ਕੀਤੀ ਗਈ ਕਿ ਬਿਨਾਂ ਮੋਬਾਈਲ ਦਿੱਤੇ ਆਂਗਣਵਾੜੀ ਵਰਕਰਾਂ ਨੂੰ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ।ਉਨ੍ਹਾਂ ਕਿਹਾ ਕਿ 166 ਰੁਪਏ ਵਿੱਚ ਮੋਬਾਇਲ ਰਿਚਾਰਜ ਨਹੀਂ ਹੁੰਦੇ, ਕੋਈ ਵੀ ਕੰਪਨੀ 166 ਰੁਪਏ ਵਿੱਚ ਮਹੀਨੇ ਦਾ ਰਿਚਾਰਜ ਨਹੀਂ ਕਰਦੀ ਅਤੇ ਬਿਨਾਂ ਮੋਬਾਇਲ ਜਾਂ ਲੈਪਟਾਪ ਦਾ ਪ੍ਰਬੰਧ ਕੀਤੇ ਵਿਭਾਗ ਵੱਲੋਂ ਲਗਾਤਾਰ ਤਾੜਨਾ ਦਿੱਤੀ ਜਾ ਰਹੀ ਹੈ, ਜੋ ਕਿ ਅੱਤ ਨਿੰਦਣਯੋਗ ਕਾਰਜ ਹੈ।ਸੀਡੀਪੀਓ ਸੁਪਰਵਾਈਜ਼ਰ ਵੱਖ ਵੱਖ ਤਰ੍ਹਾਂ ਦੇ ਦਬਾਓ ਬਣਾਉਂਦੇ ਹਨ ਤੇ ਬਹੁਤ ਸਾਰੇ ਸੀਡੀਪੀਓਜ਼ ਵੱਲੋਂ ਮਾਨਭੱਤਾ ਤੱਕ ਰੋਕਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।ਇਸ ਮੌਕੇ ਸੰਸਦ ਮੈਂਬਰ ਡਾਕਟਰ ਧਰਮਵੀਰ ਨੇ ਸਾਡੇ ਸਵਾਲ ਨੂੰ ਸੰਸਦ ਵਿੱਚ ਉਠਾਉਣ ਦਾ ਪੂਰਾ ਵਿਸ਼ਵਾਸ ਦਿੱਤਾ।ਇਸ ਪ੍ਰੋਗਰਾਮ ਵਿੱਚ ਅਮਨਦੀਪ ਸ਼ਰਮਾ, ਮਾਇਆ ਕੌਰ, ਲਖਵੀਰ ਕੌਰ ਨਾਭਾ, ਧਰਮ ਕੌਰ, ਅਮਰਜੀਤ ਕੌਰ, ਪਰਮਿੰਦਰ ਕੌਰ, ਰਣਵੀਰ ਕੌਰ, ਲਖਬੀਰ ਕੌਰ, ਰਮਨਦੀਪ ਕੌਰ, ਵੀਰਪਾਲ ਕੌਰ, ਪਰਮਜੀਤ ਕੌਰ, ਕਮਲਜੀਤ ਕੌਰ ਰੂਰਲ ਸ਼ਾਮਲ ਹੋਏ।

## ਬੈਂਕ ਕਰਮਚਾਰੀਆਂ ਨੇ 56ਵਾਂ ਬੈਂਕ ਰਾਸ਼ਟਰੀਕਰਨ ਦਿਵਸ ਮਨਾਇਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਦੇਸ਼ ਭਰ ਦੇ ਬੈਂਕ ਕਰਮਚਾਰੀਆਂ ਵੱਲੋਂ 56ਵਾਂ ਬੈਂਕ ਰਾਸ਼ਟਰੀਕਰਨ ਦਿਵਸ ਮਨਾਇਆ ਗਿਆ।ਆਲ ਇੰਡੀਆ ਬੈਂਕ ਇੰਪਲਾਈਜ਼ ਐਸੋਸੀਏਸ਼ਨ ਦੇ ਬੈਨਰ ਹੇਠ ਪੰਜਾਬ ਬੈਂਕ ਇੰਪਲਾਈਜ਼ ਫੈਡਰੇਸ਼ਨ ਦੀ ਸਥਾਨਕ ਇਕਾਈ ਨੇ ਪ੍ਰਭਾਤ ਪਰਵਾਨਾ ਮੈਮੋਰੀਅਲ ਟ੍ਰੇਡ ਯੂਨੀਅਨ ਸੈਂਟਰ, ਪਟਿਆਲਾ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ।ਇਸ ਮੌਕੇ ਫੈਡਰੇਸ਼ਨ ਦੇ ਆਗੂਆਂ ਵਿੱਚ ਐੱਸ.ਕੇ. ਗੌਤਮ ਪ੍ਰਧਾਨ ਪੰਜਾਬ ਬੈਂਕ ਇੰਪਲਾਈਜ਼ ਫੈਡਰੇਸ਼ਨ, ਸੰਜੀਵ ਪ੍ਰਾਸ਼ਰ ਡਿਪਟੀ ਜਨਰਲ ਸਕੱਤਰ, ਤਰੁਣ ਕੌੜਾ ਪ੍ਰਧਾਨ ਐੱਸ ਬੀ ਆਈ ਈ ਯੂ ਚੰਡੀਗੜ੍ਹ ਸਰਕਲ, ਲਵਲੀਨ ਸੈਣੀ, ਚੇਅਰਮੈਨ, ਹਰਜੀਤ ਸਿੰਘ, ਉਪ ਪ੍ਰਧਾਨ, ਬਲਬੀਰ ਸ਼ਰਮਾ, ਉਪ ਪ੍ਰਧਾਨ, ਰਾਜਕ ਮੁਹੰਮਦ, ਉਪ ਪ੍ਰਧਾਨ, ਸਨਮੀਤ ਸਿੰਘ, ਉਪ ਸਕੱਤਰ, ਦੇਵ ਰਾਜ, ਸੰਗਠਨ ਸਕੱਤਰ, ਪਰਮਜੀਤ ਸੱਭਰਵਾਲ, ਸੰਗਠਨ ਸਕੱਤਰ, ਦਿਵਿਆ ਪਾਲ ਸਿੰਘ, ਖਜ਼ਾਨਚੀ, ਅਮਰੀਕ ਸਿੰਘ, ਪੁਨੀਤ ਵਿੱਠਲ, ਵਿਨਰ ਗੁਪਤਾ, ਐੱਸ.ਐੱਸ. ਗਿੱਲ, ਵਰਿੰਦਰ ਸ਼ਰਮਾ, ਕੰਵਲਜੀਤ ਸਿੰਘ, ਗ੍ਰਾਫਿਕ ਸ਼ਰਮਾ, ਮਨਦੀਪ ਸ਼ਰਮਾ, ਨਿਤਿਨ ਜੈਨ, ਸ਼ਬੀਨਾ ਰਫੀਕ, ਸਿਮਰਨਜੀਤ ਸਿੰਘ ਲੂਥਰਾ ਵੀ ਮੌਜੂਦ ਸਨ।ਇਸ ਮੌਕੇ ਐੱਸ. ਕੇ. ਗੌਤਮ ਨੇ 1969 ਵਿੱਚ ਰਾਸ਼ਟਰੀਕਰਨ ਤੋਂ ਬਾਅਦ ਜਨਤਕ ਖੇਤਰ ਦੇ ਬੈਂਕਾਂ ਦੀ ਭੂਮਿਕਾ 'ਤੇ ਚਾਨਣਾ ਪਾਇਆ ਤੇ ਦੱਸਿਆ ਕਿ ਭਾਰਤ ਵਿੱਚ ਕੁੱਲ ਬੈਂਕ ਸ਼ਾਖਾਵਾਂ 8,200 ਸਨ ਤੇ ਹੁਣ 90,000 ਹਨ। ਕੁੱਲ ਜਮ੍ਹਾਂ ਰਾਸ਼ੀ 5000 ਕਰੋੜ ਰੁਪਏ ਸੀ, ਜੋ ਹੁਣ 140 ਲੱਖ ਕਰੋੜ ਰੁਪਏ ਹੈ, ਦਿੱਤੇ ਗਏ ਕੁੱਲ ਕਰਜ਼ੇ ਸਿਰਫ 3500 ਕਰੋੜ ਰੁਪਏ ਸਨ, ਜੋ ਹੁਣ 110 ਲੱਖ ਕਰੋੜ ਰੁਪਏ ਹਨ।ਪਿਛਲੇ ਦੋ ਦਹਾਕਿਆਂ ਵਿੱਚ ਨਿੱਜੀ ਕਾਰਪੋਰੇਟ ਕੰਪਨੀਆਂ ਨੂੰ ਦਿੱਤੇ ਗਏ ਵੱਡੇ ਕਰਜ਼ੇ ਮਾੜੇ ਕਰਜ਼ਿਆਂ ਵਿੱਚ ਬਦਲ ਗਏ ਹਨ ਤੇ ਬੈਂਕਾਂ 'ਤੇ ਵੱਡੇ ਗੈਰ-ਪ੍ਰਦਰਸ਼ਨ ਸੰਪਤੀਆਂ ਦਾ ਬੋਝ ਹੈ।ਉਨ੍ਹਾਂ ਦੱਸਿਆ ਕਿ ਇਨ੍ਹਾਂ ਕਰਜ਼ਿਆਂ ਦੀ ਵਸੂਲੀ ਲਈ ਡਿਫਾਲਟ ਕੰਪਨੀਆਂ 'ਤੇ ਸਖ਼ਤ ਕਾਰਵਾਈ ਕਰਨ ਦੀ ਬਜਾਏ, ਉਨ੍ਹਾਂ ਨੂੰ ਵੱਡੀਆਂ ਰਿਆਇਤਾਂ ਦਿੱਤੀਆਂ ਗਈਆਂ ਹਨ ਅਤੇ ਬੈਂਕਾਂ ਨੂੰ ਭਾਰੀ ਨੁਕਸਾਨ ਤੇ ਨੁਕਸਾਨ ਹੋ ਰਿਹਾ ਹੈ।ਅਡਾਨੀ ਸਮੂਹ ਦੁਆਰਾ 61,832 ਕਰੋੜ ਰੁਪਏ ਦੀਆਂ 10 ਐਨ.ਪੀ.ਏ. ਕੰਪਨੀਆਂ ਨੂੰ ਸਿਰਫ਼ 15,977 ਰੁਪਏ ਦੇ 74% ਵਾਲਕਟ ਲਈ ਆਪਣੇ ਕਬਜ਼ੇ ਵਿੱਚ ਲੈ ਲਿਆ ਗਿਆ ਹੈ। ਸੰਜੀਵ ਪ੍ਰਾਸ਼ਰ, ਡਿਪਟੀ ਜਨਰਲ ਸਕੱਤਰ ਪੀਬੀਈਐਫ ਨੇ ਦੱਸਿਆ ਕਿ ਬੈਂਕ ਲੋਕਾਂ ਦੇ ਪੈਸੇ ਤੇ ਮਿਹਨਤ ਨਾਲ ਕਮਾਏ ਬੱਚਤ ਦੀ ਨੁਮਾਇੰਦਗੀ ਕਰਦੇ ਹਨ।ਇਹ ਕੀਮਤੀ ਪੈਸਾ ਜਨਤਕ ਭਲਾਈ ਤੇ ਲੋਕਾਂ ਦੇ ਹਿੱਤ ਲਈ ਉਪਲਬਧ ਹੋਣਾ ਚਾਹੀਦਾ ਹੈ, ਪਰ ਅਸੀਂ ਦੇਖਦੇ ਹਾਂ ਕਿ ਮਾੜੇ ਕਰਜ਼ਿਆਂ, ਪ੍ਰੋਵੀਜ਼ਨਾਂ, ਰਾਈਟ ਆਫ ਤੇ ਬੈਂਕਾਂ ਲਈ ਵੱਡੇ ਨੁਕਸਾਨ ਦੇ ਨਾਮ 'ਤੇ ਦਿਨ-ਦਿਹਾੜੇ ਲੁੱਟ ਹੋ ਰਹੀ ਹੈ।ਲੋਕਾਂ ਦੇ ਪੈਸੇ ਦੀ ਵਰਤੋਂ ਸਾਡੇ ਦੇਸ਼ ਵਿੱਚ ਕਰੋਨੀ ਪੂੰਜੀਵਾਦ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਮੌਕੇ ਤਰੁਣ ਕੌੜਾ ਪ੍ਰਧਾਨ ਐੱਸ ਬੀ ਆਈ ਈ ਯੂ (ਚੰਡੀਗੜ੍ਹ ਸਰਕਲ) ਨੇ ਜਨਤਕ ਖੇਤਰ ਦੇ ਬੈਂਕਾਂ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ, ਕਿਉਂਕਿ ਲੋਕਾਂ ਦਾ ਪੈਸਾ ਰਾਸ਼ਟਰੀਕ੍ਰਿਤ ਬੈਂਕਾਂ ਵਿੱਚ ਸੁਰੱਖਿਅਤ ਹੈ।

## ਵਿਧਾਇਕ ਬਾਜ਼ੀਗਰ ਨੇ ਧੂਹੜ 'ਚ ਰੱਖਿਆ ਵਿਕਾਸ ਕਾਰਜਾਂ ਦਾ ਨੀਂਹ ਪੱਥਰ

■ ਸੜਕਾਂ ਦੀ ਮੁਰੰਮਤ ਦਾ ਕੰਮ ਅਗਲੇ ਮਹੀਨੇ ਤੋਂ ਸ਼ੁਰੂ ਹੋਵੇਗਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਹਲਕੇ ਦੇ ਪਿੰਡ ਧੂਹੜ ਵਿਖੇ 58 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕੰਮਾਂ ਦਾ ਨੀਂਹ ਪੱਥਰ ਰੱਖਿਆ।ਨੀਂਹ ਪੱਥਰ ਰੱਖਣ ਉਪਰੰਤ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ 2.5 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ।ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਪਹਿਲ ਦੇ ਰਹੀ ਹੈ।ਉਨ੍ਹਾਂ ਕਿਹਾ ਕਿ ਪਿੰਡ ਧੂਹੜ ਵਿਖੇ ਬਣਨ ਵਾਲੀ 1300 ਫੁੱਟ ਲੰਬੀ ਤੇ 27 ਫੁੱਟ ਚੌੜੀ ਗਲੀ ਦਾ ਕੰਮ ਪਹਿਲ ਦੇ ਅਧਾਰ 'ਤੇ ਕੀਤਾ ਜਾ ਰਿਹਾ ਹੈ, ਜਦੋਂਕਿ ਪਿੰਡ ਵਿਚਲੇ ਛੱਪੜ ਦੇ ਸੁੰਦਰੀਕਰਨ ਲਈ 35 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।ਇਸ ਤੋਂ ਇਲਾਵਾ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਤੇ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਪਿੰਡ ਵਿੱਚ ਆਧੁਨਿਕ ਸਹੂਲਤਾਂ ਨਾਲ ਲੈਸ ਇੱਕ ਖੇਡ ਸਟੇਡੀਅਮ ਵੀ ਬਣਾਇਆ ਜਾਵੇਗਾ, ਜਿਸ ਲਈ 35 ਲੱਖ ਰੁਪਏ ਵੀ ਮਨਜ਼ੂਰ ਕੀਤੇ ਗਏ ਹਨ।

ਵਿਧਾਇਕ ਨੇ ਐਲਾਨ ਕੀਤਾ ਕਿ ਹਲਕਾ ਸ਼ੁਤਰਾਣਾ ਖੇਤਰ ਦੀਆਂ ਸਾਰੀਆਂ ਟੁੱਟੀਆਂ ਸੜਕਾਂ ਦੀ ਮੁਰੰਮਤ ਤੇ ਪੁਨਰ ਨਿਰਮਾਣ ਦਾ ਕੰਮ ਅਗਲੇ ਮਹੀਨੇ ਤੋਂ ਸ਼ੁਰੂ ਕਰ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪਿੰਡ-ਪਿੰਡ ਜਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾ ਰਹੀਆਂ ਹਨ ਤੇ ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ। ਇਸ ਦੌਰਾਨ ਪਿੰਡ ਦੇ ਸਰਪੰਚ ਸਤਿਗੁਰ ਸਿੰਘ ਨੇ ਧੰਨਵਾਦ ਕਰਦਿਆਂ ਕਿਹਾ ਕਿ ਇਸ ਗਲੀ ਦੇ ਨਿਰਮਾਣ ਨਾਲ ਪਿੰਡ ਵਾਸੀਆਂ, ਖਾਸ ਕਰਕੇ ਬੱਚਿਆਂ ਤੇ ਬਜ਼ੁਰਗਾਂ ਨੂੰ ਰਾਹਤ ਮਿਲੇਗੀ।ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਬਘੇਲ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਵਿਕਾਸ ਕਾਰਜ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੀਤੇ ਜਾ ਰਹੇ ਹਨ ਅਤੇ ਸਾਰੇ ਕੰਮਾਂ ਵਿੱਚ ਪਾਰਦਰਸ਼ਤਾ ਤੇ ਗੁਣਵੱਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਚਾਇਤ ਸਕੱਤਰ ਜਸਪਾਲ ਸਿੰਗਲਾ, ਆਪ ਆਗੂ ਗੋਲਡੀ ਬਰਾਸ ਤੇ ਕੁਲਦੀਪ ਸਿੰਘ ਬਿੱਟੂ ਬੰਦੇਸ਼ਾਂ ਆਦਿ ਹਾਜ਼ਰ ਸਨ।

## ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਮਹਾਵੀਰ ਮੰਦਰ 'ਚ ਤੁਲਸੀ ਵੰਡ ਸਮਾਗਮ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਸ਼ਹਿਰ ਦੀ ਭਾਰਤ ਵਿਕਾਸ ਪ੍ਰੀਸ਼ਦ ਸ਼ਾਖਾ ਵੱਲੋਂ ਸ੍ਰੀ ਸਨਾਤਨ ਧਰਮ ਮਹਾਵੀਰ ਮੰਦਿਰ ਤੂੜੀ ਬਾਜ਼ਾਰ ਵਿਖੇ ਤੁਲਸੀ ਵੰਡ ਦਾ ਇੱਕ ਸ਼ਾਨਦਾਰ ਸਮਾਗਮ ਕੀਤਾ ਗਿਆ। ਇਸ ਮੌਕੇ ਪ੍ਰੀਸ਼ਦ ਦੇ ਮੈਂਬਰਾਂ ਨੇ ਵੱਡੇ ਉਤਸ਼ਾਹ ਨਾਲ ਹਿੱਸਾ ਲਿਆ। ਸਮਾਗਮ ਦੌਰਾਨ ਗੁਲਸ਼ਨ ਧਵਨ ਤੇ ਲੱਕੀ ਸ਼ਰਮਾ ਨੇ ਆਪਣੇ ਮਨਮੋਹਕ ਭਜਨਾਂ ਨਾਲ ਮੰਦਿਰ ਵਿੱਚ ਰੂਹਾਨੀ ਮਾਹੌਲ ਸਿਰਜਿਆ, ਜਿਸ ਨੇ ਸੰਗਤ ਨੂੰ ਪ੍ਰਭਾਵਿਤ ਕੀਤਾ। ਤੁਲਸੀ ਦੇ ਪੌਦਿਆਂ ਦੀ ਮਹੱਤਤਾ ਬਾਰੇ ਸੁਰੇਸ਼ ਸ਼ਰਮਾ ਤੇ ਸਤੀਸ਼ ਪੁਰੀ ਨੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ, ਜਿਸ ਵਿੱਚ ਤੁਲਸੀ ਦੇ ਧਾਰਮਿਕ ਤੇ ਵਾਤਾਵਰਣ ਸੰਬੰਧੀ ਲਾਭਾਂ ਨੂੰ ਉਜਾਗਰ ਕੀਤਾ ਗਿਆ। ਸਮਾਗਮ ਵਿੱਚ ਵੱਡੀ ਗਿਣਤੀ 'ਚ ਸ਼ਰਧਾਲੂਆਂ ਨੇ ਸ਼ਿਰਕਤ ਕੀਤੀ ਅਤੇ ਉਨ੍ਹਾਂ ਨੂੰ ਤੁਲਸੀ ਦੇ ਪੌਦੇ ਵੰਡੇ ਗਏ। ਇਸ ਪ੍ਰੋਗਰਾਮ ਵਿੱਚ ਸੁਖਵਿੰਦਰ ਬੇਰੀ, ਸੁਨੀਤਾ ਖੰਨਾ ਤੇ ਮਹਾਵੀਰ ਮੰਦਰ ਕਮੇਟੀ ਨੇ ਪੌਦਿਆਂ ਦੀ ਵੰਡ ਲਈ ਵਿਸ਼ੇਸ਼ ਸਹਿਯੋਗ ਪ੍ਰਦਾਨ ਕੀਤਾ। ਸਮਾਗਮ ਵਿੱਚ ਸ਼ਿਆਮ ਲਾਲ ਕੱਕੜ, ਵੇਦ ਕੋਛੜ, ਸੁਰਿੰਦਰ ਅਗਰਵਾਲ, ਪ੍ਰਕਾਸ਼ ਚੰਦ, ਨਿਰਮਲਜੀਤ, ਜੋਗਿੰਦਰ ਕੱਕੜ, ਚਰਨਜੀਤ ਮਹਾਜਨ, ਸੁਸ਼ੀਲ ਸੇਠੀ, ਤਰਸੇਮ ਗਰੋਵਰ, ਪ੍ਰਵੇਸ਼ ਕੁਮਾਰ, ਸ਼ਕਤੀ ਚੋਪੜਾ, ਨਰੇਸ਼ ਗਰੋਵਰ, ਸਰੋਜ ਆਹੂਜਾ, ਕਾਂਤਾ ਮੈਣੀ, ਸਰੋਜ ਹਾਂਡਾ, ਵੀਨੂ ਅਰੋੜਾ, ਸੁਨੀਤਾ ਖੰਨਾ ਤੇ ਮੰਦਰ ਦੇ ਪ੍ਰਧਾਨ ਪ੍ਰਿਥਵੀ ਰਾਜ ਪੁੱਗਲ ਤੇ ਕਮੇਟੀ ਦੇ ਹੋਰ ਮੈਂਬਰ ਸ਼ਾਮਲ ਸਨ। ਇਸ ਮੌਕੇ ਪ੍ਰੀਸ਼ਦ ਦੇ ਸਕੱਤਰ ਸ਼ਵਿੰਦਰ ਮਛਰਾਲ ਨੇ ਨਵੇਂ ਮੈਂਬਰ ਸੰਜੀਵ ਕੱਕੜ ਨੂੰ ਪ੍ਰੀਸ਼ਦ ਦੇ ਹੋਰ ਮੈਂਬਰਾਂ ਨਾਲ ਜਾਣ-ਪਛਾਣ ਕਰਵਾਈ। ਸਮਾਗਮ ਨੇ ਸਮਾਜ ਵਿੱਚ ਤੁਲਸੀ ਦੀ ਮਹੱਤਤਾ ਤੇ ਵਾਤਾਵਰਣ ਸੰਭਾਲ ਦਾ ਸੁਨੇਹਾ ਪ੍ਰਚਾਰਿਆ।

## ਤੰਬਾਕੂਨੋਸ਼ੀ ਦੇ ਗਲਤ ਪ੍ਰਭਾਵਾਂ ਸੰਬੰਧੀ ਕੀਤਾ ਜਾਗਰੂਕ ਤੇ ਚਲਾਨ ਕੱਟੇ



**ਸ਼ੇਰਪੁਰ (ਰਵੀ ਟਿੱਬਾ)**-ਸਿਹਤ ਵਿਭਾਗ ਦੀ ਟੀਮ ਵੱਲੋਂ ਤੰਬਾਕੂਨੋਸ਼ੀ ਦੇ ਗਲਤ ਪ੍ਰਭਾਵਾਂ ਸਬੰਧੀ ਜਾਗਰੂਕ ਕੀਤਾ ਗਿਆ ਤੇ ਕੋਟਪਾ ਐਕਟ 2003 ਦੀ ਪਾਲਣਾ ਕਰਦੇ ਹੋਏ ਪੀ.ਐੱਚ.ਸੀ. ਫਤਿਹਗੜ੍ਹ ਪੰਜਗਰਾਈਆਂ ਅਧੀਨ ਪੈਂਦੇ ਪਿੰਡ ਕੁਠਾਲਾ, ਸ਼ੇਰਗੜ੍ਹ ਚੀਮਾ ਤੇ ਸੰਦੌੜ ਵਿਖੇ ਚਲਾਨ ਕੱਟੇ ਗਏ।ਇਸ ਮੌਕੇ ਬਲਾਕ ਐਜੂਕੇਟਰ ਜਗਸੀਰ ਸਿੰਘ ਟਿੱਬਾ ਤੇ ਹੈਲਥ ਇੰਸਪੈਕਟਰ ਗੁਲਜ਼ਾਰ ਖਾਨ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੋਈ ਵੀ ਵਿਅਕਤੀ ਕਿਸੇ ਵੀ ਜਨਤਕ ਥਾਂ ਜਿਵੇਂ ਬੱਸ ਸਟੈਂਡ, ਰੇਲਵੇ ਸਟੇਸ਼ਨ, ਸਿੱਖਿਆ ਸੰਸਥਾ ਆਦਿ ਵਿੱਚ ਤੰਬਾਕੂਨੋਸ਼ੀ ਨਹੀਂ ਕਰ ਸਕਦਾ।18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਤੰਬਾਕੂ ਉਤਪਾਦ ਵੇਚਣ ਦੀ ਮਨਾਹੀ ਹੈ, ਕਿਸੇ ਵੀ ਵਿੱਦਿਅਕ ਜਾਂ ਧਾਰਮਿਕ ਸੰਸਥਾ ਦੇ 100 ਮੀਟਰ ਦੇ ਦਾਇਰੇ ਅੰਦਰ ਨਾ ਤੰਬਾਕੂ ਉਤਪਾਦ ਵੇਚਿਆ ਜਾ ਸਕਦਾ ਹੈ ਤੇ ਨਾ ਹੀ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ, ਤੰਬਾਕੂ ਉਤਪਾਦ ਨੂੰ ਉਤਸ਼ਾਹਤ ਕਰਨ ਵਾਲੇ ਵਿਗਿਆਪਨ ਨਹੀਂ ਦਿੱਤੇ ਜਾ ਸਕਦੇ।ਉਨ੍ਹਾਂ ਕਿਹਾ ਕਿ ਤੰਬਾਕੂ ਦੀ ਵਰਤੋਂ ਨਾਲ ਵੱਖ-ਵੱਖ ਤਰ੍ਹਾਂ ਦੀਆਂ ਬਿਮਾਰੀਆਂ ਜਿਵੇਂ ਕੈਂਸਰ, ਫੇਫੜਿਆਂ ਦੀਆਂ ਬਿਮਾਰੀਆਂ ਤੇ ਹਾਰਟ ਅਟੈਕ ਆਦਿ ਦਾ ਖਤਰਾ ਵੱਧ ਜਾਂਦਾ ਹੈ।ਇਸ ਲਈ ਤੰਬਾਕੂ ਦੇ ਸੇਵਨ ਤੋਂ ਸਾਨੂੰ ਗੁਰੇਜ ਕਰਨ ਦੀ ਲੋੜ ਹੈ।ਇਸ ਮੌਕੇ ਹੈਲਥ ਇੰਸਪੈਕਟਰ ਹਰਭਜਨ ਸਿੰਘ, ਨਿਰਭੈ ਸਿੰਘ ਮ.ਪ.ਹ.ਵ.(ਮ), ਆਸ਼ਾ ਵਰਕਰ ਤੇ ਲੋਕ ਹਾਜ਼ਰ ਸਨ।

## ਸਰਸਵਤੀ ਸੀਨੀਅਰ ਸੈਕੰਡਰੀ ਸਕੂਲ 'ਚ ਤੀਜ ਮੇਲਾ ਮਨਾਇਆ



**ਜੈਤੋ (ਸਤੀਸ਼ ਕੁਮਾਰ ਭੀਰੀ)**-ਸਥਾਨਕ ਸਰਸਵਤੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਤੀਜ ਮੇਲੇ ਦਾ ਅਯੋਜਨ ਕੀਤਾ ਗਿਆ।ਸਕੂਲ ਦੀ ਪ੍ਰੰਬਧਕੀ ਕਮੇਟੀ ਦਾ ਸਕੂਲ ਪੁੱਜਣ 'ਤੇ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਉਨ੍ਹਾ ਦੁਆਰਾ ਹਰਿਆਲੀ ਤੀਜ ਦੇ ਮੌਕੇ 'ਤੇ ਪੌਦੇ ਲਗਾਏ ਗਏ। ਪ੍ਰੋਗਰਾਮ ਦੀ ਸ਼ੁਰੂਆਤ ਗਣੇਸ਼ ਸਤੁਤੀ ਨਾਲ ਕੀਤੀ ਗਈ ਤੇ ਵੱਖ-ਵੱਖ ਸੱਭਿਆਚਰਕ ਵੰਨਗੀਆਂ ਜਿਵੇਂ ਗਿੱਧਾ, ਭੰਗੜਾ, ਲੋਕਗੀਤ, ਗੀਤ, ਡਾਂਸ ਆਦਿ ਪੇਸ਼ ਕੀਤੇ।ਇਸ ਤੋਂ ਇਲਾਵਾ ਡਿਊਟ ਡਾਂਸ, ਮਿਸ ਤੀਜ ਤੇ ਮਿਸਿਜ਼ ਤੀਜ ਦੇ ਮੁਕਾਬਲੇ ਵੀ ਕਰਵਾਏ ਗਏ।ਡਿਊਟ ਡਾਂਸ ਵਿੱਚ ਪਹਿਲਾ, ਦੂਜਾ, ਤੀਜਾ ਸਥਾਨ ਹਾਸਲ ਕਰਨ ਵਾਲਿਆਂ ਨੂੰ ਗਿਫ਼ਟ ਦਿੱਤੇ ਗਏ।ਇਸ ਤੋਂ ਇਲਾਵਾ ਮਿਸ ਤੀਜ ਮਹਿਕ (+1 ਨਾਨ ਮੈਡੀਕਲ ਜਮਾਤ) ਤੇ ਮਿਸਿਜ਼ ਤੀਜ ਸੀਮਾ ਸ਼ਰਮਾ ਨੂੰ ਚੁਣਿਆ ਗਿਆ।ਸਕੂਲ ਦੀ ਪ੍ਰੰਬਧਕੀ ਕਮੇਟੀ ਦੇ ਸਰਪ੍ਰਸਤ ਪਵਨ ਗੋਇਲ, ਪ੍ਰਧਾਨ ਰਾਕੇਸ਼ ਰੋਮਾਨਾ, ਸਕੱਤਰ ਮਦਨ ਲਾਲ ਗੋਇਲ, ਮੈਨੇਜਰ ਦਿਨੇਸ਼ ਗੋਇਲ, ਡਿਪਟੀ ਮੈਨੇਜਰ ਮੁਕੇਸ਼ ਗੋਇਲ, ਖਜ਼ਾਨਚੀ ਅਨਿਲ ਬਾਂਸਲ, ਸਹਿ-ਸਕੱਤਰ ਪੰਕਜ ਸਿੰਗਲਾ, ਸਾਲਸੀ ਬੋਰਡ ਦੇ ਮੈਂਬਰ ਜਿੰਦਰਪਾਲ ਬਾਂਸਲ, ਮੈਂਬਰਜ਼ ਸਾਹਿਲ ਮਿੱਤਲ, ਦੀਪਾਂਸ਼ੂ ਗੋਇਲ, ਰਿੰਕੂ ਬਾਂਸਲ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਤੋਂ ਇਲਾਵਾ ਸਰਸਵਤੀ ਜੀਨੀਅਸ ਸਕੂਲ ਦੇ ਪ੍ਰਿੰਸੀਪਲ ਗਗਨਦੀਪ ਕੌਰ, ਸਰਸਵਤੀ ਪਲੇਅ ਵੇ ਦੇ ਪ੍ਰਿੰਸੀਪਲ ਵਨੀਤਾ ਮਿੱਤਲ, ਪ੍ਰਿੰਸੀਪਲ ਕੁਸਮ ਕਾਲੜਾ ਤੇ ਸਮੂਹ ਸਟਾਫ਼ ਮੌਜੂਦ ਸੀ।

## ਸ਼ੇਖੂ ਦੇ ਮਿਡਲ ਸਕੂਲ 'ਚ ਇੱਕ ਹਫਤੇ 'ਚ ਦੋ ਵਾਰ ਚੋਰੀ

**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਮਲੋਟ ਹਲਕੇ ਵਿੱਚ ਪੈਂਦੇ ਪਿੰਡ ਸ਼ੇਖੂ ਦੇ ਮਿਡਲ ਕਲਾਸ ਸਕੂਲ ਵਿੱਚ ਚੋਰਾਂ ਨੇ ਇੱਕ ਹਫਤੇ ਅੰਦਰ ਦੋ ਵਾਰ ਕੀਤੀ ਚੋਰੀ। ਜਾਣਕਾਰੀ ਦਿੰਦੇ ਹੋਏ ਸਕੂਲ ਦੇ ਇੰਚਾਰਜ ਦਵਿੰਦਰ ਕੁਮਾਰ ਨੇ ਕਿਹਾ ਕਿ 14 ਤਰੀਕ ਨੂੰ ਰਾਤ ਕਰੀਬ 2 ਵਜੇ ਦੇ ਲਗਭਗ ਚੋਰਾਂ ਨੇ ਸਕੂਲ ਅੰਦਰ ਪਏ ਬੱਚਿਆਂ ਦੇ ਰਾਸ਼ਨ ਤੇ ਰਾਸ਼ਨ ਬਣਾਉਣ ਲਈ ਜਿਵੇਂ ਸਿਲੰਡਰ ਚੁੱਲਾ, ਕੂਕਰ ਤੇ ਰਸੋਈ ਦਾ ਸਾਰਾ ਸਾਮਾਨ ਲੈ ਗਏ। ਇਸ ਦੀ ਰਿਪੋਰਟ ਥਾਣਾ ਸਿਟੀ ਮਲੋਟ ਵਿੱਚ ਲਿਖਾਈ ਗਈ, ਪ੍ਰੰਤੂ ਇੱਕ ਹਫਤਾ ਬੀਤ ਜਾਣ ਦੇ ਬਾਵਜੂਦ ਪ੍ਰਸ਼ਾਸਨ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਸਕੂਲ ਦਾ ਸਟਾਫ ਤੇ ਪਿੰਡ ਵਾਸੀ ਅਜੇ ਮਗਰਲੀ ਘਟਨਾ ਨੂੰ ਭੁੱਲੇ ਹੀ ਨਹੀਂ ਸੀ ਕਿ ਬੀਤੀ ਰਾਤ 20 ਤਰੀਕ ਨੂੰ ਚੋਰਾਂ ਨੇ ਫਿਰ ਸਕੂਲ 'ਤੇ ਧਾਵਾ ਬੋਲ ਦਿੱਤਾ, ਜਿੱਥੇ ਉਹ ਇਨਵੈਟਰ ਤੇ ਬੈਟਰੀਆਂ ਅਤੇ ਪਿੱਛੇ ਰਹਿੰਦੇ ਪਹਿਲਾਂ ਚੋਰੀ ਦੇ ਸਬੂਤ ਆਪਣੇ ਨਾਲ ਲੈ ਗਏ। ਪਿੰਡ ਦੇ ਸਰਪੰਚ ਹਰਬੰਸ ਸਿੰਘ, ਸਾਬਕਾ ਸਰਪੰਚ ਜਸਦੀਪ ਸਿੰਘ ਜੱਸੀ ਬਰਾੜ, ਸਕੂਲ ਕਮੇਟੀ ਦੇ ਮੈਂਬਰ ਜੋਰਾ ਸਿੰਘ ਤੇ ਹੋਰ ਪਤਵੰਤੇ ਸੱਜਣਾਂ ਨੇ ਇਸ ਚੋਰੀ ਦੀ ਘਟਨਾ ਦੀ ਜਾਣਕਾਰੀ ਇੱਕ ਵਾਰ ਫਿਰ ਪੁਲਸ ਨੂੰ ਦੇ ਦਿੱਤੀ ਹੈ, ਪ੍ਰੰਤੂ ਅਜੇ ਤੱਕ ਪੁਲਸ ਘਟਨਾ ਵਾਲੀ ਥਾਂ 'ਤੇ ਨਹੀਂ ਪਹੁੰਚੀ। ਉਨ੍ਹਾਂ ਸਰਕਾਰ ਤੇ ਹਲਕੇ ਦੇ ਵਿਧਾਇਕ ਅਤੇ ਕੈਬਨਿਟ ਮੰਤਰੀ ਮੈਡਮ ਬਲਜੀਤ ਕੌਰ ਤੋਂ ਵੀ ਅਰਜ਼ ਕੀਤੀ ਹੈ ਕਿ ਪ੍ਰਸ਼ਾਸਨ ਨੂੰ ਹੁਕਮ ਦੇ ਕੇ ਸਕੂਲ ਵਿੱਚ ਚੋਰੀ ਹੋਏ ਸਾਮਾਨ ਦੀ ਬਰਾਮਦਗੀ ਕਰਾਈ ਜਾਵੇ।



**ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਨਿਯੁਕਤ ਕੀਤੇ ਗਏ ਜ਼ਿਲ੍ਹਾ ਪਟਿਆਲਾ ਯੂਥ ਵਿੰਗ (ਦਿਹਾਤੀ) ਦੇ ਪ੍ਰਧਾਨ ਜਗਮੀਤ ਸਿੰਘ ਹਰਿਆਊ ਤੇ ਪਟਿਆਲਾ ਸ਼ਹਿਰੀ ਪ੍ਰਧਾਨ ਅਮਿਤ ਸਿੰਘ ਰਾਠੀ ਦੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵਿਖੇ ਸਤਿਗੁਰਾਂ ਦਾ ਸ਼ੁਕਰਾਨਾ ਕਰਨ ਮੌਕੇ ਦੀਆਂ ਤਸਵੀਰਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪਟਿਆਲਾ ਦੇ ਪਿੰਡਾਂ ਤੋਂ ਆਏ ਆਗੂਆਂ ਤੇ ਵਰਕਰਾਂ ਦਾ ਜੋਸ਼ ਵੇਖਣ ਨੂੰ ਮਿਲਿਆ।** (ਫੋਟੋ ਤੇ ਵੇਰਵਾ : ਰਾਜਿੰਦਰ ਸਿੰਘ ਥਿੰਦ)

## ਸੂਬਾ ਸਰਕਾਰ ਵੱਲੋਂ ਕਲਾਕਾਰਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ : ਬ਼ਖਤੜੀ ਵਾਲਾ

■ ਜਲਦ ਮੁੱਖ ਮੰਤਰੀ ਨਾਲ ਕਲਾਕਾਰਾਂ, ਅਦਾਕਾਰਾਂ ਤੇ ਗੀਤਕਾਰਾਂ ਦੀਆਂ ਮੰਗਾਂ ਨੂੰ ਲੈ ਕੇ ਕਰਾਂਗੇ ਗੱਲ



**ਸ਼ੇਰਪੁਰ (ਰਵੀ ਟਿੱਬਾ)**-ਪੰਜਾਬੀ ਲੋਕ ਗਾਇਕ ਕਲਾ ਮੰਚ ਇੰਟਰਨੈਸ਼ਨਲ (ਐੱਚ) ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਵਿੱਚ ਇਕਾਈਆਂ ਦੇ ਵਿਸਥਾਰ ਨੂੰ ਲੈ ਕੇ ਜ਼ਿਲ੍ਹਾ ਤੇ ਬਲਾਕ ਪੱਧਰ 'ਤੇ ਵਿਸ਼ੇਸ਼ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਐਤਵਾਰ ਧੂਰੀ ਵਿਖੇ ਰਾਮ ਬਾਗ ਪਾਰਕ ਵਿੱਚ ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਪ੍ਰਸਿੱਧ ਗਾਇਕ ਜੱਗੀ ਧੂਰੀ ਵਾਲਾ ਦੀ ਅਗਵਾਈ ਹੇਠ ਹੋਈ।ਮੀਟਿੰਗ ਦੌਰਾਨ ਲੋਕ ਗਾਇਕ ਕਲਾ ਮੰਚ ਇੰਟਰਨੈਸ਼ਨਲ ਦੇ ਬਾਨੀ ਤੇ ਕੌਮੀ ਪ੍ਰਧਾਨ ਉਸਤਾਦ ਗਾਇਕ/ ਗੀਤਕਾਰ ਹਾਕਮ ਬਖਤੜੀ ਵਾਲਾ ਤੇ ਬੰਟੀ ਡਾਲੇਵਾਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਜ਼ਿਕਰਯੋਗ ਹੈ ਕਿ ਉਸਤਾਦ ਹਾਕਮ ਬਖਤੜੀ ਵਾਲਾ ਵੱਲੋਂ ਗਾਇਕਾਂ, ਗੀਤਕਾਰਾਂ ਤੇ ਕਲਾ ਨੂੰ ਪਿਆਰ ਕਰਨ ਵਾਲੇ ਲੋਕਾਂ ਲਈ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ।ਮੀਟਿੰਗ ਦੌਰਾਨ ਉਸਤਾਦ ਹਾਕਮ ਬਖਤੜੀ ਵਾਲਾ ਦਾ ਸਮੂਹ ਹਾਜ਼ਰੀਨ ਕਲਾਕਾਰਾਂ, ਕਲਾ ਪ੍ਰੇਮੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਹਾਕਮ ਬਖਤੜੀ ਵਾਲਾ ਨੇ ਕਿਹਾ ਕਿ ਸਾਡੇ ਅਨੇਕਾਂ ਸਾਥੀ ਅੱਜ ਪੰਜਾਬੀ ਮਾਂ ਬੋਲੀ ਤੇ ਪੰਜਾਬੀ ਜਗਤ ਦੀ ਦਿਲੋਂ ਸੇਵਾ ਕਰਨ ਦੇ ਬਾਵਜੂਦ ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਕਰ ਰਹੇ ਹਨ।ਕੋਈ ਹਾਦਸਿਆਂ ਦਾ ਸ਼ਿਕਾਰ ਹੈ, ਕੋਈ ਕਰੋਨਾ ਕਾਲ ਸਮੇਂ ਆਈ ਖੜੋਤ ਦਾ ਸ਼ਿਕਾਰ ਹੈ ਤੇ ਕੋਈ ਕਿਸੇ ਵੱਲੋਂ ਬੇਹੱਦ ਸਤਾਇਆ ਗਿਆ ਹੈ, ਅੱਜ ਉਨ੍ਹਾਂ ਕਲਾਕਾਰਾਂ ਦੀ ਬਾਂਹ ਫੜਨ ਵਾਲਾ ਕੋਈ ਦਿਖਾਈ ਨਹੀਂ ਦੇ ਰਿਹਾ।ਉਨ੍ਹਾਂ ਕਿਹਾ ਕਿ ਅੱਜ ਭਾਵੇਂ ਸੂਬੇ ਅੰਦਰ ਕਲਾਕਾਰ ਪੱਖੀ ਸਾਡੇ ਸਾਥੀ ਕਲਾਕਾਰ ਦੀ ਸਰਕਾਰ ਹੈ, ਪਰ ਦੁੱਖ ਨਾਲ ਕਹਿਣਾ ਪੈ ਰਿਹਾ ਕਿ ਕਿਉਂ ਸਾਡੇ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ।ਬਖਤੜੀ ਵਾਲਾ ਨੇ ਕਿਹਾ ਕਿ ਸੱਚ ਨਾਲ ਤੁਰਨਾ ਬੜਾ ਔਖਾ ਹੁੰਦਾ ਹੈ, ਪਰ ਜੋ ਸੱਚ ਨਾਲ ਤੁਰਦੇ ਨੇ ਉਨ੍ਹਾਂ ਲਈ ਮੰਜ਼ਿਲ ਦੂਰ ਨਹੀਂ ਹੁੰਦੀ।ਮੈਂ ਇੱਕ ਵਾਰ ਫਿਰ ਸਮੂਹ ਕਲਾਕਾਰਾਂ, ਗੀਤਕਾਰਾਂ, ਅਦਾਕਾਰਾਂ ਤੇ ਕਲਾ ਪ੍ਰੇਮੀਆਂ ਨੂੰ ਬੇਨਤੀ ਕਰਦਾ ਕਿ ਆਓ ਇੱਕ ਮੰਚ 'ਤੇ ਇਕੱਠੇ ਹੋ ਕੇ ਆਪਾਂ ਮਾਂ ਬੋਲੀ ਤੇ ਮਾਂ ਬੋਲੀ ਦੇ ਰਾਖਿਆਂ ਦੀ ਦਿਲੋਂ ਇੱਜਤ ਕਰੀਏ ਤੇ ਇੱਜਤ ਦਵਾਈਏ।ਉਨ੍ਹਾਂ ਇਸ ਦੌਰਾਨ ਜ਼ਿਲ੍ਹੇ ਸੰਗਰੂਰ ਦੇ ਅਹੁਦੇਦਾਰਾਂ ਦਾ ਵਿਸਥਾਰ ਵੀ ਕੀਤਾ, ਜਿਸ ਵਿੱਚ ਪੰਜਾਬੀ ਸਾਹਿਤ ਦੇ ਨਾਮਵਰ ਸ਼ਾਇਰ ਗੀਤਕਾਰ ਤੇ ਸੀਨੀਅਰ ਪੱਤਰਕਾਰ ਹਰਜੀਤ ਕਾਤਿਲ ਸ਼ੇਰਪੁਰ ਨੂੰ ਜ਼ਿਲ੍ਹਾ ਸੰਗਰੂਰ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ, ਰਣਜੀਤ ਸਿੰਘ ਚਹਿਲ ਘਨੌਰੀ ਵਾਲਾ ਨੂੰ ਜ਼ਿਲ੍ਹਾ ਮੀਤ ਪ੍ਰਧਾਨ ਤੋਂ ਇਲਾਵਾ ਬਲਾਕ ਧੂਰੀ ਦੇ ਪ੍ਰਧਾਨ ਗੀਤਕਾਰ ਰਣਜੀਤ ਸ਼ੇਰਪੁਰੀ ਤੇ ਇਸਤਰੀ ਮੰਚ ਬਲਾਕ ਧੂਰੀ ਦੇ ਪ੍ਰਧਾਨ ਕੁਲਵਿੰਦਰ ਕੌਰ ਕਾਜਲ ਧੂਰੀ ਤੇ ਪਰਮਜੀਤ ਸਿੰਘ ਕਾਕਾ ਨੂੰ ਬਲਾਕ ਧੂਰੀ ਦੇ ਖਜ਼ਾਨਚੀ ਨਿਯੁਕਤ ਕੀਤਾ ਗਿਆ।ਉਸਤਾਦ ਹਾਕਮ ਬਖ਼ਤੜੀ ਵਾਲਾ ਨੇ ਕਿਹਾ ਕਿ ਅਹੁਦਿਆਂ ਦੇ ਨਾਲ ਮਾਂ ਬੋਲੀ ਪੰਜਾਬੀ ਤੇ ਲੋੜਵੰਦ ਕਲਾਕਾਰਾਂ, ਗੀਤਕਾਰਾਂ, ਅਦਾਕਾਰਾਂ ਦੇ ਵਾਰਿਸ ਬਣ ਕੇ ਕੰਮ ਕਰਨਾ ਪਵੇਗਾ। ਉਹ ਦਿਨ ਹੁਣ ਦੂਰ ਨਹੀਂ ਜਦੋਂ ਅਸੀਂ ਇੱਕ ਮੰਚ 'ਤੇ ਇਕੱਠੇ ਹੋ ਕੇ ਆਪਣੇ ਹੱਕਾਂ ਦੀ ਲੜਾਈ ਲੜਾਂਗੇ।ਇਸ ਮੌਕੇ ਗੀਤਕਾਰ ਤੇ ਗਾਇਕ ਸੰਗਤ ਕੁਲਾਰ, ਸੁੰਦਰ ਸ਼ੇਰਪੁਰ (ਵੀਓਪੀ) ਪੀ ਟੀ ਸੀ, ਕੁਲਵਿੰਦਰ ਕੌਰ ਕਾਜਲ ਧੂਰੀ, ਨਿਰੰਜਨ ਸਿੰਘ ਢਿੱਲੋਂ ਭੈਣੀ, ਦੇਵ ਸਿੰਘ ਬਾਲੀਆਂ, ਪ੍ਰਿਥੀਪਾਲ ਸਿੰਘ, ਸੁਖਵਿੰਦਰ ਸਿੰਘ ਸੁੱਖੀ, ਜੋਰਾ ਸਿੰਘ ਚੀਮਾ, ਲਾਲੀ ਸਿੰਘ, ਸੁਖਦੇਵ ਸਿੰਘ, ਸੁਨੀਲ ਕੁਮਾਰ, ਸੰਦੀਪ ਸਿੰਘ, ਕੁਲਵੀਰ ਸਿੰਘ ਘਨੌਰੀ, ਬਾਈ ਪੰਮੀ ਮਾਨ ਹਾਜ਼ਰ ਸਨ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਕੁਲਵੰਤ ਉੱਪਲੀ ਨੇ ਬਾਖ਼ੂਬੀ ਨਿਭਾਈ।

## ਜੀਵਨ ਜੋਤ ਸਕੀਮ ਤਹਿਤ ਬਾਲ ਸੁਰੱਖਿਆ ਵਿਭਾਗ ਦੀ ਟੀਮ ਵੱਲੋਂ ਚੈਕਿੰਗ

■ ਪੰਜ ਬੱਚੇ ਰੈਸਕਿਊ ਕਰਕੇ ਭੇਜੇ ਆਰਜ਼ੀ ਸ਼ੈਲਟਰ 'ਚ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਜੀਵਨ ਜੋਤ ਸਕੀਮ ਤਹਿਤ ਉਨ੍ਹਾਂ ਬੱਚਿਆਂ ਦੀ ਪਹਿਚਾਣ ਕੀਤੀ ਜਾ ਰਹੀ ਹੈ, ਜੋ ਪੜ੍ਹਨ ਦੀ ਉਮਰ ਵਿੱਚ ਭੀਖ ਮੰਗ ਰਹੇ ਹਨ ਜਾਂ ਬੱਚਿਆਂ ਤੋਂ ਜ਼ਬਰਦਸਤੀ ਭੀਖ ਮੰਗਵਾਈ ਜਾ ਰਹੀ ਹੈ।ਇਸ ਮੁਹਿਮ ਤਹਿਤ ਬਾਲ ਭਿੱਖਿਆ ਨੂੰ ਰੋਕਣ ਲਈ ਯਤਨ ਕੀਤੇ ਜਾ ਰਹੇ ਹਨ।ਇਨ੍ਹਾਂ ਬੱਚਿਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਦਾ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਡੀ.ਐੱਨ.ਏ. ਟੈਸਟ ਵੀ ਕਰਵਾਇਆ ਜਾਣਾ ਹੈ।ਗ੍ਰੋਹਾਂ ਵੱਲੋਂ ਜ਼ਿਆਦਾਤਰ ਇਹ ਬੱਚੇ ਅਗਵਾਹ ਕੀਤੇ ਹੁੰਦੇ ਹਨ।ਡਿਪਟੀ ਕਮਿਸ਼ਨਰ ਸਾਗਰ ਸੇਤੀਆ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਮੋਗਾ ਵੱਲੋਂ ਇਸ ਮੁਹਿੰਮ ਤਹਿਤ ਕਾਰਵਾਈਆਂ ਆਰੰਭ ਕਰ ਦਿੱਤੀਆਂ ਹਨ।ਇਸ 'ਤੇ ਚਲਦਿਆਂ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਪਰਮਜੀਤ ਕੌਰ ਵੱਲੋਂ ਬਾਲ ਭਲਾਈ ਕਮੇਟੀ, ਪੁਲਸ ਵਿਭਾਗ, ਸਿੱਖਿਆ ਵਿਭਾਗ, ਚਾਇਲਡ ਲਾਈਨ ਤੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਨਾਲ ਮਿਲ ਕੇ ਮੋਗਾ ਸ਼ਹਿਰ ਵਿੱਚ ਬੱਸ ਸਟੈਂਡ ਤੇ ਮੇਨ ਬਾਜ਼ਾਰ ਮੋਗਾ ਵਿਖੇ ਵਿਸ਼ੇਸ਼ ਚੈਕਿੰਗ ਕੀਤੀ ਗਈ।ਇਸ ਵਿਸ਼ੇਸ਼ ਚੈਕਿੰਗ ਦੌਰਾਨ ਪੰਜ ਬੱਚੇ ਰੈਸਕਿਊ ਕੀਤੇ ਗਏ।ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਪਰਮਜੀਤ ਕੌਰ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਤਿੰਨ ਬੱਚੇ ਦੂਸਰੇ ਜ਼ਿਲ੍ਹੇ ਨਾਲ ਸਬੰਧ ਰੱਖਦੇ ਹਨ, ਦੋ ਬੱਚੇ ਜ਼ਿਲ੍ਹਾ ਮੋਗਾ ਦੇ ਨੇਚਰ ਪਾਰਕ ਦੇ ਰਹਿਣ ਵਾਲੇ ਹਨ।ਫਿਲਹਾਲ ਇਨ੍ਹਾਂ ਬੱਚਿਆਂ ਦੇ ਪਰਿਵਾਰਕ ਮੈਂਬਰਾਂ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ।ਇਸ ਕਰਕੇ ਇਨ੍ਹਾਂ ਬੱਚਿਆਂ ਨੂੰ ਆਰਜ਼ੀ ਸ਼ੈਲਟਰ ਵਿੱਚ ਰੱਖਿਆ ਗਿਆ ਹੈ।ਜਦੋਂ ਇਨ੍ਹਾਂ ਬੱਚਿਆਂ ਦੇ ਮਾਤਾ-ਪਿਤਾ ਮਿਲ ਜਾਣਗੇ ਤਾਂ ਇਨ੍ਹਾਂ ਦੀ ਕੌਂਸਲਿੰਗ ਕੀਤੀ ਜਾਵੇਗੀ ਤੇ ਸਖਤ ਹਦਾਇਤ ਕੀਤੀ ਜਾਵੇਗੀ ਕਿ ਇਨ੍ਹਾਂ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਇਆ ਜਾਵੇ।

## ਵਜੀਦਕੇ ਕਲਾਂ ਤੇ ਕੁਤਬਾ ਤੋਂ ਪੰਚ ਉਮੀਦਵਾਰ ਬਿਨਾਂ ਮੁਕਾਬਲੇ ਜੇਤੂ ਐਲਾਨੇ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਰਾਜ ਚੋਣ ਕਮਿਸ਼ਨ ਵੱਲੋਂ 27 ਜੁਲਾਈ ਨੂੰ ਰਾਜ ਭਰ ਦੀਆਂ ਖਾਲੀ ਪਈਆਂ ਸਰਪੰਚਾਂ ਤੇ ਪੰਚਾਂ ਦੀਆਂ ਆਸਾਮੀਆਂ ਉੱਪਰ ਕਰਵਾਈ ਜਾ ਰਹੀ ਚੋਣ ਤਹਿਤ ਮਹਿਲ ਕਲਾਂ ਬਲਾਕ ਦੇ ਪਿੰਡ ਵਜੀਦਕੇ ਕਲਾਂ ਦੇ ਵਾਰਡ 5, ਪਿੰਡ ਕੁਤਬਾ ਦੇ ਵਾਰਡ 4 ਤੋਂ ਭਰੇ ਗਏ ਪੰਚ ਲਈ ਦੋ ਨਾਮਜ਼ਦਗੀ ਪੱਤਰ ਅੱਜ ਠੀਕ ਪਾਏ ਜਾਣ ਤੋਂ ਬਾਅਦ, ਦੋਵੇਂ ਉਮੀਦਵਾਰਾਂ ਦੇ ਮੁਕਾਬਲੇ ਕੋਈ ਹੋਰ ਉਮੀਦਵਾਰ ਵੱਲੋਂ ਕਾਗਜ਼ ਦਾਖਲ ਨਾ



ਕਰਵਾਉਣ 'ਤੇ ਬਿਨਾਂ ਮੁਕਾਬਲੇ ਸਰਬਸੰਮਤੀ ਨਾਲ ਜੇਤੂ ਕਰਾਰ ਦੇ ਦਿੱਤਾ ਗਿਆ ਹੈ।ਪਿੰਡ ਵਜੀਦਕੇ ਕਲਾਂ ਵਾਰਡ 5 ਤੋਂ ਸੁਖਬੀਰ ਸਿੰਘ ਪੁੱਤਰ ਰੂਪ ਸਿੰਘ ਤੇ ਕੁਤਬਾ ਦੇ ਵਾਰਡ 4 ਤੋਂ ਅਵਤਾਰ ਸਿੰਘ ਪੁੱਤਰ ਮਹਿੰਦਰ ਸਿੰਘ ਨੇ ਪੰਚ ਲਈ ਆਪਣੇ-ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਸਨ, ਜਿਨ੍ਹਾਂ ਦੀ ਪੜਤਾਲ ਦੌਰਾਨ ਸਾਰੇ ਕਾਗਜ਼ ਅਨੁਸਾਰ ਸਹੀ ਪਾਏ ਗਏ।

ਇਸ ਮੌਕੇ ਸਹਾਇਕ ਰਿਟਰਨਿੰਗ ਅਧਿਕਾਰੀ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਮੀਦਵਾਰ ਵਾਪਸੀ ਦੀ ਆਖਰੀ ਮਿਆਦ ਤੱਕ ਨਾ ਤਾਂ ਕਿਸੇ ਹੋਰ ਉਮੀਦਵਾਰ ਨੇ ਚੋਣ ਲੜਣ ਲਈ ਕਾਗਜ਼ ਦਾਖਲ ਕੀਤੇ ਅਤੇ ਨਾ ਹੀ ਮੌਜੂਦਾ ਉਮੀਦਵਾਰਾਂ ਵੱਲੋਂ ਉਮੀਦਵਾਰੀ ਵਾਪਸ ਲਈ ਗਈ।ਇਸ ਲਈ ਪਿੰਡ ਵਜੀਦਕੇ ਕਲਾਂ ਦੇ ਵਾਰਡ 5 ਤੋਂ ਸੁਖਬੀਰ ਸਿੰਘ ਤੇ ਕੁਤਬਾ ਦੇ ਵਾਰਡ 4 ਤੋਂ ਅਵਤਾਰ ਸਿੰਘ ਨੂੰ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਬਿਨਾਂ ਕਿਸੇ ਮੁਕਾਬਲੇ ਜੇਤੂ ਐਲਾਨ ਦਿੱਤਾ ਗਿਆ।

## ਵੱਡਾ ਟ੍ਰਾਂਸਫਾਰਮਰ ਰੱਖਣ 'ਤੇ ਬੁੱਧ ਵਿਹਾਰ ਨਿਵਾਸੀਆਂ ਕੀਤਾ ਕਾਕਾ ਬਰਾੜ ਦਾ ਧੰਨਵਾਦ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸਥਾਨਕ ਡੀ. ਸੀ. ਆਫਿਸ ਰੋਡ ਸਥਿਤ ਮੁਹੱਲਾ ਬੁੱਧ ਵਿਹਾਰ ਦੇ ਨਿਵਾਸੀ ਕਰੀਬ ਪਿਛਲੇ ਸਾਲਾਂ ਤੋਂ ਬਿਜਲੀ ਦੀ ਕਿਲਤ ਨਾਲ ਜੂਝਦੇ ਆ ਰਹੇ ਸਨ।ਮੁਹੱਲੇ ਵਿੱਚ ਬਿਜਲੀ ਦਾ ਛੋਟਾ ਟ੍ਰਾਂਸਫਾਰਮਰ ਹੋਣ ਤੇ ਆਬਾਦੀ ਵਧਣ ਕਾਰਨ ਅਕਸਰ ਬਿਜਲੀ ਦੀ ਸਪਲਾਈ ਵਿੱਚ ਵਿਘਨ ਪਿਆ ਰਹਿੰਦਾ ਸੀ।ਕੁਝ ਕੁ ਦਿਨ ਪਹਿਲਾਂ ਸਮੂਹ ਮੁਹੱਲਾ ਨਿਵਾਸੀਆਂ ਨੇ ਇਸ ਮੁਸ਼ਕਲ ਬਾਰੇ ਜਗਦੀਪ ਸਿੰਘ ਕਾਕਾ ਬਰਾੜ ਐੱਮ.ਐੱਲ.ਏ. ਨੂੰ ਦੱਸਿਆ।ਕਾਕਾ ਬਰਾੜ ਨੇ ਪੂਰੀ ਦਿਲਚਸਪੀ ਲੈਂਦੇ ਹੋਏ ਬਿਜਲੀ ਬੋਰਡ ਦੇ ਅਧਿਕਾਰੀਆਂ ਨੂੰ ਪਹਿਲਾਂ ਲੱਗੇ ਟ੍ਰਾਂਸਫਾਰਮਰ ਨਾਲੋਂ ਦੁਗਣੀ ਪਾਵਰ ਦਾ ਟ੍ਰਾਂਸਫਾਰਮਰ ਲਾਉਣ ਦੀ ਹਿਦਾਇਤ ਕਰ ਦਿੱਤੀ। ਕਾਕਾ ਬਰਾੜ ਦੇ ਹੁਕਮਾਂ ਅਨੁਸਾਰ ਦੋ ਦਿਨ ਪਹਿਲਾਂ ਨਵਾਂ ਟ੍ਰਾਂਸਫਾਰਮਰ ਰੱਖਿਆ ਜਾ ਚੁੱਕਾ ਹੈ।ਕਾਕਾ ਬਰਾੜ ਦੇ ਇਨ੍ਹਾਂ ਸੁਹਿਰਦ ਯਤਨਾਂ ਲਈ ਸਮੂਹ ਮੁਹੱਲਾ ਨਿਵਾਸੀਆਂ ਵੱਲੋਂ ਗ੍ਰੀਨ ਚੌਕ ਵਿਖੇ ਵਿਸ਼ੇਸ਼ ਧੰਨਵਾਦੀ ਮੀਟਿੰਗ ਕੀਤੀ ਗਈ।ਬੁੱਧ ਵਿਹਾਰ ਵਿਕਾਸ ਕਮੇਟੀ ਦੇ ਪ੍ਰਧਾਨ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਇੰਜ. ਅਸ਼ੋਕ ਕੁਮਾਰ ਭਾਰਤੀ, ਸੁਨੀਲ ਜੱਗਾ, ਮੋਹਨ ਲਾਲ ਛਾਬੜਾ, ਹਰਦੀਪ ਸਦਿਉੜਾ, ਸੰਦੀਪ ਬੱਤਰਾ ਜੇ.ਈ., ਦਰਸ਼ਨ ਗੋਇਲ,ਰਾਹੁਲ ਗੋਇਲ, ਮਦਨ ਲਾਲ ਯਾਦਵ, ਮਹੇਸ਼ ਸ਼ਰਮਾ, ਵਰੁਣ ਲਾਡੀ, ਇੰਸ. ਗੁਰਮੇਲ ਸਿੰਘ ਬਰਾੜ, ਅਨਿਲ ਅਨੇਜਾ, ਸੁਮਿਤ ਸਲੂਜਾ, ਗੌਰਵ ਰਜੌਰੀਆ ਤੇ ਰਵੀ ਅਨੇਜਾ ਆਦਿ ਮੌਜੂਦ ਸਨ। ਇਸ ਤੋਂ ਇਲਾਵਾ ਸਲੋਨੀ ਸ਼ਰਮਾ, ਨੀਰੂ ਬਾਲਾ, ਸੰਤੋਸ਼ ਭਾਰਤੀ, ਸੁਖਬੀਰ ਸਦਿਉੜਾ, ਰੇਨੂੰ ਬਾਲਾ, ਦਲਜੀਤ ਕੌਰ ਬਰਾੜ, ਸੀਮਾ ਕੱਕੜ, ਬਿਮਲਾ ਢੋਸੀਵਾਲ ਅਤੇ ਸ਼ਿਖਾ ਛਾਬੜਾ ਆਦਿ ਸਮੇਤ ਕਈ ਹੋਰ ਔਰਤਾਂ ਮੌਜੂਦ ਸਨ।ਸਮੁੱਚੇ ਮੁਹੱਲੇ ਵੱਲੋਂ ਮਿਸ ਨੰਦਿਤਾ ਨੇ ਕਾਕਾ ਬਰਾੜ ਨੂੰ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ।

ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਸ੍ਰੀ ਢੋਸੀਵਾਲ ਨੇ ਸਮੂਹ ਮੁਹੱਲੇ ਵੱਲੋਂ ਕਾਕਾ ਬਰਾੜ ਨੂੰ ਜੀ ਆਇਆਂ ਕਿਹਾ ਤੇ ਵੱਡਾ ਟ੍ਰਾਂਸਫਾਰਮਰ ਰਖਵਾਏ ਜਾਣ ਲਈ ਧੰਨਵਾਦ ਕੀਤਾ। ਮੀਟਿੰਗ ਦੌਰਾਨ ਆਪਣੇ ਸੰਬੋਧਨ ਵਿੱਚ ਐੱਮ.ਐੱਲ.ਏ. ਕਾਕਾ ਬਰਾੜ ਨੇ ਕਿਹਾ ਕਿ ਉਹ ਬੁੱਧ ਵਿਹਾਰ ਸਮੇਤ ਸਮੁੱਚੇ ਹਲਕੇ ਨੂੰ ਆਪਣਾ ਪਰਵਾਰ ਮੰਨਦੇ ਹਨ ਤੇ ਲੋਕ ਮੁਸ਼ਕਲਾਂ ਦੇ ਹੱਲ ਲਈ ਸਦਾ ਯਤਨਸ਼ੀਲ ਰਹਿੰਦੇ ਹਨ।ਉਨ੍ਹਾਂ ਜਾਣਕਾਰੀ ਦਿੱਤੀ ਕਿ ਸਥਾਨਕ ਸ਼ਹਿਰ ਦੇ ਸੀਵਰੇਜ ਸੁਧਾਰ ਲਈ ਪੰਜਾਬ ਸਰਕਾਰ ਵੱਲੋਂ ਕਈ ਕਰੋੜਾਂ ਰੁਪਏ ਦੀ ਰਾਸ਼ੀ ਮਨਜ਼ੂਰ ਕੀਤੀ ਜਾ ਚੁੱਕੀ ਹੈ।ਮੀਟਿੰਗ ਦੌਰਾਨ ਐੱਮ.ਐੱਲ.ਏ. ਕਾਕਾ ਬਰਾੜ ਦੇ ਨਾਲ ਉਨ੍ਹਾਂ ਦੇ ਪੀ.ਏ. ਵਿੱਕੀ ਕੁਮਾਰ ਵੀ ਮੌਜੂਦ ਸਨ।

## ਦੁਕਾਨਦਾਰਾਂ ਵੱਲੋਂ ਓਵਰਬ੍ਰਿਜ ਬਣਾਉਣ ਦਾ ਵਿਰੋਧ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਵੱਲੋਂ ਧੂਰੀ ਸ਼ਹਿਰ ਦੇ ਲੋਕਾਂ ਦੀ ਟਰੈਫਿਕ ਸਮੱਸਿਆ ਦੇ ਮੱਦੇਨਜ਼ਰ ਤਕਰੀਬਨ 55 ਕਰੋੜ ਦੀ ਲਾਗਤ ਨਾਲ ਬਣਾਏ ਜਾ ਰਹੇ ਓਵਰਬ੍ਰਿਜ ਦਾ ਹੁਣ ਪ੍ਰਭਾਵਿਤ ਹੋਣ ਵਾਲੇ ਦੁਕਾਨਦਾਰਾਂ ਤੇ ਪੁਲ ਹੇਠਲੇ ਰਿਹਾਇਸ਼ੀ ਲੋਕਾਂ ਵੱਲੋਂ ਵਿਰੋਧ ਸ਼ੁਰੂ ਕਰ ਦਿੱਤਾ ਗਿਆ ਹੈ।ਉਨ੍ਹਾਂ ਪ੍ਰਧਾਨ ਮੰਤਰੀ, ਰੇਲ ਮੰਤਰੀ, ਰਾਜ ਮੰਤਰੀ ਰਵਨੀਤ ਬਿੱਟੂ ਤੇ ਪੰਜਾਬ ਦੇ ਰਾਜਪਾਲ ਨੂੰ ਪੱਤਰ ਲਿਖ ਕੇ ਓਵਰਬ੍ਰਿਜ ਦੀ ਥਾਂ ਅੰਡਰਬ੍ਰਿਜ ਬਣਾਏ ਜਾਣ ਦੀ ਮੰਗ ਕੀਤੀ ਹੈ।ਧੂਰੀ ਦੇ ਪ੍ਰਭਾਵਿਤ ਮੋਹਤਬਰਾਂ ਸਾਧੂ ਸਿੰਘ, ਧਰਮਵੀਰ ਸਿੰਘ, ਮਾਧੁਰ ਸਿੰਗਲਾ, ਜਤਿੰਦਰ ਕੁਮਾਰ, ਵਰਿੰਦਰ, ਰਜਿਤ ਤੇ ਰਮੇਸ਼ ਕੁਮਾਰ ਨੇ ਚਿੱਠੀਆਂ ਲਿਖਣ ਤੇ ਦਰਜਨਾਂ ਦਸਤਖ਼ਤ ਹੋਣ ਦਾ ਦਾਅਵਾ ਕਰਦਿਆਂ ਕਿਹਾ ਕਿ ਓਵਰਬ੍ਰਿਜ ਜਿੱਥੇ ਦੁਕਾਨਦਾਰਾਂ ਦੇ ਉਜਾੜੇ ਦਾ ਕਾਰਨ ਬਣੇਗਾ, ਉੱਥੇ ਪੁਲ ਦੇ ਹੇਠਲੇ ਦੋਵੇਂ ਪਾਸਿਆਂ 'ਤੇ ਬਣੇ ਘਰਾਂ ਨੂੰ ਦਿਨ-ਰਾਤ ਚੱਲਣ ਵਾਲੀ ਟ੍ਰੈਫਿਕ ਕਾਰਨ ਪ੍ਰੇਸ਼ਾਨੀ ਆਵੇਗੀ।ਆਗੂਆਂ ਨੇ ਦਾਅਵਾ ਕੀਤਾ ਕਿ ਪਹਿਲਾਂ ਇੱਥੇ ਅੰਡਰਬ੍ਰਿਜ ਪਾਸ ਹੋਇਆ ਸੀ, ਜੋ ਘੱਟ ਖ਼ਰਚੇ ਨਾਲ ਬਣੇਗਾ ਤੇ ਉਨ੍ਹਾਂ ਧੂਰੀ ਪੁੱਜੇ ਮੁੱਖ ਮੰਤਰੀ ਨੂੰ ਓਵਰਬ੍ਰਿਜ ਸਬੰਧੀ ਪੁਨਰ-ਵਿਚਾਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

## ਬੇਅਦਬੀ ਰੋਕੂ ਕਾਨੂੰਨ 'ਚ ਭਗਵਾਨ ਵਾਲਮੀਕ ਤੇ ਗੁਰੂ ਰਵਿਦਾਸ ਦੀਆਂ ਮੂਰਤੀਆਂ ਨੂੰ ਸ਼ਾਮਲ ਨਹੀਂ ਕੀਤਾ ਗਿਆ : ਰਾਜਵਿੰਦਰ ਧਰਮਕੋਟ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀਂ ਵਿਧਾਨ ਸਭਾ ਵਿੱਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਨੂੰ ਰੋਕਣ ਲਈ ਪੰਜਾਬ ਧਾਰਮਿਕ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ 2025 ਬਿੱਲ ਪੇਸ਼ ਕੀਤਾ ਗਿਆ।ਇਸ ਬਿੱਲ ਵਿੱਚ ਸਰਕਾਰ ਨੇ ਹਿੰਦੂ, ਸਿੱਖ, ਮੁਸਲਮਾਨ, ਇਸਾਈ ਧਰਮ ਦੇ ਪਵਿੱਤਰ ਗ੍ਰੰਥਾਂ ਤੇ ਪਵਿੱਤਰ ਬਾਣੀ ਵਾਲੇ ਛੋਟੇ ਗੁਟਕੇ ਆਦਿ ਨੂੰ ਸ਼ਾਮਲ ਕੀਤਾ ਗਿਆ ਹੈ।ਜੋ ਵੀ ਗੁਰੂ ਗ੍ਰੰਥ ਸਾਹਿਬ, ਭਾਗਵਤ ਗੀਤਾ, ਕੁਰਾਨ ਸ਼ਰੀਫ, ਬਾਈਬਲ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਤੇ ਸਾਜ਼ਿਸ਼ ਵਿੱਚ ਸ਼ਾਮਲ ਦੋਸ਼ੀਆਂ ਲਈ ਵੀ ਸਖ਼ਤ ਸਜ਼ਾਵਾਂ ਤੇ ਜੁਰਮਾਨੇ ਦੀ ਮਧ ਨੂੰ ਸ਼ਾਮਲ ਕੀਤਾ ਗਿਆ ਹੈ। ਵਿਧਾਨ ਸਭਾ ਵਿੱਚ ਬਿੱਲ ਪੇਸ਼ ਕਰਨ ਵੇਲੇ ਮੁੱਖ ਮੰਤਰੀ ਪੰਜਾਬ ਨੇ ਆਪਣੇ ਭਾਸ਼ਣ ਦੌਰਾਨ ਇਨ੍ਹਾਂ ਪਵਿੱਤਰ ਗ੍ਰੰਥਾਂ ਤੋਂ ਇਲਾਵਾ ਧਾਰਮਿਕ ਮੂਰਤੀਆਂ ਦੀ ਬੇਅਦਬੀ ਨੂੰ ਵੀ ਇਸ ਬਿੱਲ ਵਿੱਚ ਸ਼ਾਮਲ ਕੀਤਾ ਹੈ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰਾਜਵਿੰਦਰ ਸਿੰਘ ਧਰਮਕੋਟ ਅਬਜ਼ਰਵਰ ਤੇ ਲੋਕ ਸਭਾ ਇੰਚਾਰਜ ਫ਼ਰੀਦਕੋਟ ਨੇ ਪੱਤਰਕਾਰਾਂ ਨੂੰ ਜਾਰੀ ਕੀਤੇ ਇੱਕ ਪ੍ਰੈੱਸ ਨੋਟ ਰਾਹੀਂ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਨੇ ਇਸ ਵਿੱਚ ਮਹਾਰਿਸ਼ੀ ਵਾਲਮੀਕ ਤੇ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਪਵਿੱਤਰ ਮੂਰਤੀਆਂ ਦਾ ਬਿਲਕੁੱਲ ਜ਼ਿਕਰ ਨਹੀਂ ਕੀਤਾ, ਜੋ ਆਮ ਆਦਮੀ ਪਾਰਟੀ ਦੇ ਦਲਿਤ ਵਿਰੋਧੀ ਚਿਹਰੇ ਨੂੰ ਬੇਨਕਾਬ ਕਰਦਾ ਹੈ। ਰਾਜਵਿੰਦਰ ਧਰਮਕੋਟ ਨੇ ਕਿਹਾ ਕਿ ਭਾਵੇਂ ਇਸ ਬਿੱਲ ਨੂੰ ਹੋਰ ਦ੍ਰਿੜ੍ਹਤਾ ਦੇਣ ਲਈ ਇੱਕ 15 ਮੈਂਬਰੀ ਸਿਲੈਕਟ ਕਮੇਟੀ ਬਣਾ ਕੇ ਇਸ ਦੀ ਰਿਪੋਰਟ 6 ਮਹੀਨਿਆਂ ਵਿੱਚ ਸਦਨ ਵਿੱਚ ਪੇਸ਼ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ, ਪਰ ਇਸ ਵਿੱਚ ਦਲਿਤ ਸਮਾਜ ਦੇ ਰਹਿਬਰਾਂ ਦੀਆਂ ਮੂਰਤੀਆਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਅਨਸਰਾਂ ਲਈ ਕੋਈ ਸਜ਼ਾ ਤੈਅ ਨਹੀਂ ਕੀਤੀ, ਜਿਸ ਤੋਂ ਸਾਫ਼ ਸਪੱਸ਼ਟ ਹੁੰਦਾ ਹੈ ਕਿ ਦਲਿਤ ਸਮਾਜ ਦੇ ਧਾਰਮਿਕ ਰਹਿਬਰਾਂ ਪ੍ਰਤੀ ਆਪ ਸਰਕਾਰ ਦੀ ਕੋਈ ਸ਼ਰਧਾ ਨਹੀਂ ਹੈ, ਕਿਉਂਕਿ ਇਨ੍ਹਾਂ ਰਹਿਬਰਾਂ ਦਾ ਲਿਖਤੀ ਜ਼ਿਕਰ ਨਾ ਕਰਨਾ ਇਸ ਗੱਲ ਦਾ ਸਬੂਤ ਹੈ।ਗੌਰਤਲਬ ਹੈ ਕਿ ਭਗਵਾਨ ਵਾਲਮੀਕ ਤੇ ਭਗਤ ਰਵਿਦਾਸ ਜੀ ਮਹਾਰਾਜ ਦੇ ਪੰਜਾਬ ਵਿੱਚ ਅਣਗਿਣਤ ਮੰਦਰ ਹਨ, ਜਿਨ੍ਹਾਂ ਨੂੰ ਇਸ ਕਨੂੰਨ ਵਿੱਚ ਸ਼ਾਮਲ ਕੀਤੇ ਬਿਨਾਂ ਇਹ ਬਿੱਲ ਅਧੂਰਾ ਹੈ।ਰਾਜਵਿੰਦਰ ਸਿੰਘ ਧਰਮਕੋਟ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੇਲੇ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਰਾਮਤੀਰਥ ਮੰਦਰ ਅੰਮ੍ਰਿਤਸਰ ਸਾਹਿਬ ਵਿੱਚ ਨਿੱਜੀ ਰੁਚੀ ਲੈ ਕੇ 300 ਕਰੋੜ ਰੁਪਏ ਜਾਰੀ ਕਰਕੇ ਇਸ ਸਥਾਨ ਨੂੰ ਦੁਨੀਆ ਲਈ ਖਿੱਚ ਦਾ ਕੇਂਦਰ ਬਣਾਇਆ ਸੀ।ਇਹੋ ਨਹੀਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਨੰਦਪੁਰ ਸਾਹਿਬ ਵਿਖੇ 2017 ਵਿੱਚ ਰੰਗਰੇਟੇ ਗੁਰੂ ਕੇ ਬੇਟੇ ਭਾਈ ਜੈਤਾ ਜੀ ਮੈਮੋਰੀਅਲ ਬਣਾਉਣ ਲਈ 5 ਏਕੜ ਜ਼ਮੀਨ ਤੇ ਕਰੋੜਾਂ ਰੁਪਏ ਦਾ ਫੰਡ ਜਾਰੀ ਕੀਤਾ ਸੀ।ਪਰ ਕਾਂਗਰਸ ਸਰਕਾਰ ਤੇ ਆਮ ਆਦਮੀ ਪਾਰਟੀ ਸਰਕਾਰ ਦਲਿਤ ਸਮਾਜ ਨੂੰ ਵੋਟਾਂ ਲਈ ਤਾਂ ਵਰਤਣਾ ਚਹੁੰਦੀਆਂ ਹਨ, ਪਰ ਆਪਣੇ ਮਨਾਂ ਵਿੱਚ ਇਨ੍ਹਾਂ ਦੇ ਰਹਿਬਰਾਂ ਲਈ ਕੋਈ ਸ਼ਰਧਾ ਭਾਵਨਾ ਨਹੀਂ ਰੱਖਦੀਆਂ।


**AXIS BANK** Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025
Registered Office: 'Trishul', 3rd floor, opposite Samartheswar Temple, Law garden, Ellisbridge, Ahmadabad-380006

**ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ**

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਇਨਾਂਸੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਨਿਕਲਦੀ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਉਰਡ ਐਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਦਾ ਨਾਂਅ | ਐੱਨ ਪੀ ਏ/ਡਿਮਾਂਡ ਨੋਟਿਸ ਦੀ ਮਿਤੀ<br>ਕਬਜ਼ੇ ਦੀ ਮਿਤੀ<br>ਡਿਮਾਂਡ ਨੋਟਿਸ ਦੀ ਰਾਸ਼ੀ (ਰੁਪਏ 'ਚ) |
|---|---|---|
| 1. | 1. ਕਮਲਜੀਤ ਕੌਰ ਪਤਨੀ ਸ੍ਰੀ ਬਲਜੀਤ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ<br>2. ਸ੍ਰੀ ਜੋਗਾ ਸਿੰਘ ਪੁੱਤਰ ਹਰਜੀਤ ਸਿੰਘ (ਸਹਿ-ਕਰਜ਼ਦਾਰ) | 10 ਅਪ੍ਰੈਲ 2025/25-04-2025<br>19 ਜੁਲਾਈ 2025<br>ਰੁ. 19,67,690/- (ਉੱਨੀ ਲੱਖ ਸਤਾਹਠ ਹਜ਼ਾਰ ਛੇ ਸੌ ਨੱਬੇ ਰੁਪਏ ਕੇਵਲ) |

ਰਹਿਣ ਕੀਤੀ ਜਾਇਦਾਦ ਦਾ ਵੇਰਵਾ:- ਵਸੀਕਾ ਨੰ. 2021-22/143/1/1067 ਮਿਤੀ 05.01.2022 ਰਾਹੀਂ ਸ੍ਰੀਮਤੀ ਕਮਲਜੀਤ ਕੌਰ ਪਤਨੀ ਸ੍ਰੀ ਬਲਜੀਤ ਸਿੰਘ ਪੁੱਤਰ ਤਰਸੇਮ ਸਿੰਘ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਪਲਾਟ ਰਕਬਾ 5 ਮਰਲੇ, ਖੇਵਟ ਨੰ. 38, ਖਤੌਨੀ ਨੰ. 67, (ਕੁੱਲ ਕਿੱਤੇ 7 ਕੁੱਲ ਰਕਬਾ 54 ਕਿਲੇ 14 ਮਰਲੇ) 'ਚੋਂ 10/2188 ਹਿੱਸਾ, ਵਾਕਿਆ ਰਕਬਾ ਪਿੰਡ ਘੁੰਮਣਾ, ਹਦਬਸਤ ਨੰ. 61, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਜਮ੍ਹਾਂਬੰਦੀ ਸਾਲ 2017-18 ਨਾਲ ਸੰਬੰਧਤ ਸਭ ਕੁਝ।

ਮਿਤੀ : 22.07.2025, ਸਥਾਨ : ਗੁਰਦਾਸਪੁਰ ਸਹੀ/- ਅਧਿਕਾਰਤ ਅਫ਼ਸਰ, ਐਕਸਿਸ ਬੈਂਕ ਲਿਮਟਿਡ

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਜਾਇਦਾਦ ਵਿਕਰੀ ਨੋਟਿਸ**

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਕਬਜ਼ਾ ਲੈ ਲਿਆ ਹੈ।
ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਐੱਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਖੜੀ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ਬੈਂਕ ਵੱਲੋਂ 28.08.2025 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | ਸ੍ਰੀ ਰਣਜੀਤ ਸਿੰਘ ਪੁੱਤਰ ਸ੍ਰੀ ਪ੍ਰਤਾਪ ਸਿੰਘ, ਵਾਸੀ ਮਕਾਨ ਨੰ. 540, ਵਾਰਡ ਨੰ. 2, ਮੁਹੱਲਾ ਕਰਤਾਰ ਨਗਰ, ਸ਼ਾਹਕੋਟ, ਜਲੰਧਰ, ਪੰਜਾਬ-144702 ਸ੍ਰੀਮਤੀ ਨੇਹਾ ਚੌਹਾਨ ਪਤਨੀ ਸ੍ਰੀ ਰਣਜੀਤ ਸਿੰਘ, ਵਾਸੀ ਮਕਾਨ ਨੰ. 540, ਵਾਰਡ ਨੰ. 2, ਮੁਹੱਲਾ ਨਿਊ ਕਰਤਾਰ ਨਗਰ, ਸ਼ਾਹਕੋਟ, ਜਲੰਧਰ, ਪੰਜਾਬ-144702 (ਕਰਜ਼ਦਾਰ)<br>ਸ੍ਰੀ ਕੁਲਦੀਪ ਕੁਮਾਰ ਖੁੱਤਣ ਪੁੱਤਰ ਸ੍ਰੀ ਸਵਰਨਾ ਰਾਮ ਖੁੱਤਣ, ਵਾਸੀ ਬਿੱਲੀ ਚਹਾਰਮੀ, ਜਲੰਧਰ, ਪੰਜਾਬ-144040<br>ਸ੍ਰੀ ਮਨੀਸ਼ ਕੁਮਾਰ ਪੁੱਤਰ ਸ੍ਰੀ ਫੂਲ ਚੰਦ, ਵਾਸੀ ਮਕਾਨ ਨੰ. 31/1, ਵਾਰਡ ਨੰ. 1, ਮੁਹੱਲਾ ਅਜਾਦ ਨਗਰ, ਸ਼ਾਹਕੋਟ, ਜਲੰਧਰ, ਪੰਜਾਬ-144702 (ਗਰੰਟਰ) |
| ਬਕਾਇਆ ਰਾਸ਼ੀ LAP/018602000211 | Rs. 39,52,196/- (ਅਤੇ ਮਿਤੀ 01.07.2025 ਤੋਂ ਲਾਗੂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਬੈਨਾਮਾ ਨੰ. 2021-22/177/1/699 ਮਿਤੀ 12.08.2021 ਰਾਹੀਂ ਸ੍ਰੀਮਤੀ ਨੇਹਾ ਚੌਹਾਨ ਪਤਨੀ ਸ੍ਰੀ ਰਣਜੀਤ ਸਿੰਘ ਦੀ ਮਲਕੀਅਤ ਅਚੱਲ ਜਾਇਦਾਦ ਰਕਬਾ 27 ਮਰਲੇ 5 ਸਰਸਾਹੀ, ਸੈਦਪੁਰ ਝਿੜੀ, ਤਹਿਸੀਲ ਸ਼ਾਹਕੋਟ। |
| ਰਾਖਵੀਂ ਕੀਮਤ | ਰੁ. 65 ਲੱਖ (ਪੈਂਹਟ ਲੱਖ ਰੁਪਏ ਕੇਵਲ) |
| ਈ ਐੱਮ ਡੀ (ਬਿਆਨਾ ਰਕਮ) | ਕੁੱਲ ਈ ਐੱਮ ਡੀ (ਬਿਆਨਾ ਰਕਮ) ਰਾਖਵੀਂ ਕੀਮਤ ਦਾ 25 ਫੀਸਦੀ ਹੈ, ਜੋ ਸਫਲ ਬੋਲੀਕਾਰ ਵੱਲੋਂ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਮਿਤੀ 28-08-2025 ਨੂੰ ਅਦਾ ਕੀਤਾ ਜਾਵੇਗਾ। ਟੈਂਡਰ ਫਾਰਮ ਅਤੇ ਈ ਐੱਮ ਡੀ, ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ : ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

ਬੈਂਕ ਦੀ ਜਾਣਕਾਰੀ 'ਚ ਜੋਖਮ : ਕੋਈ ਨਹੀਂ। ਜਾਇਦਾਦ ਦੀ ਵਿਕਰੀ "ਜਿਵੇਂ ਹੈ ਜਿੱਥੇ ਹੈ" "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ ਕੀਤੀ ਜਾਵੇਗੀ। ਟੈਂਡਰ ਸਮੇਤ ਰਾਖਵੀਂ ਕੀਮਤ ਦੀ ਕੁੱਲ 25 ਫੀਸਦੀ ਈ ਐੱਮ ਡੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਪ੍ਰਾਪਤ ਕਰਨ ਦੀ ਅੰਤਮ ਮਿਤੀ/ਸਮਾਂ 28.08.2025 ਸਵੇਰੇ 11.00 ਵਜੇ ਤੱਕ ਹੈ। ਟੈਂਡਰ ਉਕਤ ਮਿਤੀ ਤੋਂ ਸਵੇਰੇ 11.00 ਵਜੇ ਤੋਂ ਬਾਅਦ ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ ਜਲੰਧਰ ਵਿਖੇ ਸਾਰੇ ਪੇਸ਼ਕਰਤਾਵਾਂ/ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਖੋਲ੍ਹੇ ਜਾਣਗੇ ਅਤੇ ਵਿਚਾਰੇ ਜਾਣਗੇ। ਟੈਂਡਰ ਫਾਰਮ ਸਮੇਤ ਵਿਕਰੀ ਦੀਆਂ ਸ਼ਰਤਾਂ ਦੇ ਵੇਰਵੇ ਅਤੇ ਜਾਇਦਾਦ ਦੇ ਨਿਰੀਖਣ ਲਈ ਕਿਰਪਾ ਕਰਕੇ ਸ਼ਾਖਾ ਦਫਤਰ ਸ਼ਾਹਕੋਟ ਨਾਲ ਸੰਪਰਕ ਕੀਤਾ ਜਾਵੇ। ਵਿਕਰੀ, ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਰੂਲਜ਼/ਸ਼ਰਤਾਂ ਤਹਿਤ ਕੀਤੀ ਜਾਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਤੋਂ ਪਹਿਲਾਂ ਸ਼ਰਤਾਂ ਅਤੇ ਨਿਯਮ ਕਿਸੇ ਸਮੇਂ ਵੀ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ/ ਤਬਦੀਲ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਮਿਤੀ : 21.07.2025 ਅਧਿਕਾਰਤ ਅਫਸਰ

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਜਾਇਦਾਦ ਵਿਕਰੀ ਨੋਟਿਸ**

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਕਬਜ਼ਾ ਲੈ ਲਿਆ ਹੈ।
ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਐੱਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਖੜੀ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ਬੈਂਕ ਵੱਲੋਂ 07.08.2025 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | ਮੈਸ: ਸੁਯਾਸ਼ ਟ੍ਰੇਡਿੰਗ ਕੰਪਨੀ, 273 ਟਰਾਂਸਪੋਰਟ ਨਗਰ, ਜਲੰਧਰ ਰਾਹੀਂ ਇਸ ਦੇ ਭਾਈਵਾਲਾਂ (ਏ) ਸ੍ਰੀ ਦਿਵਯਮ ਵਧਾਵਨ ਪੁੱਤਰ ਸ੍ਰੀ ਨਵਜੀਤ ਰਾਏ ਵਧਾਵਨ, ਵਾਸੀ ਮਕਾਨ ਨੰ. 72/3, ਨੇੜੇ ਗੁਰਦੁਆਰਾ ਸਾਹਿਬ, ਪ੍ਰੀਤ ਨਗਰ, ਲਾਡੋਵਾਲੀ ਰੋਡ, ਜਲੰਧਰ। (ਬੀ) ਸ੍ਰੀਮਤੀ ਅਨੁਰਾਧਾ ਵਧਾਵਨ ਪੁੱਤਰੀ ਸ੍ਰੀ ਰਜਵੰਤ ਰਾਏ ਵਧਾਵਨ ਵਾਸੀ ਮਕਾਨ ਨੰ. 72/3, ਨੇੜੇ ਗੁਰਦੁਆਰਾ ਸਾਹਿਬ, ਪ੍ਰੀਤ ਨਗਰ, ਲਾਡੋਵਾਲੀ ਰੋਡ, ਜਲੰਧਰ।<br>2. ਸ੍ਰੀਮਤੀ ਅਨੁਰਾਧਾ ਵਧਾਵਨ ਪੁੱਤਰੀ ਸ੍ਰੀ ਰਜਵੰਤ ਰਾਏ ਵਧਾਵਨ, ਵਾਸੀ ਮਕਾਨ ਨੰ. 72/3, ਨੇੜੇ ਗੁਰਦੁਆਰਾ ਸਾਹਿਬ, ਪ੍ਰੀਤ ਨਗਰ, ਲਾਡੋਵਾਲੀ ਰੋਡ, ਜਲੰਧਰ।<br>3. ਸ੍ਰੀ ਦਿਵਯਮ ਵਧਾਵਨ ਪੁੱਤਰ ਸ੍ਰੀ ਨਵਜੀਤ ਰਾਏ ਵਧਾਵਨ, ਵਾਸੀ ਮਕਾਨ ਨੰ. 72/3, ਨੇੜੇ ਗੁਰਦੁਆਰਾ ਸਾਹਿਬ, ਪ੍ਰੀਤ ਨਗਰ, ਲਾਡੋਵਾਲੀ ਰੋਡ, ਜਲੰਧਰ। (ਕਰਜ਼ਦਾਰ)<br>ਸ੍ਰੀ ਨਵਜੀਤ ਰਾਏ ਵਧਾਵਨ ਪੁੱਤਰ ਰਜਵੰਤ ਵਧਾਵਨ, ਵਾਸੀ ਮਕਾਨ ਨੰ. 72/3, ਨੇੜੇ ਗੁਰਦੁਆਰਾ ਸਾਹਿਬ, ਪ੍ਰੀਤ ਨਗਰ, ਲਾਡੋਵਾਲੀ ਰੋਡ, ਜਲੰਧਰ। (ਗਰੰਟਰ) |
| ਬਕਾਇਆ ਰਾਸ਼ੀ ਮਸ਼ੀਨਰੀ/ 076626000005 ODT/076400000051 | 1. Rs. 40,55,105/-<br>2. Rs. 39,18,029/-<br>(ਅਤੇ ਮਿਤੀ 01.07.2025 ਤੋਂ ਲਾਗੂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਬੈਨਾਮਾ ਨੰ. 9726 ਮਿਤੀ 28.01.2025 ਅਨੁਸਾਰ ਸ੍ਰੀ ਨਵਜੀਤ ਰਾਏ ਵਧਾਵਨ ਪੁੱਤਰ ਰਜਵੰਤ ਰਾਏ ਵਧਾਵਨ ਦੀ ਮਲਕੀਅਤ ਅਚੱਲ ਜਾਇਦਾਦ ਰਕਬਾ ਬੇਸਮੈਂਟ ਖੇਤਰ 18'×50'6" ਅਤੇ ਖੁਡਾ ਖੇਤਰ 14' 6"×32', ਪਲਾਟ ਨੰ. 430-ਆਰ, ਮਾਡਲ ਟਾਊਨ ਜਲੰਧਰ ਸ਼ਹਿਰ। |
| ਰਾਖਵੀਂ ਕੀਮਤ | ਰੁ. 33 ਲੱਖ (ਤੇਤੀ ਲੱਖ ਰੁਪਏ ਕੇਵਲ) |
| ਈ ਐੱਮ ਡੀ (ਬਿਆਨਾ ਰਕਮ) | ਕੁੱਲ ਈ ਐੱਮ ਡੀ (ਬਿਆਨਾ ਰਕਮ) ਰਾਖਵੀਂ ਕੀਮਤ ਦਾ 25 ਫੀਸਦੀ ਹੈ, ਜੋ ਸਫਲ ਬੋਲੀਕਾਰ ਵੱਲੋਂ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਮਿਤੀ 07-08-2025 ਨੂੰ ਅਦਾ ਕੀਤਾ ਜਾਵੇਗਾ। ਟੈਂਡਰ ਫਾਰਮ ਅਤੇ ਈ ਐੱਮ ਡੀ, ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ : ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

ਬੈਂਕ ਦੀ ਜਾਣਕਾਰੀ 'ਚ ਜੋਖਮ : ਕੋਈ ਨਹੀਂ। ਜਾਇਦਾਦ ਦੀ ਵਿਕਰੀ "ਜਿਵੇਂ ਹੈ ਜਿੱਥੇ ਹੈ" "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ ਕੀਤੀ ਜਾਵੇਗੀ। ਟੈਂਡਰ ਸਮੇਤ ਰਾਖਵੀਂ ਕੀਮਤ ਦੀ ਕੁੱਲ 25 ਫੀਸਦੀ ਈ ਐੱਮ ਡੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਪ੍ਰਾਪਤ ਕਰਨ ਦੀ ਅੰਤਮ ਮਿਤੀ/ਸਮਾਂ 07.08.2025 ਸਵੇਰੇ 11.00 ਵਜੇ ਤੱਕ ਹੈ। ਟੈਂਡਰ ਉਕਤ ਮਿਤੀ ਤੋਂ ਸਵੇਰੇ 11.00 ਵਜੇ ਤੋਂ ਬਾਅਦ ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ ਜਲੰਧਰ ਵਿਖੇ ਸਾਰੇ ਪੇਸ਼ਕਰਤਾਵਾਂ/ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਖੋਲ੍ਹੇ ਜਾਣਗੇ ਅਤੇ ਵਿਚਾਰੇ ਜਾਣਗੇ। ਟੈਂਡਰ ਫਾਰਮ ਸਮੇਤ ਵਿਕਰੀ ਦੀਆਂ ਸ਼ਰਤਾਂ ਦੇ ਵੇਰਵੇ ਅਤੇ ਜਾਇਦਾਦ ਦੇ ਨਿਰੀਖਣ ਲਈ ਕਿਰਪਾ ਕਰਕੇ ਸ਼ਾਖਾ ਦਫਤਰ ਨੇੜੇ ਪਠਾਨਕੋਟ ਬਾਈਪਾਸ ਚੌਕ ਜਲੰਧਰ ਨਾਲ ਸੰਪਰਕ ਕੀਤਾ ਜਾਵੇ। ਵਿਕਰੀ, ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਰੂਲਜ਼/ਸ਼ਰਤਾਂ ਤਹਿਤ ਕੀਤੀ ਜਾਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਤੋਂ ਪਹਿਲਾਂ ਸ਼ਰਤਾਂ ਅਤੇ ਨਿਯਮ ਕਿਸੇ ਸਮੇਂ ਵੀ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ/ ਤਬਦੀਲ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਮਿਤੀ : 19.07.2025 ਅਧਿਕਾਰਤ ਅਫਸਰ

22- July - Page - 7.qxd 7/21/2025 10:46 PM Page 1



# ਅਚੁਥਾਨੰਦਨ ਦੇ ਸਦੀਵੀ ਵਿਛੋੜੇ 'ਤੇ ਦੁੱਖ ਪ੍ਰਗਟ



ਜਲੰਧਰ (ਰਾਜੇਸ਼ ਥਾਪਾ) ਕਮਿਊਨਿਸਟ ਕੋ-ਆਰਡੀਨੇਸ਼ਨ ਕਮੇਟੀ (ਸੀ ਸੀ ਸੀ) ਦੇ ਕਨਵੀਨਰਾਂ ਮੰਗਤ ਰਾਮ ਪਾਸਲਾ (ਜਨਰਲ ਸਕੱਤਰ ਆਰ ਐਮ ਪੀ ਆਈ) ਅਤੇ ਐਮ ਅਸ਼ੋਕ ਓਮਕਾਰ (ਜਨਰਲ ਸਕੱਤਰ ਐਮ ਸੀ ਪੀ ਆਈ-ਯੂ) ਨੇ ਇੱਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਦੇਸ਼ ਦੇ ਸਭ ਤੋਂ ਬਜ਼ੁਰਗ ਕਮਿਊਨਿਸਟ ਰਹਿਬਰ, ਨਾਮਵਰ ਸੁਤੰਤਰਤਾ ਸੈਨਾਨੀ ਕਾਮਰੇਡ ਵੀ ਐਸ ਅਚੁਥਾਨੰਦਨ ਦੇ ਦਿਹਾਂਤ 'ਤੇ ਡੂੰਘੇ ਦੁੱਖ ਪ੍ਰਗਟ ਕੀਤਾ।1940 'ਚ ਦੇਸ਼ ਦੀ ਅਣਵੰਡੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣਨ ਵਾਲੇ ਸਾਥੀ ਵੀ ਐਸ ਨੇ ਆਪਣੇ ਜੀਵਨ ਦੇ ਤਕਰੀਬਨ ਸਾਢੇ ਅੱਠ ਦਹਾਕੇ ਸਮਾਜਿਕ ਪਰਿਵਰਤਨ ਦੇ ਮਾਰਕਸੀ ਸੰਗਰਾਮ ਦੇ ਲੇਖੇ ਲਾਏ ਹਨ।1964 'ਚ ਕਾਇਮ ਹੋਈ ਸੀ ਪੀ ਆਈ (ਐਮ) ਦੇ ਸੰਸਥਾਪਕਾਂ 'ਚੋਂ ਸਨ। ਪਾਰਟੀ ਦੀ ਪੋਲਿਟ ਬਿਊਰੋ ਅਤੇ ਕੇਂਦਰੀ ਕਮੇਟੀ ਮੈਂਬਰ ਵਜੋਂ ਆਪ ਦਾ ਯੋਗਦਾਨ ਹਮੇਸ਼ਾ ਯਾਦ ਰੱਖਿਆ ਜਾਵੇਗਾ।1967 'ਚ ਪਹਿਲੀ ਵਾਰ ਵਿਧਾਇਕ ਚੁਣੇ ਗਏ ਮਰਹੂਮ ਕਾਮਰੇਡ ਵੀ ਐਸ ਕੇਰਲਾ ਸੂਬੇ ਦੇ ਮੁੱਖ ਮੰਤਰੀ ਅਤੇ ਰਿਕਾਰਡ ਸਮਾਂ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਹੇ ਸਨ।ਪਾਸਲਾ ਅਤੇ ਅਸ਼ੋਕ ਨੇ ਸੀ ਪੀ ਆਈ (ਐਮ) ਦੀ ਕੇਂਦਰੀ ਕਮੇਟੀ ਅਤੇ ਵਿਛੜੇ ਆਗੂ ਦੇ ਪ੍ਰੀਵਾਰ ਨਾਲ ਆਪਣੀਆਂ ਸੰਵੇਦਨਾਵਾਂ ਸਾਂਝੀਆਂ ਕੀਤੀਆਂ ਹਨ।


## Capital Small Finance Bank Ltd.

MIDAS Corporate Park, 3rd Floor, 37, G.T. Road, Jalandhar-144001, Punjab, India

ਸਕਿਉਰੀਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

1. (ਐਲ ਏ ਪੀ 'ਚ ਕਰਜ਼ਦਾਰ) : ਸ਼੍ਰੀਮਤੀ ਪੂਨਮ ਦੁੱਗਲ ਪਤਨੀ ਰਜਤ ਦੁੱਗਲ ਉਰਫ ਰਜਤ ਕੁਮਾਰ ਦੁੱਗਲ, ਵਾਸੀ ਮਕਾਨ ਨੰ. 136, ਕ੍ਰਦੀਰ ਵਰਗ ਸਿੰਘ ਕਾਲੋਨੀ, ਜਲੰਧਰ, ਪੰਜਾਬ-144008
2. (ਐਲ ਏ ਪੀ 'ਚ ਸਹਿ-ਕਰਜ਼ਦਾਰ) : ਸ੍ਰੀ ਰਜਤ ਦੁੱਗਲ ਉਰਫ ਰਜਤ ਕੁਮਾਰ ਦੁੱਗਲ, ਵਾਸੀ ਮਕਾਨ ਨੰ. 136, ਕ੍ਰਦੀਰ ਵਰਗ ਸਿੰਘ ਕਾਲੋਨੀ, ਦਾਣਾ ਮੰਡੀ, ਜਲੰਧਰ, ਪੰਜਾਬ-144008
3. (ਐਲ ਏ ਪੀ 'ਚ ਗਰੰਟਰ) : ਸ੍ਰੀ ਰਾਜਨ ਕੁਮਾਰ, ਵਾਸੀ ਮਕਾਨ ਨੰ. 20/6, ਜਲੰਧਰ, ਪੰਜਾਬ-144013

| ਮਨਜ਼ੂਰ ਸੁਵਿਧਾ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (01.07.2025 ਤੱਕ) |
|---|---|---|
| LAP/09160200033 | Rs. 9,30,000/- | Rs. 8,65,740/- |

ਬੈਨਾਮਾ ਦਸਤਾਵੇਜ਼ ਨੰ. 1178 ਮਿਤੀ 13.05.2011 ਅਨੁਸਾਰ ਸ਼੍ਰੀਮਤੀ ਪੂਨਮ ਦੁੱਗਲ ਪਤਨੀ ਰਜਤ ਦੁੱਗਲ ਦੀ ਮਲਕੀਅਤ ਜਾਇਦਾਦ, ਮਕਾਨ ਨੰ. 223, ਖਸਰਾ ਨੰ., ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ।

ਮਿਤੀ : 19.07.2025 | ਸਥਾਨ : ਜਲੰਧਰ | (ਅਧਿਕਾਰਤ ਅਫਸਰ)

## Capital Small Finance Bank Ltd.

MIDAS Corporate Park, 3rd Floor, 37, G.T. Road, Jalandhar-144001, Punjab, India

ਸਕਿਉਰੀਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

1. (ਐਲ ਏ ਪੀ-1 ਅਤੇ ਐਲ ਏ ਪੀ-2 ਵਿੱਚ ਕਰਜ਼ਦਾਰ) : ਸ਼੍ਰੀਮਤੀ ਪੂਨਮ ਦੁੱਗਲ ਪਤਨੀ ਰਜਤ ਕੁਮਾਰ ਦੁੱਗਲ, ਵਾਸੀ ਮਕਾਨ ਨੰ. 136, ਕ੍ਰਦੀਰ ਵਰਗ ਸਿੰਘ ਕਾਲੋਨੀ, ਜਲੰਧਰ, ਪੰਜਾਬ-144008
2. (ਐਲ ਏ ਪੀ-1 ਅਤੇ ਐਲ ਏ ਪੀ-2 ਵਿੱਚ ਕਰਜ਼ਦਾਰ) : ਵਰੋਨੀਕ ਸਿੰਘ ਪੁੱਤਰ ਰਾਜਨ ਕੁਮਾਰ, ਵਾਸੀ ਮਕਾਨ ਨੰ. 223-ਏ, ਬਸ਼ਾ ਬਕਾਰ, ਬਸਤੀ ਸ਼ੇਖ, ਜਲੰਧਰ, ਪੰਜਾਬ-144002
3. (ਐਲ ਏ ਪੀ-1 ਅਤੇ ਐਲ ਏ ਪੀ-2 ਵਿੱਚ ਗਰੰਟਰ) : ਸ੍ਰੀ ਰਜਤ ਦੁੱਗਲ ਉਰਫ ਰਜਤ ਕੁਮਾਰ ਦੁੱਗਲ ਪੁੱਤਰ ਵਿਜੇ ਕੁਮਾਰ ਵਾਸੀ ਮਕਾਨ ਨੰ. 136, ਕ੍ਰਦੀਰ ਵਰਗ ਸਿੰਘ ਕਾਲੋਨੀ, ਦਾਣਾ ਮੰਡੀ, ਜਲੰਧਰ, ਪੰਜਾਬ-144008
4. (ਐਲ ਏ ਪੀ-1 ਅਤੇ ਐਲ ਏ ਪੀ-2 ਵਿੱਚ ਗਰੰਟਰ) : ਅਵਿੰਦ ਸਿੰਘ ਪੁੱਤਰ ਵਰਿੰਦਰ ਸਿੰਘ, ਵਾਸੀ ਮਕਾਨ ਨੰ. 60-ਐਫ, ਰਾਹਾ ਕ੍ਰਿਸ਼ਨ ਮੰਦਿਰ, ਨਿਊ ਕਾਰੋਨੀ, ਜਲੰਧਰ, ਪੰਜਾਬ-144011
5. (ਐਲ ਏ ਪੀ-1 ਅਤੇ ਐਲ ਏ ਪੀ-2 ਵਿੱਚ ਗਰੰਟਰ) : ਵਨਿਕਾ ਸੂਰੀ ਪੁੱਤਰ ਸ੍ਰੀ ਸੂਰੀ ਉਰਫ ਰਘਪਾਲ ਸੂਰੀ, ਵਾਸੀ ਮਕਾਨ ਨੰ. 371, ਕ੍ਰਦੀਰ ਵਰਗ ਸਿੰਘ ਨਗਰ, ਜਲੰਧਰ, ਪੰਜਾਬ-144008

| ਮਨਜ਼ੂਰ ਸੁਵਿਧਾ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (01.07.2025 ਤੱਕ) |
|---|---|---|
| LAP-1/09160200042 | Rs. 21,00,000/- | Rs. 20,20,460/- |
| LAP-2/09160200043 | Rs. 22,00,000/- | Rs. 21,50,474/- |

ਪ੍ਰਤਿਭੂਤੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਰਹਿਣਨਾਮਾ : ਬੈਨਾਮਾ ਦਸਤਾਵੇਜ਼ ਨੰ. 2018-19/186/1/6818 ਮਿਤੀ 12-02-2019 ਅਨੁਸਾਰ ਸ਼੍ਰੀਮਤੀ ਪੂਨਮ ਦੁੱਗਲ ਪਤਨੀ ਰਜਤ ਕੁਮਾਰ ਦੁੱਗਲ ਦੀ ਮਲਕੀਅਤ ਜਾਇਦਾਦ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ।

ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐਸੇਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 19.07.2025 | ਸਥਾਨ : ਜਲੰਧਰ | (ਅਧਿਕਾਰਤ ਅਫਸਰ)


## ਪਬਲਿਕ ਨੋਟਿਸ

ਮੈਂ, ਅਮਨਦੀਪ ਕੌਰ ਪਤਨੀ ਸਵ: ਤਲਵਿੰਦਰ ਸਿੰਘ ਵਾਸੀ ਬੜਾ ਪਿੰਡ ਰੋਡ ਮੁੱਹਲਾ ਗੁਰੂਨਾਨਕ ਪੁਰਾ, ਗੁਰਾਇਆ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਦੀ ਹਾਂ, ਇਹ ਕਿ ਪਿੰਡ ਘੱਲੂਮਾਜਰਾ, ਤਹਿਸੀਲ ਫੌਜਾ ਬਸੀ, ... ਮੇਰੇ ਪਤੀ ਤਲਵਿੰਦਰ ਸਿੰਘ ਦੀ ਮਿਤੀ 16-05-2025 ਨੂੰ ਮੌਤ ਹੋ ਚੁੱਕੀ ਹੈ ... ਮੇਰੇ ਪਤੀ ਤਲਵਿੰਦਰ ਸਿੰਘ ਦੇ ਕਾਨੂੰਨੀ ਵਾਰਸ ਹਾਂ। ਅਗਰ ਕਿਸੇ ਕੋਈ ਇਤਰਾਜ਼ ਹੋਵੇ ਤਾਂ ਇਸ ਨੋਟਿਸ ਛੱਪਣ ਦੇ 7 ਦਿਨਾਂ ਦੇ ਅੰਦਰ ਅੰਦਰ ਆਪਣਾ ਦਾਅਵਾ ਪੇਸ਼ ਕਰ ਸਕਦਾ ਹੈ।

## ਸੰਦਾਂ ਦੀ ਖੁੱਲੀ ਬੋਲੀ

ਦੀ ਰਤ੍ਰ ਬਹੁ-ਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਵੱਲੋਂ ਖੇਤੀਬਾੜੀ ਸੰਦਾਂ ਦੀ ਖੁੱਲੀ ਬੋਲੀ ਮਿਤੀ 31 ਜੁਲਾਈ 2025 ਨੂੰ ਸਵੇਰੇ 11 ਵਜੇ ਸਭਾ ਦੇ ਦਫਤਰ ਵਿੱਚ ਰੱਖੀ ਗਈ ਹੈ। ਬੋਲੀ ਸਬੰਧੀ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਲੜੀ ਨੰ: ਸੰਦਾਂ ਦਾ ਨਾਮ - ਨਗ : -
ਕਣਕ ਬੀਜਣ ਵਾਲੀ ਮਸ਼ੀਨ (2), ਕਰਾਹ (1), ਪਲਾਓ ਹਲ (1),

ਪ੍ਰਧਾਨ : ਜਗਤਾਰ ਸਿੰਘ (94172-88090)
ਸਕੱਤਰ : ਇਕਬਾਲ ਸਿੰਘ (99880-32435)

## ਦਰੱਖਤਾਂ ਦੀ ਨਿਲਾਮੀ

ਸਰਕਾਰੀ ਪ੍ਰਾਇਮਰੀ ਸਕੂਲ ਭੈਣੀ ਬਾਘਾ (ਮਾਨਸਾ) ਵਿਖੇ 2 ਸੁੱਕੇ ਦਰੱਖਤਾਂ ਦੀ ਨਿਲਾਮੀ ਮਿਤੀ 28 ਜੁਲਾਈ 2025 ਨੂੰ ਸਵੇਰੇ 10:30 ਵਜੇ ਸਕੂਲ ਵਿਖੇ ਹੋਵੇਗੀ। ਚਾਹਵਾਨ ਬੋਲੀਕਾਰ ਸਮੇਂ ਸਿਰ ਸਰਕਾਰੀ ਪ੍ਰਾਇਮਰੀ ਸਕੂਲ ਭੈਣੀ ਬਾਘਾ ਵਿਖੇ ਪਹੁੰਚਣਾ ਯਕੀਨੀ ਬਣਾਉਣ।

ਹੈੱਡ ਟੀਚਰ (ਪ੍ਰਭਜੋਤ ਕੌਰ)
ਸਰਕਾਰੀ ਪ੍ਰਾਇਮਰੀ ਸਕੂਲ ਭੈਣੀ ਬਾਘਾ (ਮਾਨਸਾ)

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ/ਦੋਮ ਦਸੂਹਾ

Mail Id:- tehsildasuva@gmail.com

ਤਕਸੀਮ ਕੇਸ - 52/25

ਵਾਕਿਆ ਰਕਬਾ ਪਿੰਡ ਝਿੰਗੜ ਕਲਾਂ/92, ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ।

ਧਿਰਾਂ : ਗੁਰਪ੍ਰੀਤ ਸਿੰਘ ਬਨਾਮ ਰਵਿੰਦਰ ਕੌਰ ਆਦਿ।

ਉਪਰੋਕਤ ਮੁਕੱਦਮੇ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਉੱਤਰਵਾਦੀਆਂ ਨੂੰ ਅਖਬਾਰ ਨੋਟਿਸ/ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਿਤੀ 29.07.2025 ਨੂੰ ਬਾਅਦ ਦੁਪਹਿਰ 3.00 ਵਜੇ ਅਸਾਲਤਨ ਜਾਂ ਵਕਾਲਤਨ ਇਸ ਕੇਸ ਦੀ ਪੈਰਵੀ ਲਈ ਇਸ ਅਦਾਲਤ ਵਿੱਚ ਹਾਜ਼ਰ ਹੋਣ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼/ਉਜ਼ਰ ਮੰਨਣਯੋਗ ਨਹੀਂ ਹੋਵੇਗਾ।

ਅੱਜ ਮਿਤੀ 17.07.2025 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

No. 1646/R-1/ 17/7/25
ਸਹਾਇਕ ਕੁਲੈਕਟਰ ਦਰਜਾ ਅੱਵਲ ਦਸੂਹਾ

ਦੂਸਰੀ ਧਿਰ ਦਾ ਨਾਂਅ 1) ਮ੍ਰਿਤਕ ਰਵਿੰਦਰ ਕੌਰ ਪੁੱਤਰੀ ਕਰਤਾਰ ਕੌਰ ਪੁੱਤਰੀ ਬਿਸ਼ੀ ਬਜ਼ਰੀਆ ਵਾਰਸਾਨ :- (ੳ) ਸੰਦੀਪ ਸਿੰਘ, (ਅ) ਜਸਵੀਰ ਸਿੰਘ, (ੲ) ਸ਼ਰਨਜੀਤ ਸਿੰਘ ਪੁੱਤਰਾਨ ਰਵਿੰਦਰ ਕੌਰ ਵਾਸੀਆਨ ਪਿੰਡ ਰਮਦਾਸਪੁਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ।2) ਅਮਰੀਕ ਸਿੰਘ ਪੁੱਤਰ ਕਰਤਾਰ ਕੌਰ ਪੁੱਤਰੀ ਬਿਸ਼ੀ, 3) ਕਮਲਪ੍ਰੀਤ ਸਿੰਘ ਪੁੱਤਰ ਅਜੀਤ ਸਿੰਘ ਪੁੱਤਰ ਬਿਸ਼ੀ, 4) ਮ੍ਰਿਤਕ ਕੁਲਦੀਪ ਸਿੰਘ ਪੁੱਤਰ ਹਰਭਜਨ ਸਿੰਘ ਪੁੱਤਰ ਗੰਗਾ ਸਿੰਘ ਬਜ਼ਰੀਆ ਵਾਰਸਾਨ:- (ੳ) ਨਰਿੰਦਰਪਾਲ ਕੌਰ ਪਤਨੀ, (ਅ) ਗੁਰਜੀਤ ਸਿੰਘ ਪੁੱਤਰ, (ੲ) ਲਵਪ੍ਰੀਤ ਕੌਰ, (ਸ) ਹਰਪ੍ਰੀਤ ਕੌਰ, (ਹ) ਰੁਪਿੰਦਰ ਕੌਰ ਪੁੱਤਰੀਆਂ ਕੁਲਦੀਪ ਸਿੰਘ ਪੁੱਤਰ ਹਰਭਜਨ ਸਿੰਘ ਵਾਸੀਆਨ ਪਿੰਡ ਰਮਦਾਸਪੁਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ।6) ਪਰਮਜੀਤ ਸਿੰਘ ਪੁੱਤਰ ਅਮਰਨਾਥ ਸਿੰਘ ਪੁੱਤਰ ਫਕੀਰ ਚੰਦ, 7) ਜਸਵੀਰ ਕੌਰ ਪਤਨੀ ਪਰਮਜੀਤ ਸਿੰਘ ਪੁੱਤਰ ਅਮਰਨਾਥ, 8) ਤਰਨਜੀਤ ਸਿੰਘ ਪੁੱਤਰ ਮੋਹਨ ਸਿੰਘ ਪੁੱਤਰ ਸਰੂਪ ਸਿੰਘ, 9) ਰਵਿੰਦਰ ਸਿੰਘ, 10) ਜਸਵਿੰਦਰ ਸਿੰਘ, 11) ਸੁਖਵਿੰਦਰ ਸਿੰਘ ਪੁੱਤਰਾਨ ਪਰਮਜੀਤ ਸਿੰਘ ਪੁੱਤਰ ਜਗਨ ਨਾਥ, 12) ਹਰਜੋਤ ਸਿੰਘ ਪੁੱਤਰ ਦਲਜੀਤ ਸਿੰਘ, 13) ਅਕਾਸ਼ਦੀਪ ਸਿੰਘ ਪੁੱਤਰ, 14) ਮਨਦੀਪ ਕੌਰ ਵਿਧਵਾ ਦਲਜੀਤ ਸਿੰਘ ਪੁੱਤਰ ਕੇਵਲ ਸਿੰਘ, 15) ਨਛੱਤਰ ਕੌਰ ਵਿਧਵਾ, 16) ਜਸਵੀਰ ਕੌਰ ਪੁੱਤਰੀ ਸੂਰਮ ਸਿੰਘ ਪੁੱਤਰ ਉਧਮ ਸਿੰਘ, 17) ਹਰਪ੍ਰੀਤ ਸਿੰਘ ਪੁੱਤਰ ਅਮਰਨਾਥ ਪੁੱਤਰ ਫਕੀਰ ਚੰਦ, 18) ਜਸਬੀਰ ਕੌਰ ਪਤਨੀ ਪਰਮਜੀਤ ਸਿੰਘ, 19) ਬਿਕਰਮਜੀਤ ਸਿੰਘ ਪੁੱਤਰ ਮੁਰਤੀ ਪੁੱਤਰ ਅਮਰ ਨਾਥ, 20) ਲਖਵਿੰਦਰ ਸਿੰਘ ਪੁੱਤਰ ਰਾਮ ਮੂਰਤੀ ਪੁੱਤਰ ਅਮਰ ਨਾਥ ਵਾਸੀਆਨ ਪਿੰਡ ਝਿੰਗੜ ਕਲਾਂ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ

## COURT NOTICE

(U/o 5 Rule 20 CPC)
(Succession Case)
In The Court of
Ms. Ekta Sahota
Additional Civil Judge
Senior Division - 1, Patiala
CNR No. PBPT02-001686-2025
Next Date:- 05-08-2025
Lalit Kumar
Vs.
General Public
Notice To :
1. General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 05-08-2025 at 10:00 a.m.

For details logon to https://highcourtchd.gov.in/?mod=district_notice&district=Patiala

Additional Civil Judge
Senior Division - 1, Patiala
Dated, this day of 15-07-2025


**AXIS BANK** Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai- 400025
Registered Office: 'Trishul', 3rd Floor, opposite Samartheswar Temple, Law garden, Ellisbridge, Ahmadabad- 380006

### ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਿਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਨਿਕਲਦੀ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਉਰਡ ਐਸੇਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਗਰੰਟਰ ਦਾ ਨਾਂਅ/ਪਤਾ | ਡਿਮਾਂਡ ਨੋਟਿਸ ਦੀ ਮਿਤੀ/ਐੱਨ ਪੀ ਏ ਦੀ ਮਿਤੀ/ਕਬਜ਼ੇ ਦੀ ਮਿਤੀ ਬਕਾਇਆ ਰਾਸ਼ੀ |
|---|---|---|
| 1. | (1) ਸ੍ਰੀ ਬਲਜਿੰਦਰ ਸਿੰਘ ਪੁੱਤਰ ਦਿਲਬਾਗ ਸਿੰਘ ਪਿੰਡ ਮਲਿਕਪੁਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ-143511 (2) ਸ੍ਰੀਮਤੀ ਅਮਨਦੀਪ ਕੌਰ ਪਤਨੀ ਬਲਜਿੰਦਰ ਸਿੰਘ ਪਿੰਡ ਮਲਿਕਪੁਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ-143511 | 05-Mar-2025 / 28-Feb-2025 / 16-July-2025<br>ਰੁਪਏ 34,97,722/- (ਚੌਂਤੀ ਲੱਖ ਸਤਾਨਵੇਂ ਹਜ਼ਾਰ ਸੱਤ ਸੌ ਬਾਈ ਰੁਪਏ ਕੇਵਲ) |
| | ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਤਬਾਦਲਾ ਬੈਨਾਮਾ ਦਸਤਾਵੇਜ਼ ਨੰ. 2019-20/146/1/1585 ਮਿਤੀ 11.07.2019 ਅਨੁਸਾਰ ਬਲਜਿੰਦਰ ਸਿੰਘ ਪੁੱਤਰ ਦਿਲਬਾਗ ਸਿੰਘ ਦੇ ਨਾਂਅ 'ਤੇ ਰਿਹਾਇਸ਼ੀ ਜਾਇਦਾਦ ਰਕਬਾ 200 ਵਰਗ ਗਜ਼ ਜਾਂ 6-1/2 ਮਰਲੇ (ਕਰਮ 5-1/2) ਨਾਲ ਮਿਣਤੀ 23'-1''×78', ਜੋ ਕਿ 13/5802 ਦਾ ਹਿੱਸਾ, ਖਸਰਾ ਨੰ. 29//5/2 (2-2), 6 (6-16), 12/2, (0-4), 14 (2-1), 15 (8-0), 16 (8-0), 17 (8-0), 18/1 (6-1), 19 (8-0), 20 (8-0), 21/1 (4-3), 22 (8-0), 23 (8-0), 24 (8-0), 25 (8-0), 28 (0-9), 30//1 (0-2), 10/2 (1-3), 11/1 (4-0), 20 (8-0), 21 (8-0), 26 (8-19), 33//1/1 (3-17), 34//2 (2-17), 3 (4-7), 4 (4-7), 5 (5-4) ਕੁੱਲ ਜ਼ਮੀਨ 145 ਕੇ-2 ਐੱਮ, ਖੇਵਟ 82, ਖਤੌਨੀ 95, ਬਟਾਲਾ ਸੁਰਕੀ (ਝਰੀਆਂਵਾਲ), ਹਦਬਸਤ ਨੰ. 211, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦਾ ਉਚਿਤ ਗਿਰਵੀਨਾਮਾ (ਹੱਦਾਂ) : ਉੱਤਰ : ਰਸਤਾ, ਦੱਖਣ : ਹੰਸਲੀ, ਪੂਰਬ : ਪ੍ਰਭਸ਼ਰਨ ਸਿੰਘ, ਪੱਛਮ : ਹੋਰਨਾਂ ਦੀ ਮਾਲਕੀ। | |
| 2. | (1) ਮੈਸ: ਬੰਸੀ ਰਾਮ ਦਰਸ਼ਨ ਕੁਮਾਰ ਰਾਹੀਂ ਇਸ ਦੇ ਪਾਰਟਨਰ ਦੁਕਾਨ ਨੰ. 112, ਓਲਡ ਗਰੇਨ ਮਾਰਕਿਟ, ਤਲਵੰਡੀ ਭਾਈ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-142050, (2) ਸ੍ਰੀ ਦਰਸ਼ਨ ਲਾਲ ਖੁਰਾਣਾ ਪੁੱਤਰ ਬੰਸੀ ਰਾਮ ਮਕਾਨ ਨੰ. 105, ਵਾਰਡ ਨੰ. 2, ਗਲੀ ਦੱਖਣ ਵਾਲੀ, ਤਲਵੰਡੀ ਭਾਈ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-142050 (3) ਸ੍ਰੀ ਵਿਜੇ ਕੁਮਾਰ ਪੁੱਤਰ ਮੋਹਨ ਲਾਲ ਖੁਰਾਣਾ ਮਕਾਨ ਨੰ. 59, ਜਵਾਹਰ ਨਗਰ, ਸਟਰੀਟ/ਗਲੀ ਨੰ. 8, ਤਹਿਸੀਲ ਅਤੇ ਜ਼ਿਲ੍ਹਾ ਮੋਗਾ, ਪੰਜਾਬ-142001 (4) ਸ੍ਰੀ ਸ਼ੰਕਰ ਦਾਸ ਪੁੱਤਰ ਸੋਹਣ ਲਾਲ ਮਕਾਨ ਨੰ. 1354/11, ਜਵਾਹਰ ਨਗਰ, ਗਲੀ ਨੰ. 2, ਵਾਰਡ ਨੰ. 11, ਤਹਿਸੀਲ ਅਤੇ ਜ਼ਿਲ੍ਹਾ ਮੋਗਾ, ਪੰਜਾਬ-142001, (5) ਸ੍ਰੀ ਗੋਪਾਲ ਕ੍ਰਿਸ਼ਨ ਪੁੱਤਰ ਮੋਹਣ ਲਾਲ ਮਕਾਨ ਨੰ. 58, ਜਵਾਹਰ ਨਗਰ, ਸਟਰੀਟ/ਗਲੀ ਨੰ. 8, ਤਹਿਸੀਲ ਅਤੇ ਜ਼ਿਲ੍ਹਾ ਮੋਗਾ, ਪੰਜਾਬ-142001, (6) ਸ੍ਰੀ ਸਾਹਿਲ ਖੁਰਾਣਾ ਪੁੱਤਰ ਵਿਨੋਦ ਕੁਮਾਰ ਖੁਰਾਣਾ ਨੇੜੇ ਸਟੇਟ ਬੈਂਕ ਆਫ ਪਟਿਆਲਾ, ਤਲਵੰਡੀ ਭਾਈ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-142050 (7) ਸ੍ਰੀ ਰਾਜੇਸ਼ ਕੁਮਾਰ ਖੁਰਾਣਾ ਪੁੱਤਰ ਮੋਹਣ ਲਾਲ ਮਕਾਨ ਨੰ. 1222/11, ਗਲੀ ਨੰ. 8, ਜਵਾਹਰ ਨਗਰ, ਮੋਗਾ, ਤਹਿਸੀਲ ਅਤੇ ਜ਼ਿਲ੍ਹਾ ਮੋਗਾ, ਪੰਜਾਬ-142001, (8) ਸ੍ਰੀਮਤੀ ਅੰਜੂ ਖੁਰਾਣਾ ਪਤਨੀ ਸ਼ੰਕਰ ਦਾਸ ਮਕਾਨ ਨੰ. 354, ਗਲੀ ਨੰ. 2, ਜਵਾਹਰ ਨਗਰ, ਵਾਰਡ ਨੰ. 11, ਮੋਗਾ, ਤਹਿਸੀਲ ਅਤੇ ਜ਼ਿਲ੍ਹਾ ਮੋਗਾ, ਪੰਜਾਬ-142001 | 05-Feb-2025 / 11-Jan-2025/ 16-July-2025 & 18-July-2025<br>ਰੁਪਏ 1,49,03,716/- (ਇੱਕ ਕਰੋੜ ਉਨੰਜਾ ਲੱਖ ਤਿੰਨ ਹਜ਼ਾਰ ਸੱਤ ਸੌ ਸੋਲਾਂ ਰੁਪਏ ਕੇਵਲ) |
| | ਰਹਿਣ ਕੀਤੀ ਜਾਇਦਾਦ ਦਾ ਵੇਰਵਾ : (1) ਬੈਨਾਮਾ ਨੰ. 849 ਮਿਤੀ 03.02.1998 ਅਨੁਸਾਰ ਵਿਜੇ ਕੁਮਾਰ, ਗੋਪਾਲ ਕ੍ਰਿਸ਼ਨ ਅਤੇ ਰਜੇਸ ਕੁਮਾਰ ਖੁਰਾਣਾ ਪੁੱਤਰ ਮੋਹਨ ਲਾਲ ਦੇ ਨਾਂਅ 'ਤੇ ਵਪਾਰਕ ਜਾਇਦਾਦ (ਜ਼ਮੀਨ ਤੇ ਇਮਾਰਤ) ਰਕਬਾ 20 ਫੁੱਟ ×60 ਫੁੱਟ, ਪੁਰਾਣੀ ਦਾਣਾ ਮਾਰਕਿਟ ਤਲਵੰਡੀ ਭਾਈ ਦੇ ਨਾਂਅ ਨਾਲ ਸੰਬੰਧਤ ਸਭ ਕੁਝ ਦਾ ਉਚਿਤ ਗਿਰਵੀਨਾਮਾ। ਹੱਦਾਂ (ਬੈਨਾਮੇ ਅਨੁਸਾਰ) ਉੱਤਰ ਸੈਣ ਮੰਡੀ, ਦੱਖਣ : ਨਵਲ ਕਿਸ਼ੋਰ, ਪੂਰਬ : ਧਰਮਪਾਲ ਗਿੱਲ, ਪੱਛਮ : ਜਤਿੰਦਰ ਨਾਥ<br>(2) ਗੋਪਾਲ ਕ੍ਰਿਸ਼ਨ ਖੁਰਾਣਾ ਪੁੱਤਰ ਮੋਹਨ ਲਾਲ ਦੇ ਨਾਂਅ 'ਤੇ ਰਿਹਾਇਸ਼ੀ ਜਾਇਦਾਦ (ਜ਼ਮੀਨ ਅਤੇ ਇਮਾਰਤ) ਰਕਬਾ 11 ਮਰਲੇ 8 ਸਰਸਾਈ 4 ਵਰਗ ਫੁੱਟ, ਖੇਵਟ ਨੰ. 210, 486, 493, ਖਤੌਨੀ ਨੰ. 221, 571, 581, ਖਸਰਾ ਨੰ. 2244/2 (2-08), 2244 (1-05), 2241/1 (1-05), 2244/1 (1-06), ਜਮ੍ਹਾਂਬੰਦੀ ਸਾਲ 2012-13 ਨੇੜੇ ਬੈਂਕ ਕਾਲੋਨੀ, ਮੋਗਾ, ਮਹਿਲਾ ਸਿੰਘ-3, ਤਹਿਸੀਲ ਅਤੇ ਜ਼ਿਲ੍ਹਾ ਮੋਗਾ ਨਾਲ ਸੰਬੰਧਤ ਸਭ ਕੁਝ ਦਾ ਉਚਿਤ ਗਿਰਵੀਨਾਮਾ। ਹੱਦਾਂ (ਬੈਨਾਮੇ ਅਨੁਸਾਰ) ਉੱਤਰ : ਗਲੀ 20 ਫੁੱਟ, ਦੱਖਣ : ਗਵਰਧਨ ਦਾਸ ਬਾਂਸਲ, ਪੂਰਬ : ਗਲੀ 20 ਫੁੱਟ, ਪੱਛਮ : ਨਰਿੰਦਰ ਕੌਰ।<br>(3) ਬੈਨਾਮਾ ਨੰ. 3496 ਮਿਤੀ 20.08.2004 ਅਨੁਸਾਰ ਸ਼ੰਕਰ ਦਾਸ ਪੁੱਤਰ ਸੋਹਣ ਲਾਲ ਅਤੇ ਸ੍ਰੀਮਤੀ ਅੰਜੂ ਖੁਰਾਣਾ ਪਤਨੀ ਸ਼ੰਕਰ ਦਾਸ ਦੇ ਨਾਂਅ 'ਤੇ ਰਿਹਾਇਸ਼ੀ ਜਾਇਦਾਦ (ਜ਼ਮੀਨ ਅਤੇ ਇਮਾਰਤ) ਜਾਇਦਾਦ ਦਾ ਨੰਬਰ ਡਬਲਯੂ-11/1354, ਰਕਬਾ 4 ਮਰਲੇ (25 ਫੁੱਟ ×50 ਫੁੱਟ), ਖਸਰਾ ਨੰ. 1951/33, ਜਵਾਹਰ ਨਗਰ, ਮੋਗਾ, ਜੀਤ ਸਿੰਘ, ਤਹਿਸੀਲ ਅਤੇ ਜ਼ਿਲ੍ਹਾ ਮੋਗਾ ਦੇ ਨਾਂਅ ਨਾਲ ਸੰਬੰਧਤ ਸਭ ਕੁਝ ਦਾ ਉਚਿਤ ਗਿਰਵੀਨਾਮਾ। ਹੱਦਾਂ (ਬੈਨਾਮੇ ਅਨੁਸਾਰ) : ਉੱਤਰ : ਦਰਸ਼ਨ ਲਾਲ, ਦੱਖਣ : ਵਿਜੇ ਪੁਰੀ, ਪੂਰਬ : ਰਸਤਾ 20 ਫੁੱਟ, ਪੱਛਮ : ਪਰਮਾ ਨੰਦ<br>(4) ਬੈਨਾਮਾ ਨੰ. 307, ਮਿਤੀ 24.07.2015 ਅਨੁਸਾਰ ਰਜੇਸ਼ ਕੁਮਾਰ ਖੁਰਾਣਾ ਪੁੱਤਰ ਮੋਹਣ ਲਾਲ ਅਤੇ ਗੋਪਾਲ ਕ੍ਰਿਸ਼ਨ ਪੁੱਤਰ ਮੋਹਣ ਲਾਲ ਦੇ ਨਾਂਅ 'ਤੇ ਵਪਾਰਕ ਜਾਇਦਾਦ (ਜ਼ਮੀਨ ਅਤੇ ਇਮਾਰਤ) ਦਾਣਾ ਮਾਰਕਿਟ ਦੁਕਾਨ ਨੰ. 19, ਰਕਬਾ 20 ਫੁੱਟ × 125 ਫੁੱਟ, ਨਵੀਂ ਦਾਣਾ ਮਾਰਕਿਟ, ਤਲਵੰਡੀ ਭਾਈ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ ਨਾਲ ਸੰਬੰਧਤ ਸਭ ਕੁਝ ਦਾ ਉਚਿਤ ਗਿਰਵੀਨਾਮਾ। ਹੱਦਾਂ : ਉੱਤਰ : ਦੁਕਾਨ 125'-0'', ਦੁਕਾਨ ਨੰ. 18, ਦੱਖਣ : ਦੁਕਾਨ 125'-0'', ਦੁਕਾਨ ਨੰ. 20, ਪੂਰਬ : ਗਲੀ 20'-0'' ਸੜਕ, ਪੱਛਮ : ਗਲੀ 20'-0'' ਗਲੀ<br>(5) ਸਾਹਿਲ ਖੁਰਾਣਾ ਪੁੱਤਰ ਵਿਨੋਦ ਕੁਮਾਰ ਖੁਰਾਣਾ ਦੇ ਨਾਂਅ 'ਤੇ ਰਿਹਾਇਸ਼ੀ ਜਾਇਦਾਦ (ਜ਼ਮੀਨ ਅਤੇ ਇਮਾਰਤ) ਰਕਬਾ 3 ਮਰਲੇ 6 ਸਰਸਾਈ (20 ਫੁੱਟ × 50 ਫੁੱਟ), ਗਲੀ ਨੰ. 1, ਨਿਊ ਅਬਾਦੀ ਤਲਵੰਡੀ ਭਾਈ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ ਨਾਲ ਸੰਬੰਧਤ ਸਭ ਕੁਝ ਦਾ ਉਚਿਤ ਗਿਰਵੀਨਾਮਾ। ਹੱਦਾਂ : ਉੱਤਰ : 20'-0'' ਗਲੀ, ਦੱਖਣ : 20'-0'' ਮਕਾਨ, ਪੂਰਬ : 60'-0'' ਮਕਾਨ, ਪੱਛਮ : 60'-0'' | |
| 3. | (1) ਸ੍ਰੀ ਕੁਲਦੀਪ ਸਿੰਘ ਪੁੱਤਰ ਜੋਗਿੰਦਰ ਸਿੰਘ ਮਕਾਨ ਨੰ. 110, ਬਾਬਾ ਦੀਪ ਸਿੰਘ ਐਵੇਨਿਊ, ਗੁਰੂ ਕੀ ਵਡਾਲੀ, ਛੇਹਰਟਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ-143001 (2) ਸ੍ਰੀਮਤੀ ਹਰਪ੍ਰੀਤ ਕੌਰ ਪਤਨੀ ਕੁਲਦੀਪ ਸਿੰਘ ਮਕਾਨ ਨੰ. 110, ਬਾਬਾ ਦੀਪ ਸਿੰਘ ਐਵੇਨਿਊ, ਗੁਰੂ ਕੀ ਵਡਾਲੀ, ਛੇਹਰਟਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ-143001 | 05-May-2025 / 01-May-2025/ 18-July-2025<br>ਰੁਪਏ 57,61,860/- (ਸਤਵੰਜਾ ਲੱਖ ਇਕਾਹਠ ਹਜ਼ਾਰ ਅੱਠ ਸੌ ਸੱਠ ਰੁਪਏ ਕੇਵਲ) |
| | ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਬੈਨਾਮਾ ਨੰ. 14462 ਮਿਤੀ 13-03-2014 ਅਨੁਸਾਰ ਸ੍ਰੀ ਕੁਲਦੀਪ ਸਿੰਘ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ ਪ੍ਰਾਈਵੇਟ ਨੰ. 110, ਰਕਬਾ 340.55 ਵਰਗ ਗਜ਼, ਮਿਣਤੀ ਪੂਰਬ ਵੱਲ 73 ਫੁੱਟ : ਪੱਛਮ : 96.9 ਫੁੱਟ, ਉੱਤਰ : 42 ਫੁੱਟ, ਦੱਖਣ : 37.10 ਫੁੱਟ, ਕੁੱਲ ਖੇਤਰ 340.55 ਵਰਗ ਗਜ਼, ਖਸਰਾ ਨੰ. 27//1/2, 13/3/2, 27//11/1, 15//21/2 ਮਿਨ, 15//12/2 ਮਿਨ, 27//1/1, 10/1, 15/21/1, 27//13/1, 27//13/2, 27//13/3/1, 27//12/4, 27//10/2, 15, 16//5/2, 14//19/5, 27//14 ਮਿਨ/ , ਖੱਤਾ/ਖਤੌਨੀ ਨੰ. 239/463 ਤੋਂ 474, ਜਮ੍ਹਾਂਬੰਦੀ ਸਾਲ 2008-2009, ਪਿੰਡ ਵਡਾਲੀ ਗੁਰੂ, ਸਬ-ਅਰਬਨ ਅਬਾਦੀ ਬਾਬਾ ਦੀਪ ਸਿੰਘ ਜੀ ਐਵੇਨਿਊ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ ਹੱਦਾਂ : ਪੂਰਬ : ਹੋਰਨਾਂ ਦੀ ਜਾਇਦਾਦ, ਪੱਛਮ : ਪਲਾਟ ਨੰ. 109, ਉੱਤਰ : ਸੜਕ, ਦੱਖਣ : ਹੋਰਨਾਂ ਦੀ ਮਲਕੀਅਤ। | |

ਮਿਤੀ : 22-07-2025
ਸਥਾਨ : ਫਿਰੋਜ਼ਪੁਰ, ਅੰਮ੍ਰਿਤਸਰ, ਗੁਰਦਾਸਪੁਰ

ਸਹੀ/- ਅਧਿਕਾਰਤ ਅਫਸਰ
ਐਕਸਿਸ ਬੈਂਕ ਲਿਮਟਿਡ





## Change of Name

I Veero W/o. Mohan Singh, VPO Sathiala, Patti Khane Ki (Amritsar) have changed my name from Veero to Swaran kaur. Concerned Note.

I, Triloki Nath Pandey S/o Rama Shanker Pandey R/o 16 New Bashirpura, Jalandhar have changed my name from Triloki Nath Pandey to Triloki Nath. Please note. (12296)

I, Paramjit Kaur W/o Pritam Singh R/o E.K.-243 Phagwara Gate Jalandhar have changed my name to Paramjeet Kaur and declare that Paramjit Kaur and Paramjeet Kaur both name are mine and same lady. (12289)

I,Amritpal Singh S/O Dalwinder Singh R/O Vill. Sugga,Teh.Patti Distt. TarnTaran hereby inform that Amritpal is my given name and Singh is my surname. Concerned please note.

I, Palak Arora D/o Anil Kumar W/o Rohit Kumar R/o H No. 409, Gali No-13, Ram Nagar Colony, Guru Nanak Pura, Amritsar declare that after marriage I have changed my name from Palak Arora to Palak Madaan.

I, Manjit Kaur W/o Harsurinder Pal R/o Near Saini Bhawan School Basant Nagar Tehsil and Distt. Hoshiarpur Punjab have changed my name from Manjit Kaur to Manjeet Kaur. Concerned note.

I, Gurpreet Singh S/o Paramjit Singh R/o VPO Piplanwala Tehsil and Distt. Hoshiarpur Punjab declare that my name is Gurpreet Singh. Singh is my surname and my given name Gurpreet. Concerned note.

I Raghuvir Singh S/O Ratan Singh R/O Vill Bharapur Po Sahiba Teh Balachaur Distt Sbs Nagar Punjab Have Changed My Name To Raghvir Singh. All Please Note.

I Rashi Singh D/o Ramesh Kumar R/o H.No.13, Tower Enclave Phase-2, Jalandhar, Punjab have changed my name to Given name as Rashi & Surname as Singh. All please note.

I Jaspreet Kaul S/o Dharam Pal R/o V.Bhagwanpur, Po.Lambra Distt.Jalandhar, Punjab have changed my name from Jaspreet to Jaspreet Kaul.(Kaul as surname), All please note.

I, Naina W/o Deepak Nayyar, resident of H.No. F-11/565, Gali No. 6, Paris Town, Batala Road, Amritsar, have changed my name after marriage from Naina to NAINA NAYYAR. All concerned please note.

I, Deepali Aggarwal W/o Pankaj Aggarwal R/o H.No. 11/185, Kucha Patranga, Chowk Shakti Nagar, Amritsar, Punjab have changed my name from Deepali Aggarwal to Deepali.

I, Shelly W/o Gaurav Pathak, R/o G 59, Alpha International City, G.T Road, Near Golden Gate, Amritsar, Punjab have changed my name from Shelly to Shelly Pathak.

I Sharda Rani w/o Joginder Pal Mahajan, R/o E.O- 218,Attari Bazar, Jalandhar have changed my name from Sharda Rani to Sharda Mahajan.

I, Jatinder Kumar S/o Sh. Naranjan Dass resident of Ravi dass Nagar, Gali No. 2, P.O. New Grain Market Jalandhar-144008, Punjab I have changed my name from Jatinder Kumar to Kumar Jatinder. Please note.

I, Manjit Kaur W/o Sh. Parmjit Singh Kainth resident of H.No. B-1/214 Street No. 2, Ravi Dass Nagar, PO. New Grain Market Jalandhar-144008, I have changed my name from Manjit Kaur to Kaur Manjit. Please note.

I, Rajwinder Singh S/o Sukhmander Singh R/o VPO. Jalalabad East, Teh. Dharamkot (Moga) have changed my name to Rajwinder Singh Samra.

I, Hardip Kaur W/o Satnam Singh R/o Vill. Sanghar Kalan Distt. Tarn Taran have changed my name to Hardeep Kaur.

I, Inderpal Singh S/o Harmeet Singh R/o H.No.01 Patti Jasso Ki Vpo Nagoke Tehsil Khadur Sahib Tarn Taran have changed my name from Inderpal Singh to Given name Inderpal Surname Singh.

I, Jasbir Singh S/o Puran Singh R/o Vpo Pakhopura Distt.Tarn Taran have changed my name from Jasbir Singh to Given name Jasbir Surname Singh.

I Gagan Deep Singh S/o Hardit Singh Resident of H.No. 600, Housefed Colony, New Amritsar I have changed my name from Gagan Deep Singh to Gagandeep Singh. All concerned please note.

I Puneet Chaudhry S/o Sh. Jagmohan Krishan Chaudhry Resident of 112, Dayanand Nagar, Gali No. 3, Lawrence Road, Amritsar. I have changed the name of my son from Divyansh Chaudhry to Dvyanssh Chaudhry. All concerned please note.

I, Randeep Kumar S/o Kewal Krishan R/o H.No.20, Tarn Taran Road, Bhai Manj Singh Road, Near Paragon Perfect Public School PO Kot Mit Singh District Amritsar have changed my name from Randeep Kumar to Randeep Kumar Arora.

I, Archna Arora W/o Sneh Arora R/o H.No. 807/A, Surya Enclave, Jalandhar (PB) have changed my name to Archana Arora. All concerned please note.

I, Neha Thakur w/o Neeraj Chopra r/o H.No. 25/A, Guru Ram Daas Nagar, Santokh Pura Jalandhar, Punjab have changed my name from Neha Thakur to Neha Chopra. All concerned please note. (R)

I, Balbir Singh S/o Kewal Singh R/o V.P.O. Chak Kalan, Tehsil Nakodar, Jalandhar, Punjab, 144042 changed my name to Balvir Singh.

I, Adarsh Vir s/o Mehanga Ram r/o H.No. 16 B, Basti Peer Dad, Raja Garden Mandir Wali Gali, Jalandhar have changed my name from Adarsh Vir to Adarshvij Vir. All Please Note.

I, Onkar s/o Ram Lal r/o Vill. Gadaipur, Distt. Jalandhar, Punjab have changed my name from Onkar to Onkar Mahi. All Please Note.

I, Dilshad Mohammad s/o Dilawar Hussain r/o Vill. Takhar, Po. Sargundi, Distt. Jalandhar Correction in my name to Dilshad Mohammod. All Please Note.

I, Dilawar s/o Karamdeen r/o Vill. Bhangala, Distt. Jalandhar-144033 have changed my name from Dilawar to Dilawar Hussain. All Please Note.

## Change of Name

I, Amandeep Singh s/o Kulwant Singh r/o Vill. Miani, Po.Poonian, Distt. Jalandhar have changed my name to Amandeep Singh Josan. (Surname as Josan) All Please Note.

I, Dharam Pal S/o Inder Paul R/o Vill. Ramgarh, Po. Phagwara, Distt. Kapurthala have changed my name from Dharam Pal to Dharam Paul. (Surname as Paul). All Please Note.

I, Shambhu Singh S/o Partap Bhanu Singh R/o H.No.28/10, Narotam Vihar, Kapurthala have changed my daughter name from Jasmine Singh to Singh Jasmine. All Please Note.

I, Charanjit S/o Gurdev Ram R/o VPO.Jagpalpur, Po. Ranipur, Teh.Phagwara, Kapurthala, Punjab-144403, have changed the name of my minor Son Varinder, aged 17 years and he shall hereafter be known as Varinder Singh.

I, Gurwinder Singh S/o Malkit Singh residence of Village- Sarje Chak, PO- Bhagtana Tulianwala, Tehsil- Kalanaur, District- Gurdaspur, State- Punjab, India Pin code-143604. Have changed my name from Gurwinder Singh To Singh Gurwinder Surname as Singh and given name as Gurwinder.

## ਨਾਂਅ ਦੀ ਬਦਲੀ

ਮੈਂ, ਮਨਜੀਤ ਕੌਰ ਪਤਨੀ ਸ਼੍ਰੀ ਸੁਰਿੰਦਰ ਸਿੰਘ ਨਿਵਾਸੀ ਪਿੰਡ ਮਨਸੂਰਪੁਰ, ਪੀ.ਓ. ਸਲਾਲਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਨੇ ਆਪਣਾ ਨਾਮ ਮਨਜੀਤ ਕੌਰ ਤੋਂ ਬਦਲ ਕੇ ਹਰਕੀਰਤ ਕੌਰ ਰੱਖ ਲਿਆ ਹੈ। ਕਿਰਪਾ ਕਰਕੇ ਸਬੰਧਤ ਨੋਟ ਕਰਨ।

ਮੈਂ, ਰਾਜ ਕੁਮਾਰ ਪੁੱਤਰ ਅਸ਼ੋਕ ਕੁਮਾਰ ਵਾਸੀ ਪਿੰਡ ਤੇ ਡਾਕਖਾਨਾ ਬਜਰਾਵਰ, ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਨਾਬਾਲਗ ਲੜਕੇ ਜਤਿਨ ਦਾ ਨਾਮ ਬਦਲ ਕੇ ਜਤਿਨ ਕੁਮਾਰ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਹਰਪ੍ਰੀਤ ਪਤਨੀ ਬੀਰਬਲ ਵਾਸੀ ਵਾਰਡ ਨੰ: 8 ਸ਼ਾਮ ਚੁਰਾਸੀ, ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ) ਨੇ ਆਪਣਾ ਨਾਂਅ ਹਰਪ੍ਰੀਤ ਤੋਂ ਬਦਲ ਕੇ ਹਰਪ੍ਰੀਤ ਕੌਰ ਰੱਖ ਲਿਆ। ਸੰਬੰਧਤ ਨੋਟ ਕਰਨ।

ਮੈਂ ਕਰਣ ਪੁੱਤਰ ਬੀਰਬਲ ਵਾਸੀ ਵਾਰਡ ਨੰ: 8, ਸ਼ਾਮ ਚੁਰਾਸੀ, ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ) ਨੇ ਆਪਣਾ ਨਾਂਅ ਕਰਣ ਤੋਂ ਬਦਲ ਕੇ ਕਰਨ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਨੰਦਿਤਾ ਰਾਣੀ ਪਤਨੀ ਪੁਨੀਤ ਸਿੰਗਲਾ, ਵਾਸੀ ਮਕਾਨ ਨੰਬਰ 274/3, ਮਲੇਰਕੋਟਲਾ ਰੋਡ, ਵਾਰਡ ਨੰਬਰ 3ਏ, ਚਰਨਜੀਤ ਰਾਈਸ ਮਿਲਜ਼ ਦੇ ਸਾਹਮਣੇ, ਧੂਰੀ (ਸੰਗਰੂਰ), ਨੇ ਆਪਣਾ ਨਾਂ ਬਦਲ ਕੇ ਆਪਣਾ ਨਾਮ ਨੰਦਿਤਾ ਸਿੰਗਲਾ ਰੱਖ ਲਿਆ ਹੈ।

## ਬੇਦਖਲੀ ਨੋਟਿਸ

ਮੈਂ, ਮਹਿੰਦਰ ਪਾਲ ਪੁੱਤਰ ਰਾਜੂ ਰਾਮ ਵਾਸੀ ਮਕਾਨ ਨੰ. 16, ਮਿੱਠਾਪੁਰ ਕਲੋਨੀ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਨਵਜੋਤ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਮਨ ਲਤਾ ਪਤਨੀ ਅਵਤਾਰ ਨਾਥ ਵਾਸੀ ਪਿੰਡ ਸੇਖੋਂ, ਡਾਕਖਾਨਾ ਨੁੱਸੀ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਕੇਸ਼ ਕੁਮਾਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਨਿਰਮਲ ਦੇਵੀ ਪਤਨੀ ਲੇਟ ਵਿਜੈ ਕੁਮਾਰ ਵਾਸੀ ਮਕਾਨ ਨੰ. ਡਬਲਯੂ. ਓ-5, ਬਸਤੀ ਦਾਨਿਸ਼ਮੰਦਾ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੂਰਜ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਹਰੀਸ਼ ਕੁਮਾਰ ਸਹਿਗਲ ਪੁੱਤਰ ਚਮਨ ਲਾਲ ਸਹਿਗਲ ਅਤੇ ਅਲਕਾ ਸਹਿਗਲ ਪਤਨੀ ਹਰੀਸ਼ ਕੁਮਾਰ ਸਹਿਗਲ ਵਾਸੀਆਨ 52, ਵਾਰਡ ਨੰ. 31, ਮਾਸਟਰ ਤਾਰਾ ਸਿੰਘ ਨਗਰ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਾਘਵ ਸਹਿਗਲ ਅਤੇ ਉਸਦੀ ਪਤਨੀ ਨੇਹਾ ਸਹਿਗਲ ਅਤੇ ਇਨ੍ਹਾਂ ਦਾ ਬੱਚਾ ਰੇਹਾਨ ਸਹਿਗਲ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਜਿੰਦਰ ਕੌਰ ਪਤਨੀ ਤਰਸੇਮ ਸਿੰਘ ਵਾਸੀ ਮਕਾਨ ਨੰਬਰ 23, ਦਸਮੇਸ਼ ਐਵੀਨਿਊ, ਮਜੀਠਾ ਰੋਡ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸੁਖਵਿੰਦਰ ਸਿੰਘ ਉਰਫ ਸੋਨੂੰ ਅਤੇ ਉਸ ਦੀ ਪਤਨੀ ਕੋਮਲ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਕੋਈ ਤਲਕ-ਵਾਸਤਾ ਨਹੀਂ ਹੋਵੇਗਾ।

ਮੈਂ, ਕਸ਼ਮੀਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਚੱਕ ਅੱਲਾ ਬਖਸ਼, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਅਵਤਾਰ ਸਿੰਘ ਅਤੇ ਇਸ ਦੀ ਪਤਨੀ ਜਸ਼ਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ, ਮੇਰੀ ਕੋਈ ਗੱਲ ਨਹੀਂ ਸੁਣਦੇ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਜਗਦੀਸ਼ ਲਾਲ ਪੁੱਤਰ ਦੀਵਾਨ ਚੰਦ ਵਾਸੀ 3441/14, ਗਲੀ ਨੰ: 10, ਨੇੜੇ ਬਾਬਾ ਲਾਲ ਜੀ ਮੰਦਰ, ਹਰੀਪੁਰਾ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਿੰਕੂ ਅਤੇ ਇਸ ਦੀ ਪਤਨੀ ਨੀਰਜ ਕੁਮਾਰੀ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਮੈਂ ਇਨ੍ਹਾਂ ਨਾਲੋਂ ਸਾਰੇ ਸੰਬੰਧ ਖਤਮ ਕਰ ਰਿਹਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਕੋਈ ਤਲਕ-ਵਾਸਤਾ ਨਹੀਂ ਹੋਵੇਗਾ।

ਮੈਂ ਰਾਜੇਸ਼ ਕੁਮਾਰ ਸ਼ਰਮਾ ਪੁੱਤਰ ਮੁੰਨੀ ਲਾਲ ਵਾਸੀ 652, ਗੰਡਾ ਸਿੰਘ ਵਾਲਾ, ਮਜੀਠਾ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰੁਦਰਾਕਸ਼ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੋਵੇਗਾ।

ਅਸੀਂ, ਤੀਰਥ ਰਾਮ ਪੁੱਤਰ ਅਮਰ ਨਾਥ ਅਤੇ ਮਮਤਾ ਦੇਵੀ ਪਤਨੀ ਤੀਰਥ ਰਾਮ ਵਾਸੀਆਨ 49/1, ਗਲੀ ਨੰ: 3, ਛੇਹਰਟਾ ਰੋਡ, ਨਿਊ ਗੋਪਾਲ ਨਗਰ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਹਰਸ਼ ਕੁਮਾਰ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੁਰਜੀਤ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਕੋਟ ਧਰਮ ਚੰਦ ਕਲਾਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਰਿਸ਼ਤਾ ਨਹੀਂ ਹੈ।

ਮੈਂ, ਸੁਖਵੰਤ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਮੁਗਲ ਚੱਕ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਰਜੀਤ ਸਿੰਘ ਅਤੇ ਉਸ ਦੀ ਪਤਨੀ ਰਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਬੇਦਖਲੀ ਨੋਟਿਸ

ਮੈਂ ਸੁੱਚਾ ਸਿੰਘ ਪੁੱਤਰ ਸ੍ਰ. ਹਰਨਾਮ ਸਿੰਘ ਵਾਸੀ ਫਤਿਹਗੜ੍ਹ ਚੂੜੀਆਂ ਰੋਡ,ਪ੍ਰੀਤ ਨਗਰ,ਦਯਾ ਨੰਦ ਨਗਰ,ਨੰਗਲੀ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਲਬੀਰ ਸਿੰਘ ਉਰਫ ਮੰਤਰੀ ਅਤੇ ਉਸਦੀ ਪਤਨੀ ਰੱਜੀ ਅਤੇ ਪੋਤਰਾ ਅਮਿਤ ਜੋ ਕਿ ਮੇਰੇ ਕਹਿਣੇ ਸੁਨਣੇ ਤੋਂ ਬਾਹਰ ਹਨ, ਮੇਰੀ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਤਿੰਨਾਂ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ ਰੋਸ਼ਨ ਲਾਲ (ਆਧਾਰ ਨੰਬਰ 3903 6260 6880) ਪੁੱਤਰ ਦਰਸ਼ਨ ਲਾਲ ਵਾਸੀ ਰਾਏਪੁਰ ਰਸੂਲਪੁਰ ਜਿਲਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਪਾਲ ਸਿੰਘ ਅਤੇ ਉਸ ਦੀ ਪਤਨੀ ਪ੍ਰਿਆ ਮੇਰੇ ਕਹਿਣੇ ਤੋਂ ਬਾਹਰ ਹਨ, ਮੈਂ ਇਨ੍ਹਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਇਹਨਾਂ ਦੋਨੋਂ ਨਾਲ ਲੈਣ ਦੇਣ ਕਰਨ ਵਾਲਾ ਉਹ ਆਪ ਜਿੰਮੇਵਾਰ ਹੋਵੇਗਾ।

ਮੈਂ, ਕਰਮਜੀਤ ਸਿੰਘ ਪੁੱਤਰ ਭੀਮ ਸਿੰਘ, ਪਿੰਡ ਬੁਗਰਾ (ਸੰਗਰੂਰ) ਆਪਣੇ ਲੜਕੇ ਸਤਿਗੁਰ ਸਿੰਘ, ਨੂੰਹ ਕੋਮਲ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜਿੰਮੇਵਾਰ ਹੋਣਗੇ।।

ਮੈਂ ਜਿੰਦਰ (ਆਧਾਰ ਕਾਰਡ ਨੰਬਰ 4863-4664-6497) ਪਤੀ ਲੇਟ ਡੇਵਿਡ ਵਾਸੀ 368/7 ਗੀਤਾ ਭਵਨ ਰੋਡ, ਤਹਿਸੀਲ ਅਤੇ ਜਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਵੱਡਾ ਪੋਤਰਾ ਗੋਰਵ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਮੈਂ ਇਸ ਨੂੰ ਆਪਣੀ ਸਾਰੀ ਚਲ-ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿਮੇਵਾਰ ਹੋਵੇਗਾ।

ਮੈਂ, ਜਸਵੀਰ ਕੌਰ ਪਤਨੀ ਸੁਖਜਿੰਦਰ ਸਿੰਘ ਵਾਸੀ ਨਿਹਾਲ ਸਿੰਘ ਵਾਲਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਅਰਮਾਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ ਕਰਨੈਲ ਰਾਮ ਪੁੱਤਰ ਦੌਲਤ ਰਾਮ ਅਤੇ ਰਣਜੀਤ ਕੌਰ ਪਤਨੀ ਕਰਨੈਲ ਰਾਮ ਵਾਸੀ ਪਿੰਡ ਟੋਡਰਪੁਰ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਸ਼ਾਦੀਸ਼ੁਦਾ ਲੜਕਾ ਦਲਵੀਰ ਕੁਮਾਰ ਅਤੇ ਉਸਦੀ ਪਤਨੀ ਸਰਬਜੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਅਸੀ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ ਦੇ ਖੁਦ ਜੁੰਮੇਵਾਰ ਹੋਣਗੇ।

ਮੈਂ ਮਨਜੀਤ ਕੌਰ ਵਿਧਵਾ ਕਰਨੈਲ ਸਿੰਘ ਪਿੰਡ ਮਰੋੜੀ ਤਹਿਸੀਲ ਸਮਾਣਾ ਜ਼ਿਲ੍ਹਾ ਪਟਿਆਲਾ ਆਪਣੇ ਲੜਕੇ ਲਖਵਿੰਦਰ ਸਿੰਘ ਅਤੇ ਨੂੰਹ ਛਿੰਦਰ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ, ਸੇਵਾ ਸੰਭਾਲ ਨਾ ਕਰਨ ਅਤੇ ਤੰਗ ਪਰੇਸ਼ਾਨ ਕਰਨ ਕਰਕੇ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਨ ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਨਿਰਮਲਜੀਤ ਕੌਰ ਪਤਨੀ ਬਲਵਿੰਦਰ ਸਿੰਘ ਸੰਧੂ ਵਾਰਡ ਨੰਬਰ 7, ਸਟਰੀਟ ਨੰਬਰ 4, ਕੱਚਾ ਦਸਾਂਝ ਰੋਡ, ਰੱਬ ਨਗਰ, ਮੋਗਾ ਤਹਿ. ਵਾ ਜਿਲਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਪਤੀ ਬਲਵਿੰਦਰ ਸਿੰਘ ਸੰਧੂ ਪੁੱਤਰ ਮਹਿਲ ਸਿੰਘ ਮਾੜੀ ਸੰਗਤ ਵਿੱਚ ਪੈ ਕੇ ਨਸ਼ੇ ਦਾ ਆਦੀ ਹੋ ਚੁੱਕਾ ਹੈ, ਜਿਸ ਤੋਂ ਮੈਂ ਅਤੇ ਮੇਰਾ ਪਰਿਵਾਰ ਬੁਰੀ ਤਰ੍ਹਾਂ ਪਰੇਸ਼ਾਨ ਹਾਂ, ਅਸੀਂ ਉਸ ਨੂੰ ਆਪਣੀ ਤਮਾਮ ਮਨਕੂਲਾ ਵਾ ਗੈਰ ਮਨਕੂਲਾ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ ਦੇਣ ਕਰਨ ਅਤੇ ਸਬੰਧ ਰੱਖਣ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਸੁਖਦੇਵ ਸਿੰਘ ਪੁੱਤਰ ਸ. ਮੋਹਣ ਸਿੰਘ ਵਾਸੀ ਮਕਾਨ ਨੰ. 248, ਮਹਿਤਾਬ ਗੜ੍ਹ, ਕਪੂਰਥਲਾ, ਪੰਜਾਬ-144601 ਬਿਆਨ ਕਰਦਾ ਹਾਂ ਕਿ ਮੈਂ ਆਪਣੀ ਪੁੱਤਰੀ ਜਸਪ੍ਰੀਤ ਕੌਰ ਉਰਫ ਜੋਤੀ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਆਪਣੀ ਮਨ ਮਰਜੀ ਕਰਦੀ ਹੈ। ਇਸ ਕਰਕੇ ਮੈਂ ਆਪਣੀ ਪੁੱਤਰੀ ਜਸਪ੍ਰੀਤ ਕੌਰ ਉਰਫ ਜੋਤੀ ਨੂੰ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਭਵਿੱਖ ਵਿੱਚ ਮੇਰੀ ਪੁੱਤਰੀ ਜਸਪ੍ਰੀਤ ਕੌਰ ਉਰਫ ਜੋਤੀ ਨਾਲ ਲੈਣ-ਦੇਣ ਕਰਨ ਵਾਲਾ ਖੁੱਦ ਜ਼ਿੰਮੇਵਾਰ ਹੋਵੇਗਾ।

ਮੈਂ ਲਖਵਿੰਦਰ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਮਕਾਨ ਨੰਬਰ 469ਏ ਬਾਬਾ ਫਰੀਦ ਪੁਰੀ ਵੈਸਟ ਪਟੇਲ ਨਗਰ, ਨਵੀਂ ਦਿੱਲੀ ਸੈਂਟਰਲ 110008 ਹਾਲ ਵਾਸੀ ਮਕਾਨ ਨੰਬਰ 637, ਪੁੱਡਾ ਕਾਲੋਨੀ, ਬਟਾਲਾ ਰੋਡ, ਗੁਰਦਾਸਪੁਰ ਬਿਆਨ ਕਰਦਾ ਹਾਂ । ਮੇਰਾ ਲੜਕਾ ਕਰਨਜੀਤ ਸਿੰਘ ਬੁਰੀ ਸੰਗਤ ਵਿੱਚ ਪੈ ਗਿਆ ਹੈ ਤੇ ਸਾਡੇ ਕਹਿਣੇ ਤੋਂ ਬਾਹਰ ਹੈ । ਮੈਂ ਆਪਣੇ ਲੜਕੇ ਕਰਨਜੀਤ ਸਿੰਘ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ ਰਿਹਾ। ਸੰਬੰਧਿਤ ਨੋਟ ਕਰਨ ।

ਅਸੀਂ, ਰਛਪਾਲ ਸਿੰਘ ਪੁੱਤਰ ਸੰਪੂਰਨ ਸਿੰਘ ਅਤੇ ਕਮਲਜੀਤ ਕੌਰ ਪਤਨੀ ਰਛਪਾਲ ਸਿੰਘ ਵਾਸੀ ਨੇੜੇ ਬਾਬਾ ਜੀਵਨ ਸਿੰਘ ਦਾ ਗੁਰਦੁਆਰਾ ਭੁੱਲਰ ਪੱਤੀ ਬੁੱਟਰ ਕਲਾਂ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੁਰਸਿਮਰਨ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ । ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਜਸਵੀਰ ਕੌਰ ਵਿਧਵਾ ਸੁਰਜੀਤ ਸਿੰਘ ਵਾਸੀ ਅੱਟਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਗੁਰਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਗੁਰਮੀਤ ਕੌਰ ਪਤਨੀ ਲੇਟ ਸ੍ਰੀ ਸ਼ਾਮ ਸਿੰਘ ਵਾਸੀ ਪਿੰਡ ਹਸਨਪੁਰ ਕਲਾਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਕੁਲਵਿੰਦਰ ਕੌਰ ਪਤਨੀ ਸ੍ਰੀ ਲਖਬੀਰ ਸਿੰਘ ਵਾਸੀ ਪਿੰਡ ਬਿਸ਼ਨਕੋਟ, ਜ਼ਿਲ੍ਹਾ ਗੁਰਦਾਸਪੁਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਲੜਕੇ ਹਰਪ੍ਰੀਤ ਸਿੰਘ ਅਤੇ ਲੜਕੀਆਂ ਬਲਵਿੰਦਰ ਕੌਰ ਅਤੇ ਰਾਜਵਿੰਦਰ ਕੌਰ ਦਾ ਅੱਜ ਤੋਂ ਇਸ ਨਾਲ ਕੋਈ ਵੀ ਤਲਕ ਵਾਸਤਾ ਨਹੀਂ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਰਾਣੀ ਪਤਨੀ ਵਿਜੈ ਕੁਮਾਰ ਵਾਸੀ ਪਿੰਡ ਅਤੇ ਡਾਕਖਾਨਾ ਪੋਸੀ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਹਰਪ੍ਰੀਤ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਰਘਵੀਰ ਸਿੰਘ ਪੁੱਤਰ ਸੰਸਾਰ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਜੰਡਿਆਲਾ, ਥਾਨਾ ਮਾਹਿਲਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਲਜੀਤ ਸਿੰਘ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ। ਸੰਬੰਧਿਤ ਨੋਟ ਕਰਨ।

ਮੈਂ ਅਮਰਜੀਤ ਕੋਰ (ਆਧਾਰ ਕਾਰਡ ਨੰ: 4026 4894 8994) ਪਤਨੀ ਲੇਟ ਸ਼੍ਰੀ ਗੁਰਨਾਮ ਸਿੰਘ ਵਾਸੀ ਪਿੰਡ ਡੋਗਰਾਂਵਾਲ ਜਗਜੀਤ ਨਗਰ, ਕਪੂਰਥਲਾ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੁਖਜਿੰਦਰ ਸਿੰਘ ਮੇਰੇ ਕਹਿਣੇ ਤੋ ਬਾਹਰ ਹੈ , ਇਸ ਲਈ ਮੈ ਇਸਨੂੰ ਆਪਣੀ ਤਮਾਮ ਚਲ-ਅਚਲ ਜਾਇਦਾਦ ਚੋਂ ਬੇਦਖਲ ਕਰਦਾ ਹਾਂ। ਅੱਜ ਤੋ ਬਾਦ ਅਗਰ ਕੋਈ ਇਸ ਨਾਲ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜਿੰਮੇਦਾਰ ਹੋਵੇਗਾ। ਮੇਰਾ ਜਾਂ ਮੇਰੇ ਕਿਸੇ ਪਰਿਵਾਰਕ ਮੈਂਬਰ ਦਾ ਇਸ ਲੈਣ-ਦੇਣ ਜਾਂ ਉਸਦੇ ਕਿਸੇ ਗੈਰ-ਕਾਨੂੰਨੀ ਕੰਮਾ ਦੀ ਕੋਈ ਜਿੰਮੇਦਾਰੀ ਨਹੀ ਹੋਵੇਗੀ।

ਮੈਂ ਸੋਨੀਆ ਪਤਨੀ ਲੇਟ ਪਵਨ ਕੁਮਾਰ ਵਾਸੀ ਗਲੀ ਨੰ.3, ਕੋਟ ਖਾਲਸਾ ਦਸ਼ਮੇਸ਼ ਨਗਰ ਤਹਿਸੀਲ ਵਾ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾ ਕਿ ਮੇਰਾ ਲੜਕਾ ਯੋਗੇਸ਼ ਮੇਰੇ ਕਹਿਣੇ ਤੋ ਬਾਹਰ ਹੈ ਤੇ ਬੁਰੀ ਸੰਗਤ ਦਾ ਸ਼ਿਕਾਰ ਹੈ ਇਸ ਲਈ ਮੈ ਇਸ ਨੂੰ ਆਪਣੀ ਚੱਲ ਅਜੱਲ ਜਾਇਦਾਦ ਤੋ ਬੇਦਖਲ ਕਰਦਾ ਹਾ। ਇਸ ਦੇ ਕਿਸੇ ਵੀ ਚੰਗੇ ਮਾੜੇ ਕੰਮ ਦਾ ਜਿੰਮੇਵਾਰ ਨਹੀ ਹੋਵਾਂਗਾ ।ਮੇਰਾ ਤੇ ਮੇਰੇ ਪਰਿਵਾਰ ਦੇ ਦੂਜੇ ਮੈਂਬਰਾ ਦਾ ਇਸ ਨਾਲ ਖੂਨੀ ਰਿਸ਼ਤਾ ਖਤਮ ਹੋ ਗਿਆ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਆਵਾਰਾ ਕੁੱਤਿਆਂ ਨੇ ਕੱਟੜੂ ਨੂੰ ਨੋਚ-ਨੋਚ ਕੇ ਖਾਧਾ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਦਾਨਾ ਮੰਡੀ ਕਾਦੀਆਂ ਵਿੱਚ ਉਸ ਵੇਲੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣ ਗਿਆ ਜਦੋਂ ਇੱਕ ਮੱਝ ਦੇ ਬੱਚੇ (ਕਟੜੂ) ਨੂੰ ਆਵਾਰਾ ਕੁੱਤਿਆਂ ਦੇ ਝੁੰਡ ਵੱਲੋਂ ਬੁਰੀ ਤਰ੍ਹਾਂ ਨੋਚ ਨੋਚ ਕੇ ਖਾ ਲਿਆ ਗਿਆ। ਕੱਟੜੂ ਦਾ ਅੱਧਾ ਹਿੱਸਾ ਸੜਕ 'ਤੇ ਪਿਆ ਰਿਹਾ ਪਰ ਪ੍ਰਸ਼ਾਸਨ ਵੱਲੋਂ ਜਾਂ ਸੰਬੰਧਿਤ ਵਿਭਾਗ ਵੱਲੋਂ ਇਸ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਗਿਆ।ਉੱਥੇ ਮੌਜੂਦ ਕੁਝ ਲੋਕਾਂ ਵੱਲੋਂ ਜਿਨ੍ਹਾਂ ਵਿੱਚ ਮਨਜਿੰਦਰ ਸਿੰਘ, ਅਮਰਜੀਤ ਸਿੰਘ, ਨਿਰੰਜਨ ਸਿੰਘ, ਪਰਮਜੀਤ ਸਿੰਘ ਤੇ ਗੁਰਦਿਆਲ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਆਵਾਰਾ ਕੁੱਤਿਆਂ ਨੇ ਮੱਝ ਦੇ ਬੱਚੇ ਨੂੰ ਨੋਚ ਨੋਚ ਕੇ ਖਾ ਲਿਆ ਜਿਸ ਨੂੰ ਲੈ ਕੇ ਮੰਡੀ ਵਿੱਚ ਆਉਣ ਵਾਲੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਹੈ।ਉਨ੍ਹਾਂ ਕਿਹਾ ਕਿ ਬੇਸ਼ੱਕ ਆਵਾਰਾ ਕੁੱਤਿਆਂ ਦੇ ਉਪਰ ਨਕੇਲ ਕੱਸਣ ਦੇ ਲਈ ਪ੍ਰਸ਼ਾਸਨ ਦੇ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਪਰ ਕਾਦੀਆਂ ਸ਼ਹਿਰ ਵਿੱਚ ਕੁੱਤਿਆਂ ਦੇ ਆਤੰਕ ਕਾਰਨ ਅਜਿਹੇ ਹਾਦਸੇ ਵਾਪਰਦੇ ਹੀ ਰਹਿੰਦੇ ਹਨ।ਆਵਾਰਾ ਕੁੱਤਿਆਂ ਦੇ ਨਾਲ ਨਾਲ ਆਵਾਰਾ ਪਸ਼ੂ ਵੀ ਸੜਕੀ ਹਾਦਸਿਆਂ ਦਾ ਕਾਰਨ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਵੀ ਰਾਤ 8:30 ਵਜੇ ਤੋਂ ਬਾਅਦ ਦਾ ਸਮਾਂ ਹੁੰਦਾ ਤਾਂ ਬਟਾਲਾ ਕਾਦੀਆਂ ਰੋਡ ਸਮੇਤ ਵੱਖ-ਵੱਖ ਥਾਵਾਂ 'ਤੇ ਆਵਾਰਾ ਪਸ਼ੂ ਸੜਕਾਂ ਦੇ ਉਪਰ ਆਮ ਹੀ ਘੁੰਮਦੇ ਦਿਖਾਈ ਦਿੰਦੇ ਹਨ ਜਿਸ ਨਾਲ ਆਉਣ ਜਾਣ ਵਾਲੇ ਰਾਹਗੀਰ ਭਾਰੀ ਪਰੇਸ਼ਾਨੀਆਂ 'ਚੋਂ ਗੁਜ਼ਰਦੇ ਹਨ। ਕਈ ਵਾਰ ਹਾਦਸੇ ਵੀ ਵਾਪਰ ਚੁੱਕੇ ਹਨ। ਲੋਕ ਮੌਤ ਦੇ ਮੂੰਹ ਵਿੱਚ ਵੀ ਜਾ ਚੁੱਕੇ ਹਨ।ਇਹ ਸਭ ਕੁਝ ਦੇਖਦੇ ਹੋਏ ਵੀ ਸੰਬੰਧਿਤ ਵਿਭਾਗ ਨੇ ਚੁੱਪੀ ਧਾਰੀ ਹੋਈ ਹੈ।ਉਨ੍ਹਾਂ ਨੇ ਸੰਬੰਧਿਤ ਵਿਭਾਗ ਅਤੇ ਉਚ ਅਧਿਕਾਰੀਆਂ ਕੋਲੋਂ ਮੰਗ ਕੀਤੀ ਹੈ ਕਿ ਆਵਾਰਾ ਕੁੱਤਿਆਂ ਦੇ ਨਾਲ ਨਾਲ ਆਵਾਰਾ ਪਸ਼ੂਆਂ ਉੱਪਰ ਵੀ ਨਕੇਲ ਕੱਸੀ ਜਾਵੇ ਤਾਂ ਜੋ ਭਵਿੱਖ ਦੇ ਵਿੱਚ ਅਜਿਹੇ ਹਾਦਸੇ ਦੁਬਾਰਾ ਨਾ ਵਾਪਰ ਸਕਣ।



# ਅਜਾਇਬਵਾਲੀ 'ਚ ਤੀਆਂ ਦਾ ਤਿਉਹਾਰ ਮਨਾਇਆ



ਮਜੀਠਾ (ਸੋਇਮ ਆਨੰਦ)-ਮਜੀਠਾ ਹਲਕੇ ਪੈਂਦੇ ਪਿੰਡ ਅਜਾਇਬਵਾਲੀ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਗਿਆ।ਤੀਆਂ ਦੇ ਲਾਏ ਗਏ ਇਸ ਮੇਲੇ ਦਾ ਪ੍ਰਬੰਧ ਗ੍ਰਾਮ ਪੰਚਾਇਤ ਅਜਾਇਬ ਵਾਲੀ ਦੇ ਸਰਪੰਚ ਚੰਨਪ੍ਰੀਤ ਸਿੰਘ ਵੱਲੋਂ ਕੀਤਾ ਗਿਆ।ਇਸ ਮੌਕੇ ਸਰਪੰਚ ਚੰਨਪ੍ਰੀਤ ਸਿੰਘ ਅਜਾਇਬਵਾਲੀ ਨੇ ਗੱਲਬਾਤ ਕਰਦਿਆਂ ਕਿਹਾ ਕੇ ਅਜੋਕੀ ਨੌਜਵਾਨ ਪੀੜ੍ਹੀ ਆਪਣੇ ਅਮੀਰ ਪੰਜਾਬੀ ਸੱਭਿਆਚਾਰ ਨੂੰ ਭੁੱਲਦੀ ਜਾ ਰਹੀ ਹੈ।ਇਸ ਲਈ ਆਪਣੇ ਅਮੀਰ ਸੱਭਿਆਚਾਰ ਨੂੰ ਸੰਭਾਲ ਕੇ ਰੱਖਣਾ ਸਾਡਾ ਸਭ ਮੁੱਢਲਾ ਫਰਜ਼ ਹੈ ਤੇ ਅਜਿਹੇ ਤਿਉਹਾਰ ਮਨਾਉਣੇ ਚਾਹੀਦੇ ਹਨ ।ਇਸ ਮੌਕੇ ਨਵਨੀਤ ਕੌਰ ਅਜਾਇਬਵਾਲੀ, ਸਾਬਕਾ ਸਰਪੰਚ ਜਗਦੀਸ਼ ਕੌਰ, ਸੋਨੀਆ, ਦਵਿੰਦਰ ਕੌਰ, ਗੁਰਪ੍ਰੀਤ ਕੌਰ, ਕੁਲਦੀਪ ਕੌਰ, ਜਸਵਿੰਦਰ ਸਿੰਘ ਕੌਰ, ਕੰਵਲਜੀਤ ਕੌਰ, ਮਨਪ੍ਰੀਤ ਕੌਰ, ਮੈਂਬਰ ਸਿਮਰਜੀਤ ਕੌਰ, ਸਿਮਰਨਜੀਤ ਕੌਰ, ਨਵਦੀਪ ਕੌਰ, ਸੈਲੀ, ਗੁਰਿੰਦਰ ਕੌਰ, ਅਮਨਦੀਪ ਕੌਰ, ਮਨਜੀਤ ਕੌਰ, ਚਰਨਜੀਤ ਕੌਰ, ਕਿੰਦਰ, ਸੁਖਰਾਜ ਕੌਰ, ਮਨਦੀਪ ਕੌਰ, ਸੁਨੀਤਾ ਬਲਵਿੰਦਰ ਕੌਰ ਆਦਿ ਹਾਜ਼ਰ ਸਨ।

# ਹਲਕਾ ਇੰਚਾਰਜ ਪਨੂੰ ਨੇ ਸ਼ਹਿਰ ਵਾਸੀਆਂ ਨੂੰ ਨਸ਼ੇ ਵਿਰੁੱਧ ਇੱਕਜੁੱਟ ਹੋ ਕੇ ਲੜਨ ਦੀ ਸਹੁੰ ਚੁਕਾਈ



ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸੂਬੇ ਵਿੱਚ ਵੱਡੇ ਪੱਧਰ ਤੇ ਅਭਿਆਨ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਸ਼ਹਿਰ ਫਤਿਹਗੜ੍ਹ ਚੂੜੀਆਂ ਵਾਰਡ ਨੰਬਰ 3, ਵਾਰਡ ਨੰਬਰ 4 ਵਿਖੇ ਯੁੱਧ ਨਸ਼ਿਆਂ ਵਿਰੁੱਧ ਤਹਿਤ ਹੋਈ ਇਕੱਤਰਤਾ ਦੌਰਾਨ ਹਲਕਾ ਇੰਚਾਰਜ ਬਲਬੀਰ ਸਿੰਘ ਪਨੂੰ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਉਨ੍ਹਾਂ ਸ਼ਹਿਰ ਵਾਸੀਆਂ ਨੂੰ ਨਸ਼ੇ ਵਿਰੁੱਧ ਇੱਕਜੁੱਟ ਹੋ ਕੇ ਲੜਾਈ ਲੜਨ ਲਈ ਸਹੁੰ ਚੁਕਾਈ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਿਆ ਜਾ ਸਕੇ।ਇਸ ਮੌਕੇ ਉਨ੍ਹਾਂ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਨਸ਼ਿਆਂ ਨੂੰ ਖਤਮ ਕਰਨ ਦੀ ਤਹੱਈਆ ਕੀਤਾ ਹੈ ਅਤੇ ਨਸ਼ਾ ਤਸਕਰਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾ ਰਹੀ ਹੈ।ਨਸ਼ਾ ਤਸਕਰਾਂ ਦੀਆਂ ਨਾਜਾਇਜ਼ ਉਸਾਰੀਆਂ ਨੂੰ ਢਾਹਿਆ ਜਾ ਰਿਹਾ ਹੈ ਅਤੇ ਨਸ਼ਾ ਪੀੜਤਾਂ ਦਾ ਨਸ਼ਾ ਛਡਾਉ ਕੇਂਦਰਾਂ ਵਿੱਚ ਮੁਫਤ ਇਲਾਜ ਕਰਵਾਇਆ ਜਾ ਰਿਹਾ ਹੈ।ਇਸ ਮੌਕ ਬਾਬਾ ਮਿੰਟੂ ਸ਼ਾਹ, ਰਾਹੁਲ ਕੁਮਾਰ, ਰਮੇਸ਼ ਕੁਮਾਰ, ਸ਼ੈਰੀ ਪ੍ਰਧਾਨ ਤੇਜਵਿੰਦਰ ਸਿੰਘ, ਨਵੀਸ਼ ਨੰਦਾ, ਡਾਕਟਰ ਮੰਗਲ ਸਿੰਘ, ਅਦੇਸ਼ਪਾਲ ਸਿੰਘ, ਦੀਪਕ ਕੁਮਾਰ, ਕੁਲਦੀਪ ਸਿੰਘ, ਕੇਵਲ ਮਸੀਹ, ਮੁਖਵਿੰਦਰ ਸਿੰਘ, ਸਰਬਜੀਤ ਸਿੰਘ, ਗੁਰਮੀਤ ਸਿੰਘ, ਸਤਨਾਮ ਸਿੰਘ ਗਿੱਲ, ਰਾਮ ਸਿੰਘ, ਮਾਧਵ ਬੇਦੀ, ਰੱਬ ਜੋਤ ਸਿੰਘ, ਹਰਮਨਪ੍ਰੀਤ ਸਿੰਘ, ਦਰਸ਼ਨ ਸਿੰਘ, ਸਾਹਿਲਪ੍ਰੀਤ ਸਿੰਘ, ਜੇਮਸ ਮਸੀਹ, ਬਲਵੀਰ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਬਲਾਕ ਪ੍ਰਧਾਨ ਜਗਜੀਤ ਸਿੰਘ, ਸਰਪੰਚ ਹਰਦੀਪ ਸਿੰਘ, ਸਰਪੰਚ ਕਰਮਜੀਤ ਸਿੰਘ, ਗਗਨਦੀਪ ਸਿੰਘ, ਰਘਬੀਰ ਸਿੰਘ, ਸਰਪੰਚ ਗੁਰਬਿੰਦਰ ਸਿੰਘ ਕਾਦੀਆਂ, ਸਰਪੰਚ ਕਰਨ ਬਾਠ, ਵਾਈਸ ਕੁਆਰਡੀਨੇਟਰ ਗੁਰਪ੍ਰਤਾਪ ਸਿੰਘ ਆਦਿ ਹਾਜ਼ਰ ਸਨ।

## PUBLIC NOTICE

It is general information that I Harmesh Chander S/o Sarwan Dass R/o H.No. 471 Adampur Jalandhar Punjab,144102 in my some document my father name written as Sarwan Das but in my passports my father name is written as Sarwan Dass which is correct one So plz correct my father name as Sarwan Dass. In my documents. Sarwan Das and Sarwan Dass are the same person.

I, Sunita Rani W/o Late. Harwant Kapil R/o H.No. 548, VPO. Chugitti, Distt. Jalandhar, Punjab declare that my son Gagan Kapil is out of my control. I disinherit him from my moveable and immovable properties. I and my family shall not be held responsible for any of his acts, deeds and things. All please note.

## ਆਮ ਸੂਚਨਾ

ਮੈਂ, ਕੰਵਲਜੀਤ ਕੌਰ ਵਿਧਵਾ ਬਲਦੇਵ ਸਿੰਘ ਵਾਸੀ ਪਿੰਡ ਤਾਰਾਗੜ੍ਹ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਮੁਸਕਾਨਦੀਪ ਕੌਰ (18 ਸਾਲ) ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਉਸ ਦੇ ਆਪਣੀ ਮਰਜ਼ੀ ਨਾਲ ਸ਼ਾਦੀ ਕਰਵਾ ਲਈ ਹੈ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਜੀਵਤ ਰਾਏ ਪੁੱਤਰ ਲੇਟ ਸ੍ਰੀ ਚਰਨਜੀਤ ਲਾਲ ਵਾਸੀ ਮਕਾਨ ਨੰ: ਐੱਨ ਐੱਫ-134, ਥਾਪਰਾਂ ਮੁਹੱਲਾ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਭਰਜਾਈ ਵੰਦਨਾ ਪਤਨੀ ਸਵ: ਦੀਪਕ ਰਾਏ ਅਤੇ ਇਸ ਦੇ ਬੱਚੇ ਮੰਜੁਲ ਉਰਫ ਮਨੀ, ਕਨੂੰਪ੍ਰਿਆ, ਰਿਚਾ ਅਤੇ ਅੰਕਿਤ ਉਰਫ ਬਿਨੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰਾ ਕੋਈ ਇੱਜ਼ਤ-ਮਾਣ ਨਹੀਂ ਕਰਦੇ। ਮੈਂ ਇਨ੍ਹਾਂ ਨਾਲੋਂ ਆਪਣੇ ਸਾਰੇ ਸੰਬੰਧ ਤੋੜਦਾ ਹਾਂ। ਮੇਰੀ ਚੱਲ ਅਚੱਲ ਜਾਇਦਾਦ 'ਤੇ ਇਨ੍ਹਾਂ ਦਾ ਕੋਈ ਹੱਕ ਨਹੀਂ ਹੈ। ਮੇਰਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਸਤਵੰਤ ਕੌਰ ਪਤਨੀ ਦਿਆਲ ਸਿੰਘ, ਵਾਸੀ ਠੱਠੀਆਂ (ਅੰਮ੍ਰਿਤਸਰ), ਨਾਮ ਚੱਲਦਾ ਚੱਕੀ ਦਾ ਕੁਨੈਕਸ਼ਨ (ਐਸ.ਪੀ.-28/1004 ਐਮ.) ਨੂੰ ਮਨਿੰਦਰ ਸਿੰਘ ਪੁੱਤਰ ਜਰਨੈਲ ਸਿੰਘ, ਵਾਸੀ ਠੱਠੀਆਂ ਨਾਮ ਕਰਨ ਦੀ ਦਰਖਾਸਤ ਪੁੱਜੀ ਹੈ, ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਉਪ ਮੰਡਲ ਬਾਬਾ ਬਕਾਲਾ ਪੁੱਜਣ ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਏ.ਪੀ 12/429 ਜੋ ਕਿ ਸੁਖਵਿੰਦਰ ਕੌਰ ਪਤਨੀ ਗੁਰਜੀਤ ਸਿੰਘ ਵਾਸੀ ਧਰਮਪੁਰਾ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਸੁਖਦੀਪ ਕੌਰ ਪਤਨੀ ਜਗਸੀਰ ਸਿੰਘ ਵਾਸੀ ਬਰੇਟਾ ਆਪਣੇ ਨਾਮ ਕਰਵਾਉਣਾ ਚਾਹੁੰਦੀ ਹੈ।ਇਸ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

ਨਿਸ਼ਾਨ ਸਿੰਘ ਪੁੱਤਰ ਚਰਨ ਸਿੰਘ ਪਿੰਡ ਖੁੰਡੀ ਦੇ ਨਾਮ ਚੱਲਦੇ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ AP15/1184-K ਨੂੰ ਆਪਣੇ ਨਾਮ ਕਰਵਾਉਣ ਲਈ ਸੁਖਦੇਵ ਸਿੰਘ ਪੁੱਤਰ ਸੰਤ ਸਿੰਘ ਪਿੰਡ ਸਰਸਪੁਰ ਨੇ ਅਰਜੀ ਦਿੱਤੀ ਹੈ। ਜੇ ਕਿਸੇ ਨੂੰ ਇਤਰਾਜ ਹੋਵੇ ਤਾਂ 10 ਦਿਨਾਂ ਅੰਦਰ ਪਾਵਰਕਾਮ ਉੱਪ ਮੰਡਲ ਅਫਸਰ ਤਿੱਬੜ ਕੋਲ ਇਤਰਾਜ ਪੇਸ਼ ਕਰੇ।

# ਡਾ. ਕਹਿਲ ਦੇ ਦਾਦੀ ਸ਼ੀਤਲ ਕੌਰ ਦੇ ਦੇਹਾਂਤ 'ਤੇ ਦੁੱਖ ਪ੍ਰਗਟ

ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਇਲਾਕੇ ਦੇ ਮਸ਼ਹੂਰ ਡਾਕਟਰ ਜੇ ਐਸ ਕਹਿਲ ਦੇ ਦਾਦੀ ਸਤਿਕਾਰਯੋਗ ਸ਼੍ਰੀਮਤੀ ਸ਼ੀਤਲ ਕੌਰ ਪਤਨੀ ਮੇਲਾ ਸਿੰਘ ਵਾਸੀ ਮੋਹੱਲਾ ਫਤਿਹਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਯੰਗ ਡਾਕਟਰ ਫੋਰ ਸੋਸਾਇਟੀ ਤੋਂ ਡਾਕਟਰ ਰਾਜੇਸ਼ ਡਾਕਟਰ ਰਣਵੀਰ ਸਿੰਘ, ਡੀ ਐਸ ਪੀ ਅਜੇ ਸਿੰਘ, ਡੀ ਐਸ ਪੀ ਸੁਰਿੰਦਰ ਪਾਲ ਸਿੰਘ ਲਿੱਦੜ, ਥਾਣਾ ਮੁਖੀ ਦਾਨਿਸ਼ਵੀਰ ਸਿੰਘ, ਚਰਨਜੀਤ ਸਿੰਘ, ਪਰਮਜੀਤ ਸਿੰਘ, ਰਣਜੀਤ ਸਿੰਘ, ਦਲਜੀਤ ਸਿੰਘ, ਮਾ ਅਜੇ ਬੈਂਸ, ਚਿੰਟੂ , ਕਵਲਜੀਤ ਸਿੰਘ, ਤੇਜਸਪ੍ਰੀਤ ਸਿੰਘ ਕਹਿਲ, ਰਘੂ ਕੁੱਲ ਭੂਸ਼ਨ ਬੰਟੀ, ਅਰੁਣਜੀਤ ਸਿੰਘ, ਡਾਕਟਰ ਐਸ ਪੀ ਸੰਧੂ, ਐਡਵੋਕੇਟ ਮਨੀਸ਼ ਪੁਰੀ, ਕੁਲਦੀਪ ਸਿੰਘ ਬੰਗਾ, ਜਥੇਦਾਰ ਸੰਤੋਖ ਸਿੰਘ, ਭੁਪਿੰਦਰ ਸਿੰਘ ਚਾਨਾ, ਸਮੁੱਚੇ ਪ੍ਰੈਸ ਕਲੱਬ ਅਨੰਦਪੁਰ ਸਾਹਿਬ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਵਾਰ ਨੂੰ ਭਾਣਾ ਮੰਨਣ ਦੀ ਅਰਦਾਸ ਕੀਤੀ ਹੈ।ਸੋਮਵਾਰ ਨੂੰ ਉਹਨਾਂ ਦਾ ਸੰਸਕਾਰ ਸ੍ਰੀ ਅਨੰਦਪੁਰ ਸਾਹਿਬ ਦੇ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ ਉਹਨਾਂ ਦੀ ਯਾਦ ਵਿੱਚ ਪਾਵਨ ਗੁਰਬਾਣੀ ਦਾ ਭੋਗ ਤੇ ਅੰਤਿਮ ਅਰਦਾਸ ਸਮਾਗਮ ਸ਼ਨੀਵਾਰ 26 ਜੁਲਾਈ ਨੂੰ ਗੁਰਦੁਆਰਾ ਝੂਮੇਲੀ ਸਾਹਿਬ, ਲੋਦੀਪੁਰ ਵਿਖੇ ਸਵੇਰੇ 11 ਵਜੇ ਹੋਵੇਗਾ।



22-July-PAGE--8.qxd 7/21/2025 10:55 PM Page 1



# ਕਿਸੇ ਵੀ ਕਿਸਾਨ ਭਰਾ ਦੀ ਜ਼ਮੀਨ ਜਬਰੀ ਨਹੀਂ ਲਈ ਜਾਵੇਗੀ : ਕੁਲਵੰਤ ਸਿੰਘ



**ਚੰਡੀਗੜ੍ਹ, (ਗੁਰਜੀਤ ਬਿੱਲਾ)**

ਐੱਸ ਏ ਐੱਸ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਲੈਂਡ ਪੂਲਿੰਗ ਪਾਲਿਸੀ ਦੇ ਅਨੁਸਾਰ ਕਿਸੇ ਦੀ ਵੀ ਜ਼ਮੀਨ ਜ਼ਬਰੀ ਜਾਂ ਫਿਰ ਧੱਕੇ ਨਾਲ ਨਹੀਂ ਲਈ ਜਾਵੇਗੀ।ਕਿਸਾਨਾਂ ਦੀਆਂ ਚਿੰਤਾਵਾਂ ਨਾਲ ਸਹਿਮਤ ਹੁੰਦੇ ਹੋਏ ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਨੇ ਇਸ ਪਾਲਿਸੀ ਦਾ ਅਧਿਐਨ ਕਰੇ ਬਗੈਰ ਹੀ ਇਸ ਖ਼ਿਲਾਫ਼ ਗੁੰਮਰਾਹਕੁੰਨ ਪ੍ਰਚਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਲੈਂਡ ਪੂਲਿੰਗ ਪਾਲਿਸੀ ਦੀ ਚੰਗੀ ਤਰ੍ਹਾਂ ਸਟਡੀ ਕਰਨ ਦੀ ਜ਼ਰੂਰਤ ਹੈ। ਉਹਨਾਂ ਸਪੱਸ਼ਟ ਕੀਤਾ ਕਿ ਜਿਹੜਾ ਵਿਅਕਤੀ ਆਪਣੀ ਜ਼ਮੀਨ ਦੇਣੀ ਚਾਹੇਗਾ, ਉਸਦੀ ਹੀ ਜ਼ਮੀਨ ਲਈ ਜਾਵੇਗੀ।ਕਿਉਂਕਿ 24 ਪਿੰਡ ਵਿਧਾਨ ਸਭਾ ਹਲਕਾ ਐੱਸ ਏ ਐੱਸ ਨਗਰ ਮੋਹਾਲੀ ਨਾਲ ਸਬੰਧਿਤ ਹਨ, ਇਸ ਕਰਕੇ ਉਨ੍ਹਾਂ ਨੂੰ ਆਪਣੇ ਲੋਕਾਂ ਦੇ ਹਿੱਤਾਂ ਦਾ ਸਭ ਤੋਂ ਵਧੇਰੇ ਫ਼ਿਕਰ ਹੈ। ਉਨ੍ਹਾਂ ਕਿਹਾ ਕਿ ਮਿਸਾਲ ਦੇ ਤੌਰ 'ਤੇ ਜੇਕਰ ਕੋਈ ਕਿਸਾਨ ਭਰਾ ਆਪਣੇ 10 ਏਕੜ ਹੀ ਦੇਣਾ ਚਾਹੇਗਾ ਤਾਂ ਉਸਦੀ 10 ਏਕੜ ਹੀ ਥਾਂ ਵਿਕਸਿਤ ਕੀਤੀ ਜਾਵੇਗੀ, ਜੇਕਰ ਦੋ ਏਕੜ ਦੇਣਾ ਚਾਹੇਗਾ ਤਾਂ ਉਸ ਦੀ ਦੋ ਏਕੜ ਜ਼ਮੀਨ ਹੀ ਵਿਕਸਿਤ ਕੀਤੀ ਜਾਵੇਗੀ। ਕਿਸੇ ਨਾਲ ਕੋਈ ਜ਼ੋਰ-ਜ਼ਬਰਦਸਤੀ ਨਹੀਂ ਕੀਤੀ ਜਾਵੇਗੀ, ਜਿਹਾ ਕਿ ਵਿਰੋਧੀ ਧਿਰ ਦੇ ਆਗੂ ਪ੍ਰਚਾਰ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪਹਿਲਾਂ ਪੁਰਾਣੀ ਪਾਲਿਸੀ ਚੱਲ ਰਹੀ ਸੀ, ਜਿਸ ਅਨੁਸਾਰ ਸਭਨਾਂ ਨੂੰ ਬੂਥ, ਸ਼ੋਅ ਰੂਮ ਮਿਲ ਰਹੇ ਸਨ, ਉਸ ਦੇ ਮੁਤਾਬਿਕ ਹੀ ਆਉਣ ਵਾਲੇ ਦਿਨਾਂ 'ਚ ਇਸ ਪਾਲਿਸੀ ਦੇ ਵਿੱਚ ਸੋਧ ਕੀਤੀ ਜਾ ਰਹੀ ਹੈ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤਰ੍ਹਾਂ ਦੇ ਗੁੰਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਰਹਿਣ।

# ਜੰਗਲਾਤ ਦਫ਼ਤਰ ਅੱਗੇ ਧਰਨਾ ਲਗਾ ਕੇ ਕੀਤਾ ਰੋਸ ਪ੍ਰਦਰਸ਼ਨ



**ਫਿਲੌਰ (ਨਿਰਮਲ)**

ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵਿੱਚ ਕੰਮ ਕਰਦੇ ਵਰਕਰਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਲਈ ਜੰਗਲਾਤ ਦਫ਼ਤਰ ਅੱਗੇ ਧਰਨਾ ਲਗਾ ਕੇ ਰੋਸ ਪ੍ਰਦਰਸ਼ਨ ਕਰਦੇ ਹੋਏ ਨਾਅਰੇਬਾਜ਼ ਕੀਤੀ। ਉਨ੍ਹਾਂ ਮੰਗ ਕੀਤੀ ਕਿ ਜਿਨ੍ਹਾਂ ਵਰਕਰਾਂ ਦਾ ਵਿਭਾਗ ਵੱਲੋਂ ਮੈਡੀਕਲ ਤੇ ਪੁਲਸ ਵੈਰੀਫਿਕੇਸ਼ਨ ਕਰਵਾ ਲਈ ਗਈ ਹੈ, ਉਨ੍ਹਾਂ ਵਰਕਰਾਂ ਨੂੰ ਨਿਯੁਕਤੀ ਪੱਤਰ ਦੇ ਕੇ ਜੁਆਇਨ ਕਰਵਾਇਆ ਜਾਵੇ। ਵਣ ਅਤੇ ਜੰਗਲੀ ਜੀਵ ਵਿਭਾਗ ਦੇ ਕੱਚੇ ਕਾਮੇ 16/5/2023 ਦੀ ਪਾਲਿਸੀ ਅਧੀਨ 10 ਸਾਲ ਦੀ ਸੇਵਾ ਪੂਰੀ ਕਰ ਚੁੱਕੇ ਹਨ, ਉਹਨਾਂ ਵਰਕਰਾਂ ਵਿਚੋਂ ਕੁੱਝ ਵਰਕਰਾਂ ਨੇ ਮਾਨਯੋਗ ਕੋਰਟ ਵਿਚ ਕੇਸ ਨਹੀ ਕੀਤਾ ਤੇ ਕੁੱਝ ਵਰਕਰਾਂ ਦਾ ਮਾਨਯੋਗ ਕੋਰਟ ਕੇਸ ਅਧੀਨ ਵਿਭਾਗ ਵਲੋਂ ਸਪਿਕਿੰਗ ਆਡਰ ਜਾਰੀ ਕੀਤੇ ਹਨ, ਉਹਨਾਂ ਵਰਕਰਾਂ ਨੂੰ ਵੀ ਜਲਦੀ ਪੱਕਿਆ ਕੀਤਾ ਜਾਵੇ।

ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਪੰਜਾਬ ਵਿਚ ਨਵੀਂ ਪਾਲਿਸੀ 16-05-2023 ਰਾਹੀਂ ਰੈਗੂਲਰ ਹੋਣ ਵਾਲੇ ਦਰਜਾ ਚਾਰ ਮੁਲਾਜ਼ਮਾਂ ਦੀ ਰਿਟਾਇਰਮੈਂਟ 60 ਸਾਲ ਕੀਤੀ ਜਾਵੇ ਅਤੇ ਲਗਾਤਾਰ 10 ਸਾਲ ਦੀ ਸਰਵਿਸ ਵਿਚ ਵੀ ਛੋਟ ਦਿੱਤੀ ਜਾਵੇ। ਵਿਭਾਗ ਵਿਚ ਕੰਮ ਕਰਦੇ ਵਰਕਰਾਂ ਦੀ ਸੀਨੀਅਰਤਾ ਸੂਚੀ 31 ਮਾਰਚ 2025 ਤੱਕ ਅੱਪਡੇਟ ਕੀਤੀ ਜਾਵੇ। ਵਿਭਾਗ ਵਿਚ ਨਵੇਂ ਕੰਮ ਚਲਾਏ ਜਾਣ। ਵਿਭਾਗ ਵਿਚ ਰੈਗੂਲਰ ਬੇਲਦਾਰਾਂ ਦੀ ਯੋਗਤਾ 10 ਵੀਂ ਪਾਸ ਹੈ, ਉਨ੍ਹਾਂ ਨੂੰ ਵਣ ਗਾਰਡ ਬਣਾਏ। ਇਸੇ ਤਰ੍ਹਾਂ ਦੀਆਂ ਹੋਰ ਮੰਗਾਂ ਜਲਦ ਪੂਰੀਆਂ ਕਰਨ ਦੀ ਅਪੀਲ ਕੀਤੀ। ਇਸ ਮੌਕੇ ਸੰਬੋਧਨ ਕਰਨ ਵਾਲਿਆਂ 'ਚ ਸੁਖਦੇਵ ਸਿੰਘ ਡਵੀਜ਼ਨ ਪ੍ਰਧਾਨ, ਭਵੀਸਨ ਲਾਲ ਜਨਰਲ ਸਕੱਤਰ, ਅਮਰੀਕ ਸਿੰਘ ਰੇਂਜ ਪ੍ਰਧਾਨ ਕਪੂਰਥਲਾ, ਕੁਲਵੰਤ ਸਿੰਘ ਰੇਂਜ ਪ੍ਰਧਾਨ ਨਕੋਦਰ, ਸੁਰਜੀਤ ਸਿੰਘ ਸਕੱਤਰ, ਕੁਲਦੀਪ ਸਿੰਘ ਰੇਂਜ ਪ੍ਰਧਾਨ ਜਲੰਧਰ, ਬਿੰਦਰ ਰਾਮ ਰੇਂਜ ਪ੍ਰਧਾਨ ਫਿਲੌਰ, ਸੁਰਿੰਦਰ ਪਾਲ ਰੇਂਜ ਪ੍ਰਧਾਨ ਫਗਵਾੜਾ, ਜੋਗਿੰਦਰ ਸਿੰਘ ਮੀਤ ਪ੍ਰਧਾਨ ਆਦਿ ਸ਼ਾਮਲ ਸਨ।

# ਸਰਕਾਰ ਪੈਨਸ਼ਨਰਜ਼ ਤੇ ਮੁਲਾਜ਼ਮਾਂ ਦੀਆਂ ਮੰਗਾਂ ਮੰਨੇ : ਭੁੰਗਰਨੀ

**ਮੇਹਟੀਆਣਾ(ਜਗਤਰ ਸਿੰਘ ਭੁੰਗਰਨੀ)**

ਪੰਜਾਬ ਪੈਨਸ਼ਨਰ ਯੂਨੀਅਨ ਜ਼ਿਲ੍ਹਾ ਜਲੰਧਰ ਬ੍ਰਾਂਚ ਦੀ ਮਹੀਨਾਵਾਰ ਮੀਟਿੰਗ ਕਾਮਰੇਡ ਜਸਵੰਤ ਸਿੰਘ ਸਮਰਾ ਯਾਦਗਾਰੀ ਹਾਲ ਜਲੰਧਰ ਨਜਦੀਕ ਜਨਰਲ ਬੱਸ ਸਟੈਂਡ ਵਿਖੇ ਹੋਈ। ਜਿਸਦੀ ਪ੍ਰਧਾਨਗੀ ਬਲਵਿੰਦਰ ਸਿੰਘ ਮੁਲਤਾਨੀ ਨੇ ਕੀਤੀ। ਮੀਟਿੰਗ 'ਚ ਸਭ ਤੋਂ ਪਹਿਲਾਂ ਪਿਛਲੇ ਦਿਨੀ ਮੈਰਾਥਨ ਦੌੜਾਕ ਬਾਬਾ ਫੌਜਾ ਸਿੰਘ ਅਤੇ ਕੁਦਰਤੀ ਆਫਤਾਂ ਨਾਲ ਗਈਆਂ ਕੀਮਤੀ ਜਾਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਾਥੀ ਜਗਤਾਰ ਸਿੰਘ ਭੰਗਰਨੀ ਨੇ ਦਸਿਆ ਕਿ ਪੰਜਾਬ ਸਰਕਾਰ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨੂੰ ਮੰਨਣ ਤੋਂ ਟਲ ਮਟੋਲ ਕਰ ਰਹੀ ਹੈ। ਸਰਕਾਰ ਕਈ ਵਾਰ ਮੰਗਾਂ ਦੀ ਪਰਵਾਨਗੀ ਦੇ ਭਰੋਸੇ ਦੇਣ ਦੇ ਬਾਵਜੂਦ ਕੋਈ ਇਨਸਾਫ ਨਹੀ ਕਰ ਰਹੀ। ਪੈਨਸ਼ਨਰਾਂ ਦੇ ਜੋ ਬਿੱਲ ਖਜਾਨੇ ਦਫਤਰ ਗਏ ਹੋਏ ਹਨ ਦਾ ਸਰਕਾਰ ਤੁਰੰਤ ਭੁਗਤਾਨ ਕਰੇ। ਮੀਟਿੰਗ ਵਿਚ ਪੰਜ ਸਾਥੀਆਂ ਸੰਤੋਖ ਸਿੰਘ ਤੰਬੜ ਭੁੰਗਰਨੀ 65 ਸਾਲ, ਪ੍ਰਭੂ ਸਿੰਘ 70 ਸਾਲ, ਯੋਗਰਾਜ ਸਿੰਘ ਸਟੋਰ ਕੀਪਰ 65 ਸਾਲ , ਜਗਤਾਰ ਸਿੰਘ ਇੰਸਪੈਕਟਰ 75 ਸਾਲ ਅਤੇ ਸੁਖਵਿੰਦਰ ਸਿੰਘ ਡਰਾਈਵਰ 70 ਪੂਰੀ ਕਰਨ 'ਤੇ ਜਥੇਬੰਦੀ ਵਲੋਂ ਸਨਮਾਨ ਚਿੰਨ੍ਹ ਅਤੇ ਇਕ ਲੋਈ ਦੇ ਕੇ ਲੰਬੀ ਉਮਰ ਦੀ ਕਾਮਨਾ ਕਰਦੇ ਹੋਏ ਸਨਮਾਨਿਤ ਕੀਤੇ ਗਏ। ਮੀਟਿੰਗ ਵਿਚ ਜਥੇਬੰਦਕ ਸਕੱਤਰ ਸਾਥੀ ਅਵਤਾਰ ਸਿੰਘ ਤਾਰੀ, ਜਨਰਲ ਸਕੱਤਰ ਵਿਜੇ ਕੁਮਾਰ ਸ਼ਰਮਾ , ਵਾਈਸ ਪ੍ਰਧਾਨ



ਦਵਿੰਦਰਪਾਲ ਸਿੰਘ, ਜਗੀਰ ਸਿੰਘ ਬਾਜਵਾ, ਗੁਰਜੀਤ ਸਿੰਘ ਪ੍ਰਧਾਨ, ਸੁਰਜੀਤ ਸਿੰਘ ਇੰਸਪੈਕਟਰ, ਸੰਤੋਖ ਸਿੰਘ ਜਲੰਧਰ,ਗੁਰਦਿਆਲ ਸਿੰਘ ਜਲਵੇਹੜਾ, ਕੇਸ਼ਵ ਸ਼ਰਮਾ , ਅੰਮ੍ਰਿਤਪਾਲ ਸਿੰਘ , ਹਰਿੰਦਰ ਚੀਮਾ , ਸੁਭਾਮ ਚੰਦਰ ਮੱਟੂ , ਮਦਨ ਲਾਲ ਗੁਰਮੁੱਖ ਸਿੰਘ, ਮੁੱਖ ਸਲਾਹਕਾਰ ਹਰਿੰਦਰ ਸਿੰਘ ਢਿੱਲਵਾਂ ਨੇ ਵਿਚਾਰ ਪ੍ਰਗਟ ਕੀਤੇ ਅਤੇ ਸਾਥੀਆਂ ਨੂੰ ਆਉਣ ਆਉਂਣ ਵਾਲੇ ਸੰਘਰਸ਼ਾਂ ਵਿੱਚ ਵੱਧ ਤੋਂ ਵੱਧ ਸ਼ਾਮਲ ਹੋਣ ਦੀ ਅਪੀਲ ਵੀ ਕੀਤੀ ਗਈ।

# ਹਲਕਾ ਇੰਚਾਰਜ ਲਗਾਉਣ ਲਈ ਅਕਾਲੀ ਅਹੁਦੇਦਾਰਾਂ ਵੱਲੋਂ ਮੀਟਿੰਗ



**ਆਦਮਪੁਰ (ਪਰਮਜੀਤ ਸਿੰਘ)**

ਆਦਮਪਰ ਵਿਧਾਨ ਸਭਾ ਹਲਕਾ ਆਦਮਪੁਰ ਵਿਖੇ ਸ਼੍ਰੋਮਣੀ ਅਕਾਲੀ ਦਲ (ਬ) ਪਾਰਟੀ ਅਹੁਦੇਦਾਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਆਦਮਪੁਰ ਇਲਾਕੇ ਦੇ ਸੀਨੀਅਰ ਅਹੁਦੇਦਾਰ ਹਾਜ਼ਰ ਹੋਏ। ਮੀਟਿੰਗ ਦੌਰਾਨ ਸੀਨੀਅਰ ਅਕਾਲੀ ਆਗੂ ਗੁਰਦਿਆਲ ਸਿੰਘ ਨਿੱਜਰ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਆਦਮਪੁਰ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਪਾਰਟੀ ਦਾ ਇੰਚਾਰਜ ਲਗਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਕਿਹਾ ਕਿ ਇਲਾਕੇ ਦੇ ਵੋਟਰਾਂ ਵੱਲੋਂ ਕਾਂਗਰਸ ਤੇ ਆਪ ਪਾਰਟੀ ਨਕਾਰਦਿਆਂ ਹੁਣ ਦੁਆਰਾ ਅਕਾਲੀ ਦਲ ਦਾ ਪੱਲਾ ਫੜਨ ਦਾ ਮਨ ਬਣਾ ਲਿਆ ਹੈ ਤੇ ਪਾਰਟੀ ਤੋਂ ਨਰਾਜ਼ ਹੋਏ ਵੋਟਰਾਂ ਨੂੰ ਪਿੰਡ, ਪਿੰਡ ਜਾ ਮਨਾਉਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਜਿਸ ਨਾਲ ਹੈ ਲੋਕਾਂ ਦਾ ਭਾਰੀ ਸਮਰਥਨ ਮਿਲ ਰਿਹਾ ਹੈ। ਸਮੂਹ ਅਕਾਲੀ ਅਹੁਦੇਦਾਰਾਂ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅਪੀਲ ਕੀਤੀ ਹੈ ਕਿ ਆਦਮਪੁਰ ਹਲਕੇ ਵਿੱਚ ਜਲਦੀ ਤੋਂ ਜਲਦੀ ਹਲਕਾ ਇੰਚਾਰਜ ਲਗਾਇਆ ਤਾਂ ਜੋ ਅਕਾਲੀ ਦਲ ਨੂੰ ਦੁਬਾਰਾ ਤੋਂ ਆਦਮਪੁਰ ਵਿੱਚ ਮਜਬੂਤ ਕੀਤਾ ਜਾਵੇ। ਮੀਟਿੰਗ ਦੌਰਾਨ ਗੁਰਦਿਆਲ ਸਿੰਘ ਨਿੱਜਰ, ਧਰਮਪਾਲ ਲੇਸੜੀਵਾਲ, ਬਲਜੀਤ ਸਿੰਘ ਨਿੱਜਰ, ਗੁਰਮੇਲ ਸਿੰਘ, ਕੁਲਵਿੰਦਰ ਸਿੰਘ ਟੋਨੀ, ਦਲਜੀਤ ਸਿੰਘ ਭੱਟੀ, ਦਲਵੀਰ ਸਿੰਘ ਖੋਜਕੀਪੁਰ, ਅੰਮ੍ਰਿਤਪਾਲ ਸਿੰਘ ਰੰਧਾਵਾ, ਕੁਲਦੀਪ ਸਿੰਘ ਖੁਰਦਪੁਰ, ਤੀਰਥ ਰਾਮ ਪੰਡੋਰੀ ਨਿੱਜਰਾਂ ਸੀਨੀਅਰ ਆਗੂ ਹਾਜ਼ਰ ਸਨ।

# ਬਸਪਾ ਦੇ ਮੁੱਖ ਰਾਸ਼ਟਰੀ ਕੋਆਰਡੀਨੇਟਰ ਆਕਾਸ਼ ਆਨੰਦ 27 ਨੂੰ ਪੰਜਾਬ ਆਉਣਗੇ

**ਜਲੰਧਰ (ਸ਼ੈਲੀ ਐਲਬਰਟ)**

ਬਹੁਜਨ ਸਮਾਜ ਪਾਰਟੀ (ਬਸਪਾ) ਦੀ ਐਤਵਾਰ ਨੂੰ ਸੂਬਾ ਪੱਧਰੀ ਮੀਟਿੰਗ ਹੋਈ, ਜਿਸ ਵਿੱਚ ਪਾਰਟੀ ਦੇ ਰਾਸ਼ਟਰੀ ਕੋਆਰਡੀਨੇਟਰ ਰਣਧੀਰ ਸਿੰਘ ਬੈਣੀਵਾਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਬਸਪਾ ਦੇ ਸੂਬਾ ਇੰਚਾਰਜ ਵਿਪੁਲ ਕੁਮਾਰ, ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ, ਸੂਬਾ ਕੋਆਰਡੀਨੇਟਰ ਪ੍ਰਜਾਪਤੀ ਅਜੀਤ ਸਿੰਘ ਭੈਣੀ, ਚੌਧਰੀ ਗੁਰਨਾਮ ਸਿੰਘ, ਕੁਲਦੀਪ ਸਿੰਘ ਸਰਦੂਲਗੜ੍ਹ ਤੇ ਤੀਰਥ ਰਾਜਪੁਰਾ ਵੀ ਹਾਜ਼ਰ ਸਨ।ਇਸ ਦੌਰਾਨ ਬਸਪਾ ਦੇ ਰਾਸ਼ਟਰੀ ਕੋਆਰਡੀਨੇਟਰ ਰਣਧੀਰ ਸਿੰਘ ਬੈਣੀਵਾਲ ਨੇ ਦੱਸਿਆ ਕਿ ਪਾਰਟੀ ਦੇ ਮੁੱਖ ਰਾਸ਼ਟਰੀ ਕੋਆਰਡੀਨੇਟਰ ਆਕਾਸ਼ ਆਨੰਦ 27 ਜੁਲਾਈ ਨੂੰ ਪੰਜਾਬ ਆਉਣਗੇ। ਬਸਪਾ ਦੇ ਸੂਬਾ ਦਫਤਰ ਵਿਖੇ ਪਾਰਟੀ ਲੀਡਰਸ਼ਿਪ ਨਾਲ ਮੀਟਿੰਗ ਦੌਰਾਨ ਉਨ੍ਹਾਂ ਇਹ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਆਕਾਸ਼ ਆਨੰਦ ਪਾਰਟੀ ਦੇ ਜਲੰਧਰ ਵਿਖੇ ਸੂਬਾ ਦਫਤਰ ਵਿਖੇ ਸੂਬਾਈ ਲੀਡਰਸ਼ਿਪ, ਜ਼ੋਨ ਇੰਚਾਰਜਾਂ ਤੇ ਜ਼ਿਲ੍ਹਾ ਪ੍ਰਧਾਨਾਂ ਦੇ ਨਾਲ ਗੱਲਬਾਤ ਕਰਨਗੇ। ਰਣਧੀਰ ਸਿੰਘ ਬੈਣੀਵਾਲ ਨੇ ਕਿਹਾ ਕਿ ਆਕਾਸ਼ ਆਨੰਦ ਵੱਲੋਂ ਦੇਸ਼ ਭਰ ਵਿੱਚ ਦੌਰੇ ਕਰਕੇ ਪਾਰਟੀ ਕੇਡਰ ਨਾਲ ਮੁਲਾਕਾਤਾਂ ਕੀਤੀਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ ਹੀ ਉਹ ਪੰਜਾਬ ਵਿੱਚ ਵੀ ਪਾਰਟੀ ਲੀਡਰਸ਼ਿਪ ਤੇ ਸੰਗਠਨ ਦੇ ਅਹੁਦੇਦਾਰਾਂ ਦੇ ਨਾਲ ਮੀਟਿੰਗ ਕਰਨ ਆ ਰਹੇ ਹਨ। ਇਸ ਦੌਰਾਨ ਉਨ੍ਹਾਂ ਵੱਲੋਂ ਪੰਜਾਬ ਵਿੱਚ ਬਸਪਾ ਦੇ ਕੰਮਕਾਜ ਦੀ ਵੀ ਸਮੀਖਿਆ ਕੀਤੀ ਜਾਵੇਗੀ। ਉਹ ਲੀਡਰਸ਼ਿਪ ਵਿੱਚ ਜੋਸ਼ ਭਰਨ ਦਾ ਕੰਮ ਕਰਨਗੇ, ਤਾਂ ਕਿ ਬਸਪਾ ਨੂੰ ਸੂਬੇ ਵਿੱਚ ਹੋਰ ਮਜ਼ਬੂਤ ਕੀਤਾ ਜਾ ਸਕੇ ਤੇ ਪਾਰਟੀ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਸੂਬੇ ਦੀ ਸੱਤਾ ਹਾਸਿਲ ਕਰਕੇ ਪੰਜਾਬ ਦੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ ਕੱਢ ਸਕੇ, ਜੋ ਕਿ ਅਜੇ ਤੱਕ ਸੱਤਾਂ ਵਿੱਚ ਰਹੀਆਂ ਪਾਰਟੀਆਂ ਨਹੀਂ ਕਰ ਸਕੀਆਂ। ਇਸ ਮੌਕੇ ਬੈਣੀਵਾਲ ਨੇ ਇਹ ਵੀ ਕਿਹਾ ਕਿ ਪਿਛਲੀਆਂ ਕਾਂਗਰਸ ਦੀਆਂ ਸਰਕਾਰਾਂ ਦੀ ਤਰ੍ਹਾਂ ਹੀ ਹੁਣ ਭਾਜਪਾ ਵੱਲੋਂ ਲੋਕਾਂ ਦੇ ਹੱਕਾਂ ਨੂੰ ਦੇਸ਼ ਭਰ ਵਿੱਚ ਕੁਚਲਣ ਦਾ ਕੰਮ ਕੀਤਾ ਜਾ ਰਿਹਾ ਹੈ। ਰੋਜ਼ਾਨਾ ਹੀ ਦਲਿਤਾਂ, ਪੱਛੜੇ ਵਰਗਾਂ, ਧਾਰਮਿਕ ਘੱਟ ਗਿਣਤੀਆਂ 'ਤੇ ਹਮਲੇ ਕੀਤੇ ਜਾ ਰਹੇ ਹਨ। ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਪੀੜਤ ਲੋਕ ਬਸਪਾ ਰਾਹੀਂ ਸੱਤਾਂ ਹਾਸਲ ਕਰਕੇ ਹੀ ਇਨ੍ਹਾਂ ਹਮਲਿਆਂ ਨੂੰ ਰੋਕ ਸਕਦੇ ਹਨ। ਲੋਕਾਂ ਨੂੰ ਸੁਰੱਖਿਅਤ ਮਾਹੌਲ ਦੇਣ ਦਾ ਕੰਮ ਬਸਪਾ ਮੁਖੀ ਭੈਣ ਕੁਮਾਰੀ ਮਾਇਆਵਤੀ ਨੇ ਯੂਪੀ ਵਿੱਚ ਆਪਣੀ ਸਰਕਾਰ ਦੌਰਾਨ ਕਰਕੇ ਵੀ ਦਿਖਾਇਆ ਹੈ। ਮੀਟਿੰਗ ਦੌਰਾਨ ਬਸਪਾ ਸੂਬਾ ਇੰਚਾਰਜ ਵਿਪੁਲ ਕੁਮਾਰ ਨੇ ਬਸਪਾ ਸੰਗਠਨ ਦੀ ਮਜ਼ਬੂਤੀ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਬਸਪਾ ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਪੰਜਾਬ ਵਿੱਚ ਆਪ ਸਰਕਾਰ ਦੇ ਰਾਜ ਵਿੱਚ ਦਲਿਤਾਂ, ਗਰੀਬਾਂ, ਕਿਰਤੀ ਕਿਸਾਨਾਂ ਨਾਲ ਧੱਕੇਸ਼ਾਹੀਆਂ ਕੀਤੀਆਂ ਜਾ ਰਹੀਆਂ, ਜਿਸ ਦਾ ਬਸਪਾ ਡਟ ਕੇ ਵਿਰੋਧ ਕਰਦੀ ਹੈ।ਮੀਟਿੰਗ ਵਿੱਚ ਬਸਪਾ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ, ਹਰਭਜਨ ਸਿੰਘ ਬਜਹੇੜੀ, ਲਾਲ ਚੰਦ ਔਜਲਾ, ਲਾਲ ਸਿੰਘ ਸੁਲਹਾਣੀ, ਪ੍ਰਵੀਨ ਬੰਗਾ, ਚਮਕੌਰ ਸਿੰਘ ਵੀਰ, ਇੰਜ. ਜਸਵੰਤ ਰਾਏ, ਪਰਮਜੀਤ ਮੱਲ, ਜਗਦੀਸ਼ ਸ਼ੇਰਪੁਰੀ, ਸਲਵਿੰਦਰ ਕੁਮਾਰ ਆਦਿ ਆਗੂ ਵੀ ਮੌਜੂਦ ਸਨ।



# ਐੱਸ ਐੱਮ ਓ ਵੱਲੋਂ ਆਮ ਆਦਮੀ ਕਲੀਨਿਕ ਦੀ ਇੰਸਪੈਕਸ਼ਨ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਨੇ ਅੰਤਰ ਜ਼ਿਲ੍ਹਾ ਇੰਸਪੈਕਸ਼ਨ ਪ੍ਰੋਗਰਾਮ ਤਹਿਤ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਿਹਤ ਬਲਾਕ ਪੋਸੀ ਅਧੀਨ ਆਉਂਦੀ ਆਮ ਆਦਮੀ ਕਲੀਨਿਕ, ਧਮਾਈ ਦੀ ਚੈਕਿੰਗ ਕੀਤੀ।ਇਸ ਮੌਕੇ ਉਨ੍ਹਾਂ ਨੇ ਆਨਲਾਈਨ ਰਜਿਸਟ੍ਰੇਸ਼ਨ, ਮਰੀਜ਼ਾਂ ਦਾ ਮੈਡੀਕਲ ਰਿਕਾਰਡ, ਨਿਰਧਾਰਿਤ ਦਵਾਈਆਂ ਦੀ ਉਪਲੱਬਧਤਾ, ਡਾਇਗਨੋਸਟਿਕ ਸੇਵਾਵਾਂ, ਦਵਾਈਆਂ ਸਟਾਕ ਵਿੱਚੋਂ ਕੱਢਣ ਦੀ ਪ੍ਰਕਿਰਿਆ ਸਮੇਤ ਸਾਫ-ਸਫਾਈ ਦੇ ਪ੍ਰਬੰਧਾਂ ਦਾ ਵਿਸ਼ੇਸ਼ ਤੌਰ 'ਤੇ ਜਾਇਜ਼ਾ ਲਿਆ। ਉਨ੍ਹਾਂ ਨੇ ਬਾਇਓ ਮੈਡੀਕਲ ਵੇਸਟ ਦੇ ਨਿਪਟਾਰੇ ਲਈ ਨਿਯਮਾਂ ਦੀ ਪਾਲਣ ਨੂੰ ਵੀ ਦੇਖਿਆ। ਡਾ. ਸਿੰਘ ਨੇ ਇਸ ਆਮ ਆਦਮੀ ਕਲੀਨਿਕ ਵਿੱਚੋਂ ਸਿਹਤ ਸਹੂਲਤਾਂ ਦਾ ਲਾਭ ਪ੍ਰਾਪਤ ਕਰਨ ਵਾਲੇ ਮਰੀਜ਼ਾਂ ਨੂੰ ਫੋਨ ਕਰਕੇ ਉਨ੍ਹਾਂ ਤੋਂ ਸਿਹਤ ਸੇਵਾਵਾਂ ਸਬੰਧੀ ਫੀਡਬੈਕ ਵੀ ਲਈ।ਇਸ ਮੌਕੇ ਉਨ੍ਹਾਂ ਦੱਸਿਆ ਕਿ ਇਹ ਇੰਸਪੈਕਸ਼ਨ ਇਹ ਯਕੀਨੀ ਬਣਾਉਣ 'ਤੇ ਕੇਂਦਰਿਤ ਹੈ ਕਿ ਆਮ ਆਦਮੀ ਕਲੀਨਿਕ ਪੰਜਾਬ ਸਰਕਾਰ ਦੇ ਸਥਾਪਿਤ ਸਟੈਂਡਰਡ ਆਪਰੇਟਿੰਗ ਪ੍ਰੋਟੋਕੋਲ ਦੀ ਪਾਲਣਾ ਕਰਦੇ ਹੋਏ ਆਮ ਲੋਕਾਂ ਨੂੰ ਲੋੜੀਂਦੀ ਦੇਖਭਾਲ ਪ੍ਰਦਾਨ ਕਰ ਰਹੇ ਹਨ।



# ਪੁਲਸ ਨੇ ਡਕੈਤੀ ਦੀ ਕੋਸ਼ਿਸ਼ ਕੀਤੀ ਨਾਕਾਮ




**ਮਾਹਿਲਪੁਰ (ਸ਼ਫਰੀ)**

ਮਾਹਿਲਪੁਰ ਦੇ ਪੁਲਸ ਕਰਮਚਾਰੀਆ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਬੈਂਕ ਡਕੈਤੀ ਨੂੰ ਨਕਾਮ ਕਰ ਦਿੱਤਾ।ਸ਼ਹਿਰ ਮਾਹਿਲਪੁਰ 'ਚ ਮੁਥੂਟ ਫਾਇਨਾਂਸ ਕੰਪਨੀ ਦੇ ਮੈਨੇਜਰ ਵਿਸ਼ਾਲ ਸੂਦ ਨੇ ਦੱਸਿਆ ਕਿ ਸਾਡੀ ਕੰਪਨੀ ਦੇ ਹੈਡ ਆਫਿਸ ਦਿੱਲੀ ਤੋਂ ਬੀਤੀ ਰਾਤ ਕੋਈ 12 ਕੁ ਵਜੇ ਥਾਣਾ ਮਾਹਿਲਪੁਰ ਨੂੰ ਇਕ ਫੋਨ ਆਇਆ ਜਿਸ ਵਿੱਚ ਉਨਾਂ ਕਿਹਾ ਕਿ ਮੁਥੂਟ ਫਾਇਨਾਂਸ ਕੰਪਨੀ ( ਬੈਂਕ) ਜੋ ਗੋਲਡ ਲੋਨ ਦਾ ਕੰਮ ਕਰਦੀ ਹੈ ਵਿੱਚ ਦੋ ਅਣਪਛਾਤੇ ਵਿਅਕਤੀ ਬੈਂਕ ਦਾ ਸ਼ਟਰ ਤੋੜ ਕੇ ਅੰਦਰ ਘੁਸ ਗਏ ਹਨ। ਪੁਲਸ ਤੁਰੰਤ ਜਦੋਂ ਬੈਕ ਨਜਦੀਕ ਪਹੁੰਚੀ ਤਾਂ ਗੱਡੀ ਦੇ ਹੂਟਰ ਦੀ ਅਵਾਜ਼ ਸੁਣ ਕੇ ਉਪਰੋਕਤ ਲੁਟਰੇ ਦੂਜੀ ਮੰਜਲ 'ਤੇ ਬਣੀ ਬੈਂਕ ਤੋਂ ਸ਼ਾਲਾਂ ਮਾਰ ਕੇ ਰਫੂਚੱਕਰ ਹੋ ਗਏ। ਥਾਣਾ ਮੁੱਖੀ ਗਗਨਦੀਪ ਸਿੰਘ ਸੇਖੋਂ ਨੇ ਦੱਸਿਆ ਕਿ ਲੁਟੇਰੇ ਜਿਨ੍ਹਾਂ ਦੀ ਗਿਣਤੀ ਦੋ ਸੀ , ਉਹਨਾਂ ਨੇ ਸਿਰਾਂ ਤੇ ਟੋਪੀਆਂ ਪਾਈਆਂ ਹੋਈਆਂ ਸਨ ਤੇ ਮੂੰਹਾਂ 'ਤੇ ਰੁਮਾਲ ਬੰਨੇ ਹੋਏ ਸਨ।ਉਨ੍ਹਾਂ ਨੇ ਉਪਰੋਕਤ ਬੈਂਕ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ । ਪਹਿਲਾਂ ਉਨ੍ਹਾਂ ਨੇ ਗੈਸ ਕਟਰ ਨਾਲ ਬੈਂਕ ਦਾ ਸ਼ਟਰ ਕੱਟਿਆ ਫਿਰ ਉਹਨਾਂ ਨੇ ਕੈਂਚੀ ਵਾਲੇ ਗੇਟ ਦਾ ਜਿੰਦਰਾ ਤੋੜਿਆ ਤੇ ਫਿਰ ਅੰਦਰ ਲੱਗੇ ਸ਼ੀਸੇ ਨੂੰ ਤੋੜ ਕੇ ਬੈਂਕ ਦੇ ਅੰਦਰ ਜਾ ਕੇ ਫਰੋਲਾ ਫਰਾਲੀ ਸ਼ੁਰੂ ਹੀ ਕੀਤੀ ਸੀ ਕਿ ਉਸੇ ਸਮੇਂ ਪੁਲਸ ਦੀ ਗੱਡੀ ਦੇ ਹੂਟਰ ਦੀ ਅਵਾਜ਼ ਸੁਣ ਕੇ ਲੁਟੇਰੇ ਹਨੇਰੇ ਦਾ ਫਾਇਦਾ ਉਠਾਉਂਦੇ ਹੋਏ ਭੱਜਣ ਵਿਚ ਸਫਲ ਹੋ ਗਏ।ਮੌਕੇ 'ਤੇ ਪਹੁੰਚੇ ਗੁਰਦੀਪ ਲਾਲ ਵਿਜੀਲੈਂਸ ਅਫਸਰ ਜਲੰਧਰ ਨੇ ਦੱਸਿਆ ਕਿ ਇਨ੍ਹਾਂ ਬੈਂਕਾਂ ਵਿਚ ਇਕ ਐਸਾ ਸਿਸਟਰ ਉਪਕਰਨ ਲਗਾਇਆ ਗਿਆ ਹੈ ਕਿ ਜਦੋਂ ਕੋਈ ਵੀ ਅਨਸਰ ਗਲਤ ਛੇੜਛਾੜ ਕਰਦਾ ਹੈ ਤਾਂ ਇਸ ਦੀ ਸੂਚਨਾ ਦਿੱਲੀ ਹੈਡ ਆਫਿਸ ਵਿਚ ਪਹੁੰਚ ਜਾਂਦੀ ਹੈ।ਹੈਡ ਆਫਿਸ ਵਾਲੇ ਇਹ ਸੂਚਨਾ ਤੁਰੰਤ ਨੇੜੇ ਦੇ ਥਾਣੇ ਵਿੱਚ ਪਹੁੰਚ ਜਾਂਦੀ ਹੈ।

# ਖੇਤੀਬਾੜੀ ਵਿਭਾਗ ਦੀ ਟੀਮ ਵੱਲੋਂ ਪਲਾਈਵੁੱਡ ਫੈਕਟਰੀ 'ਤੇ ਛਾਪੇਮਾਰੀ

**ਸ਼ਹੀਦ ਭਗਤ ਸਿੰਘ ਨਗਰ, (ਮਨੋਜ ਲਾਡੀ)**- ਪੰਜਾਬ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਥਾਨਕ ਚੰਡੀਗੜ੍ਹ ਰੋਡ ਸਥਿਤ ਪਲਾਈਵੁੱਡ ਫੈਕਟਰੀ ਵਿਖੇ ਛਾਪੇਮਾਰੀ ਕੀਤੀ ਗਈ ਜਿੱਥੋਂ ਖੇਤੀਬਾੜੀ ਗਰੇਡ ਨੀਮ ਕੋਟਡ ਯੂਰੀਆ ਬਰਾਮਦ ਕੀਤਾ ਗਿਆ।ਮੁੱਖ ਖੇਤੀਬਾੜੀ ਅਫਸਰ ਰਕੇਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਵਿਭਾਗ ਦੇ ਪ੍ਰਬੰਧਕੀ ਸਕੱਤਰ ਬਸੰਤ ਗਰਗ ਅਤੇ ਡਾਇਰੈਕਟਰ ਖੇਤੀਬਾੜੀ ਜਸਵੰਤ ਸਿੰਘ ਦੇ ਨਿਰਦੇਸ਼ਾਂ ਤੇ ਜ਼ਿਲ੍ਹੇ ਵਿੱਚ ਵੱਖ-ਵੱਖ ਸਮੇਂ 'ਤੇ ਚੈਕਿੰਗ ਕੀਤੀ ਜਾ ਰਹੀ ਹੈ ਜਿਸ ਤਹਿਤ ਚੰਡੀਗੜ੍ਹ ਰੋਡ ਟੰਡੋਹ ਵਿਖੇ ਗਾਂਧੀ ਪਲਾਈਵੁੱਡ ਇੰਡਸਟਰੀ ਵਿਖੇ ਛਾਪੇਮਾਰੀ ਦੌਰਾਨ 4 ਬੈਗ ਖੇਤੀਬਾੜੀ ਗਰੇਡ ਨੀਮ ਕੋਟਡ ਯੂਰੀਆ ਦੇ ਪਾਏ ਗਏ। ਉਨ੍ਹਾਂ ਦੱਸਿਆ ਕਿ ਪਲਾਈਵੁੱਡ ਫੈਕਟਰੀ ਵਿੱਚ ਵਰਤੀ ਜਾ ਰਹੀ ਖੇਤੀਬਾੜੀ ਗਰੇਡ ਨੀਮ ਕੋਟਡ ਯੂਰੀਆ ਫਰਟੀਲਾਈਜਰ ਕੰਟਰੋਲ ਆਰਡਰ 1985 ਦੀ ਉਲੰਘਣਾ ਹੈ। ਉਨ੍ਹਾਂ ਦੱਸਿਆ ਕਿ ਛਾਪੇਮਾਰੀ ਦੌਰਾਨ 4 ਬੈਗ ਭਰੇ ਅਤੇ 230 ਬੈਗ ਵਰਤੇ ਹੋਏ ਖਾਲੀ ਪਾਏ ਗਏ ਜਿਸ 'ਤੇ ਥਾਣਾ ਕਾਠਗੜ੍ਹ ਦੀ ਪੁਲਿਸ ਨੂੰ ਸੂਚਿਤ ਕਰਕੇ ਮੌਕੇ 'ਤੇ ਪੁਲਸ ਪਾਰਟੀ ਬੁਲਾਈ ਗਈ।ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਮੌਕੇ ਤੇ ਹੀ ਕਾਰਵਾਈ ਕਰਦਿਆਂ ਖੇਤੀਬਾੜੀ ਵਿਕਾਸ ਅਫਸਰ-ਕਮ-ਖਾਦ ਇੰਸਪੈਕਟਰ ਹਰਪ੍ਰੀਤ ਸਿੰਘ ਵੱਲੋਂ ਫੈਕਟਰੀ ਤੇ ਫਰਟੀਲਾਈਜਰ ਆਰਡਰ 1985 ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਵਾਇਆ ਗਿਆ। ਇਸ ਮੌਕੇ ਖੇਤੀਬਾੜੀ ਵਿਕਾਸ ਅਫਸਰ ਵਿਜੇ ਮਹੇਸ਼ੀ, ਜਸਵਿੰਦਰ ਕੁਮਾਰ, ਏ.ਈ.ਓ., ਰਾਜ ਕੁਮਾਰ ਆਦਿ ਮੌਜੂਦ ਸਨ।

# ਸਰਕਾਰੀ ਸਕੂਲ ਸਰਹਾਲ ਕਾਜ਼ੀਆਂ 'ਚ ਵਰਦੀ ਵੰਡ ਸਮਾਗਮ




**ਬੰਗਾ (ਅਵਤਾਰ ਕਲੇਰ)**

ਸਰਕਾਰੀ ਪ੍ਰਾਇਮਰੀ ਸਕੂਲ ਸਰਹਾਲ ਕਾਜ਼ੀਆਂ ਵਿਖੇ ਪ੍ਰਵਾਸੀ ਭਾਰਤੀ ਰਾਜ ਬੰਗੜ ਜਰਮਨੀ ਪਰਵਾਰ ਵਲੋਂ ਸਮੂਹ ਵਿਦਿਆਰਥੀਆਂ ਨੂੰ ਪੈਂਟ, ਕਮੀਜ਼, ਟਾਈ, ਬੈਲਟ ਅਤੇ ਪਾਣੀ ਵਾਲੀ ਬੋਤਲ ਦੀ ਸੇਵਾ ਕੀਤੀ ਗਈ। ਯੂਥ ਵੈੱਲਫੇਅਰ ਐਂਡ ਸਪੋਰਟਸ ਆਰਗਨਾਈਜੇਸ਼ਨ ਦੇ ਪ੍ਰਧਾਨ ਸੁਰਜੀਤ ਸੈਂਪਲੇ ਨੇ ਦੱਸਿਆ ਕਿ ਬੰਗੜ ਪਰਵਾਰ ਪਿਛਲੇ 20 ਸਾਲਾਂ ਤੋਂ ਸਰਕਾਰੀ ਪ੍ਰਾਇਮਰੀ ਸਕੂਲ ਸਰਹਾਲ ਕਾਜ਼ੀਆਂ ਵਿਖੇ ਵਰਦੀਆਂ ਦੀ ਵੰਡ ਕਰਦਾ ਆ ਰਿਹਾ ਹੈ। ਇਸੇ ਕੜੀ ਤਹਿਤ ਇਸ ਸੈਸ਼ਨ ਦਾ ਇਹ ਵਰਦੀ ਵੰਡ ਸਮਾਗਮ ਇਸ ਸਕੂਲ ਦੇ ਵਿਹੜੇ ਵਿੱਚ ਕਰਵਾਇਆ ਗਿਆ। ਸਕੂਲ ਹੈਡ ਟੀਚਰ ਰਜਿੰਦਰ ਕੁਮਾਰ ਮਜਾਰੀ ਨੇ ਬੰਗੜ ਪਰਵਾਰ ਦਾ ਧੰਨਵਾਦ ਕੀਤਾ ਅਤੇ ਅੱਗੇ ਤੋਂ ਆਸ ਕੀਤੀ ਕਿ ਇਹ ਪਰਵਾਰ ਇਸੇ ਤਰ੍ਹਾਂ ਬੱਚਿਆਂ ਨੂੰ ਵਰਦੀਆਂ ਦੀ ਮਦਦ ਕਰਦਾ ਰਹੇਗਾ।ਲੈਕ ਸੁਰਜੀਤ ਸੈਂਪਲੇ ਪ੍ਰਧਾਨ, ਸੁਰਿੰਦਰ ਚੱਢਾ ਖਜਾਨਚੀ, ਡਾ. ਸ਼ਾਦੀ ਲਾਲ ਜਨਰਲ ਸਕੱਤਰ, ਲੈਕ ਪਰਮਜੀਤ ਸਿੰਘ, ਅਜੇ ਕੁਮਾਰ ਚੱਕ ਬਿਲਗਾ, ਹੈਡ ਟੀਚਰ ਰਜਿੰਦਰ ਕੁਮਾਰ ਮਜਾਰੀ, ਪ੍ਰਿਥੀਪਾਲ ਭਾਟੀਆ ਰਿਟਾਇਰਡ ਏ ਐਸ ਆਈ, ਕੁਲਵਿੰਦਰ ਕੌਰ ਪੰਚ, ਨਰੇਸ਼ ਕੁਮਾਰ, ਸੁਰਜੀਤ ਪਹਿਲਵਾਨ, ਊਸ਼ਾ ਰਾਣੀ, ਗੀਤਾ ਰਾਣੀ ਅਤੇ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

# ਪੰਚਾਇਤ ਜਿਮਨੀ ਚੋਣਾਂ: ਇੱਕ ਸਰਪੰਚ ਤੇ 32 ਪੰਚਾਂ ਦੀਆਂ ਅਸਾਮੀਆਂ ਲਈ ਸਰਬਸੰਮਤੀ

**ਸ਼ਹੀਦ ਭਗਤ ਸਿੰਘ ਨਗਰ, (ਮਨੋਜ ਲਾਡੀ)**: ਜ਼ਿਲ੍ਹੇ ਵਿੱਚ ਇੱਕ ਸਰਪੰਚ ਅਤੇ 39 ਪੰਚਾਂ ਦੀਆਂ ਖਾਲੀ ਅਸਾਮੀਆਂ ਲਈ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ 27 ਜੁਲਾਈ ਨੂੰ ਵੋਟਾਂ ਪੈਣੀਆਂ ਨਿਰਧਾਰਤ ਕੀਤੀਆਂ ਗਈਆਂ ਹਨ ਜਿਸ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤਿਆਰੀਆਂ ਅਤੇ ਪ੍ਰਬੰਧਾਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ।ਵਧੀਕ ਡਿਪਟੀ ਕਮਿਸ਼ਨਰ(ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣ ਅਫਸਰ ਅਵਨੀਤ ਕੌਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ ਸਰਪੰਚ ਦੀ ਅਸਾਮੀ ਅਤੇ 32 ਪੰਚਾਂ ਦੀਆਂ ਅਸਾਮੀਆਂ ਲਈ ਪਿੰਡ ਵਾਸੀਆਂ ਵੱਲੋਂ ਸਰਬਸੰਮਤੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਭਾਨੇਵਾਲ ਵਿਖੇ ਪੰਚ ਦੀ ਅਸਾਮੀ ਲਈ ਕੋਈ ਨਾਮਜਦਗੀ ਪੱਤਰ ਪ੍ਰਾਪਤ ਨਹੀਂ ਹੋਇਆ ਜਿਸ ਦੇ ਸਿੱਟੇ ਵਜੋਂ ਹੁਣ 33 ਥਾਵਾਂ 'ਤੇ ਸਰਬਸੰਮਤੀ ਉਪਰੰਤ 6 ਥਾਵਾਂ 'ਤੇ ਵੋਟਾਂ ਪੈਣਗੀਆਂ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਪਿੰਡਾਂ ਵਿੱਚ ਵੋਟਾਂ ਪੈਣੀਆਂ ਹਨ ਉਨ੍ਹਾਂ ਵਿੱਚ ਨਵਾਂਸ਼ਹਿਰ ਬਲਾਕ ਦੇ ਪਿੰਡ ਕਰੀਆਮ ਅਤੇ ਦੁਰਗਾਪੁਰ, ਬਲਾਚੌਰ ਬਲਾਕ ਦੇ ਪਿੰਡ ਡੁੱਗਰੀ ਬੇਟ ਅਤੇ ਨਿਊ ਮਝੋਟ, ਬੰਗਾ ਬਲਾਕ ਦੇ ਪਿੰਡ ਲਧਾਣਾ ਝਿੱਕਾ ਅਤੇ ਘੁੰਮਣ ਸ਼ਾਮਲ ਹਨ।ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਨ੍ਹਾਂ ਵੋਟਾਂ ਲਈ ਢੁੱਕਵੇਂ ਪ੍ਰਬੰਧ ਅਮਲ ਵਿੱਚ ਲਿਆਂਦੇ ਜਾ ਰਹੇ ਹਨ ਤਾਂ ਜੋ ਨਿਰਪੱਖ, ਸ਼ਾਂਤਮਈ ਅਤੇ ਆਜ਼ਾਦਾਨਾ ਢੰਗ ਨਾਲ ਵੋਟਾਂ ਦੀ ਪ੍ਰਕਿਰਿਆ ਨੂੰ ਅਮਲ ਵਿੱਚ ਲਿਆਂਦਾ ਜਾ ਸਕੇ।

# ਇੱਟਾਂਬੱਧੀ ਵਿਖੇ ਐੱਲ ਈ ਡੀ ਲਾਈਟਾਂ ਲਗਾਉਣ ਦਾ ਕੰਮ ਸ਼ੁਰੂ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਪਿੰਡ ਇੱਟਾਂ ਬੱਧੀ ਦੀ ਫਿਰਨੀ ਅਤੇ ਪਿੰਡ ਦੇ ਅੰਦਰ ਨਵੀਆਂ ਐੱਲ. ਈ. ਡੀ. ਲਾਈਟਾਂ ਲਾਉਣ ਦਾ ਕੰਮ ਦਾ ਸ਼ੁਰੂ ਕਰਵਾਇਆ ਗਿਆ। ਇਸ ਮੌਕੇ ਪਿੰਡ ਦੇ (ਸਰਪੰਚ) ਸਰਦਾਰ ਕੁਲਵਿੰਦਰ ਸਿੰਘ ਅਤੇ (ਪੰਚ) - ਮਹਿੰਦਰ ਸਿੰਘ, ਗੁਰਦੇਵ ਸਿੰਘ, ਡੈਵਿਡ ਮਸੀਹ, ਕਮਲਜੀਤ ਕੌਰ, ਮਨਜੀਤ ਕੌਰ ਆਦਿ ਪੰਚਾਇਤ ਮੈਂਬਰਾਂ ਨੇ ਦੱਸਿਆ ਕਿ ਪਿੰਡ ਦੀਆਂ ਮੁੱਖ ਸੜਕਾਂ 'ਤੇ ਐੱਲ. ਈ. ਡੀ. ਲਾਈਟਾਂ ਲਗਾਉਣ ਉਪਰੰਤ ਆਉਣ ਵਾਲੇ ਦਿਨਾਂ ਵਿੱਚ ਪਿੰਡ ਦੇ ਹੋਰ ਵਿਕਾਸ ਦੇ ਕੰਮ ਕੀਤੇ ਜਾਣਗੇ। ਇਸ ਮੌਕੇ ਪਿੰਡ ਦੇ ਪਤਵੰਤੇ ਸੱਜਣ ਅਤੇ ਬਲਜਿੰਦਰ ਕੌਰ ਪਤਨੀ ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਫ੍ਰੀ ਆਯੁਰਵੈਦਿਕ ਕੈਂਪ ਦੌਰਾਨ 1280 ਮਰੀਜ਼ਾਂ ਦਾ ਮੁਆਇਨਾ

**ਆਦਮਪੁਰ (ਪਰਮਜੀਤ ਸਿੰਘ)**

ਅਰੋਗਿਆ ਆਯੁਰਵੈਦਿਕ ਕਲੀਨਿਕ ਪਿੰਡ ਖੜਕਾਂ ਵੱਲੋਂ ਫ੍ਰੀ ਆਯੁਰਵੈਦਿਕ ਮੈਡੀਕਲ ਕੈਂਪ ਮੁੱਖ ਵੈਦ ਬਲਜਿੰਦਰ ਰਾਮ ਤੇ ਵੈਦ ਸਿਮਰਨਜੀਤ ਕੌਰ ਦੀ ਵਿਸ਼ੇਸ਼ ਅਗਵਾਈ ਵਿੱਚ ਪਿੰਡ ਸ਼ੇਰਪੁਰ ਢੱਕੋ ਵਿੱਖੇ ਲਗਾਇਆ ਗਿਆ। ਡੇਰਾ ਬਾਬਾ ਕੱਲਰਾਂ ਸ਼ੇਰਪੁਰ ਵਿਖੇ ਸੰਤ ਬਾਬਾ ਅਮਰਦਾਸ, ਸੰਤ ਬਾਬਾ ਰਾਮ ਕ੍ਰਿਸ਼ਨ ਦਾਸ ਸੰਤ ਬੀਬੀ ਜਵਾਲੀ ਰਾਮ ਦੇ ਸਾਲਾਨਾ ਬਰਸੀ ਸਮਾਗਮ ਡੇਰੇ ਦੇ ਮੁੱਖ ਗੱਦੀਨਸ਼ੀਨ ਸੰਚਾਲਕ ਸੰਤ ਰਮੇਸ਼ ਦਾਸ ਦੀ ਵਿਸ਼ੇਸ਼ ਅਗਵਾਈ ਵਿੱਚ ਕਰਵਾਏ ਗਏ। ਇਸ ਮੌਕੇ ਸੱਚਖੰਡ ਵਾਸੀ ਸੰਤ ਬਾਬਾ ਨਰਾਇਣ ਦਾਸ ਦੇ ਅਸ਼ੀਰਵਾਦ ਲਗਾਏ ਗਏ ਵੀ ਮੈਡੀਕਲ ਕੈਂਪ ਦਾ ਸ਼ੁੱਭ ਅਰੰਭ ਸੰਤ ਰਮੇਸ਼ ਦਾਸ ਨੇ ਕੀਤਾ। ਇਸ ਕੈਂਪ ਮੌਕੇ ਮੈਂਬਰ ਪਾਰਲੀਮੈਂਟ ਰਾਜ ਕੁਮਾਰ ਚੱਬੇਵਾਲ, ਸੰਤ ਨਿਰਮਲ ਦਾਸ ਬਾਬੇ ਜੋੜੇ, ਭੈਣ ਸੰਤੋਸ਼ ਕੁਮਾਰੀ ਵੀ ਉਚੇਚੇ ਤੌਰ 'ਤੇ ਪੁੱਜੇ। ਵੈਦ ਬਲਜਿੰਦਰ ਰਾਮ ਨੇ ਕਿਹਾ ਆਯੁਰਵੈਦਿਕ ਦਵਾਈ ਮਨੁੱਖੀ ਸਰੀਰ ਲਈ ਲਾਭਦਾਇਕ ਹੁੰਦੀ ਹੈ ਤੇ ਇਸਦਾ ਸਰੀਰ 'ਤੇ ਕੋਈ ਨੁਕਸਾਨ ਨਹੀਂ ਹੁੰਦਾ। ਉਹਨਾਂ ਕਿਹਾ ਆਯੁਰਵੈਦਿਕ ਦਵਾਈ ਨਾਲ ਹਰ ਬਿਮਾਰੀ ਦਾ ਇਲਾਜ ਕੀਤਾ ਜਾ ਸਕਦਾ ਹੈ। ਇਸ ਕੈਂਪ ਨੂੰ ਸਫਲ ਬਣਾਉਣ ਲਈ ਵੈਦ ਰੂਪੀਕਾ ਨਵਾਂ ਸ਼ਹਿਰ, ਵੈਦ ਗੁਰਪ੍ਰੀਤ ਕੌਰ, ਵੈਦ ਚਰਨਜੀਤ ਸਿੰਘ, ਵੈਦ ਗੀਤੂ, ਵੈਦ ਲੋਕੇਸ਼ ਕੁਮਾਰ, ਵੈਦ ਇੰਦਰਜੀਤ, ਵੈਦ ਅੰਸ਼, ਵੈਦ ਰੀਤੀਕਾ ਵੈਦ ਰਤੀਸ਼ ਨੇ ਵੀ ਆਪਣਾ ਬਣਦਾ ਯੋਗਦਾਨ ਪਾਇਆ। ਕੈਂਪ ਦੌਰਾਨ 1280 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਮੌਕੇ 'ਤੇ ਲੋਕਾਂ ਨੂੰ ਆਯੁਰਵੈਦਿਕ ਦਵਾਈਆਂ ਮੁਫਤ ਦਿੱਤੀਆਂ ਗਈਆਂ।



# ਪੈਨਸ਼ਨਰ ਐਸੋਸੀਏਸ਼ਨ ਨੇ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਦੇ ਨਾਂਅ 'ਤੇ ਭੇਜਿਆ ਮੰਗ ਪੱਤਰ

**ਫ਼ਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਆਲ ਇੰਡੀਆ ਸਟੇਟ ਗੌਰਮਿੰਟ ਪੈਨਸ਼ਨਰਜ਼ ਫੈਡਰੇਸ਼ਨ ਵਲੋਂ ਪ੍ਰਧਾਨ ਮੰਤਰੀ ਭਾਰਤ ਅਤੇ ਆਪਣੇ ਆਪਣੇ ਰਾਜ ਦੇ ਮੁੱਖ ਮੰਤਰੀ ਦੇ ਨਾਂਅ 'ਤੇ ਮੰਗ ਪੱਤਰ ਭੇਜਣ ਦੇ ਦਿੱਤੇ ਗਏ ਸੱਦੇ ਅਨੁਸਾਰ ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੇ ਪ੍ਰਧਾਨ ਮੋਹਣ ਸਿੰਘ ਭੱਟੀ ਦੀ ਅਗਵਾਈ ਵਿੱਚ ਐੱਸ ਡੀ ਐੱਮ ਫ਼ਗਵਾੜਾ ਜਸ਼ਨਪ੍ਰੀਤ ਸਿੰਘ ਦੇ ਰਾਹੀਂ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਦੇ ਨਾਂਅ 'ਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਦਾ ਨਿਪਟਾਰਾ ਗੱਲ ਬਾਤ ਰਾਹੀਂ ਕਰਨ ਲਈ ਭੇਜਿਆ ਗਿਆ ਅਤੇ ਨਾਲ ਹੀ ਨੋਟਿਸ ਦਿੱਤਾ ਹੈ ਕਿ ਜੇ ਕੇਂਦਰ ਸਰਕਾਰ ਵੱਲੋਂ 15 ਸਤੰਬਰ 2025 ਤੱਕ ਆਲ ਇੰਡੀਆ ਸਟੇਟ ਗੌਰਮਿੰਟ ਪੈਨਸ਼ਨਰਜ਼ ਫੈਡਰੇਸ਼ਨ ਦੇ ਆਗੂਆਂ ਨਾਲ ਮੰਗਾਂ ਦੇ ਨਿਪਟਾਰੇ ਲਈ ਕੋਈ ਗੱਲਬਾਤ ਨਹੀਂ ਕੀਤੀ ਜਾਂਦੀ ਤਾਂ 17 ਸਤੰਬਰ 2025 ਨੂੰ ਪੂਰੇ ਦੇਸ਼ ਦੇ ਪੈਨਸ਼ਨਰਾਂ ਵਲੋਂ ਜੰਤਰ ਮੰਤਰ ਦਿੱਲੀ ਵਿਖੇ ਰੋਸ ਪ੍ਰਦਰਸ਼ਨ ਕਰਦੇ ਹੋਏ ਆਪਣੇ ਰੋਹ ਦਾ ਪ੍ਰਗਟਾਵਾ ਕੀਤਾ ਜਾਵੇਗਾ।ਮੰਗ ਪੱਤਰ ਵਿੱਚਲੀਆਂ ਮੰਗਾਂ ਦੀ ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਦੱਸਿਆ ਕਿ ਮਜ਼ਦੂਰ ਵਿਰੋਧੀ ਚਾਰ ਕਿਰਤ ਕੋਡਾਂ ਨੂੰ ਰੱਦ ਕਰਕੇ ਪੁਰਾਣੇ ਕਿਰਤ ਕਾਨੂੰਨ ਬਹਾਲ ਕੀਤੇ ਜਾਣ,ਪੀ ਐਫ ਆਰ ਡੀ ਏ ਐਕਟ ਸਮਾਪਤ ਕੀਤਾ ਜਾਵੇ ਅਤੇ ਹਰ ਵਰਗ ਦੇ ਮੁਲਾਜ਼ਮਾਂ 'ਤੇ ਪੁਰਾਣੀ ਪੈਨਸ਼ਨ ਲਾਗੂ ਕਰਨ,ਪੇ ਕਮਿਸ਼ਨ, ਸਟੇਟ ਪੇ ਕਮਿਸ਼ਨ ਸਥਾਪਤ ਕਰਕੇ ਅੱਠਵੇਂ ਪੇ ਕਮਿਸ਼ਨ ਦੇ ਲਾਭ ਕਰਮਚਾਰੀਆਂ ਤੇ ਪੈਨਸ਼ਨਰਾਂ ਨੂੰ ਕੇਂਦਰ ਦੇ ਅੱਠਵੇਂ ਪੇ ਕਮਿਸ਼ਨ ਦੀ ਤਰਜ਼ 'ਤੇ ਦੇਣਾ ਤੇ ਹਰੇਕ ਪੰਜ ਸਾਲ ਬਾਅਦ ਪੇ ਕਮਿਸ਼ਨ ਰਾਹੀਂ ਪੇ ਦੀ ਦੁਹਰਾਈ ਨੂੰ ਯਕੀਨੀ ਬਣਾਇਆ ਜਾਵੇ,ਡੀ ਏ ਕੇਂਦਰੀ ਪੈਟਰਨ ਤੇ 55% ਕੀਤਾ ਜਾਵੇ ਤੇ ਰੋਕਿਆ ਹੋਇਆ13% ਡੀ ਏ ਤੁਰੰਤ ਜਾਰੀ ਕੀਤਾ ਜਾਵੇ, ਛੇਵੇਂ ਪੇ ਕਮਿਸ਼ਨ ਦੀ ਸਿਫਾਰਸ਼ ਅਨੁਸਾਰ 2.59 ਨਾਲ ਪੈਂਨਸ਼ਨਾਂ ਰੀਵਾਈਜ ਕਰਨ ਬਾਰੇ,ਕੈਸ਼ਲੈਸ ਇਲਾਜ ਦੀ ਸਕੀਮ ਲਾਗੂ ਕਰਕੇ ਸਾਰੇ ਕਰਮਚਾਰੀਆਂ /ਪੈਨਸ਼ਨਰਜ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ,ਸੀਨੀਅਰ ਸਿਟੀਜਨ ਨੂੰ ਰੇਲਵੇ ਅਤੇ ਹਵਾਈ ਸਫਰ ਦੀਆਂ ਰੱਦ ਕੀਤੀਆਂ ਸਹੂਲਤਾਂ ਬਹਾਲ ਕੀਤੀਆਂ ਜਾਣ,ਕਮਿਊਟੇਸ਼ਨ ਕਟੌਤੀ ਦਾ ਸਮਾਂ 11 ਸਾਲ ਕੀਤਾ ਜਾਵੇ, ਮੈਡੀਕਲ ਭੱਤਾ 3000/- ਰੁਪਏ ਮਹੀਨਾ ਕਰਨ ਬਾਰੇ, ਟਰੈਵਲ ਕਨਸੈਸ਼ਨ ਦੇਣ ਸਮੇਂ ਬੁਢਾਪਾ ਭੱਤਾ ਬੇਸਿਕ ਪੈਨਸ਼ਨ ਵਿੱਚ ਸ਼ਾਮਲ ਕਰਕੇ ਵਧੀ ਹੋਈ ਬੇਸਿਕ ਪੈਨਸ਼ਨ ਅਨੁਸਾਰ ਟਰੈਵਲ ਕਨਸੈਸ਼ਨ ਦੇਣ ਬਾਰੇ,ਪੇ ਕਮਿਸ਼ਨ ਦੇ ਬਕਾਏ ਯਕਮੁਸ਼ਤ ਇੱਕੋ ਵਾਰ ਦੇਣ ਬਾਰੇ, ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਫਾਈਨਾਂਸ ਬਿੱਲ-2025 ਵਿੱਚ ਪੈਨਸ਼ਨਰਾਂ ਨੂੰ ਪੇ ਕਮਿਸ਼ਨ ਵਿੱਚ ਸ਼ਾਮਲ ਨਾ ਕਰਨ ਦੀ ਮੱਦ ਨੂੰ ਤੁਰੰਤ ਰੱਦ ਕਰਨ ਬਾਰੇ ਆਦਿ ਮੰਗਾਂ 'ਤੇ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕਰਦੇ ਹੋਏ ਪੈਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਦਾ ਨਿਪਟਾਰਾ ਕਰਨ ਲਈ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਭਾਰਤ ਦੇ ਨਾਂਅ 'ਤੇ ਵੱਖ -ਵੱਖ ਮੰਗ ਪੱਤਰ ਐੱਸ ਡੀ ਐੱਮ ਫ਼ਗਵਾੜਾ ਰਾਹੀਂ ਭੇਜੇ ਗਏ ਹਨ। ਪ੍ਰੈੱਸ ਲਈ ਜਾਣਕਾਰੀ ਐਸੋਸੀਏਸ਼ਨ ਦੇ ਪ੍ਰੈੱਸ ਸਕੱਤਰ ਸੀਤਲ ਰਾਮ ਬੰਗਾ ਨੇ ਜਾਰੀ ਕੀਤੀ।ਮੰਗ ਪੱਤਰ ਭੇਜਣ ਸਮੇਂ ਹੋਰਨਾਂ ਤੋਂ ਇਲਾਵਾ ਗੁਰਨਾਮ ਸਿੰਘ ਸੈਣੀ,ਤਾਰਾ ਸਿੰਘ ਬੀਕਾ, ਸਤਪਾਲ ਸਿੰਘ ਖੱਟਕੜ, ਹਰੀ ਓਮ ਸ਼ਰਮਾ,ਸਤਪਾਲ ਮਹਿਮੀ,ਕੇ ਕੇ ਪਾਂਡੇ, ਕਰਨੈਲ ਸਿੰਘ, ਹਰਭਜਨ ਲਾਲ,ਸ਼ਿਵ ਦਾਸ, ਹਰਭਜਨ ਲਾਲ ਕੌਲ,ਰਤਨ ਸਿੰਘ ਆਦਿ ਜੁਝਾਰੂ ਪੈਨਸ਼ਨਰ ਸਾਥੀ ਹਾਜ਼ਰ ਹੋਏ।



# 65ਵਾਂ ਮੁਫਤ ਮੈਡੀਕਲ ਕੈਂਪ ਲਗਾਇਆ




**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**

ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ. ਅਜਨੋਹਾ ਵਲੋਂ ਸਵ.ਨਿਰਮਲ ਸਿੰਘ ਅਤੇ ਸਵ.ਸਤਵੰਤ ਕੌਰ ਦੀ ਨਿੱਘੀ ਯਾਦ ਵਿੱਚ ਪਿੰਡ ਬੱਡਲਾ ਵਿਖੇ ਗੁਰਦੁਆਰਾ ਜਨਮ ਅਸਥਾਨ ਸ਼ਹੀਦ ਬਾਬਾ ਮੱਤੀ ਜੀ ਦੇ ਅਸਥਾਨ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇਖ ਰੇਖ ਹੇਠ 65ਵਾਂ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੌਕੇ 130 ਮਰੀਜਾਂ ਨੂੰ ਡਾਕਟਰਾਂ ਦੀ ਮਹਿਰ ਟੀਮ ਵਲੋਂ ਚੈੱਕ ਅੱਪ ਕਰਕੇ ਮੁਫਤ ਵਿੱਚ ਦਵਾਈਆਂ ਦਿੱਤੀਆਂ ਗਈਆਂ। ਡਾਕਟਰਾਂ ਦੀ ਸਮੂਹ ਟੀਮ ਨੂੰ ਸਿਰਪਾਉ ਅਤੇ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਹਾਜਰ ਸੰਸਥਾ ਮੁੱਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਜਸਵੀਰ ਸਿੰਘ ਸਾਂਭੀ ਪਧਿਆਣਾ,ਡਾ. ਤਰਸੇਮ ਸਿੰਘ ਭਬਿਆਣਾ, ਡਾ. ਰਾਮ ਲੁਬਾਇਆ ਠੱਕਰਵਾਲ, ਸੰਦੀਪ ਕੌਰ ਪਾਸ਼ਟਾਂ, ਲਵਪ੍ਰੀਤ ਕੌਰ,ਜਤਿੰਦਰ ਸਿੰਘ ਰਾਣਾ ਖਾਲਸਾ ਮੁਖਲਿਆਣਾ, ਉਂਕਾਰ ਸਿੰਘ ਖਾਲਸਾ ਨਰੂੜ,ਭੁਪਿੰਦਰ ਸਿੰਘ, ਹਰਵੀਰ ਸਿੰਘ, ਸੁਖਵੀਰ ਸਿੰਘ, ਸਾਹਿਲ, ਬਿਬੇਕ, ਮਨਵੀਰ, ਪ੍ਰਬਜੋਤ, ਬੱਬੂ, ਜਗਰੂਪ,ਬੂਟਾ ਸਿੰਘ, ਹਰਜੀਤ ਸਿੰਘ, ਸੋਨੀ, ਲਾਲ ਸਿੰਘ, ਰਣਜੋਧ ਸਿੰਘ, ਗੁਰਨਾਮ ਸਿੰਘ ਮੁੱਖਲਿਆਣਾ ਅਤੇ ਸੁਖਦੇਵ ਸਿੰਘ ਹਾਜਰ ਸਨ।

# ਡੇਂਗੂ ਰੋਕਥਾਮ ਲਈ 1,88,171 ਘਰਾਂ ਦਾ ਕੀਤਾ ਸਰਵੇ

**ਮੋਹਾਲੀ, (ਗੁਰਜੀਤ ਬਿੱਲਾ)**

ਜ਼ਿਲ੍ਹੇ ਦੇ ਲੋਕਾਂ ਨੂੰ ਡੇਂਗੂ ਜਿਹੀ ਜਾਨਲੇਵਾ ਬੀਮਾਰੀ ਤੋਂ ਬਚਾਉਣ ਲਈ ਜ਼ਿਲ੍ਹਾ ਸਿਹਤ ਵਿਭਾਗ ਇਸ ਸਾਲ ਮਾਰਚ ਮਹੀਨੇ ਤੋਂ ਪੂਰੀ ਤਰ੍ਹਾਂ ਸਰਗਰਮ ਹੈ। ਇਸ ਵੇਲੇ ਸਿਹਤ ਵਿਭਾਗ ਦੀਆਂ ਕੁਲ 37 ਟੀਮਾਂ ਦੁਆਰਾ ਕੰਟੇਨਰ ਜਾਂਚ, ਸਰਵੇ ਅਤੇ ਜਾਗਰੂਕਤਾ ਮੁਹਿੰਮ ਨੂੰ ਜ਼ੋਰ-ਸ਼ੋਰ ਨਾਲ ਚਲਾਇਆ ਜਾ ਰਿਹਾ ਹੈ। ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਦਸਿਆ ਕਿ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਅਤੇ ਸੀਨੀਅਰ ਸਿਹਤ ਅਧਿਕਾਰੀਆਂ ਦੀ ਨਿਗਰਾਨੀ ਹੇਠ ਮਾਰਚ ਮਹੀਨੇ ਤੋਂ ਹੁਣ ਤਕ ਜ਼ਿਲ੍ਹੇ ਦੇ 1,88,171 ਘਰਾਂ ਵਿਚ ਸਰਵੇ ਕੀਤਾ ਜਾ ਚੁੱਕਾ ਹੈ ਅਤੇ 2387 ਘਰਾਂ ਵਿਚ ਡੇਂਗੂ ਬੁਖ਼ਾਰ ਫੈਲਾਉਣ ਵਾਲੇ ਮੱਛਰ ਦਾ ਲਾਰਵਾ ਮਿਲਿਆ ਹੈ ਅਤੇ 363 ਚਾਲਾਨ ਕੀਤੇ ਗਏ ਹਨ। ਇਸ ਦੌਰਾਨ 5,83,236 ਕੰਟੇਨਰਾਂ ਦੀ ਜਾਂਚ ਕੀਤੀ ਗਈ ਹੈ ਅਤੇ 2862 ਕੰਟੇਨਰਾਂ ਵਿਚ ਲਾਰਵਾ ਮਿਲਿਆ। ਉਨ੍ਹਾਂ ਦਸਿਆ ਕਿ ਪਹਿਲੀ ਵਾਰ ਲਾਰਵਾ ਮਿਲਣ 'ਤੇ ਸਖ਼ਤ ਚੇਤਾਵਨੀ ਦਿੱਤੀ ਜਾਂਦੀ ਹੈ ਅਤੇ ਜੇ ਦੂਜੀ ਵਾਰ ਲਾਰਵਾ ਮਿਲੇ ਤਾਂ ਚਾਲਾਨ ਕਟਿਆ ਜਾਂਦਾ ਹੈ। ਸਿਹਤ ਟੀਮਾਂ ਵਲੋਂ ਹਰ ਸੋਮਵਾਰ ਅਤੇ ਵੀਰਵਾਰ ਨੂੰ ਸਾਲ 2024 ਵਾਲੇ ਉਚ-ਜੋਖਮ ਖੇਤਰਾਂ ਵਿਚ ਵੀ ਵਿਸ਼ੇਸ਼ ਸਰਵੇ ਕੀਤਾ ਜਾ ਰਿਹਾ ਹੈ। ਡਾ. ਸੰਗੀਤਾ ਜੈਨ ਨੇ ਦਸਿਆ ਆਸ਼ਾ ਵਰਕਰਾਂ, ਸਿਹਤ ਵਰਕਰਾਂ, ਬਰੀਡਰ ਚੈਕਰਾਂ ਦੀਆਂ ਟੀਮਾਂ ਘਰਾਂ ਵਿਚ ਜਾ ਕੇ ਕੂਲਰਾਂ, ਫ਼ਰਿੱਜਾਂ ਦੀਆਂ ਟਰੇਆਂ, ਗਮਲਿਆਂ, ਖ਼ਾਲੀ ਪਏ ਟਾਇਰਾਂ, ਟੈਂਕੀਆਂ, ਬਕਸਿਆਂ ਅਤੇ ਹੋਰ ਸਮਾਨ ਜਿਥੇ ਪਾਣੀ ਇਕੱਠਾ ਹੋ ਸਕਦਾ ਹੈ, ਦੀ ਜਾਂਚ ਕਰ ਰਹੀਆਂ ਹਨ।ਸਿਵਲ ਸਰਜਨ ਨੇ ਕਿਹਾ ਕਿ ਡੇਂਗੂ ਇਲਾਜਯੋਗ ਬੀਮਾਰੀ ਹੈ ਅਤੇ ਡੇਂਗੂ ਹੋਣ 'ਤੇ ਬਿਲਕੁਲ ਵੀ ਘਬਰਾਉਣ ਦੀ ਲੋੜ ਨਹੀਂ। ਜੇ ਡੇਂਗੂ ਬੁਖ਼ਾਰ ਹੋਣ ਦਾ ਸ਼ੱਕ ਪੈਂਦਾ ਹੈ ਤਾਂ ਤੁਰੰਤ ਨਜ਼ਦੀਕੀ ਹਸਪਤਾਲ ਵਿਚ ਜਾ ਕੇ ਜਾਂਚ ਕਰਵਾਈ ਜਾਵੇ। ਸਰਕਾਰੀ ਹਸਪਤਾਲਾਂ ਵਿਚ ਡੇਂਗੂ ਦੀ ਜਾਂਚ ਅਤੇ ਇਲਾਜ ਬਿਲਕੁਲ ਮੁਫ਼ਤ ਹੈ। ਉਨ੍ਹਾਂ ਕਿਹਾ ਕਿ ਜੇ ਲੋਕ ਅਪਣੇ ਘਰ ਅਤੇ ਆਲੇ-ਦੁਆਲੇ ਪਾਣੀ ਖੜਾ ਨਾ ਹੋਣ ਦੇਣ ਤਾਂ ਇਹ ਮੱਛਰ ਪੈਦਾ ਹੀ ਨਹੀਂ ਹੋਵੇਗਾ।



# ਇਨਰਵ੍ਹੀਲ ਕਲੱਬ ਨੇ ਗਊਸ਼ਾਲਾ ਵਿਖੇ ਪੌਦੇ ਲਗਾਏ

**ਸੁਲਤਾਨਪੁਰ ਲੋਧੀ (ਹਨੀ)**

ਇਨਰਵ੍ਹੀਲ ਕਲੱਬ ਸੁਲਤਾਨਪੁਰ ਲੋਧੀ ਵੱਲੋਂ ਪ੍ਰਧਾਨ ਜਸਪਾਲ ਕੌਰ ਦੀ ਅਗਵਾਈ ਹੇਠ ਗਊਸ਼ਾਲਾ ਦੀ ਗਰਾਉਂਡ ਵਿਚ ਵੱਖ ਵੱਖ ਪ੍ਰਕਾਰ ਦੇ ਫਲ ਫਰੂਟ ਤੇ ਛਾਂਦਾਰ ਪੌਦੇ ਲਗਾਏ ਗਏ। ਨਵ-ਨਿਯੁਕਤ ਪ੍ਰਧਾਨ ਜਸਪਾਲ ਕੌਰ ਨੇ ਸਾਰੇ ਵਰਗਾਂ ਨਾਲ ਸਬੰਧਤ ਲੋਕਾਂ ਨੂੰ ਆਪਣੇ ਆਲੇ ਦੁਆਲੇ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਪ੍ਰੇਰਨਾ ਦਿੰਦੇ ਹੋਏ ਕਿਹਾ ਕਿ ਧਰਤੀ ਤੇ ਰੁੱਖ ਵੱਧ ਹੋਣਗੇ ਤਾਂ ਹੀ ਸਾਨੂੰ ਸਾਫ ਸੁਥਰੀ ਸ਼ੁੱਧ ਹਵਾ ਤੇ ਆਕਸੀਜਨ ਮਿਲੇਗੀ। ਉਨ੍ਹਾਂ ਕਿਹਾ ਕਿ ਰੁੱਖਾਂ ਦੀ ਧੜਾ ਧੜ ਕੀਤੀ ਜਾ ਰਹੀ ਕਟਾਈ ਕਾਰਨ ਹੀ ਵਾਤਾਵਰਣ ਪ੍ਰਦੂਸ਼ਿਤ ਹੋ ਰਿਹਾ ਹੈ ਤੇ ਕਈ ਪ੍ਰਕਾਰ ਦੀਆਂ ਬਿਮਾਰੀਆਂ ਵੱਧ ਰਹੀਆਂ ਹਨ। ਉਹਨਾਂ ਦੱਸਿਆ ਕਿ ਇਨਰਵ੍ਹੀਲ ਕਲੱਬ ਵੱਲੋਂ ਸਮਾਜ ਸੇਵਾ ਦੇ ਕਾਰਜਾਂ ਦੇ ਨਾਲ ਨਾਲ ਵਾਤਾਵਰਨ ਦੀ ਸ਼ੁੱਧਤਾ ਲਈ ਵੀ ਬਹੁਤ ਸਾਰੇ ਪ੍ਰੋਗਰਾਮ ਉਲੀਕੇ ਜਾਂਦੇ ਹਨ ਜਿਸ ਲਈ ਸਮੂਹ ਕਲੱਬ ਮੈਂਬਰਾਂ ਵੱਲੋਂ ਪੂਰਨ ਰੂਪ ਵਿਚ ਸਹਿਯੋਗ ਦਿੱਤਾ ਜਾਂਦਾ ਹੈ।ਇਸ ਸਮੇਂ ਕਲੱਬ ਦੀ ਐਡੀਟਰ ਰਮਿੰਦਰ ਕੌਰ, ਖਜ਼ਾਨਚੀ ਪਰਵਿੰਦਰ ਕੌਰ, ਆਈਐੱਸਓ ਕੁਲਵੰਤ ਕੌਰ ਤੇ ਮੈਂਬਰਜ ਸਾਬਕਾ ਪ੍ਰਧਾਨ ਸਤਵੰਤ ਕੌਰ ਜੰਮੂ, ਡਾ. ਨਵਜੋਤ ਕੌਰ, ਡਾ ਨੇਹਾ ,ਮਲਕੀਤ ਕੌਰ ਝੀਤਾ, ਰੁਪਿੰਦਰ ਕੌਰ, ਕੁਲਰਾਜ ਕੌਰ ਸੈਕਟਰੀ, ਪਰਮਜੀਤ ਕੌਰ ਸੁਖ, ਕੁਲਵੰਤ ਕੌਰ ਵਿਰਦੀ, ਡਾ. ਦਰਸ਼ਪ੍ਰੀਤ ਕੌਰ, ਕਮਲਜੀਤ ਢਿੱਲੋਂ, ਗੁਰਵਿੰਦਰ ਕੌਰ, ਮੋਮੀ ਰੁਪਿੰਦਰ ਕੌਰ, ਮਨਪ੍ਰੀਤ ਕੌਰ, ਪਰਵੀਨ ਬਤਰਾ, ਨਰਿੰਦਰ ਕੌਰ, ਸੰਦੇਸ਼ ਭੰਡਾਰੀ, ਸਨੇਹ ਗੁਜਰਾਲ, ਹਰਜਿੰਦਰ ਕੌਰ, ਸਿਮਰਨ ਕੌਰ, ਰਾਜਵੀਰ ਕੌਰ ਢਿੱਲੋਂ, ਚਰਨਜੀਤ ਕੌਰ, ਕੁਲਦੀਪ ਕੌਰ, ਪ੍ਰਭਜੋਤ ਕੌਰ ਪ੍ਰੀਤ, ਰਮਨਦੀਪ ਕੌਰ, ਡਾ. ਸੁਖਵਿੰਦਰ, ਮੋਨਿਕਾ ਬਬਰਾ, ਮਿਸ ਸਿਮੀ, ਨੀਰੂ ਕੰਬੋਜ ਆਦਿ ਨੇ ਸਹਿਯੋਗ ਕੀਤਾ।



22-July-PAGE-9.qxd 7/21/2025 10:54 PM Page 1



# ਘਰਾਂ 'ਚੋਂ ਚੋਰੀ ਕਰਨ ਵਾਲੇ ਦੋ ਕਾਬੂ



**ਬੰਗਾ (ਅਵਤਾਰ ਕਲੇਰ)**

ਥਾਣਾ ਮੁਕੰਦਪੁਰ ਦੀ ਪੁਲਸ ਵੱਲੋਂ ਘਰਾਂ ਦਾ ਸਮਾਨ ਚੋਰੀ ਕਰਨ ਵਾਲੇ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਮੁੱਖ ਥਾਣਾ ਅਫਸਰ ਮਹਿੰਦਰ ਸਿੰਘ ਨੇ ਦੱਸਿਆ ਕਿ ਇਕ ਦਰਖਾਸਤ ਹਰਬੰਸ ਕੌਰ ਪਤਨੀ ਗੁਰਮੇਲ ਸਿੰਘ ਵਾਸੀ ਤਲਵੰਡੀ ਫੱਤੂ ਨੇ ਦਿੱਤੀ ਸੀ ਕਿ ਉਸ ਨੇ ਤਰਸ ਦੇ ਆਧਾਰ 'ਤੇ ਗੁਰਨੇਕ ਸਿੰਘ ਦੇ ਪਰਵਾਰ ਨੂੰ ਰਹਿਣ ਲਈ ਆਪਣਾ ਮਕਾਨ ਦਿੱਤਾ ਸੀ ਤੇ ਘਰ ਦੀਆਂ ਚਾਬੀਆਂ ਵੀ ਉਸ ਨੂੰ ਦਿੱਤੀਆਂ ਸਨ। ਜਦੋਂ ਆਪਣੇ ਘਰ ਦੀਆਂ ਪੇਟੀਆਂ ਨੂੰ ਚੈੱਕ ਕੀਤਾ ਤਾਂ ਉਸ ਵਿੱਚੋਂ ਪਿੱਤਲ ਦੇ ਭਾਂਡੇ ਅਤੇ ਰਸੋਈ ਵਿੱਚੋਂ ਗੈਸ ਸਲੰਡਰ ਅਤੇ ਹੋਰ ਸਮਾਨ ਗਾਇਬ ਸੀ। ਪਤਾ ਲੱਗਾ ਕਿ ਗੁਰਨੇਕ ਸਿੰਘ ਦਾ ਲੜਕਾ ਨਵਧੀਰ ਸਿੰਘ ਜੋ ਨਸ਼ੇ ਕਰਦਾ ਹੈ ਉਸਨੇ ਆਪਣੇ ਦੋਸਤ ਨੋਨਾ ਵਾਸੀ ਗੋਸਲ ਨਾਲ ਰਲ ਕੇ ਇਹ ਸਮਾਨ ਅਤੇ ਮਨਜੀਤ ਕੌਰ ਵਾਸੀ ਤਲਵੰਡੀ ਫੱਤੂ ਦੇ ਘਰ ਤੋਂ ਐਲਸੀਡੀ ਚੋਰੀ ਕੀਤੀ ਸੀ। ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਨਵਧੀਰ ਸਿੰਘ ਉਰਫ ਨਵੀ ਪੁੱਤਰ ਗੁਰਨੇਕ ਸਿੰਘ ਵਾਸੀ ਤਲਵੰਡੀ ਫੱਤੂ ਥਾਣਾ ਮੁਕੰਦਪੁਰ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਪਿੱਤਲ ਦੇ ਭਾਂਡੇ ਬਰਾਮਦ ਕੀਤੇ, ਜਿਸ ਨੇ ਦੱਸਿਆ ਮੇਰਾ ਦੋਸਤ ਤਜਿੰਦਰ ਸਿੰਘ ਉਰਫ ਨੋਨਾ ਪੁੱਤਰ ਸੁਖਵਿੰਦਰ ਸਿੰਘ ਵਾਸੀ ਗੋਸਲਾਂ ਥਾਣਾ ਸਦਰ ਬੰਗਾ ਕੋਲ ਮੈਂ ਚੋਰੀ ਕੀਤੀ ਐਲ ਸੀ ਡੀ ਅਤੇ ਗੈਸ ਸਿਲੰਡਰ ਰੱਖਿਆ ਹੈ। ਤਜਿੰਦਰ ਸਿੰਘ ਉਰਫ ਨੋਨਾ ਨੂੰ ਵੀ ਗ੍ਰਿਫਤਾਰ ਕਰਕੇ ਉਸ ਪਾਸੋਂ ਐਲ ਸੀ ਡੀ ਅਤੇ ਗੈਸ ਸਿਲੰਡਰ ਬਰਾਮਦ ਕੀਤਾ ਗਿਆ।

# ਪ੍ਰਾਇਮਰੀ ਕਾਡਰ ਦੀਆਂ ਖਾਲੀ ਅਸਾਮੀਆਂ ਦੀ ਜ਼ਿਲ੍ਹਾ ਵਾਈਜ਼ ਤੇ ਕੈਟਾਗਰੀਵਾਈਜ਼ ਦੀ ਸੂਚੀ ਜਾਰੀ ਕਰੇ ਸਿੱਖਿਆ ਵਿਭਾਗ : ਡੀ ਟੀ ਐੱਫ

**ਚੰਡੀਗੜ੍ਹ (ਗੁਰਜੀਤ ਬਿੱਲਾ)** ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਮੰਗ ਕੀਤੀ ਹੈ ਕਿ ਚੱਲ ਰਹੀ ਬਦਲੀ ਪ੍ਰਕਿਰਿਆ ਦੌਰਾਨ ਪ੍ਰਾਇਮਰੀ ਕਾਡਰ ਦੀਆਂ ਜ਼ਿਲ੍ਹੇ ਵਿੱਚ ਕੈਟਾਗਰੀ ਵਾਈਜ਼ ਖਾਲੀ ਅਸਾਮੀਆਂ ਦੀ ਸੂਚੀ ਸਿੱਖਿਆ ਵਿਭਾਗ ਨੂੰ ਜਾਰੀ ਕਰਨੀ ਚਾਹੀਦੀ ਹੈ ਤਾਂ ਜੋ ਬਦਲੀ ਦੇ ਚਾਹਵਾਨ ਅਧਿਆਪਕਾਂ ਨੂੰ ਉਨ੍ਹਾਂ ਦੀ ਕੈਟਾਗਰੀ ਵਿੱਚ ਜ਼ਿਲ੍ਹੇ ਵਿੱਚ ਪਈਆਂ ਖਾਲੀ ਅਸਾਮੀਆਂ ਦੀ ਸਹੀ ਸੂਚਨਾ ਹੋਵੇ।ਇਸ ਤੋਂ ਇਲਾਵਾ ਅਧਿਆਪਕ ਵਰਗ ਦੇ ਸਾਰੇ ਕਾਡਰਾਂ ਦੇ ਸਾਰੇ ਖਾਲੀ ਸਟੇਸ਼ਨ ਬਦਲੀ ਲਈ ਖੋਲ੍ਹੇ ਜਾਣ ਤਾਂ ਜੋ ਲੰਬੇ ਸਮੇਂ ਤੋਂ ਬਦਲੀ ਦੇ ਚਾਹਵਾਨ ਅਧਿਆਪਕਾਂ ਨੂੰ ਉਨ੍ਹਾਂ ਦੇ ਨਜ਼ਦੀਕ ਪੈਂਦੇ ਖਾਲੀ ਸਟੇਸ਼ਨ 'ਤੇ ਬਦਲੀ ਕਰਾਉਣ ਦਾ ਮੌਕਾ ਮਿਲ ਸਕੇ।ਆਗੂਆਂ ਨੇ ਜਾਣਕਾਰੀ ਦਿੱਤੀ ਕਿ ਉਕਤ ਦੋਵੇਂ ਕਾਰਨਾ ਕਰਕੇ ਪਿਛਲੇ ਸਾਲ ਬਹੁਤ ਵੱਡੀ ਗਿਣਤੀ 'ਚ ਅਧਿਆਪਕ ਬਦਲੀ ਕਰਵਾਉਣ ਤੋਂ ਵਾਂਝੇ ਰਹਿ ਗਏ ਸਨ। ਸੈਂਕੜੇ ਅਧਿਆਪਕ ਆਪਣੇ ਜ਼ਿਲ੍ਹਿਆਂ ਤੋਂ ਦੂਰ ਪਿਛਲੇ ਕਈ ਸਾਲਾਂ ਤੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਉਹਨਾਂ ਨੂੰ ਆਪਣੇ ਜ਼ਿਲ੍ਹੇ ਤੋਂ ਦੂਰ ਸੇਵਾ ਨਿਭਾਉਂਦੇ ਹੋਏ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖਿਆ ਵਿਭਾਗ ਨੂੰ ਇੰਨ੍ਹਾਂ ਦੋਹਾਂ ਮਸਲਿਆਂ ਦਾ ਤੁਰੰਤ ਹੱਲ ਕਰਨ ਲਈ ਯਤਨਸ਼ੀਲ ਹੁੰਦਿਆਂ ਪ੍ਰਾਇਮਰੀ ਦੀਆਂ ਕੈਟਾਗਰੀ ਵਾਇਜ਼ ਸਾਰੀਆਂ ਖਾਲੀ ਅਸਾਮੀਆਂ ਦੀਆਂ ਸੂਚੀਆਂ ਅਤੇ ਸਮੂਹ ਅਧਿਆਪਕਾਂ ਦੇ ਸਾਰੇ ਕਾਡਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਸਟੇਸ਼ਨ ਚੋਣ ਮੌਕੇ ਖੋਲ੍ਹਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

# ਜ਼ਿਲ੍ਹਾ ਪੱਧਰੀ ਸਾਲਾਨਾ ਕੀਰਤਨ ਦਰਬਾਰ ਕਰਵਾਉਣ ਸੰਬੰਧੀ ਜਥੇਬੰਦੀਆਂ ਦਾ ਭਰਵਾਂ ਇਕੱਠ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 556 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਸੱਤਵਾਂ ਮਹਾਨ ਕੀਰਤਨ ਦਰਬਾਰ ਕਰਵਾਉਣ ਦੀਆਂ ਤਿਆਰੀਆਂ ਅਰੰਭ ਕਰਨ ਸੰਬੰਧੀ ਇਕ ਭਰਵੀਂ ਮੀਟਿੰਗ ਗੁਰਦੁਆਰਾ ਮੰਜੀ ਸਾਹਿਬ ਨਵਾਂਸ਼ਹਿਰ ਵਿਖੇ ਹੋਈ ਜਿਸ ਵਿਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਜ਼ਿਲ੍ਹਾ ਹੁਸ਼ਿਆਰਪੁਰ ਅਤੇ ਜ਼ਿਲ੍ਹਾ ਲੁਧਿਆਣਾ ਤੋਂ ਵੱਡੀ ਗਿਣਤੀ ਵਿਚ ਸਮੂਹ ਧਾਰਮਿਕ ਅਤੇ ਸਮਾਜ ਸੇਵੀ ਜਥੇਬੰਦੀਆਂ ਦੇ ਕਰੀਬ ਦੋ ਸੌ ਤੋਂ ਵੱਧ ਨੁਮਾਇੰਦਿਆਂ ਨੇ ਭਾਗ ਲਿਆ। ਇਹ ਜਾਣਕਾਰੀ ਸਾਂਝੀ ਕਰਦੇ ਹੋਏ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਅਤੇ ਜਨਰਲ ਸਕੱਤਰ ਜਗਜੀਤ ਸਿੰਘ ਨੇ ਦੱਸਿਆ ਕਿ ਮੀਟਿੰਗ ਦੌਰਾਨ ਲਏ ਗਏ ਫੈਸਲਿਆਂ ਮੁਤਾਬਕ ਇਸ ਸਾਲ ਦੇ ਤਿੰਨ ਰੋਜ਼ਾ ਕੀਰਤਨ ਦਰਬਾਰ 25, 26 ਅਤੇ 27 ਅਕਤੂਬਰ ਨੂੰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੀ ਗਰਾਊਂਡ ਵਿਖੇ ਕਰਵਾਏ ਜਾਣਗੇ ਜਿਸ ਵਿਚ ਪੰਥ ਪ੍ਰਸਿੱਧ ਕੀਰਤਨੀ ਜਥੇ ਅਤੇ ਪ੍ਰਸਿੱਧ ਕਥਾਵਾਚਕ ਹਾਜ਼ਰੀ ਭਰਨਗੇ। ਉਨ੍ਹਾਂ ਦੱਸਿਆ ਕਿ ਇਸ ਵਾਰ ਦੇ ਕੀਰਤਨ ਦਰਬਾਰ



ਅਤੇ ਗੁਰਮਤਿ ਸਮਾਗਮ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਨਾਲ ਨਾਲ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਪੁਰਬ ਨੂੰ ਵੀ ਸਮਰਪਤ ਕੀਤੇ ਜਾਣਗੇ। ਸਮੂਹ ਇਲਾਕੇ ਦੀਆਂ ਸੰਗਤਾਂ ਅਤੇ ਧਾਰਮਿਕ ਸੰਸਥਾਵਾਂ ਦੇ ਸਹਿਯੋਗ ਨਾਲ ਕਰਵਾਏ ਜਾਣ ਵਾਲੇ ਇਸ ਮਹਾਨ ਕੀਰਤਨ ਦਰਬਾਰ ਨੂੰ ਸਮਰਪਤ 25 ਗੁਰਮਤਿ ਸਮਾਗਮ ਜ਼ਿਲ੍ਹਾ ਸ਼ਹੀਦ ਭਗਤ ਨਗਰ, ਹੁਸ਼ਿਆਰਪੁਰ ਅਤੇ ਜ਼ਿਲ੍ਹਾ ਲੁਧਿਆਣਾ ਦੇ ਅਲੱਗ ਅਲੱਗ ਪਿੰਡਾਂ ਅਤੇ ਸ਼ਹਿਰਾਂ ਵਿਖੇ ਕਰਵਾਏ ਜਾਣਗੇ। ਇਹ ਸਮਾਗਮ ਗੁਰਦੁਆਰਾ ਟਾਹਲੀ ਸਾਹਿਬ ਨਵਾਂਸ਼ਹਿਰ ਤੋਂ ਅਰੰਭ ਹੋ ਕੇ ਗੁਰਦੁਆਰਾ ਮੰਜੀ ਸਾਹਿਬ, ਗੁ: ਯਾਦਗਾਰ ਬਾਬਾ ਬੰਦਾ ਬਹਾਦਰ ਗੜ੍ਹਸ਼ੰਕਰ, ਪਿੰਡ ਗਰਚਾ, ਚੱਕ ਉਡਾਪੜ, ਉਸਮਾਨਪੁਰ, ਰਕੜਾ ਢਾਹਾਂ, ਸੰਤ ਬਾਬਾ ਉਂਕਾਰ ਸਿੰਘ ਚੈਰੀਟੇਬਲ ਹਸਪਤਾਲ ਮਹਿਤਪੁਰ ਉਲੱਦਣੀ, ਲਧਾਣਾ ਉੱਚਾ, ਧਰਮਕੋਟ, ਗੁ: ਨਾਨਕਮਤਾ ਰਾਹੋਂ, ਤਹਿਸੀਲ ਪੱਧਰੀ ਸਮਾਗਮ ਬਲਾਚੌਰ, ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ, ਪੱਲੀ ਝਿੱਕੀ, ਆਕਲਿਆਣਾ, ਲੰਗੜੋਆ, ਗੁ: ਚਰਨ ਕੰਵਲ ਸਾਹਿਬ ਮਾਛੀਵਾੜਾ, ਗੁ: ਚਰਨ ਕੰਵਲ ਸਾਹਿਬ ਬੰਗਾ, ਗੁਰੂ ਪੰਜ ਟਾਹਲੀਆਂ ਚੱਕਗੁਰੂ, ਗੁੱਲਪੁਰ, ਗੁ: ਟਾਹਲੀ ਸਾਹਿਬ ਸੁੱਧਾਮਜਾਰਾ, ਕਾਹਲੋਂ, ਗੁ: ਸਿੰਘ ਸਭਾ ਨਵਾਂਸ਼ਹਿਰ, ਪਿੰਡ ਮੂਸਾਪੁਰ ਅਤੇ ਸੰਪੂਰਨਤਾ ਸਮਾਗਮ ਗੁ: ਬਾਬਾ ਦੀਪ ਸਿੰਘ ਨਗਰ ਨਵਾਂਸ਼ਹਿਰ ਵਿਖੇ ਹੋਣਗੇ। ਇਨ੍ਹਾਂ ਸਮਾਗਮਾਂ ਤੋਂ ਇਲਾਵਾ ਧੰਨ ਧੰਨ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਤਿੰਨ ਦਿਨ ਦੇ ਵਿਸ਼ੇਸ਼ ਸਮਾਗਮ 28, 29 ਅਤੇ 30 ਨਵੰਬਰ ਨੂੰ ਗੁ: ਮੰਜੀ ਸਾਹਿਬ ਵਿਖੇ ਇਲਾਕੇ ਦੀਆਂ ਜਥੇਬੰਦੀਆ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਕਰਵਾਏ ਜਾਣਗੇ। ਮੀਟਿੰਗ ਵਿਚ ਸ਼ਾਮਲ ਗੁਰਦੁਆਰਾ ਮੰਜੀ ਸਾਹਿਬ ਦੇ ਜਥੇਦਾਰ ਬਾਬਾ ਨਰੰਗ ਸਿੰਘ ਵਲੋਂ ਜਿਥੇ ਇਨ੍ਹਾਂ ਸਮਾਗਮਾਂ ਲਈ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿਵਾਇਆ ਗਿਆ ਉੱਥੇ ਗੁ: ਮੰਜੀ ਸਾਹਿਬ ਵਿਖੇ ਕਰਵਾਏ ਜਾਣ ਵਾਲੇ ਸਮਾਗਮਾਂ ਲਈ ਵੱਧ ਚੜ੍ਹ ਕੇ ਸ਼ਾਮਲ ਲਈ ਅਪੀਲ ਕੀਤੀ । ਮੀਟਿੰਗ ਦੀ ਅਰੰਭਤਾ ਭਾਈ ਮਨਜੀਤ ਸਿੰਘ ਵਲੋਂ ਅਰਦਾਸ ਕਰਨ ਉਪਰੰਤ ਹੋਈ ਅਤੇ ਸੁਸਾਇਟੀ ਵਲੋਂ ਸਟੇਜ ਸਕੱਤਰ ਭਾਈ ਤਰਲੋਚਨ ਸਿੰਘ ਵਲੋਂ ਸੰਗਤਾਂ ਨੂੰ ਜੀ ਆਇਆਂ ਕਿਹਾ ਗਿਆ।ਅੰਤ ਵਿੱਚ ਗਿਆਨੀ ਸਰਬਜੀਤ ਸਿੰਘ ਨੇ ਸੰਗਤਾਂ ਦਾ ਧੰਨਵਾਦ ਕੀਤਾ।

# ਯਾਦਗਾਰੀ ਹੋ ਨਿੱਬੜੀ ਅਸਮਿਤਾ ਖੇਲੋ ਇੰਡੀਆ ਮਹਿਲਾ ਸਿਟੀ ਸਾਈਕਲਿੰਗ ਲੀਗ

**ਮੁਹਾਲੀ (ਗੁਰਜੀਤ ਬਿੱਲਾ)** ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ (ਸੀ ਐਫ ਆਈ), ਖੇਲੋ ਇੰਡੀਆ (ਯੂਥ ਮਾਮਲੇ ਅਤੇ ਖੇਡ ਮੰਤਰਾਲਾ, ਭਾਰਤ ਸਰਕਾਰ) ਅਤੇ ਜ਼ਿਲ੍ਹਾ ਸਾਈਕਲਿੰਗ ਐਸੋਸੀਏਸ਼ਨ, ਐਸ ਏ ਐਸ ਨਗਰ ਦੇ ਸਹਿਯੋਗ ਨਾਲ ਇਥੇ ਸੈਕਟਰ 88 ਵਿਖੇ ਪੰਜਾਬ ਵਿੱਚ ਆਪਣੀ ਕਿਸਮ ਦਾ ਪਹਿਲਾ ਅਸਮਿਤਾ ਖੇਲੋ ਇੰਡੀਆ ਮਹਿਲਾ ਸਿਟੀ ਲੀਗ - ਰੋਡ ਸਾਈਕਲਿੰਗ ਈਵੈਂਟ ਕਰਵਾਇਆ ਗਿਆ।ਇਸ ਈਵੈਂਟ ਤਹਿਤ ਮਹਿਲਾ ਜੂਨੀਅਰ 10 ਕਿਲੋਮੀਟਰ ਰੇਸ ਵਿੱਚ ਲਕੀਸ਼ਾ ਧੀਮਾਨ ਨੇ ਪਹਿਲਾ, ਪ੍ਰੀਤ ਕੌਰ ਅਨਾਹਤ ਨੇ ਦੂਜਾ ਅਤੇ ਸਰਵਜੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਮਹਿਲਾ ਅਲੀਟ 20 ਕਿਲੋਮੀਟਰ ਵਰਗ ਵਿੱਚ ਸਵਾਤੀ ਸਵਲੋਕ ਨੇ ਹਾਸਲ ਕੀਤੀ ਪਹਿਲੀ ਪੁਜੀਸ਼ਨ, ਅਮਨਦੀਪ ਕੌਰ ਨੇ ਦੂਜਾ ਅਤੇ ਸਰਵਜੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਹਰੇਕ ਭਾਗੀਦਾਰ ਨੂੰ ਸੀ ਐਫ ਆਈ ਅਤੇ ਖੇਲੋ ਇੰਡੀਆ ਤੋਂ ਸਰਟੀਫਿਕੇਟ ਦਿੱਤਾ ਗਿਆ ਅਤੇ ਹਰੇਕ ਸ਼੍ਰੇਣੀ ਵਿੱਚ ਪਹਿਲੇ 3 ਸਥਾਨਾਂ 'ਤੇ ਆਉਣ ਵਾਲਿਆਂ ਨੂੰ ਮੈਡਲ ਅਤੇ ਸਰਟੀਫਿਕੇਟ ਦਿੱਤੇ ਗਏ।ਇਸ ਮੌਕੇ ਮੁੱਖ



ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਓਲੰਪੀਅਨ ਸਵਰਨ ਸਿੰਘ ਵਿਰਕ (ਰੋਇੰਗ) ਨੇ ਕਿਹਾ ਕਿ ਜ਼ਿਲ੍ਹਾ ਸਾਈਕਲਿੰਗ ਐਸੋਸੀਏਸ਼ਨ, ਐੱਸ.ਏ.ਐੱਸ. ਨਗਰ ਵੱਲੋਂ ਕੀਤਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ, ਜਿਸ ਦੀ ਜਿੰਨੀ ਤਾਰੀਫ਼ ਕੀਤੀ ਜਾਵੇ, ਓਨੀ ਥੋੜ੍ਹੀ ਹੈ। ਇਸ ਨਾਲ ਜਿੱਥੇ ਲੋਕਾਂ ਨੂੰ ਵੱਧ ਤੋਂ ਵੱਧ ਸਾਈਕਲ ਚਲਾਉਣ ਦੀ ਸੇਧ ਮਿਲੇਗੀ, ਉੱਥੇ ਲੜਕੀਆਂ ਤੇ ਔਰਤਾਂ ਨੂੰ ਵੀ ਸਾਈਕਲਿੰਗ ਖੇਡ ਵਿੱਚ ਆਪਣਾ ਨਾਮ ਰੌਸ਼ਨ ਕਰਨ ਦਾ ਮੌਕਾ ਮਿਲਿਆ ਹੈ। ਇਸ ਮੌਕੇ ਉਚੇਚੇ ਤੌਰ ਉੱਤੇ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਉੱਘੇ ਪੰਜਾਬੀ ਫਿਲਮ ਨਿਰਦੇਸ਼ਕ, ਗੀਤਕਾਰ ਤੇ ਕਹਾਣੀਕਾਰ ਅਮਰਦੀਪ ਸਿੰਘ ਗਿੱਲ ਨੇ ਇਹ ਈਵੈਂਟ ਕਰਵਾਉਣ ਹਿਤ ਪ੍ਰਬੰਧਕਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਮੌਕੇ ਜਗਦੀਪ ਸਿੰਘ ਕਾਹਲੋਂ, ਪ੍ਰਧਾਨ, ਜ਼ਿਲ੍ਹਾ ਸਾਈਕਲਿੰਗ ਐਸੋਸੀਏਸ਼ਨ, ਐਸ.ਏ.ਐਸ. ਨਗਰ, ਅਤੇ ਮਹਾਰਾਜਾ ਰਣਜੀਤ ਸਿੰਘ ਐਵਾਰਡੀ (ਪੰਜਾਬ ਸਰਕਾਰ), ਜੋ ਇਸ ਈਵੈਂਟ ਦੇ ਇੰਚਾਰਜ ਵਜੋਂ ਸੇਵਾ ਨਿਭਾ ਰਹੇ ਸਨ, ਨੇ ਕਿਹਾ ਕਿ ਇਹ ਵਕਾਰੀ ਰੇਸ ਖੇਲੋ ਇੰਡੀਆ ਬੈਨਰ ਹੇਠ ਇਸ ਪਹਿਲਕਦਮੀ ਦਾ ਉਦੇਸ਼ ਖੇਡਾਂ ਰਾਹੀਂ ਲੜਕੀਆਂ ਨੂੰ ਸਸ਼ਕਤ ਬਣਾਉਣਾ ਅਤੇ ਸ਼ਹਿਰੀ ਤੇ ਪੇਂਡੂ ਖੇਤਰਾਂ ਵਿੱਚ ਸਾਈਕਲਿੰਗ ਵਿੱਚ ਜ਼ਮੀਨੀ ਪੱਧਰ 'ਤੇ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ ਸੀ।

# ਦਰਬਾਰ ਸੱਯਦ ਕਾਦਰੀ ਸ਼ਾਹ ਜਿੰਦਾ ਪੀਰ ਦਾ ਸਾਲਾਨਾ ਮੇਲਾ ਕਰਵਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਦਰਬਾਰ ਸੱਯਦ ਕਾਦਰੀ ਸ਼ਾਹ ਜਿੰਦਾ ਪੀਰ ਪਿੰਡ ਕਾਹਮਾ ਵਿਖੇ ਤਿੰਨ ਦਿਨਾਂ ਸਾਲਾਨਾ ਜੋੜ ਮੇਲਾ ਨਗਰ ਵਾਸੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਪੂਰਵਕ ਮਨਾਇਆ ਗਿਆ। ਸੇਵਾਦਾਰ ਅਮਰੀਕ ਸਿੰਘ ਨੇ ਇਸ ਮੌਕੇ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਪਹਿਲਾਂ 17 ਜੁਲਾਈ ਨੂੰ ਮਹਿੰਦੀ ਦੀ ਰਸਮ ਕੀਤੀ ਗਈ 18 ਜੁਲਾਈ ਨੂੰ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ, ਚਿਰਾਗ ਰੋਸ਼ਨ ਕੀਤੇ ਗਏ।ਸਵੇਰੇ ਝੰਡੇ ਦੀ ਰਸਮ ਕੀਤੀ ਗਈ।ਮਹਿਫਲੇ ਕਵਾਲ, ਨਕਲਾਂ ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ। ਮੇਲੇ ਦਿਨ ਲੰਗਰ ਅਤੁਟ ਵਰਤਾਇਆ ਗਿਆ। ਇਸ ਮੌਕੇ ਕੁਲਵੰਤ ਸਿੰਘ ਰਿੰਕਾ, ਕਾਲਾ ਖਜਾਨਚੀ, ਰਾਣਾ, ਤੋਤਾ, ਸਰਪੰਚ ਅਮਨ ਬਾਬਾ ਬੋਹੜ ਦਾ ਭਤੀਜਾ, ਪੇਮ ਸਿੰਘ ਸਾਈ ਗੁਰਦੇਵ ਗਿਆਨ ਦਾਸ, ਬਾਬਾ ਜਸਵਿੰਦਰ ਪਾਲ ਬਾਰਾਦਰੀ, ਬਾਬਾ ਗੁਲਾਮ ਨਬੀ ਰਾਹੋ, ਡਾ ਪਰਮਜੀਤ ਪੰਮਾ, ਬੀਬੀ ਸੁਖਰਾਜ, ਬੀਬੀ ਬਲਜਿੰਦਰ, ਬਾਬਾ ਰਣਜੀਤਦਾਸ, ਬਾਬਾ ਰਾਮ ਸਰੂਪ, ਗਰੀਬ ਸਿੰਘ, ਮੀਤੋ, ਬਾਬਾ ਬਿੰਦਰ ਸਲੋਹ, ਸੇਵਾਦਾਰ ਅਮਰੀਕ ਸਿੰਘ ਸਮੂਹ ਪੰਚਾਇਤ ਮੈਂਬਰ ਕਮੇਟੀ ਪਿੰਡ ਵਾਸੀ ਹਾਜ਼ਰ ਸਨ।



# ਤੰਦਰੁਸਤ ਤੇ ਨਸ਼ਾ ਮੁਕਤ ਰੰਗਲੇ ਪੰਜਾਬ ਲਈ ਯਤਨ ਲਗਾਤਾਰ ਜਾਰੀ ਰਹਿਣਗੇ : ਕੁਲਵੰਤ ਸਿੰਘ

**ਮੋਹਾਲੀ (ਗੁਰਜੀਤ ਬਿੱਲਾ)** 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਐਸ ਏ ਐਸ ਨਗਰ ਵਿਧਾਨ ਸਭਾ ਹਲਕੇ ਦੇ ਸ਼ਹਿਰਾਂ ਅਤੇ ਪਿੰਡਾਂ ਦੇ ਵਿੱਚ ਵੱਡੀ ਪੱਧਰ ਤੇ ਜਾਗਰੂਕਤਾ ਸਮਾਗਮਾਂ ਦਾ ਆਯੋਜਨ ਕਰਕੇ ਐਮ ਐਲ ਏ ਕੁਲਵੰਤ ਸਿੰਘ ਵੱਲੋਂ ਨੌਜਵਾਨ ਨੂੰ ਨਸ਼ੇ ਨਾ ਕਰਨ ਦੀ ਬਕਾਇਦਾ ਸਹੁੰ ਚੁਕਾਈ ਜਾ ਰਹੀ ਹੈ।ਇਸੇ ਲੜੀ ਤਹਿਤ ਪਿੰਡ ਮਨੌਲੀ ਅਤੇ ਸੈਣੀ ਮਾਜਰਾ ਉਪਰੰਤ ਪਿੰਡ ਮਟਰਾਂ ਵਿਖੇ ਮਟਰਾਂ ਅਤੇ ਬੜੀ ਪਿੰਡ ਦਾ ਸਮਾਗਮ ਅਤੇ ਇਸ ਤੋਂ ਬਾਅਦ ਪਿੰਡ ਝਿਉਂਰਹੇੜੀ ਵਿਖੇ ਨੌਜਵਾਨਾਂ ਅਤੇ ਪਿੰਡ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਅਤੇ ਸਹੁੰ ਚੁਕਾਉਣ ਦੇ ਲਈ ਸਮਾਗਮ ਦਾ ਆਯੋਜਨ ਕੀਤਾ ਗਿਆ।ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਨਸ਼ਾ ਤਸਕਰਾਂ



ਦੀ ਫੜੋ-ਫੜੀ ਅਗਾਂਹ ਵੀ ਵੱਡੇ ਪੱਧਰ ਤੇ ਜਾਰੀ ਰਹੇਗੀ ਅਤੇ ਕਿਸੇ ਵੀ ਸੂਰਤ ਵਿੱਚ ਨਸ਼ਾ ਤਸਕਰਾਂ ਅਤੇ ਨਸ਼ਾ ਤਸਕਰਾਂ ਦੀ ਮਦਦ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਹਨਾਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਲਈ, ਉਨ੍ਹਾਂ ਦੇ ਮਾਪਿਆਂ ਦੀ ਵੀ ਜ਼ਿੰਮੇਵਾਰੀ ਵੱਡੀ ਬਣਦੀ ਹੈ, ਕਿਉਂਕਿ ਕੋਈ ਵੀ ਸਰਕਾਰ ਉਦੋਂ ਤੱਕ ਹੀ ਆਪਣੀਆਂ ਕੋਸ਼ਿਸ਼ਾਂ ਦੇ ਵਿੱਚ ਕਾਮਯਾਬ ਹੋ ਸਕਦੀ ਹੈ, ਜਦੋਂ ਲੋਕਾਂ ਦਾ ਸਹਿਯੋਗ ਉਹਨਾਂ ਨੂੰ ਮਿਲਦਾ ਰਹੇ। ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਤੰਦਰੁਸਤ ਅਤੇ ਨਸ਼ਾ ਮੁਕਤ ਰੰਗਲੇ ਪੰਜਾਬ ਦੇ ਲਈ ਯਤਨ ਲਗਾਤਾਰ ਜਾਰੀ ਰਹਿਣਗੇ।ਇਸ ਮੌਕੇ ਤੇ ਕੁਲਦੀਪ ਸਿੰਘ ਸਮਾਣਾ,ਅਵਤਾਰ ਸਿੰਘ ਮੌਲੀ, ਸਲੋਚਨਾ ਸ਼ਰਮਾ ਪਤਨੀ ਕਰਮਜੀਤ ਕੁਮਾਰ ਬਿੱਟੂ ਸਰਪੰਚ, ਧਨਵੰਤ ਸਿੰਘ ਰੰਧਾਵਾ ਬੀ.ਡੀ.ਪੀ.ਓ., ਹਰਸਿਮਰਤ ਸਿੰਘ ਬੱਲ-ਡੀ.ਐਸ.ਪੀ., ਪਿੰਡ ਮਨੌਲੀ ਅਤੇ ਸੈਣੀ ਮਾਜਰਾ ਦੇ ਸਮਾਗਮਾਂ ਵਿੱਚ ਕੁਲਵੀਰ ਸਿੰਘ ਸਰਪੰਚ ਮਨੌਲੀ, ਹਰਜਿੰਦਰ ਕੌਰ ਪਤਨੀ ਬਲਜਿੰਦਰ ਸਿੰਘ ਸਰਪੰਚ ਸੈਣੀ ਮਾਜਰਾ, ਨਰਿੰਦਰ ਸਿੰਘ ਪੰਚ, ਪਿੰਡ ਬੜੀ-ਮਟਰਾਂ ਵਿਖੇ ਸਪਨਾ ਰਾਣੀ ਪਤਨੀ ਅਵਤਾਰ ਸਿੰਘ ਸਰਪੰਚ ਮਟਰਾਂ, ਪਰਮਿੰਦਰ ਸਿੰਘ ਮੱਟਰਾ, ਬੇਅੰਤ ਸਿੰਘ ਸਰਪੰਚ ਬੜੀ, ਕਰਨੈਲ ਸਿੰਘ ਬੜੀ, ਮੇਜਰ ਸਿੰਘ ਸਮੇਤ ਵੱਡੀ ਗਿਣਤੀ ਦੇ ਵਿੱਚ ਇਲਾਕੇ ਦੇ ਨੌਜਵਾਨ ਮੌਜੂਦ ਰਹੇ।

# ਆਪ ਸਰਕਾਰ ਸਮੇਂ ਹੋ ਰਿਹਾ ਸ਼ਹੀਦਾਂ ਦਾ ਅਪਮਾਨ : ਅਜੇ ਮੰਗੂਪੁਰ



**ਬਲਾਚੌਰ (ਜਸਵਿੰਦਰ ਬੈਂਸ)**- ਆਪ ਸਰਕਾਰ ਪੰਜਾਬ ਦਿਆਂ ਲੋਕਾਂ ਦਾ ਪੈਸਾ ਸਿਰਫ ਮਸ਼ਹੂਰੀਆਂ ਉੱਤੇ ਹੀ ਉਡਾ ਰਹੀ ਹੈ। ਹਲਕਾ ਬਲਾਚੌਰ ਦੇ ਸਿਆਣਾਂ ਵਿਖੇ ਸਰਕਾਰੀ ਸਕੂਲ ਦੀਆਂ ਟੁੱਟੀਆਂ ਕੰਧਾਂ ਚੀਖ-ਚੀਖ ਕੇ ਇਸ ਗੱਲ ਦੀ ਗਵਾਹੀ ਦੇ ਰਹੀਆਂ ਹਨ। ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ ਨੇ ਬੀਤੇ ਕੱਲ੍ਹ ਆਪਣੇ ਸੋਸ਼ਲ ਮੀਡੀਆ ਉੱਤੇ ਇੱਕ ਪੋਸਟ ਪਾਈ ਜਿਸ ਵਿੱਚ ਉਨ੍ਹਾਂ ਸਿਆਣਾਂ ਦੇ ਸਰਕਾਰੀ ਸਕੂਲ ਵਿਖੇ 'ਹੀਰੋ ਆਫ ਲੱਦਾਖ' ਕਹਾਉਣ ਵਾਲੇ ਸ਼ਹੀਦ ਲੈਫਟੀਨੈਂਟ ਜਨ. ਬਿਕਰਮ ਸਿੰਘ ਦਾ ਬੁੱਤ ਸਥਾਪਿਤ ਹੈ, ਦੀ ਟੁੱਟ ਚੁੱਕੀ ਦੀਵਾਰ ਬਾਰੇ ਵਿਸਤਾਰ ਨਾਲ ਵਿਖਾਇਆ । ਅਜੇ ਮੰਗੂਪੁਰ ਨੇ ਕਿਹਾ ਕਿ ਆਪ ਸਰਕਾਰ ਨੇ 12.5 ਕਰੋੜ ਦੀ ਧਨ ਰਾਸ਼ੀ ਸਿਰਫ ਸਕੂਲਾਂ ਅੰਦਰ ਉਦਘਾਟਨੀ ਪੱਥਰਾਂ ਉੱਤੇ ਲਗਾ ਦਿੱਤੀ ਪਰੰਤੂ ਸਕੂਲਾਂ ਦੀਆਂ ਟੁੱਟੀਆਂ ਦੀਵਾਰਾਂ ਉੱਤੇ ਕੋਈ ਧਿਆਨ ਨਹੀਂ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਿਰਫ ਸਟੇਜ ਉੱਤੇ ਮਾਈਕ ਫੜ ਸਿੱਖਿਆ ਕ੍ਰਾਂਤੀ ਬਾਰੇ ਠਹਾਕੇ ਲਗਾ ਸਕਦੇ ਹਨ ਪਰੰਤੂ ਜ਼ਮੀਨੀ ਪੱਧਰ 'ਤੇ ਅਸਲ ਸਚਾਈ ਕੁਝ ਹੋਰ ਹੀ ਹੈ। ਅਜੇ ਮੰਗੂਪੁਰ ਨੇ ਦੱਸਿਆ ਕਿ ਮੌਜੂਦਾ ਆਪ ਵਿਧਾਇਕਾ ਸੰਤੋਸ਼ ਕਟਾਰੀਆ ਦੇ ਘਰ ਤੋਂ ਇਹ ਸਕੂਲ ਸਿਰਫ 100 ਮੀਟਰ ਦੀ ਦੂਰੀ 'ਤੇ ਹੈ ਪਰੰਤੂ ਉਨ੍ਹਾਂ ਵੱਲੋਂ ਵੀ 'ਹੀਰੋ ਆਫ ਲੱਦਾਖ' ਸ਼ਹੀਦ ਲੈਫਟੀਨੈਂਟ ਜਨ. ਬਿਕਰਮ ਸਿੰਘ ਦਾ ਬੁੱਤ ਦੇ ਰੱਖ-ਰਖਾਵ, ਦੇਖਭਾਲ ਲਈ ਸਮਾਂ ਨਹੀ ਨਿਕਲ ਰਿਹਾ। ਅਜੇ ਮੰਗੂਪੁਰ ਨੇ ਇਸ ਨੂੰ ਸ਼ਹੀਦਾਂ ਦਾ ਅਪਮਾਨ ਦੱਸਿਆ ਅਤੇ ਕਿਹਾ ਕਿ ਜੇਕਰ ਆਪ ਸਰਕਾਰ ਨੇ ਇੱਕ ਹਫਤੇ ਤੱਕ ਇਸ ਦੀਵਾਰ ਦੀ ਮੁਰੰਮਤ ਨਹੀਂ ਕੀਤੀ ਤਾਂ ਉਨ੍ਹਾਂ ਵੱਲੋਂ ਜੇਬੋਂ ਪੈਸੇ ਖਰਚ ਕਰ ਇਸ ਸਰਕਾਰੀ ਸਕੂਲ ਦੀ ਮੁਰੰਮਤ ਕੀਤੀ ਜਾਵੇਗੀ।

# ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸਫਲ ਸਿਹਤ ਕੈਂਪ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)** ਭਾਰਤ ਵਿਕਾਸ ਪ੍ਰੀਸ਼ਦ ਭਵਨ ਡੇਰਾਬੱਸੀ ਵਿਖੇ ਲੋਕ ਹਿੱਤ ਸੇਵਾ ਸਮਿਤੀ ਅਤੇ ਸੋਹਣਾ ਮਲਟੀਸਪੈਸ਼ਲਿਟੀ ਹਸਪਤਾਲ ਵੱਲੋਂ ਭਾਰਤ ਵਿਕਾਸ ਪ੍ਰੀਸ਼ਦ ਡੇਰਾਬੱਸੀ ਦੇ ਸਹਿਯੋਗ ਨਾਲ ਐਤਵਾਰ ਨੂੰ ਵਿਸ਼ਾਲ ਸਿਹਤ ਜਾਂਚ ਕੈਂਪ ਲਾਇਆ ਗਿਆ। ਇਸ ਮੌਕੇ ਔਰਤਾਂ ਵਿੱਚ ਛਾਤੀ ਤੇ ਕੈਂਸਰ ਦਾ ਪਤਾ ਲਗਾਉਣ ਲਈ ਮੈਮੋਗ੍ਰਾਫੀ ਟੈਸਟ, ਦੰਦਾਂ ਦੀ ਜਾਂਚ, ਬਲੱਡ ਸ਼ੂਗਰ ਆਦਿ ਦੇ ਟੈਸਟ ਬਿਲਕੁਲ ਮੁਫ਼ਤ ਕੀਤੇ ਗਏ। ਪ੍ਰੀਸ਼ਦ ਦੇ ਸਾਬਕਾ ਪ੍ਰਧਾਨ ਪਰਮਜੀਤ ਰੰਮੀ ਸੈਣੀ ਅਤੇ ਜਰਨਲ ਸਕੱਤਰ ਹਤਿੰਦਰ ਮੋਹਨ ਸ਼ਰਮਾ ਨੇ ਦੱਸਿਆ ਰਾਸ਼ਟਰੀ ਸਵੈਮ ਸੇਵਕ ਸੰਘ ਜ਼ਿਲ੍ਹਾ ਮੋਹਾਲੀ ਦੇ ਸੰਘਚਾਲਕ ਅਸ਼ਵਨੀ ਜੈਨ ਮੁੱਖ ਮਹਿਮਾਨ ਸਨ, ਜਦੋਂ ਕਿ ਰੀਅਲ ਅਸਟੇਟ ਡਿਵੈਲਪਰਜ਼ ਲਿਮਟਿਡ ਦੇ ਡਾਇਰੈਕਟਰ ਅਮਨ ਗੁਪਤਾ ਨੇ ਕੈਂਪ ਦਾ ਉਦਘਾਟਨ ਕੀਤਾ। ਸੂਬਾ ਸਰਪ੍ਰਸਤ ਸੁਸ਼ੀਲ ਵਿਆਸ ਅਤੇ ਕੈਂਪ ਕੋਆਰਡੀਨੇਟਰ ਪ੍ਰੋਫੈਸਰ ਮੀਨਾਕਸ਼ੀ ਬਾਂਸਲ ਨੇ ਦੱਸਿਆ ਕਿ ਇਸ ਮੌਕੇ 150 ਤੋਂ ਵੱਧ ਔਰਤਾਂ ਅਤੇ ਮਰਦਾਂ ਨੇ ਆਪਣੀ ਸਿਹਤ ਜਾਂਚ ਕਰਵਾਈ।ਕੈਂਪ ਦੌਰਾਨ ਮੁਫ਼ਤ ਦੰਦਾਂ ਦੀ ਜਾਂਚ, ਸਿਹਤ ਜਾਂਚ, ਬੇਤਰਤੀਬ ਬਲੱਡ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੀ ਜਾਂਚ ਕੀਤੀ ਗਈ। ਇਸ ਤੋਂ ਇਲਾਵਾ, ਸੋਹਾਣਾ ਹਸਪਤਾਲ ਦੇ ਮਾਹਿਰ ਡਾ. ਆਂਚਲ ਬਿੰਦਰਾ ਦੀ ਨਿਗਰਾਨੀ ਹੇਠ 41 ਔਰਤਾਂ ਨੇ ਔਰਤਾਂ ਵਿੱਚ ਛਾਤੀ ਦੇ ਕੈਂਸਰ ਦਾ ਪਤਾ ਲਗਾਉਣ ਲਈ ਮੁਫ਼ਤ ਮੈਮੋਗ੍ਰਾਫੀ ਟੈਸਟ ਦੀ ਸਹੂਲਤ ਦਾ ਲਾਭ ਉਠਾਇਆ। ਇਸ ਤੋਂ ਇਲਾਵਾ ਕੈਂਪ ਦੌਰਾਨ 83 ਔਰਤਾਂ ਅਤੇ ਮਰਦਾਂ ਨੇ 43 ਆਯੂਸ਼ਮਾਨ ਭਾਰਤ ਸਿਹਤ ਖਾਤਾ (ਆਭਾ) ਕਾਰਡ, 22 ਆਯੂਸ਼ਮਾਨ ਜਨ ਆਰੋਗਿਆ ਕਾਰਡ ਅਤੇ 18 ਈ-ਸ਼੍ਰਮ ਕਾਰਡ ਬਣਵਾਉਣ ਵਿੱਚ ਸਫਲਤਾ ਹਾਸਲ ਕੀਤੀ।

# ਲਘੂ ਉਦਯੋਗ ਭਾਰਤੀ ਨੇ ਦੋ ਮਹੱਤਵਪੂਰਨ ਵਿਸ਼ਿਆਂ 'ਤੇ ਕਰਵਾਏ ਗੈਸਟ ਲੈਕਚਰ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਲਘੂ ਉਦਯੋਗ ਭਾਰਤੀ ਫਗਵਾੜਾ ਦੀ ਇੱਕ ਮੀਟਿੰਗ ਸੰਗਠਨ ਦੇ ਫਗਵਾੜਾ ਸ਼ਾਖਾ ਪ੍ਰਧਾਨ ਆਈ.ਪੀ. ਖੁਰਾਨਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਮਹਿਮਾਨਾਂ ਵਜੋਂ ਆਏ ਬੁਲਾਰਿਆਂ ਨੇ ਦੋ ਸੈਸ਼ਨਾਂ ਵਿੱਚ ਪਾਣੀ ਪ੍ਰਬੰਧਨ ਅਤੇ ਮੀਂਹ ਦੇ ਪਾਣੀ ਦੀ ਸੰਭਾਲ ਅਤੇ ਸਰਕਾਰ ਦੀ ਲੀਨ ਸਕੀਮ ਬਾਰੇ ਜਾਣਕਾਰੀ ਭਰਪੂਰ ਗੈਸਟ ਲੈਕਚਰ ਦਿੱਤੇ। ਪਾਣੀ ਪ੍ਰਬੰਧਨ ਅਤੇ ਮੀਂਹ ਦੇ ਪਾਣੀ ਦੀ ਸੰਭਾਲ 'ਤੇ ਭਾਸ਼ਣ ਦਿੰਦੇ ਹੋਏ ਖੇਤੀਬਾੜੀ ਢਾਂਚੇ ਅਤੇ ਵਾਤਾਵਰਣ ਪ੍ਰਬੰਧਨ ਵਿੱਚ ਪਲਾਸਟਿਕ ਇੰਜੀਨੀਅਰਿੰਗ 'ਤੇ ਆਲ ਇੰਡੀਆ ਕੋਆਰਡੀਨੇਟਿਡ ਰਿਸਰਚ ਪ੍ਰੋਜੈਕਟ ਦੇ ਕੋਆਰਡੀਨੇਟਰ ਡਾ. ਰਾਕੇਸ਼ ਸ਼ਾਰਦਾ ਨੇ ਦੱਸਿਆ ਕਿ ਮੀਂਹ ਦੇ ਪਾਣੀ ਨੂੰ ਸਟੋਰ ਕਰਕੇ ਕਿਵੇਂ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਵਧਾਇਆ ਅਤੇ ਪਾਣੀ ਦੇ ਸੰਕਟ ਨੂੰ ਘਟਾਇਆ ਜਾ ਸਕਦਾ ਹੈ। ਉਨ੍ਹਾਂ ਨੇ ਪਾਣੀ ਦੀ ਸੰਭਾਲ ਦੀ ਮਹੱਤਤਾ ਅਤੇ ਪਾਣੀ ਦੀ ਬਰਬਾਦੀ ਨੂੰ ਰੋਕਣ ਦੇ ਤਰੀਕਿਆਂ 'ਤੇ ਚਾਨਣਾ ਪਾਇਆ।ਇਸੇ ਤਰ੍ਹਾਂ, ਐਮ.ਐਸ.ਐਮ.ਈ. ਪ੍ਰਤੀਯੋਗੀ ਲੀਨ ਸਕੀਮ ਅਧੀਨ ਵਿਸ਼ੇਸ਼ ਸੈਸ਼ਨ ਦੌਰਾਨ ਅਮਿਤ ਕੁਮਾਰ ਮਮਗਈ ਨੇ ਲੀਨ ਮੈਨੂਫੈਕਚਰਿੰਗ ਦੇ ਵੱਖ-ਵੱਖ



ਪਹਿਲੂਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਇਹ ਵੀ ਦੱਸਿਆ ਕਿ ਇਸ ਲੀਨ ਪ੍ਰੋਜੈਕਟ ਲਈ ਸਰਕਾਰ ਵੱਲੋਂ 90 ਪ੍ਰਤੀਸ਼ਤ ਸਬਸਿਡੀ ਦਿੱਤੀ ਜਾ ਰਹੀ ਹੈ। ਪ੍ਰੋਜੈਕਟ ਦੀ ਕੁੱਲ ਲਾਗਤ 1 ਲੱਖ 20 ਹਜ਼ਾਰ ਰੁਪਏ ਹੈ। ਜਿਸ ਵਿੱਚੋਂ ਸਿਰਫ਼ 12 ਹਜ਼ਾਰ ਰੁਪਏ (10 ਪ੍ਰਤੀਸ਼ਤ) ਦਾ ਭੁਗਤਾਨ ਕਰਨਾ ਪਵੇਗਾ। ਉਨ੍ਹਾਂ ਦੀ ਟੀਮ 18 ਮਹੀਨਿਆਂ ਲਈ ਫੈਕਟਰੀਆਂ ਦਾ ਦੌਰਾ ਕਰੇਗੀ ਅਤੇ ਸਟਾਫ, ਲੇਬਰ ਅਤੇ ਪ੍ਰਸ਼ਾਸਕੀ ਕਮੇਟੀਆਂ ਨੂੰ ਲੀਨ ਤਕਨਾਲੋਜੀ ਬਾਰੇ ਸਿਖਲਾਈ ਦੇਵੇਗੀ। ਇਸ ਨਾਲ ਕੰਮ ਵਿੱਚ ਸੁਧਾਰ ਅਤੇ ਕੁਸ਼ਲਤਾ ਵਧਾਉਣ ਵਿੱਚ ਮਦਦ ਮਿਲੇਗੀ। ਉਨ੍ਹਾਂ ਨੇ ਕਾਰੋਬਾਰੀ ਕੁਸ਼ਲਤਾ ਵਧਾਉਣ, ਰਹਿੰਦ-ਖੂੰਹਦ ਨੂੰ ਘਟਾਉਣ, ਉਤਪਾਦਨ ਨਿਯੰਤਰਣ ਅਤੇ ਪ੍ਰਸ਼ਾਸਕੀ ਪ੍ਰਬੰਧਨ ਵਿੱਚ ਸੁਧਾਰ ਕਰਨ ਦੇ ਤਰੀਕਿਆਂ 'ਤੇ ਵੀ ਚਰਚਾ ਕੀਤੀ। ਅਖੀਰ 'ਚ ਲਘੂ ਉਦਯੋਗ ਭਾਰਤੀ ਦੇ ਸਾਬਕਾ ਪ੍ਰਧਾਨ ਪੰਕਜ ਗੌਤਮ ਨੇ ਸਾਰੇ ਫੈਕਟਰੀ ਮਾਲਕਾਂ ਵੱਲੋਂ ਡਾ. ਸ਼ਾਰਦਾ ਅਤੇ ਮਮਗਈ ਦਾ ਧੰਨਵਾਦ ਕੀਤਾ। ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਅਸ਼ੋਕ ਸੇਠੀ, ਅਰਵਿੰਦ ਬੱਗਾ, ਚੰਦਰ ਗੁਪਤਾ, ਪਵਨ ਕਾਲੜਾ, ਪਰਮਿੰਦਰ ਸਿੰਘ ਕੁੰਦੀ, ਸੁਮਿਤ ਸ਼ਰਮਾ, ਰਜਿੰਦਰ ਸੋਂਧੀ, ਸੁਬੋਧ ਸੋਬਤੀ, ਗੌਰਵ ਹਾਂਡਾ, ਸ੍ਰੀਮਤੀ ਈਸ਼ੂ ਠਾਕੁਰ, ਡਿੰਪੀ ਚੋਪੜਾ, ਅਲੋਕ ਸੇਠੀ ਅਤੇ ਕਰਨ ਸੇਠੀ ਹਾਜ਼ਰ ਸਨ।

# ਲਾਲੀ ਬਾਜਵਾ ਸਾਥੀਆਂ ਸਮੇਤ ਗੁਰਦੁਆਰਾ ਸੰਤਗੜ੍ਹ ਹਰਖੋਵਾਲ ਵਿਖੇ ਹੋਏ ਨਤਮਸਤਕ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜਤਿੰਦਰ ਸਿੰਘ ਲਾਲੀ ਬਾਜਵਾ ਮੈਂਬਰ ਵਰਕਿੰਗ ਕਮੇਟੀ ਸ਼੍ਰੋਮਣੀ ਅਕਾਲੀ ਦਲ ਅਤੇ ਜ਼ਿਲ੍ਹਾ ਪ੍ਰਧਾਨ ਅਕਾਲੀ ਦਲ ਸ਼ਹਿਰੀ ਐਤਵਾਰ ਆਪਣੇ ਸਾਥੀਆਂ ਸਮੇਤ ਗੁਰਦੁਆਰਾ ਡੇਰਾ ਸੰਤਗੜ੍ਹ ਹਰਖੋਵਾਲ ਵਿਖੇ ਨਤਮਸਤਕ ਹੋਏ ਜਿੱਥੇ ਸੰਤ ਬਾਬਾ ਅਮਰਜੀਤ ਸਿੰਘ ਵੱਲੋਂ ਲਾਲੀ ਬਾਜਵਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸਿਰੋਪਾਓ ਭੇਟ ਕੀਤੇ ਗਏ ਅਤੇ ਭਵਿੱਖ ਵਿੱਚ ਚੜ੍ਹਦੀ ਕਲਾ ਲਈ ਆਸ਼ੀਰਵਾਦ ਦਿੱਤਾ। ਇਸ ਮੌਕੇ ਲਾਲੀ ਬਾਜਵਾ ਨੇ ਕਿਹਾ ਕਿ ਸਾਡਾ ਧਰਮ ਸਾਨੂੰ ਹੱਕ-ਸੱਚ ਦੇ ਰਸਤੇ 'ਤੇ ਚੱਲਣ ਦੀ ਪ੍ਰੇਰਨਾ ਦਿੰਦਾ ਹੈ ਅਤੇ ਸੰਤ-ਮਹਾਂਪੁਰਸ਼ ਹਮੇਸ਼ਾ ਨੇਕੀ ਦਾ ਰਸਤਾ ਦਿਖਾਉਂਦੇ ਹਨ, ਜਿਸ ਉੱਪਰ ਚੱਲ ਕੇ ਜੀਵਨ ਸਫਲਾ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਹਾਈਕਮਾਂਡ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਵੱਡੀ ਹੈ ਅਤੇ ਮੇਰੀ ਕੋਸ਼ਿਸ਼ ਰਹੇਗੀ ਕਿ ਸਭ ਨੂੰ ਨਾਲ ਲੈ ਕੇ ਅੱਗੇ ਵਧਿਆ ਜਾਵੇ ਤੇ ਪਾਰਟੀ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਪੰਜਾਬ ਦੀ ਆਪਣੀ ਪਾਰਟੀ ਹੈ ਅਤੇ ਇਸ ਨੂੰ ਮਜ਼ਬੂਤ ਕਰਨਾ ਸਾਡਾ ਸਭ ਦਾ ਫਰਜ਼ ਹੈ। ਇਸ ਮੌਕੇ ਹਰਜਾਪ ਸਿੰਘ ਮੱਖਣ, ਸੰਦੀਪ ਸੀਕਰੀ ਹਲਕਾ ਇੰਚਾਰਜ ਸ਼ਾਮਚੁਰਾਸੀ, ਨਿਰਮਲ ਸਿੰਘ ਭੀਲੋਵਾਲ, ਅਪਿੰਦਰ ਸਿੰਘ ਮਾਹਿਲਪੁਰ, ਦਵਿੰਦਰ ਸਿੰਘ ਬੈਂਸ, ਹਰਪ੍ਰੀਤ ਸਿੰਘ ਰਿਕੂ ਬੇਦੀ, ਹਰਪ੍ਰੀਤ ਬੈਂਸ, ਪਰਮਜੀਤ ਸਿੰਘ ਰੱਕੜ, ਕੁਲਵੀਰ ਸਿੰਘ ਮੋਇਲਾ, ਕਿਰਪਾਲ ਸਿੰਘ ਗੇਰਾ, ਭੁਪਿੰਦਰ ਸਿੰਘ ਮਹਿੰਦੀਪੁਰ, ਦਵਿੰਦਰ ਸਿੰਘ ਕਾਹਲੋਂ, ਸਰਵਿੰਦਰ ਸਿੰਘ, ਸਿਮਰਜੀਤ ਅਟਵਾਲ, ਸ਼ਮਸ਼ੇਰ ਸਿੰਘ ਭਾਰਦਵਾਜ, ਸੰਤਵੀਰ ਸਿੰਘ, ਗੁਰਪ੍ਰੀਤ ਸਿੰਘ ਕੋਹਲੀ, ਨਰਿੰਦਰਪਾਲ ਸਿੰਘ ਔਜਲਾ, ਕੁਲਦੀਪ ਸਿੰਘ ਬੱਬੂ ਬਜਵਾੜਾ ਆਦਿ ਸਮੇਤ ਵੱਡੀ ਗਿਣਤੀ ਵਿੱਚ ਅਕਾਲੀ ਆਗੂ ਮੌਜੂਦ ਰਹੇ।

# ਪਛੜਾ ਵਰਗ ਦੇ ਲੋਕ ਹਮੇਸ਼ਾ ਤੋਂ ਯੋਗ ਰਹੇ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੇ ਸੂਬੇ ਵਿਚ ਤੀਜੀ ਵਾਰ ਨਾਨ-ਸਟਾਪ ਸਰਕਾਰ ਬਣਾਈ ਹੈ, ਕੰਮ ਵਿਚ ਕੋਈ ਕਸਰ ਨਹੀਂ ਛੱਡਾਂਗੇ। ਵਿਰੋਧੀਆਂ ਦੇ ਕੂੜ ਪ੍ਰਚਾਰ ਤੋਂ ਘਬਰਾਉਣ ਦੀ ਲੋੜ ਨਹੀਂ ਹੈ, ਸਗੋਂ ਤੱਥਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਜਵਾਬ ਦੇਣ।ਮੁੱਖ ਮੰਤਰੀ ਅੱਜ ਇੱਥੇ ਸੰਤ ਕਬੀਰ ਕੁਟੀਰ ਵਿਚ ਪਛੜਾ ਵਰਗ ਸਮਾਜ ਦੇ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਇਹ ਲੋਕ ਪਛੜਾ ਵਰਗ ਲਈ ਸਰਕਾਰ ਵੱਲੋਂ ਲਾਗੂ ਕੀਤੀਆਂ ਗਈਆਂ ਭਲਾਈ ਯੋਜਨਾਵਾਂ ਲਈ ਮੁੱਖ ਮੰਤਰੀ ਦਾ ਧੰਨਵਾਦ ਕਰਨ ਆਏ ਸਨ।ਮੁੱਖ ਮੰਤਰੀ ਸੈਣੀ ਨੇ ਕਿਹਾ ਕਿ ਪਹਿਲਾਂ ਦੀਆਂ ਸਰਕਾਰਾਂ ਵਿਚ ਪਛੜਾ ਵਰਗ ਦੇ ਬੈਕਲਾਗ ਨੂੰ ਯੋਗ ਉਮੀਦਵਾਰ ਨਾ ਮਿਲਣ ਦਾ ਬਾਹਨਾ ਬਣਾ ਕੇ ਖਾਲੀ ਛੱਡ ਦਿੱਤਾ ਜਾਂਦਾ ਸੀ, ਜਦੋਂ ਕਿ ਮੌਜੂਦਾ ਸਰਕਾਰ ਨੇ ਪਛੜਾ ਵਰਗ ਤੋਂ ਪ੍ਰੋਫੈਸਰ, ਡਾਕਟਰ, ਇੰਜੀਨੀਅਰ ਤੱਕ ਭਰਤੀ ਕਰਕੇ ਵਿਖਾ ਦਿੱਤਾ ਹੈ ਕਿ ਇਸ ਵਰਗ ਦੇ ਲੋਕ ਹਮੇਸ਼ਾ ਤੋਂ ਹੀ ਯੋਗ ਰਹੇ ਹਨ, ਪਹਿਲਾਂ ਦੀਆਂ ਸਰਕਾਰਾਂ ਦੀ ਨੀਅਤ ਸਹੀ ਨਹੀਂ ਸੀ।ਪਛੜਾ ਵਰਗ ਵੱਲੋਂ ਉਨ੍ਹਾਂ ਨੂੰ ਸਨਮਾਨ ਦੇ ਤੌਰ 'ਤੇ ਪਗੜੀ ਪਹਿਨਾਏ ਜਾਣ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਇਸ ਪਗੜੀ ਦੇ ਮਾਣ-ਸਨਮਾਨ ਨੂੰ ਹਮੇਸ਼ਾ ਉੱਚਾ ਰੱਖਣਗੇ। ਉਨ੍ਹਾਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਸਮੇਂ-ਸਮੇਂ 'ਤੇ ਮਾਰਗਦਰਸ਼ਨ ਲੈਂਦੇ ਰਹਿੰਦੇ ਹਨ ਅਤੇ ਪੂਰੇ ਸੂਬੇ ਵਿਚ ਇਕ ਬਰਾਬਰ ਵਿਕਾਸ ਕਰਵਾਉਣ ਦੀ ਨੀਅਤ ਰੱਖਦੇ ਹਨ। ਸੈਣੀ ਨੇ ਕਿਹਾ ਕਿ ਉਹ ਸੂਬੇ ਵਿਚ ਪੜ੍ਹਾਈ ਅਤੇ ਨੌਕਰੀ ਦਾ ਮਾਹੌਲ ਬਦਲ ਰਹੇ ਹਨ, ਮੈਰਿਟ ਦੇ ਆਧਾਰ 'ਤੇ ਭਰਤੀ ਕੀਤੀ ਜਾ ਰਹੀ ਹੈ। ਸਿਸਟਮ ਨੂੰ ਬਦਲਿਆ ਜਾ ਰਿਹਾ ਹੈ। ਉਨ੍ਹਾਂ ਨੇ 26 ਤੇ 27 ਜੁਲਾਈ ਨੂੰ ਹੋਣ ਵਾਲੀ ਸੀਈਟੀ ਦੀ ਪ੍ਰੀਖਿਆ ਦੇ ਪ੍ਰਬੰਧਾਂ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪ੍ਰੀਖਿਆਰਥੀਆਂ ਲਈ ਘਰ ਤੋਂ ਪ੍ਰੀਖਿਆ ਕੇਂਦਰ ਤੱਕ ਲੈ ਜਾਣ ਅਤੇ ਵਾਪਸ ਲੈ ਆਉਣ ਲਈ ਬੱਸਾਂ ਦਾ ਮੁਫਤ ਪ੍ਰਬੰਧ ਕੀਤਾ ਜਾ ਰਿਹਾ ਹੈ। ਲੋਕ ਨਿਰਮਾਣ ਮੰਤਰੀ ਰਣਬੀਰ ਗੰਗਵਾ ਨੇ ਕਿਹਾ ਕਿ ਮੌਜੂਦਾ ਸਰਕਾਰ ਕਮਜ਼ੋਰ ਅਤੇ ਪਛੜਾ ਵਰਗ ਦੇ ਲੋਕਾਂ ਦੀ ਭਲਾਈ ਲਈ ਅਨੇਕ ਯੋਜਨਾਵਾਂ ਚਲਾ ਰਹੀ ਹੈ। ਰਾਜ ਸਭਾ ਸਾਂਸਦ ਰਾਮ ਚੰਦਰ ਜਾਂਗੜਾ ਨੇ ਕਿਹਾ ਕਿ ਮੌਜੂਦਾ ਸਰਕਾਰ ਮਹਾਤਮਾ ਜੋਤੀਬਾ ਫੂਲੇ ਅਤੇ ਪੰਡਿਤ ਦੀਨਦਯਾਲ ਉਪਾਧਿਯਾਏ ਦੀਆਂ ਅੰਤਯੋਦਯ ਦੀਆਂ ਨੀਤੀਆਂ 'ਤੇ ਚਲਦੇ ਹੋਏ ਗਰੀਬ ਤੋਂ ਗਰੀਬ ਵਿਅਕਤੀ ਦਾ ਵਿਕਾਸ ਕਰਨ ਵਿਚ ਲੱਗੀ ਹੋਈ ਹੈ।ਇਸ ਮੌਕੇ ਧੰਨਵਾਦ ਪ੍ਰੋਗ੍ਰਾਮ ਨੂੰ ਮੁੱਖ ਮੰਤਰੀ ਦੀ ਧਰਮਪਤਨੀ ਸੁਮਨ ਸੈਣੀ, ਮੁੱਖ ਮੰਤਰੀ ਦੇ ਓ ਐਸ ਡੀ ਭਾਰਤ ਭੂਸ਼ਣ ਭਾਰਤੀ, ਸਾਬਕਾ ਮੇਅਰ ਮਦਨ ਚੌਹਾਨ, ਜਵਾਹਰ ਸੈਣੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

# ਪੌਦੇ ਲਾਉਣ ਨੂੰ ਜੀਵਨ ਦਾ ਅਟੁੱਟ ਹਿਸਾ ਬਣਾਓ : ਅਰੋੜਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਲਾਇਨਜ ਕਲੱਬ ਹੁਸ਼ਿਆਰਪੁਰ ਪਰਲ ਵਲੋਂ ਪ੍ਰਧਾਨ ਵਿਜੇ ਅਰੋੜਾ ਦੀ ਅਗਵਾਈ ਵਿੱਚ ਗੌਸ਼ਾਲਾ ਗੋਵਿੰਦ ਗੋ ਧਾਮ ਫਲਾਹੀ ਵਿੱਚ ਵਾਤਾਵਰਣ ਦੀ ਸ਼ੁੱਧਤਾ ਲਈ ਪੌਦਾਰੋਪਣ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਵਿੱਚ ਕਲੱਬ ਦੇ ਸਾਰੇ ਮੈਂਬਰਾਂ ਨੇ ਨਿਸ਼ਕਾਮ ਭਾਵ ਨਾਲ 25 ਪੌਦੇ ਲਗਾਏ। ਇਸ ਮੌਕੇ ਪ੍ਰਧਾਨ ਵਿਜੇ ਅਰੋੜਾ ਨੇ ਕਿਹਾ ਕਿ ਸ਼ਹਿਰ ਨੂੰ ਹਰਾ-ਭਰਾ ਬਣਾਉਣ ਲਈ ਕਲੱਬ ਵਲੋਂ ਪ੍ਰਸ਼ਾਸਨ ਦੇ ਨਾਲ ਮਿਲ ਕੇ 150 ਹੋਰ ਪੌਦੇ ਵੀ ਲਗਾਏ ਜਾਣਗੇ, ਜਿਸ ਦਾ ਪ੍ਰੋਗਰਾਮ ਜਲਦੀ ਹੀ ਨਿਸ਼ਚਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਪੌਦੇ ਲਾਉਣ ਨੂੰ ਆਪਣੇ ਜੀਵਨ ਦਾ ਅਟੁੱਟ ਹਿੱਸਾ ਬਣਾਈਏ ਅਤੇ ਲਗਾਏ ਗਏ ਪੌਦਿਆਂ ਦੀ ਸੰਭਾਲ ਵੀ ਜਰੂਰ ਕਰੀਏ ਤਾਂ ਜੋ ਉਹ ਦਰੱਖਤ ਬਣ ਕੇ ਵਾਤਾਵਰਣ ਨੂੰ ਹਰਾ-ਭਰਾ ਰੱਖਣ ਵਿੱਚ ਅਹਿਮ ਭੂਮਿਕਾ ਨਿਭਾ ਸਕਣ।

ਪ੍ਰਮੁੱਖ ਸਮਾਜ ਸੇਵੀ ਲਾਇਨ ਸੰਜੀਵ ਅਰੋੜਾ ਅਤੇ ਸਕੱਤਰ ਲਾਇਨ ਉਮੇਸਸ਼ ਰਾਣਾ ਨੇ ਕਿਹਾ ਕਿ ਵਾਤਾਵਰਣ ਵਿੱਚ ਸੰਤੁਲਨ ਬਣਾਈ ਰੱਖਣ ਲਈ ਇਹ ਲਾਜਮੀ ਹੈ ਕਿ ਅਸੀਂ ਆਪਣੇ ਆਲੇ-ਦੁਆਲੇ ਸਫਾਈ ਦਾ ਪੂਰਾ ਧਿਆਨ ਰੱਖੀਏ, ਤਾਂ ਜੋ ਵਾਤਾਵਰਣ ਦੀ ਸ਼ੁੱਧਤਾ ਬਣੀ ਰਹੇ ਅਤੇ ਹਰਿਆਲੀ ਵਧਾਉਣ ਲਈ ਵੱਧ ਤੋਂ ਵੱਧ ਪੌਦੇ ਲਗਾਈਏ।



ਕਲੱਬ ਵਲੋਂ ਗੌ-ਧਨ ਦੀ ਸੰਭਾਲ ਅਤੇ ਹਰੇ ਚਾਰੇ ਲਈ 7000 ਦੀ ਰਕਮ ਭੇਟ ਕੀਤੀ ਗਈ। ਇਸ ਮੌਕੇ ਕੁਮਾਰ ਗੌਰਵ, ਉਮੇਸ਼ ਰਾਣਾ, ਵਿਜੇ ਗੁਪਤਾ, ਐਚ.ਕੇ. ਨਾਕੜਾ, ਅਸ਼ਵਿਨੀ ਕੁਮਾਰ ਦੱਤਾ, ਮਦਨ ਲਾਲ ਮਹਾਜਨ, ਅਨਿਲ ਕੁਮਾਰ, ਹਰੀਸ਼ ਚੁਗ, ਰਾਜੇਸ਼ ਨੰਦਾ, ਸੁਖਵਿੰਦਰ ਸਿੰਘ ਅਤੇ ਹੋਰ ਵੀ ਹਾਜਰ ਸਨ।

# ਵਿਧਾਨ ਸਭਾ 'ਚ ਪੇਸ਼ ਬਿੱਲ 'ਚ ਐੱਸ ਸੀ ਸਮਾਜ ਦੇ ਗੁਰੂਆਂ ਤੇ ਧਾਰਮਿਕ ਗ੍ਰੰਥਾਂ ਦਾ ਜ਼ਿਕਰ ਨਾ ਕਰਨਾ ਮਾਨ ਸਰਕਾਰ ਦੀ ਦਲਿਤ ਵਿਰੋਧੀ ਮਾਨਸਿਕਤਾ : ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਦੀ ਇੱਕ ਹੰਗਾਮੀ ਮੀਟਿੰਗ ਫੋਰਸ ਦੇ ਮੁੱਖ ਦਫਤਰ ਭਗਤ ਨਗਰ ਨੇੜੇ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਕੀਤੀ ਗਈ ।ਮੀਟਿੰਗ ਵਿੱਚ ਫੋਰਸ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸਤੀਸ਼ ਸ਼ੇਰਗੜ੍ਹ ਅਤੇ ਹਲਕਾ ਹਰਿਆਣਾ ਭੂੰਗਾ ਦੇ ਪ੍ਰਧਾਨ ਅਨਿਲ ਕੁਮਾਰ ਬੰਟੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਆਗੂਆ ਨੇ ਕਿਹਾ ਕਿ ਪੰਜਾਬ ਸਰਕਾਰ ਨੇ 14 ਜੁਲਾਈ ਨੂੰ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਲਈ ਬਿੱਲ, 2025 ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਦਾ ਉਦੇਸ਼ ਸਾਰੇ ਧਰਮਾਂ ਦੇ ਪਵਿੱਤਰ ਧਾਰਮਿਕ ਗ੍ਰੰਥਾਂ ਦੀ ਰੱਖਿਆ ਕਰਨਾ ਅਤੇ ਭਾਈਚਾਰਕ ਸਦਭਾਵਨਾ ਬਣਾਈ ਰੱਖਣਾ ਹੈ। ਪਰ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੇ ਗਏ ਬਿੱਲ ਵਿੱਚ ਰਵਿਦਾਸੀਆ ਸਮਾਜ,



ਵਾਲਮੀਕਿ ਸਮਾਜ, ਡਾ. ਭੀਮ ਰਾਉ ਅੰਬੇਡਕਰ, ਕਬੀਰਪੰਥੀ ਭਾਈਚਾਰੇ ਦੇ ਗੁਰੂਆਂ ਅਤੇ ਹੋਰ ਮਹਾਂਪੁਰਸ਼ਾਂ ਦੀਆਂ ਮੂਰਤੀਆਂ ਅਤੇ ਧਾਰਮਿਕ ਗ੍ਰੰਥਾਂ ਦਾ ਪਾਸ ਕੀਤੇ ਗਏ ਬਿੱਲ ਵਿੱਚ ਕੋਈ ਜ਼ਿਕਰ ਨਾ ਹੋਣਾ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਮੰਤਰੀਆਂ ਅਤੇ ਸੂਬਾ ਪ੍ਰਧਾਨ ਅਮਨ ਅਰੋੜਾ ਦੀ ਅਨੁਸੂਚਿਤ ਜਾਤੀ ਵਿਰੋਧੀ ਮਾਨਸਿਕਤਾ ਨੂੰ ਦਰਸਾਉਂਦਾ ਹੈ। ਉਹਨਾਂ ਕਿਹਾ ਕਿ ਇਹ ਬਿੱਲ ਗੁਰੂ ਰਵਿਦਾਸ ਜੀ ਦੀ ਮੂਰਤੀ ਅਤੇ ਪਵਿੱਤਰ ਗ੍ਰੰਥ ਅੰਮ੍ਰਿਤਬਾਣੀ, ਭਗਵਾਨ ਵਾਲਮੀਕਿ ਜੀ ਦੀ ਮੂਰਤੀ, ਸਤਿਗੁਰੂ ਕਬੀਰ ਜੀ ਦੀ ਮੂਰਤੀ ਅਤੇ ਸੰਤ ਨਾਭਾ ਦਾਸ ਦੀ ਮੂਰਤੀ, ਭਾਰਤੀ ਸੰਵਿਧਾਨ ਦੇ ਰਚੇਤਾ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦੀ ਮੂਰਤੀ ਦੀ ਬੇਅਦਬੀ ਕਰਨ ਵਾਲਿਆਂ ਲਈ ਸਜ਼ਾ ਦੀ ਵਿਵਸਥਾ ਨਾ ਕਰਕੇ ਦਲਿਤ ਭਾਈਚਾਰੇ ਪ੍ਰਤੀ ਨਫ਼ਰਤ ਭਰੀ ਮਾਨਸਿਕਤਾ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ। ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਜਾਣਬੁੱਝ ਕੇ ਇਨ੍ਹਾਂ ਸਾਰੇ ਮਹਾਂਪੁਰਸ਼ਾਂ ਨੂੰ ਨਜ਼ਰਅੰਦਾਜ਼ ਕੀਤਾ ਹੈ।ਉਹਨਾਂ ਕਿਹਾ ਕਿ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਸਰਕਾਰ ਵਿੱਚ ਭਗਵਾਨ ਵਾਲਮੀਕਿ ਸਮਾਜ, ਸਤਿਗੁਰੂ ਰਵਿਦਾਸ ਸਮਾਜ, ਸਤਿਗੁਰੂ ਕਬੀਰ ਸਮਾਜ ਅਤੇ ਮਹਾਸ਼ਾ ਸਮਾਜ ਨਾਲ ਸਬੰਧਤ 30 ਵਿਧਾਇਕ ਅਤੇ ਕੈਬਨਿਟ ਮੰਤਰੀ ਹਨ, ਪਰ ਉਹ ਵੀ ਇਸ ਮਹੱਤਵਪੂਰਨ ਬਿੱਲ ਦੇ ਪਾਸ ਹੋਣ ਵੇਲੇ ਗੂੰਗੇ ਸਾਬਤ ਹੋਏ । ਉਨ੍ਹਾਂ ਕਿਹਾ ਕਿ ਐਸ ਸੀ ਬੀ ਸੀ ਸਮਾਜ ਦੇ ਮੰਤਰੀਆਂ ਨੇ ਇਸ ਗੰਭੀਰ ਮੁੱਦੇ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਅਤੇ ਇਹ ਉਹਨਾ ਦੀ ਚੁੱਪੀ ਨਿਰਾਸ਼ਾਜਨਕ ਹੈ ਅਤੇ ਬਹੁਤ ਨਿੰਦਣਯੋਗ ਹੈ। ਇਸ ਮੌਕੇ ਹੋਰਨਾਂ ਤੋ ਇਲਾਵਾ ਵਿਪਨ ਕੁਮਾਰ, ਡਾ. ਸੁਨੀਲ ਸੰਧੂ ਸ਼ੇਰਗੜ੍ਹ, ਜਸਪ੍ਰੀਤ ਸ਼ੇਰਗੜ੍ਹ, ਸਤੀਸ਼ ਕੁਮਾਰ ਬਸੀ ਬਾਹਦ, ਅਮਰੀਕ ਸਿੰਘ ਰਾਜੂ, ਮਨਪ੍ਰੀਤ ਕਲੋਤਾ, ਰਵਿੰਦਾ ਆਦਿ ਹਾਜ਼ਰ ਸਨ।

# ਬਾਬਾ ਰਾਣਕਾਪੁਰੀ ਮੰਦਰ ਜੱਸੋਮਜਾਰਾ ਵਿਖੇ ਕੰਜਕਾਂ ਬਿਠਾਉਣ ਦੀ ਰਸਮ ਅਦਾ

**ਬੰਗਾ (ਅਵਤਾਰ ਕਲੇਰ)**-ਬਾਬਾ ਰਾਣਕਾਪੁਰੀ ਵੈੱਲਫੇਅਰ ਕਮੇਟੀ ਜੱਸੋਮਜਾਰਾ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬਾਬਾ ਰਾਣਕਾਪੁਰੀ ਪ੍ਰਾਚੀਨ ਮੰਦਰ ਜੱਸੋਮਜਾਰਾ ਵਿਖੇ ਕੰਜਕਾਂ ਬਠਾਉਣ ਦੀ ਰਸਮ ਅਦਾ ਕੀਤੀ ਗਈ। ਮੰਦਰ ਤੇ ਆਰਤੀ ਹੋਈ ਅਤੇ ਪੂਜਾ ਕੀਤੀ ਗਈ। ਕੁਲ ਲੋਕਾਈ ਦੇ ਭਲੇ ਲਈ ਅਰਦਾਸ ਕੀਤੀ ਗਈ। ਕੰਜਕਾਂ ਨੂੰ ਚੁੰਨੀਆਂ ਦੀ ਰਸਮ ਅਦਾ ਕੀਤੀ ਗਈ। ਸਕੂਲੀ ਬੱਚਿਆਂ ਨੂੰ ਕਾਪੀਆਂ ਅਤੇ ਪੈਨ ਵੰਡੇ ਗਏ। ਮੰਦਰ ਤੇ ਫਰੂਟ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਪ੍ਰਧਾਨ ਰਮੇਸ਼ ਕੁਮਾਰ ਕੌਸ਼ਲ ਨੂੰ ਵਲੋਂ ਸੰਗਤਾਂ ਨੂੰ ਜੀ ਆਇਆਂ ਕਿਹਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਰਮੇਸ਼ ਕੁਮਾਰ ਕੌਸ਼ਲ, ਮਨਜੀਤ ਕ੍ਰਿਸ਼ਨ ਕੌਂਸਲ ਜਨਰਲ ਸਕੱਤਰ ,ਨਰਿੰਦਰ ਕੁਮਾਰ ਕੌਸ਼ਲ, ਬਲਦੇਵ ਸਿੰਘ ਜੱਸੋਮਜਾਰਾ, ਸੁਖਵਿੰਦਰ ਕੌਰ ਸਰਪੰਚ ਜੱਸੋਮਜਾਰਾ,ਸੱਤਪਾਲ ਟਾਕ ਸੈਕਟਰੀ, ਪਵਨ ਕੁਮਾਰ ਅਰੋੜਾ ਸੈਕਟਰੀ, ਹਰਜਿੰਦਰ ਸਿੰਘ ਨੰਬਰਦਾਰ, ਗੋਪਾਲ ਕ੍ਰਿਸ਼ਨ ਕੌਂਸਲ, ਨਰੇਸ਼ ਕੁਮਾਰ, ਸਰਵਣ ਸਿੰਘ, ਗਿਆਨ ਸਿੰਘ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।



# ਖੂਨਦਾਨ ਕੈਂਪ ਮੌਕੇ 65 ਯੂਨਿਟ ਬਲੱਡ ਇਕੱਤਰ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਇਲਾਕੇ ਦੇ ਪਿੰਡ ਮੋਇਲਾ ਵਾਹਿਦਪੁਰ ਵਿਖੇ ਸਵਰਗਵਾਸੀ ਪਰਮਜੀਤ ਸਿੰਘ ਹੀਰ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਵੈ-ਇੱਛਕ ਖੂਨਦਾਨ ਕੈਂਪ ਲਗਾਇਆ ਗਿਆ ਅਤੇ ਕਰੀਬ 65 ਯੂਨਿਟ ਬਲੱਡ ਇਕੱਤਰ ਕੀਤਾ ਗਿਆ।ਮਨਪ੍ਰੀਤ ਸਿੰਘ ਹੀਰ (ਰੋਕੀ) ਨੇ ਦੱਸਿਆ ਕਿ ਇਲਾਕੇ ਦੀਆਂ ਮਾਨਯੋਗ ਸ਼ਖਸ਼ੀਅਤਾਂ ਅਤੇ ਭਾਈ ਘਨੱਈਆ ਜੀ ਬਲੱਡ ਬੈਂਕ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਇਹ ਖੂਨਦਾਨ ਕੈਂਪ ਲਗਾਇਆ ਗਿਆ।ਕੈਂਪ ਮੌਕੇ ਜੀਵਨ ਜਾਗਰਤੀ ਮੰਚ ਗੜ੍ਹਸ਼ੰਕਰ ਵੱਲੋਂ ਅਲੱਗ ਅਲੱਗ ਤਰ੍ਹਾਂ ਦੇ ਬੂਟਿਆਂ ਦਾ ਲੰਗਰ ਵੀ ਲਗਾਇਆ ਗਿਆ। ਇਸ ਕੈਂਪ ਦੌਰਾਨ ਸੋਮਨਾਥ ਬੰਗੜ ਹਲਕਾ ਸੰਗਠਨ ਇੰਚਾਰਜ ਗੜ੍ਹਸ਼ੰਕਰ ਆਪ,ਕਾਮਰੇਡ ਦਰਸਨ ਸਿੰਘ ਮੱਟੂ,ਡਾ. ਲਖਵਿੰਦਰ ਕੁਮਾਰ ਲੱਕੀ,ਪ੍ਰੋ ਬਿੱਕਰ ਸਿੰਘ,ਡਾ. ਬਿੱਟੂ ,ਸੈਡੀ ਭੱਜਲਾਂ,ਬਲਜਿੰਦਰ ਕੁਮਾਰ,ਦਲਜੀਤ ਰਾਜੂ,ਸੁਭਾਸ਼ ਮੱਟੂ,ਸ਼ਿੰਦਾ ਗੋਲੀਆ ਸਮੇਤ ਹੋਰ ਵੀ ਸਮਾਜ ਸੇਵੀ ਸ਼ਖਸ਼ੀਅਤਾਂ ਹਾਜ਼ਰ ਸਨ।

22-JULY-PAGE-10.qxd 7/21/2025 10:43 PM Page 1



## ਵਾਈਸ ਚਾਂਸਲਰ ਪ੍ਰੋ. ਰਾਜੀਵ ਸੂਦ ਵੱਲੋਂ ਟਰਾਂਸਪਲਾਂਟਕੌਨ 2025 ਕਾਨਫਰੰਸ 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ (ਬੀ ਐਫ ਯੂ ਐਚ ਐਸ), ਪੰਜਾਬ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਦਾ 19 ਤੋਂ 20 ਜੁਲਾਈ ਤੱਕ ਫਰੀਦਾਬਾਦ ਵਿੱਚ ਆਯੋਜਿਤ ਟਰਾਂਸਪਲਾਂਟਕੌਨ 2025 ਵਿੱਚ ਮੁੱਖ ਮਹਿਮਾਨ ਵਜੋਂ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ ਗਿਆ। ਨੋਰਥ ਜ਼ੋਨ ਯੂਰੋਲੋਜੀਕਲ ਸੋਸਾਇਟੀ ਆਫ ਇੰਡੀਆ ਦਾ ਮਿਡ-ਟਰਮ ਸੀ ਯੂ ਈ ਵਜੋਂ ਆਯੋਜਿਤ ਇਸ ਵੱਕਾਰੀ ਕਾਨਫਰੰਸ ਨੇ ਯੂਰੋਲੋਜੀ ਅਤੇ ਅੰਗ ਟ੍ਰਾਂਸਪਲਾਂਟੇਸ਼ਨ ਦੇ ਖੇਤਰ ਵਿੱਚ ਮੋਹਰੀ ਮਾਹਰਾਂ ਅਤੇ ਪੇਸ਼ੇਵਰਾਂ ਨੂੰ ਇਕੱਠਾ ਕੀਤਾ।ਹਰਿਆਣਾ ਯੂਰੋਲੋਜੀਕਲ ਐਸੋਸੀਏਸ਼ਨ ਦੁਆਰਾ ਆਯੋਜਿਤ ਇਸ ਸਮਾਗਮ ਵਿੱਚ 19 ਜੁਲਾਈ ਨੂੰ ਰਾਤ 8:00 ਵਜੇ ਹਾਰਮਨੀ ਨਾਈਟ ਸੈਲੀਬ੍ਰੇਟਿੰਗ ਸਾਇੰਸ ਐਂਡ ਸਪਿਰਿਟ ਸਿਰਲੇਖ ਵਾਲਾ ਇੱਕ ਵਿਸ਼ੇਸ਼ ਭਾਗ ਪੇਸ਼ ਕੀਤਾ ਗਿਆ, ਜਿੱਥੇ ਡਾ. ਰਾਜੀਵ ਸੂਦ ਨੇ ਮੁੱਖ ਮਹਿਮਾਨ ਵਜੋਂ ਇਸ ਮੌਕੇ ਦੀ ਸ਼ੋਭਾ ਵਧਾਈ। ਉਨ੍ਹਾਂ ਦੀ ਮੌਜੂਦਗੀ ਦਾ ਉਦੇਸ਼ ਵਿਗਿਆਨਕ ਤਰੱਕੀਆਂ ਦਾ ਜਸ਼ਨ ਮਨਾਉਣ ਵਾਲੇ ਡਾਕਟਰੀ ਭਾਈਚਾਰੇ ਵਿੱਚ ਦੋਸਤੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਸੀ।ਇਸ ਤੋਂ ਬਾਅਦ ਰਾਤ 8:30 ਵਜੇ ਗਾਲਾ ਡਿਨਰ ਹੋਇਆ, ਜਿੱਥੇ ਪਤਵੰਤਿਆਂ ਅਤੇ ਡੈਲੀਗੇਟਾਂ ਨੂੰ ਵਾਈਸ ਚਾਂਸਲਰ ਅਤੇ ਹੋਰ ਪ੍ਰਸਿੱਧ ਮਾਹਰਾਂ ਨਾਲ ਗੈਰ-ਰਸਮੀ ਤੌਰ 'ਤੇ ਗੱਲਬਾਤ ਕਰਨ ਦਾ ਮੌਕਾ ਮਿਲਿਆ।ਡਾ. ਸੂਦ, ਇੱਕ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਯੂਰੋਲੋਜਿਸਟ ਅਤੇ ਅਕਾਦਮਿਕ ਨੂੰ ਯੂਰੋਲੋਜੀ, ਮੈਡੀਕਲ ਸਿੱਖਿਆ ਅਤੇ ਜਨਤਕ ਸਿਹਤ ਲੀਡਰਸ਼ਿਪ ਦੇ ਖੇਤਰ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਟ੍ਰਾਂਸਪਲਾਂਟਕੌਨ 2025 ਵਿੱਚ ਉਨ੍ਹਾਂ ਦੀ ਭਾਗੀਦਾਰੀ ਰਾਸ਼ਟਰੀ ਪੱਧਰ ਦੇ ਵਿਗਿਆਨਕ ਫੋਰਮਾਂ ਵਿੱਚ ਯੂਨੀਵਰਸਿਟੀ ਦੇ ਵਧ ਰਹੇ ਪ੍ਰਭਾਵ ਨੂੰ ਉਜਾਗਰ ਕਰਦੀ ਹੈ।

## ਗੁਰੂ ਨਾਨਕ ਕਾਲਜ ਦੇ ਐੱਨ.ਸੀ.ਸੀ. ਕੈਡਿਟਸ ਨੇ ਸੀਏਟੀਸੀ-89 ਕੈਂਪ 'ਚ ਜਿੱਤੇ ਮੈਡਲ



**ਬੁਢਲਾਡਾ (ਅਸ਼ੋਕ ਲਾਕੜਾ)**-ਉੱਤਰੀ ਭਾਰਤ ਦੀ ਸਿਰਮੌਰ ਤੇ ਆਟੋਨੋਮਸ ਸੰਸਥਾ ਗੁਰੂ ਨਾਨਕ ਕਾਲਜ ਬੁਢਲਾਡਾ ਦੇ ਐੱਨ.ਸੀ.ਸੀ. ਯੂਨਿਟ ਨਾਲ ਸਬੰਧਤ ਕੈਡਿਟਸ ਨੇ ਸੀਏਟੀਸੀ-89 ਕੈਂਪ 'ਚ ਭਾਗ ਲਿਆ।ਇਹ ਕੈਂਪ 20 ਪੰਜਾਬ ਬਟਾਲੀਅਨ ਐੱਨ.ਸੀ.ਸੀ. ਬਠਿੰਡਾ ਵੱਲੋਂ ਐੱਨ.ਸੀ.ਸੀ. ਟ੍ਰੇਨਿੰਗ ਅਕਾਦਮੀ ਰੋਪੜ ਵਿਖੇ ਲਾਇਆ ਗਿਆ।ਕਾਲਜ ਦੇ ਵਿਦਿਆਰਥੀਆਂ ਨੇ ਸੀਏਟੀਸੀ-89 ਕੈਂਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵੱਖ-ਵੱਖ ਖੇਡਾਂ ਤੇ ਮੁਕਾਬਲਿਆਂ ਵਿੱਚ ਸੋਨੇ ਤੇ ਚਾਂਦੀ ਦੇ ਤਮਗੇ ਜਿੱਤੇ।ਪ੍ਰੋ. ਕੁਲਬੀਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਾਲਜ ਦੇ ਐੱਨ.ਸੀ.ਸੀ. ਕੈਡਿਟਸ ਨੇ ਕੈਂਪ ਦੌਰਾਨ ਕਰਵਾਏ ਗਏ ਖੇਡਾਂ, ਗੀਤ-ਸੰਗੀਤ, ਭਾਸ਼ਣ ਤੇ ਹੋਰ ਸੱਭਿਆਚਾਰਕ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿੱਥੇ ਕੈਡਿਟਸ ਨੇ ਖੇਡ ਮੁਕਾਬਲਿਆਂ ਵਿੱਚ ਗੋਲਡ ਮੈਡਲ ਜਿੱਤ ਕੇ ਕਾਲਜ ਦਾ ਮਾਣ ਵਧਾਇਆ, ਉੱਥੇ ਕਈ ਹੋਰ ਕੈਡਿਟਸ ਨੇ ਸਿਲਵਰ ਮੈਡਲ ਹਾਸਲ ਕਰਕੇ ਆਪਣੀ ਯੋਗਤਾ ਸਾਬਿਤ ਕੀਤੀ।ਇਸ ਮੌਕੇ ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਨੇ ਲੈਫਟੀਨੈਂਟ ਕੁਲਬੀਰ ਸਿੰਘ ਤੇ ਐੱਨ ਸੀ.ਸੀ. ਕੈਡਿਟਸ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਸਭ ਉਨ੍ਹਾਂ ਦੀ ਲਗਨ ਤੇ ਅਣਥੱਕ ਮਿਹਨਤ ਦਾ ਨਤੀਜਾ ਹੈ ਅਤੇ ਆਸ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੇ ਯਤਨ ਕਰਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਜਾਵੇਗਾ।

## ਸ਼੍ਰੋਮਣੀ ਅਕਾਲੀ ਦਲ ਦੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਦਾ ਸਨਮਾਨ



**ਭੀਖੀ (ਗੁਰਿੰਦਰ ਸਿੰਘ ਔਲਖ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਪਾਰਟੀ ਦੀ ਮੁੱਢਲੀ ਲੀਡਰਸ਼ਿਪ ਵੱਲੋਂ ਪੰਜਾਬ ਵਿੱਚ ਪਾਰਟੀ ਦੇ ਲਾਏ ਜ਼ਿਲ੍ਹਾ ਪ੍ਰਧਾਨ ਮਾਨਸਾ ਦਿਹਾਤੀ ਬਲਵੀਰ ਸਿੰਘ ਬੀਰੋਕੇ ਤੇ ਸ਼ਹਿਰੀ ਪ੍ਰਧਾਨ ਜਤਿੰਦਰ ਸਿੰਘ ਸੋਢੀ ਨੂੰ ਹਲਕਾ ਇੰਚਾਰਜ ਪ੍ਰੇਮ ਕੁਮਾਰ ਅਰੋੜਾ ਦੀ ਅਗਵਾਈ ਵਿੱਚ ਸਰਕਲ ਭੀਖੀ ਸ਼ਹਿਰੀ ਤੇ ਦਿਹਾਤੀ ਦੇ ਵਰਕਰ, ਆਗੂ ਸਾਹਿਬਾਨਾਂ ਤੇ ਸੰਸਥਾਵਾਂ ਵੱਲੋਂ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿੱਚ ਸਮਾਗਮ ਰੱਖ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਦੋਵੇਂ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਜ਼ਿਲ੍ਹੇ ਦੀ ਜ਼ਿੰਮੇਵਾਰੀ ਸੌਂਪੀ ਹੈ, ਜਿਸ 'ਤੇ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਪਾਰਟੀ ਦੀ ਚੜ੍ਹਦੀ ਕਲਾ ਲਈ ਆਪਣੇ ਯਤਨ ਜਾਰੀ ਰੱਖਾਂਗਾ।ਉਨ੍ਹਾਂ ਵੱਲੋਂ ਸਰਕਲ ਭੀਖੀ ਦੀ ਸਾਰੀ ਸੰਗਤ, ਸੰਸਥਾਵਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਪਣੇ ਇਲਾਕੇ ਦੀ ਸੰਗਤ ਵੱਲੋਂ ਦਿੱਤਾ ਸਨਮਾਨ ਹਮੇਸ਼ਾ ਖਾਸ ਹੁੰਦਾ ਹੈ, ਜਿਸ ਨਾਲ ਹਮੇਸ਼ਾ ਹੌਸਲਾ ਵਧਦਾ ਹੈ ਤੇ ਕਾਰਜ ਕਰਨ ਲਈ ਨਵੀਂ ਊਰਜਾ ਮਿਲਦੀ ਹੈ। ਇਸ ਮੌਕੇ ਹਰਪ੍ਰੀਤ ਸਿੰਘ ਚਹਿਲ, ਹਰਦੇਵ ਸਿੰਘ, ਭੀਮ ਸੈਨ ਬਾਂਸਲ, ਆੜ੍ਹਤੀਆ ਭਾਈਚਾਰੇ ਸੁਰੇਸ਼ ਕੁਮਾਰ, ਸੱਤਪਾਲ ਮੱਤੀ, ਸੁਖਦੀਪ ਸਿੰਘ, ਵਿਜੇ ਕੁਮਾਰ, ਨਰਿੰਦਰ ਸਿੰਘ ਮਿੱਤਲ, ਪ੍ਰਿਤਪਾਲ ਸ਼ਰਮਾ, ਬਲਜੀਤ ਸਿੰਘ ਅਤਲਾ, ਜਸਵੀਰ ਸਿੰਘ ਸਮਾਓਂ, ਬੀਬੀ ਕਰਮਜੀਤ ਸਿੰਘ, ਬੀਬੀ ਚਿੱਤਵੰਤ ਕੌਰ, ਬੀਬੀ ਗੋਲੋ ਕੌਰ, ਨਿਰਭੈ ਸਿੰਘ ਸਮਾਓਂ, ਅਮਰੀਕ ਸਿੰਘ ਖੀਵਾ, ਹਰਵਿੰਦਰ ਸਿੰਘ ਧਲੇਵਾਂ, ਸੁਖਵਿੰਦਰ ਸਿੰਘ ਸਰਪੰਚ ਧਲੇਵਾਂ, ਪ੍ਰਸ਼ੋਤਮ ਸਿੰਘ, ਗੁਰਇਕਬਾਲ ਸਿੰਘ ਬਾਲੀ, ਲਖਵਿੰਦਰ ਸਿੰਘ, ਮਲਕੀਤ ਸਿੰਘ ਬਾਬੇਕਾ, ਰਾਮ ਪਾਲ, ਪਵਿੱਤਰ ਸਿੰਘ ਔਲਖ, ਕੁਲਸ਼ੇਰ ਸਿੰਘ ਰੂਬਲ ਆਦਿ ਹਾਜ਼ਰ ਸਨ।

## ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਦੁਕਾਨਾਂ ਦੀ ਚੈਕਿੰਗ



**ਜਲਾਲਾਬਾਦ/ਫਾਜ਼ਿਲਕਾ (ਜੀਤ ਕੁਮਾਰ/ਨਿਸ਼ਾ ਸ਼ਰਮਾ)**-ਖੇਤੀਬਾੜੀ ਮੰਤਰੀ ਪੰਜਾਬ ਸ. ਗੁਰਮੀਤ ਸਿੰਘ ਖੁੱਡੀਆਂ ਅਤੇ ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਤਹਿਤ ਅਤੇ ਮੁੱਖ ਖੇਤੀਬਾੜੀ ਅਫਸਰ ਫ਼ਾਜ਼ਿਲਕਾ ਡਾ. ਰਜਿੰਦਰ ਕੰਬੋਜ ਤੇ ਖਾਦ ਇੰਸਪੈਕਟਰ ਪਰਵਸ਼ ਕੁਮਾਰ ਵੱਲੋਂ ਵੱਖ ਵੱਖ ਖੇਤੀ ਵਸਤਾਂ ਵਾਲੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ। ਇਸ ਚੈਕਿੰਗ ਦੌਰਾਨ ਖਾਦਾਂ, ਬੀਜ਼ਾਂ ਤੇ ਕੀਟਨਾਸ਼ਕਾਂ ਦੀ ਉਪਲੱਬਧਤਾ, ਗੁਣਵੱਤਾ ਤੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਅਤੇ ਖਾਦ ਦਾ ਨਮੂਨਾ ਵੀ ਇਕੱਤਰ ਕੀਤਾ ਗਿਆ, ਜਿਸ ਨੂੰ ਟੈਸਟਿੰਗ ਲਈ ਖਾਦ ਪਰਖ ਪ੍ਰਯੋਗਸ਼ਾਲਾ ਵਿੱਚ ਭੇਜ ਦਿੱਤਾ ਗਿਆ ਹੈ। ਮੁੱਖ ਖੇਤੀਬਾੜੀ ਅਫਸਰ ਫਾਜ਼ਲਕਾ ਵੱਲੋਂ ਖਾਦ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਖਾਦ ਦੀ ਅਨ-ਅਧਿਕਾਰਤ ਤੌਰ 'ਤੇ ਸਟੋਰ ਨਾ ਕਰਨ ਤੇ ਖਾਦ ਦੇ ਨਾਲ ਕੋਈ ਵੀ ਬੇਲੋੜੀ ਖੇਤੀ ਸਮਗਰੀ ਕਿਸਾਨਾਂ ਨੂੰ ਨਾ ਦਿੱਤੀ ਜਾਵੇ।

## ਬੁੱਧ ਵਿਹਾਰ 'ਚ ਮਨਾਇਆ ਤੀਆਂ ਦਾ ਤਿਉਹਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਬੁੱਧ ਵਿਹਾਰ ਗਲੀ ਨੰਬਰ ਦੋ ਬੀ ਵਿੱਚ ਤੀਆਂ ਦਾ ਤਿਉਹਾਰ ਐਤਵਾਰ ਨੂੰ ਮਨਾਇਆ ਗਿਆ।ਗਿੱਧਾ ਸੋਲੋ ਡਾਂਸ ਤੇ ਬੱਚਿਆਂ ਦੀਆਂ ਛੋਟੀਆਂ ਛੋਟੀਆਂ ਸਕਿੱਟਾਂ ਰਾਹੀਂ ਇਸ ਪ੍ਰੋਗਰਾਮ ਨੂੰ ਵਧੀਆ ਬਣਾਇਆ ਗਿਆ।ਇਸ ਵਿੱਚ ਪੁਰਾਣੇ ਸਮੇਂ ਦੇ ਮੁਤਾਬਕ ਪੱਖੀਆਂ, ਫੁਲਕਾਰੀ, ਘੜੇ, ਚਰਖਾ, ਸੱਗੀ ਫੁੱਲ ਆਦਿ ਨਾਲ ਪੂਰਾ ਸ਼ਿੰਗਾਰ ਕੀਤਾ ਗਿਆ। ਮੁਹੱਲੇ ਦੀ ਹਰ ਲੜਕੀ ਤੇ ਔਰਤ ਪੂਰੀ ਤਰ੍ਹਾਂ ਪੰਜਾਬੀ ਪਹਿਰਾਵੇ ਵਿੱਚ ਤਿਆਰ ਹੋ ਕੇ ਇਸ ਪ੍ਰੋਗਰਾਮ ਵਿੱਚ ਚਾਰ ਚੰਨ ਲਗਾ ਰਹੀਆਂ ਸਨ।ਇਸ ਪ੍ਰੋਗਰਾਮ ਦੇ ਇੰਚਾਰਜ ਮਿਸਿਜ਼ ਸੋਨਮ, ਮਿਸਿਜ਼ ਸਹਿਜ ਤੇ ਕੁਮਾਰੀ ਗੁਣਗੁਣ ਚਾਵਲਾ ਨੇ ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਿਆ। ਸਾਰੇ ਮੁਹੱਲੇ ਦੀਆਂ ਛੋਟੀਆਂ ਬੱਚੀਆਂ ਵੱਲੋਂ ਵੀ ਖਾਸ ਤੌਰ 'ਤੇ ਆਪਣਾ ਗਿੱਧੇ ਦਾ ਪ੍ਰੋਗਰਾਮ ਕੀਤਾ ਗਿਆ।ਸਾਰਿਆਂ ਨਾਲੋਂ ਵੱਧ ਖੁਸ਼ੀ ਦੀ ਗੱਲ ਕਿ ਛੋਟੀਆਂ ਬੱਚੀਆਂ ਵੱਲੋਂ ਵੀ ਪੰਜਾਬੀ ਬੋਲੀਆਂ ਪਾਈਆਂ ਗਈਆਂ ਹਰ ਇੱਕ ਲੜਕੀ ਮਿਸ ਪੰਜਾਬਣ ਦੇ ਖਿਤਾਬ ਜਿੱਤਣ ਦੇ ਬਰਾਬਰ ਸੀ।ਸਾਰੀਆਂ ਆਈਆਂ ਹੋਈਆਂ ਔਰਤਾਂ, ਬੱਚਿਆਂ ਲਈ ਗੋਲਗੱਪੇ ਤੇ ਜਲੇਬੀਆਂ ਦਾ ਪ੍ਰਬੰਧ ਕੀਤਾ ਗਿਆ ਸੀ।

## ਚੋਟੀਆਂ ਖੁਰਦ ਦੇ ਕਈ ਪਰਵਾਰ 'ਆਪ' 'ਚ ਸ਼ਾਮਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਜ਼ਿਲ੍ਹੇ ਦੇ ਪਿੰਡ ਚੋਟੀਆਂ ਖੁਰਦ ਦੇ ਵੱਡੀ ਗਿਣਤੀ ਵਿੱਚ ਪਰਵਾਰ ਕਾਂਗਰਸ ਤੇ ਅਕਾਲੀ ਦਲ ਨੂੰ ਅਲਵਿਦਾ ਕਹਿਣ ਤੋਂ ਬਾਅਦ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਉਨ੍ਹਾਂ ਦਾ ਆਮ ਆਦਮੀ ਪਾਰਟੀ ਦਾ ਸਿਰੋਪਾਓ ਦੇ ਕੇ ਪਾਰਟੀ ਵਿੱਚ ਸਵਾਗਤ ਕੀਤਾ ਤੇ ਉਨ੍ਹਾਂ ਨੂੰ ਸਨਮਾਨਤ ਕੀਤਾ।ਇਸ ਮੌਕੇ ਇਲਾਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅੱਜ ਹਰ ਵਰਗ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ 'ਆਪ' ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਬਣਦਾ ਸਤਿਕਾਰ ਦਿੱਤਾ ਜਾਵੇਗਾ।ਇਸ ਮੌਕੇ ਸਰਪੰਚ ਹਰਦੀਪ ਸਿੰਘ, ਏਰੀਆ ਸੰਗਠਨ ਕੋਆਰਡੀਨੇਟਰ ਜਗਦੀਸ਼ ਸ਼ਰਮਾ ਤੋਂ ਇਲਾਵਾ ਪਾਰਟੀ ਵਰਕਰ ਤੇ ਵਲੰਟੀਅਰ ਮੌਜੂਦ ਸਨ।

## ਡਰੇਨ 'ਤੇ ਬਣਾਇਆ ਆਰਜ਼ੀ ਪੁਲ ਟੁੱਟਣ ਕਾਰਨ ਲੋਕ ਪ੍ਰੇਸ਼ਾਨ

### ਪਿੰਡ ਵਾਸੀਆਂ ਵੱਲੋਂ ਪੁਲ ਜਲਦ ਬਣਾਉਣ ਦੀ ਮੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ-ਫਿਰੋਜ਼ਪੁਰ ਹਾਈਵੇ 'ਤੇ ਸਥਿਤ ਪਿੰਡ ਬੂੜਾ ਗੁੱਜਰ ਵਿਚ ਲੰਘੇ ਸਮੇਂ ਤੋਂ ਨਿਕਾਸੀ ਡਰੇਨ ਦਾ ਕੰਮ ਚੱਲ ਰਿਹਾ ਹੈ ਤੇ ਲੋਕਾਂ ਦੇ ਆਉਣ-ਜਾਣ ਲਈ ਆਰਜ਼ੀ ਪੁਲ ਬਣਾਇਆ ਹੋਇਆ, ਪ੍ਰੰਤੂ ਬੀਤੇ ਦਿਨੀਂ ਹੋਈ ਬਾਰਿਸ਼ ਦੇ ਕਾਰਨ ਇਹ ਆਰਜ਼ੀ ਪੁਲ ਟੁੱਟ ਗਿਆ, ਜਿਸ ਕਾਰਨ ਪਿੰਡ ਵਾਸੀਆਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਕਤ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਪੁਲ ਦਾ ਜਾਇਜ਼ਾ ਲੈਣ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਪਿੰਡ ਨੀਵਾਂ ਹੋਣ ਕਾਰਨ ਕਰਕੇ ਇੱਥੇ ਵਾਰ-ਵਾਰ ਪਾਣੀ ਇਕੱਠਾ ਹੋ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਜਦੋਂ ਸ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣੀ ਤਾਂ ਉਸ ਦੌਰਾਨ ਇਹ ਸਮਾਨਤਾ ਬਣਾਇਆ ਗਿਆ, ਪ੍ਰੰਤੂ ਹੁਣ ਇਹ ਪੁੱਲ ਕਾਫ਼ੀ ਪੁਰਾਣਾ ਹੋ ਗਿਆ ਹੈ ਤੇ ਬਿਲਕੁਲ ਟੁੱਟ ਚੁੱਕਾ ਹੈ।ਉਨ੍ਹਾਂ ਕਿਹਾ ਕਿ ਹੁਣ ਫਿਰੋਜ਼ਪੁਰ ਰੋਡ ਵਾਲੀ ਸੜਕ ਵੀ ਬਣ ਰਹੀ ਹੈ ਤੇ ਪੁਲ ਦਾ ਕੰਮ ਵੀ ਕਾਫ਼ੀ ਲੰਬੇ ਸਮੇਂ ਤੋਂ ਚੱਲ ਰਿਹਾ ਹੈ, ਜਿਸ ਕਰਕੇ ਆਉਣ ਜਾਣ ਲਈ ਆਰਜ਼ੀ ਪੁਲ ਬਣਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਨੇ ਉਨ੍ਹਾਂ ਦੱਸਿਆ ਕਿ ਜਦੋਂ ਆਰਜ਼ੀ ਪੁਲ ਬਣਾਇਆ ਗਿਆ, ਜਿਸ ਕਰਕੇ ਬਰਸਾਤ ਦੌਰਾਨ ਇਹ ਪੁਲ ਓਵਰਫਲੋ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਆਰਜ਼ੀ ਪੁਲ ਉੱਚਾ ਬਣਾਇਆ ਹੁੰਦਾ ਤਾਂ ਅੱਜ ਇਹ ਰਸਤਾ ਬਲਾਕ ਨਹੀਂ ਹੋਣਾ ਸੀ।ਉਨ੍ਹਾਂ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਜਾਂ ਤਾਂ ਇਹ ਨਵਾਂ ਪੁਲ ਜਲਦ ਤੋਂ ਜਲਦ ਤਿਆਰ ਕਰਵਾਇਆ ਜਾਵੇ ਤੇ ਜੇਕਰ ਪੁਲ ਬਣਾਉਣ 'ਤੇ ਸਮਾਂ ਲੱਗਦਾ ਹੈ ਤਾਂ ਇਹ ਆਰਜ਼ੀ ਪੁਲ ਨੂੰ ਹੀ ਉੱਚਾ ਕਰਕੇ ਚਾਲੂ ਕੀਤਾ ਜਾਵੇ, ਤਾਂ ਜੋ ਲੋਕਾਂ ਨੂੰ ਮੁਸ਼ਕਲਾਂ ਤੋਂ ਰਾਹਤ ਮਿਲ ਸਕੇ।ਉਨ੍ਹਾਂ ਕਿਹਾ ਕਿ ਵੱਖ-ਵੱਖ ਸਮਾਜਿਕ ਜਥੇਬੰਦੀਆਂ ਵੱਲੋਂ ਵੀ ਇਨ੍ਹਾਂ ਮਸਲਿਆਂ ਨੂੰ ਲੈ ਕੇ ਧਰਨੇ ਦਿੱਤੇ ਜਾ ਚੁੱਕੇ ਹਨ।ਅਖੀਰ ਵਿੱਚ ਉਨ੍ਹਾਂ ਮੁੱਖ ਮੰਤਰੀ ਪੰਜਾਬ, ਸਾਰੇ ਮੰਤਰੀਆਂ ਤੇ ਵਿਧਾਇਕਾਂ ਨੂੰ ਅਪੀਲ ਕੀਤੀ ਕਿ ਹਲਕਾ ਮੁਕਤਸਰ ਦੇ ਲੋਕਾਂ ਦੀ ਤਕਲੀਫ ਨੂੰ ਸਮਝਦੇ ਹੋਏ ਜਲਦ ਤੋਂ ਜਲਦ ਇਹ ਪੁੱਲ ਠੀਕ ਕੀਤੇ ਜਾਣ।ਇਸ ਮੌਕੇ ਅੰਗਰੇਜ਼ ਸਿੰਘ, ਬਲਵਿੰਦਰ ਸਿੰਘ, ਖੇਤਾ ਸਿੰਘ, ਕਾਹਨ ਸਿੰਘ, ਜਸਪਾਲ ਸਿੰਘ, ਰਵੀ ਬਰਾੜ, ਭੋਲਾ ਸਿੰਘ, ਰੂਪ ਸਿੰਘ, ਕਰਮ ਸਿੰਘ, ਸੁਖਵਿੰਦਰ ਸਿੰਘ ਸੰਧੂ, ਮੰਗਲ ਸਿੰਘ, ਬਿੰਦਰ ਸਿੰਘ ਤੇ ਹੋਰ ਵੀ ਪਿੰਡਾਂ ਦੇ ਲੋਕ ਹਾਜ਼ਰ ਸਨ।

## ਕੈਨੇਡਾ ਵੱਲੋਂ ਪਰਵਾਰ ਮੁੜ ਮਿਲਾਪ ਯੋਜਨਾ ਲਈ 10 ਹਜ਼ਾਰ ਬਿਨੈਕਾਰਾਂ ਨੂੰ ਹਰੀ ਝੰਡੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕੈਨੇਡਾ ਦੇ ਅਵਾਸ ਵਿਭਾਗ ਨੇ ਪਰਵਾਰ ਮੁੜ ਮਿਲਾਉਣ ਸਕੀਮ ਦੀਆਂ ਵਰ੍ਹਾ 2020 'ਚ ਪ੍ਰਾਪਤ ਹੋਈਆਂ 18 ਹਜ਼ਾਰ ਅਰਜ਼ੀਆਂ ਵਿੱਚੋਂ 10 ਹਜ਼ਾਰ ਅਰਜ਼ੀਆਂ ਨੂੰ ਹਰੀ ਝੰਡੀ ਦੇ ਦਿੱਤੀ ਹੈ।ਇਹ ਸਕੀਮ ਪਿਛਲੇ 5 ਵਰ੍ਹਿਆਂ ਤੋਂ ਰੁਕੀ ਹੋਈ ਸੀ।ਵਿਭਾਗ ਨੇ ਡਰਾਅ ਰਾਹੀਂ 10 ਹਜ਼ਾਰ ਅਰਜ਼ੀਆਂ ਪ੍ਰਵਾਨ ਕਰਕੇ ਅਗਲੀ ਕਾਰਵਾਈ ਲਈ ਬਿਨੈਕਾਰਾਂ ਨੂੰ ਸੱਦੇ ਭੇਜਣ ਦਾ ਐਲਾਨ ਕਰ ਦਿੱਤਾ ਹੈ।ਬਿਨੈਕਾਰਾਂ ਨੂੰ 28 ਜੁਲਾਈ ਤੋਂ ਈਮੇਲ ਰਾਹੀਂ ਸੱਦੇ ਪੁੱਜਣੇ ਸ਼ੁਰੂ ਹੋ ਜਾਣਗੇ।ਬਿਨੈਕਾਰ ਸਮੇਂ-ਸਮੇਂ 'ਤੇ ਆਪਣੀ ਸਬੰਧਤ ਈਮੇਲ ਨੂੰ ਚੈੱਕ ਕਰਦੇ ਰਹਿਣ।ਸੱਦਾ ਮਿਲਣ ਤੋਂ ਤੁਰੰਤ ਬਾਅਦ ਬਿਨੈਕਾਰ ਮੰਗੇ ਗਏ ਦਸਤਾਵੇਜ਼ ਵਿਭਾਗ ਨੂੰ ਨੱਥੀ ਕਰਨ।ਗੌਰ-ਏ-ਖ਼ਾਸ ਹੈ ਕਿ ਇਸ ਸਕੀਮ ਅਧੀਨ ਸਥਾਈ ਰਿਹਾਇਸ਼ੀਆਂ ਵੱਲੋਂ ਆਪਣੇ ਮਾਪੇ, ਦਾਦਾ-ਦਾਦੀ ਤੇ ਨਾਨਾ-ਨਾਨੀ ਨੂੰ ਸਥਾਈ ਤੌਰ 'ਤੇ ਆਪਣੇ ਨਾਲ ਰਹਿਣ ਲਈ ਸੱਦਿਆ ਜਾ ਸਕਦਾ ਹੈ।ਬਿਨੈਕਾਰ ਸਕੀਮ ਦੇ ਯੋਗ ਹੋਣ ਵਾਲੀਆਂ ਸ਼ਰਤਾਂ ਨੂੰ ਪੂਰਾ ਕਰਦੇ ਹੀ ਆਪਣੇ ਪੁਰਖਿਆਂ ਨੂੰ ਇੱਥੇ ਸੱਦ ਸਕਦੇ ਹਨ।2017 ਤੱਕ ਸਕੀਮ ਤਹਿਤ ਦਾਖ਼ਲ ਹੋਣ ਵਾਲੀਆਂ ਅਰਜ਼ੀਆਂ ਦੀ ਸਾਲਾਨਾ ਹੱਦ ਤੈਅ ਨਹੀਂ ਸੀ, ਹੁਣ 2028 ਤੋਂ ਸਾਲਾਨਾ 5 ਹਜ਼ਾਰ ਅਰਜ਼ੀਆਂ ਦੀ ਹੱਦ ਤੈਅ ਕੀਤੀ ਗਈ ਹੈ।ਵਿਭਾਗ ਨੇ ਇਸ ਬਾਰੇ ਜਾਣਕਾਰੀ ਨਹੀਂ ਦਿੱਤੀ ਕਿ ਵਰ੍ਹਾ 2020 ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ 'ਤੇ ਸੁਣਵਾਈ ਕਦੋਂ ਹੋਵੇਗੀ।ਜਿਹੜੇ ਬਿਨੈਕਾਰਾਂ ਨੂੰ ਸੱਦਾ ਨਹੀਂ ਮਿਲਿਆ, ਵਿਭਾਗ ਨੇ ਉਨ੍ਹਾਂ ਨੂੰ ਸੁਪਰ ਵੀਜ਼ੇ ਦੀ ਸਹੂਲਤ ਦਾ ਲਾਭ ਲੈਣ ਦੀ ਸਲਾਹ ਦਿੱਤੀ ਹੈ, ਜਿਸ ਅਧੀਨ ਉਨ੍ਹਾਂ ਦੇ ਪੁਰਖੇ 5 ਸਾਲ ਤੱਕ ਉਨ੍ਹਾਂ ਕੋਲ ਵਿਦੇਸ਼ ਵਿੱਚ ਰਹਿ ਸਕਦੇ ਹਨ।

## ਰੇਲ ਕਰਮਚਾਰੀਆਂ ਯਾਤਰੀ ਦਾ ਸਾਮਾਨ ਸੁਰੱਖਿਅਤ ਵਾਪਸ ਕਰਵਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦਿੱਲੀ ਤੋਂ ਲੁਧਿਆਣਾ ਜਾ ਰਹੀ ਵੰਦੇ ਭਾਰਤ ਟਰੇਨ (ਟਰੇਨ ਨੰਬਰ 22487) ਵਿੱਚ 19 ਜੁਲਾਈ 2025 ਨੂੰ ਇੱਕ ਯਾਤਰੀ ਦਾ ਸਾਮਾਨ ਸੁਰੱਖਿਅਤ ਵਾਪਸ ਕਰਨ ਦੀ ਖ਼ਬਰ ਸਾਹਮਣੇ ਆਈ ਹੈ। ਇਸ ਘਟਨਾ ਵਿੱਚ ਰੇਲ ਕਰਮਚਾਰੀਆਂ ਦੀ ਸੁਚੇਤਤਾ ਤੇ ਤੁਰੰਤ ਕਾਰਵਾਈ ਨੇ ਯਾਤਰੀ ਨੂੰ ਵੱਡੀ ਰਾਹਤ ਪ੍ਰਦਾਨ ਕੀਤੀ। ਘਟਨਾ ਦੇ ਵੇਰਵੇ ਅਨੁਸਾਰ ਪਾਰਸ ਸਿੰਗਲਾ ਨਾਂਅ ਦਾ ਯਾਤਰੀ ਵੰਦੇ ਭਾਰਤ ਟਰੇਨ ਦੇ ਕੋਚ ਨੰਬਰ 36 ਵਿਚ ਸਫ਼ਰ ਕਰ ਰਿਹਾ ਸੀ। ਅੰਬਾਲਾ ਕੈਂਟ ਸਟੇਸ਼ਨ 'ਤੇ ਉਹ ਖਾਣ-ਪੀਣ ਦਾ ਸਾਮਾਨ ਖ੍ਰੀਦਣ ਲਈ ਟਰੇਨ ਤੋਂ ਉਤਰਿਆ, ਪਰ ਵਾਪਸ ਚੜ੍ਹਨ ਤੋਂ ਪਹਿਲਾਂ ਹੀ ਟਰੇਨ ਅੰਬਾਲਾ ਸਟੇਸ਼ਨ ਤੋਂ ਰਵਾਨਾ ਹੋ ਗਈ। ਇਸ ਦੌਰਾਨ ਉਸ ਦਾ ਸਾਮਾਨ ਟਰੇਨ ਵਿੱਚ ਹੀ ਰਹਿ ਗਿਆ। ਯਾਤਰੀ ਦੇ ਸਹਿ-ਯਾਤਰੀ ਨੇ ਇਸ ਦੀ ਸੂਚਨਾ ਟਰੇਨ ਦੇ ਟਿਕਟ ਨਿਰੀਖਕ ਅਨੰਤ ਸਿੰਘ ਨੂੰ ਦਿੱਤੀ। ਸੂਚਨਾ ਮਿਲਦੇ ਹੀ ਅਨੰਤ ਸਿੰਘ ਨੇ ਤੁਰੰਤ ਕਾਰਵਾਈ ਕਰਦਿਆਂ ਔਨਬੋਰਡ ਟਿਕਟ ਪ੍ਰੀਖਣ ਮਸ਼ੀਨ ਦੀ ਮਦਦ ਨਾਲ ਯਾਤਰੀ ਦਾ ਮੋਬਾਈਲ ਨੰਬਰ ਲੱਭਿਆ ਤੇ ਉਸ ਨਾਲ ਸੰਪਰਕ ਕੀਤਾ। ਯਾਤਰੀ ਨੇ ਅਨੰਤ ਸਿੰਘ ਨੂੰ ਦੱਸਿਆ ਕਿ ਉਸ ਦਾ ਸਾਮਾਨ ਲੁਧਿਆਣਾ ਸਟੇਸ਼ਨ 'ਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤਾ ਜਾਵੇ। ਟਰੇਨ ਦੇ ਲੁਧਿਆਣਾ ਸਟੇਸ਼ਨ ਪਹੁੰਚਣ 'ਤੇ ਸਾਮਾਨ ਦੀ ਪਛਾਣ ਤੇ ਤਸਦੀਕ ਕਰਨ ਤੋਂ ਬਾਅਦ ਯਾਤਰੀ ਦੇ ਪਰਿਵਾਰ ਨੂੰ ਸੁਰੱਖਿਅਤ ਤਰੀਕੇ ਨਾਲ ਸਾਮਾਨ ਸੌਂਪ ਦਿੱਤਾ ਗਿਆ। ਇਸ ਸ਼ਲਾਘਾਯੋਗ ਕਾਰਜ ਲਈ ਸੀਨੀਅਰ ਮੰਡਲ ਵਪਾਰਕ ਪ੍ਰਬੰਧਕ ਪਰਮਦੀਪ ਸਿੰਘ ਸੈਣੀ ਨੇ ਅਨੰਤ ਸਿੰਘ ਨੂੰ ਪ੍ਰਸ਼ੰਸਾ ਪੱਤਰ ਦੇਣ ਦੀ ਘੋਸ਼ਣਾ ਕੀਤੀ।

## ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ



**ਜਲਾਲਾਬਾਦ (ਜੀਤ ਕੁਮਾਰ)**-ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਜਲਾਲਾਬਾਦ ਵਿਖੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਇੱਕ ਸੇਵਾ ਦਿਵਸ ਦੇ ਰੂਪ ਵਿੱਚ ਮਨਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਸੰਪੂਰਨ ਸਿੰਘ ਤੇ ਸਰਪ੍ਰਸਤ ਸ. ਸ਼ੇਰ ਸਿੰਘ ਦੀ ਅਗਵਾਈ ਵਿੱਚ ਸੰਗਤੀ ਰੂਪ ਵਿੱਚ ਸ. ਪਰਵਿੰਦਰ ਸਿੰਘ ਲਾਲਚੌਰੀਆਂ, ਲਾਡੀ ਦਰਗਨ, ਅੰਮ੍ਰਿਤਪਾਲ ਸਿੰਘ ਨੀਲਾ ਮਦਾਨ, ਇੰਦਰਜੀਤ ਸਿੰਘ ਬੱਬਰ, ਗੁਰਦੀਪ ਸਿੰਘ ਤਨੇਜਾ, ਜਤਿੰਦਰ ਸਿੰਘ ਮਿੰਟੂ, ਮਨੂੰ ਦਰਗਨ, ਪਰਮਪ੍ਰੀਤ ਸਿੰਘ, ਮਿੱਠੂ ਕਮਰਾ, ਜੱਸਾ ਧਮੀਜਾ, ਸੁਖਪ੍ਰੀਤ ਸਿੰਘ ਖੁਰਾਣਾ, ਗੁਰਚਰਨ ਸਿੰਘ ਕਮੀਰੀਆ, ਸਿਸਕ ਦਰਗਨ, ਸਨਮ ਦਰਗਨ, ਰਣਜੀਤ ਸਿੰਘ ਨੇ ਇਸ ਸੇਵਾ ਕਾਰਜ ਵਿੱਚ ਹਿੱਸਾ ਪਾਇਆ। ਇਸ ਮੌਕੇ ਸ. ਸੰਪੂਰਨ ਸਿੰਘ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜਲਾਲਾਬਾਦ ਦੇ ਵੱਖ ਵੱਖ ਹਸਪਤਾਲਾਂ ਵਿੱਚ ਜਾ ਕੇ ਮਰੀਜ਼ਾਂ ਦੀ ਚੜ੍ਹਦੀ ਕਲਾ ਵਾਸਤੇ ਅਰਦਾਸ ਬੇਨਤੀ ਕੀਤੀ ਗਈ ਤੇ ਡਾਕਟਰ ਅਤੇ ਸਮੂਹ ਸਟਾਫ ਦੀ ਸਿਹਤਯਾਬੀ ਲਈ ਅਰਦਾਸ ਬੇਨਤੀ ਕੀਤੀ ਗਈ। ਉਪਰੰਤ ਹਸਪਤਾਲ ਵਿੱਚ ਮਰੀਜ਼ਾਂ ਲਈ ਫਲ ਫਰੂਟ ਦੀ ਸੇਵਾ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਦੀ ਸਮੂਹ ਸੰਗਤ ਦੇ ਸਹਿਯੋਗ ਨਾਲ ਕੀਤੀ ਗਈ।

## ਔਰਤ 'ਤੇ ਹਮਲਾ ਕਰਨ ਦੇ ਦੋਸ਼ 'ਚ ਇਕ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੱਲਾਂਵਾਲਾ ਅਧੀਨ ਆਉਂਦੇ ਪਿੰਡ ਖੋਸਾ ਦਲ ਸਿੰਘ ਵਾਲਾ ਵਿਖੇ ਇੱਕ ਔਰਤ 'ਤੇ ਹਥਿਆਰਾਂ ਨਾਲ ਹਮਲਾ ਕਰਕੇ ਜ਼ਖ਼ਮੀ ਕਰਨ ਦੇ ਦੋਸ਼ ਵਿੱਚ ਥਾਣਾ ਮੱਲਾਂਵਾਲਾ ਪੁਲਸ ਨੇ ਇੱਕ ਵਿਅਕਤੀ ਖਿਲਾਫ਼ 333, 115 (2), 3 (5) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਜਸਵਿੰਦਰ ਕੌਰ ਪਤਨੀ ਅਵਤਾਰ ਸਿੰਘ ਵਾਸੀ ਖੋਸਾ ਦਲ ਸਿੰਘ ਵਾਲਾ ਨੇ ਦੱਸਿਆ ਕਿ 30 ਜੂਨ 2025 ਨੂੰ ਵਕਤ ਕਰੀਬ ਸਾਢੇ 12 ਵਜੇ ਦੁਪਹਿਰ ਨੂੰ ਉਹ ਤੇ ਉਸ ਦੀਆਂ ਲੜਕੀਆਂ ਗੁਰਪ੍ਰੀਤ ਕੌਰ, ਮਨਦੀਪ ਕੌਰ ਆਪਣੇ ਘਰ ਮੌਜੂਦ ਸੀ ਤਾਂ ਇਕ ਅੰਮ੍ਰਿਤਪਾਲ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਚੂਚਕ ਵਿੰਡ, ਜਿਸ ਦੇ ਕੋਲ ਕਿਰਪਾਨ ਫੜੀ ਹੋਈ ਸੀ ਤੇ ਉਸ ਨਾਲ ਇਕ ਹੋਰ ਅਣਪਛਾਤਾ ਵਿਅਕਤੀ, ਜਿਸ ਦਾ ਮੂੰਹ ਬੰਨ੍ਹਿਆ ਹੋਇਆ ਸੀ, ਜਿਸ ਪਾਸ ਗੰਡਾਸੀ ਸੀ।ਅੰਮ੍ਰਿਤਪਾਲ ਸਿੰਘ ਨੇ ਆਪਣੀ ਦਸਤੀ ਕਿਰਪਾਨ ਦਾ ਵਾਰ ਉਸ 'ਤੇ ਕੀਤਾ, ਜੋ ਉਸ ਦੀ ਗਰਦਨ ਦੇ ਕੋਲ ਪੁੱਠਾ ਲੱਗਾ।ਜਸਵਿੰਦਰ ਕੌਰ ਨੇ ਦੱਸਿਆ ਕਿ ਉਹ ਡਰ ਕੇ ਅੰਦਰ ਨੂੰ ਜਾਣ ਲੱਗੀ ਤਾਂ ਅੰਮ੍ਰਿਤਪਾਲ ਸਿੰਘ ਨੇ ਇਕ ਹੋਰ ਵਾਰ ਉਸ 'ਤੇ ਕੀਤਾ, ਜੋ ਉਸ ਦੀ ਪਿੱਠ ਵਿੱਚ ਪੁੱਠਾ ਲੱਗਾ ਅਤੇ ਇਸ ਨੇ ਇੱਕ ਹੋਰ ਵਾਰ ਉਸ 'ਤੇ ਕੀਤਾ ਜੋ ਹੱਥ ਦੀ ਚੀਚੀ 'ਤੇ ਲੱਗਾ। ਜਸਵਿੰਦਰ ਕੌਰ ਨੇ ਦੱਸਿਆ ਕਿ ਉਸ ਨੇ ਰੌਲਾ ਪਾਇਆ ਤਾਂ ਇਹ ਦੋਵੇਂ ਜਣੇ ਆਪਣੇ ਹਥਿਆਰਾਂ ਸਮੇਤ ਮੌਕੇ ਤੋਂ ਭੱਜ ਗਏ। ਜਸਵਿੰਦਰ ਕੌਰ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਜ਼ੀਰਾ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਮੇਜਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਫਰੀਡਮ ਫਾਈਟਰ ਉੱਤਰਾਧਿਕਾਰੀ ਸੰਸਥਾ ਦੇ ਜ਼ਿਲ੍ਹਾ ਅਹੁਦੇਦਾਰਾਂ ਦੀ ਚੋਣ

### ਡੀ ਸੀ ਨੂੰ ਮਿਲ ਕੇ ਦੱਸੀਆਂ ਮੁਸ਼ਕਲਾਂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਰੀਡਮ ਫਾਈਟਰ ਉੱਤਰਾਧਿਕਾਰੀ ਸੰਸਥਾ ਰਜਿ. 196 ਪੰਜਾਬ ਜ਼ਿਲ੍ਹਾ ਜਥੇਬੰਦੀ ਫਿਰੋਜ਼ਪੁਰ ਦੀ ਮਹੀਨਾਵਾਰ ਮੀਟਿੰਗ ਸਰਪ੍ਰਸਤ ਹਰਿੰਦਰ ਪਾਲ ਸਿੰਘ ਖਾਲਸਾ ਤੇ ਸੂਬਾ ਪ੍ਰਧਾਨ ਚਤਿੰਨ ਸਿੰਘ ਮਾਨਸਾ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਰਾਮ ਸਿੰਘ ਮਿੱਡਾ ਜ਼ੋਨ ਇੰਚਾਰਜ, ਬਲਦੇਵ ਸਿੰਘ ਜ਼ਿਲ੍ਹਾ ਪ੍ਰਧਾਨ ਫਰੀਦਕੋਟ, ਗੁਰਚਰਨ ਸਿੰਘ ਬਰਗਾੜੀ ਨੇ ਸ਼ਮੂਲੀਅਤ ਕੀਤੀ।

ਮੀਟਿੰਗ ਵਿੱਚ ਜ਼ਿਲ੍ਹਾ ਜਥੇਬੰਦੀ ਦੀ ਦੁਆਰਾ ਚੋਣ ਕੀਤੀ ਗਈ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਕੁਮਾਰ ਜਿੰਦਲ, ਜ਼ਿਲ੍ਹਾ ਸਕੱਤਰ ਸਤਨਾਮ ਸਿੰਘ ਲਹਿਰਾ, ਜ਼ਿਲ੍ਹਾ ਖਜ਼ਾਨਚੀ ਕੁਲਦੀਪ ਸਿੰਘ, ਸੀਨੀਅਰ ਮੀਤ ਪ੍ਰਧਾਨ ਇਕਬਾਲ ਸਿੰਘ ਸੰਧੂ, ਮੀਤ ਪ੍ਰਧਾਨ ਬਗੀਚਾ ਸਿੰਘ ਜ਼ੀਰਾ, ਮੀਤ ਪ੍ਰਧਾਨ ਕਲਾਸੋ, ਕਾਂਤਾ ਕੁਮਾਰੀ, ਕਾਨੂੰਨੀ ਸਲਾਹਕਾਰ ਅਮਰੀਕ ਸਿੰਘ ਵਿਰਕ, ਦਫ਼ਤਰ ਇੰਚਾਰਜ ਤਰਸੇਮ ਕੁਮਾਰ, ਏਰੀਆ ਇੰਚਾਰਜ ਮਮਦੋਟ ਹਰਭਜਨ ਸਿੰਘ, ਏਰੀਆ ਇੰਚਾਰਜ ਮਖੂ ਸੂਰਜ ਬੇਦੀ, ਏਰੀਆ ਇੰਚਾਰਜ ਤਲਵੰਡੀ ਭਾਈ ਪਵਨ ਕੁਮਾਰ ਨਿਯੁਕਤ ਕੀਤੇ ਗਏ। ਇਸ ਉਪਰੰਤ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਨੂੰ ਮਿਲ ਕੇ ਫਰੀਡਮ ਫਾਈਟਰ ਪਰਵਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ 15 ਅਗਸਤ ਤੋਂ ਪਹਿਲਾਂ ਜ਼ਿਲ੍ਹੇ ਦੇ ਸਾਰੇ ਮਹਿਕਮਿਆਂ ਨਾਲ ਫਰੀਡਮ ਫਾਈਟਰ ਪਰਵਾਰਾਂ ਦੀ ਮੀਟਿੰਗ ਕਰਵਾ ਕੇ ਮੁਸ਼ਕਲਾਂ ਨੂੰ ਹੱਲ ਕਰਵਾਇਆ ਜਾਵੇਗਾ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਦੇਸ਼ ਭਗਤ ਪਰਵਾਰਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰੀ ਸਿੰਘ, ਮੁਖਤਿਆਰ ਸਿੰਘ, ਗੁਰਨਾਮ ਸਿੰਘ ਆਦਿ ਆਗੂ ਹਾਜ਼ਰ ਸਨ।

## ਜਨ ਹਿੱਤ ਸੰਮਤੀ ਵੱਲੋਂ ਬੂਟੇ ਲਗਾ ਕੇ ਸਾਂਭ-ਸੰਭਾਲ ਲਈ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ : ਵਿਰਕ, ਬਰਾੜ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਵਲੋਂ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਅਤੇ ਐਲ ਆਈ ਸੀ ਦੇ ਸਹਿਯੋਗ ਨਾਲ ਪੋਲੋ ਗਰਾਊਂਡ ਵਿਖੇ ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਣ ਨੂੰ ਬਚਾਉਣ ਲਈ ਵੱਖ ਵੱਖ ਥਾਵਾਂ ਉਪਰ 50 ਛਾਂਦਾਰ ਅਤੇ ਫਲਦਾਰ ਬੂਟੇ ਲਗਾਏ ਗਏ, ਜਿਸ ਵਿੱਚ ਮੁੱਖ ਮਹਿਮਾਨ ਉਪਕਾਰ ਸਿੰਘ ਵਿਰਕ ਸਕੱਤਰ ਆਲ ਇੰਡੀਆ ਖੋ ਖੋ ਫੈਡਰੇਸ਼ਨ ਤੇ ਸਾਬਕਾ ਐਸ ਪੀ ਮਨਜੀਤ ਸਿੰਘ ਬਰਾੜ ਨੇ ਸ਼ਿਰਕਤ ਕੀਤੀ, ਵਿਸ਼ੇਸ਼ ਤੌਰ 'ਤੇ ਸੀਨੀਅਰ ਐਡਵੋਕੇਟ ਐਚ ਐਨ ਮੈਹਸਮਪੁਰੀ, ਸਟੇਟ ਐਵਾਰਡੀ ਪਰਮਿੰਦਰ ਭਲਵਾਨ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਸ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੀਤ ਪ੍ਰਧਾਨ, ਸਤੀਸ਼ ਜੋਸ਼ੀ, ਜੀਵਨਪ੍ਰੀਤ ਸਿੰਘ ਭਸੀਨ, ਰਾਜੇਸ਼ ਭੰਡਾਰੀ, ਦੀਪਕ ਸਿੰਗਲਾ, ਰਮਨਦੀਪ ਗੋਇਲ, ਗੁਰਵਿੰਦਰ ਸਿੰਘ, ਰਵਿੰਦਰ ਸ਼ਰਮਾ , ਵਿਨੇ ਸੋਗੀ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਸੁਰਿੰਦਰ ਸਿੰਘ, ਹਰਮਨਜੀਤ ਸਿੰਘ ਰੰਧਾਵਾ , ਗੁਰਜੀਤ ਸਿੰਘ ਲੱਕੀ ਹਰਦਾਸਪੁਰ ਨੇ ਭਰਪੂਰ ਸਹਿਯੋਗ ਦਿੱਤਾ।

ਇਸ ਮੌਕੇ ਸਾਬਕਾ ਐਸ ਪੀ ਮਨਜੀਤ ਸਿੰਘ ਬਰਾੜ ਅਤੇ ਉਪਕਾਰ ਸਿੰਘ ਵਿਰਕ ਸਕੱਤਰ ਆਲ ਇੰਡੀਆ ਖੋ ਖੋ ਫੈਡਰੇਸ਼ਨ ਨੇ ਕਿਹਾ ਕਿ ਜਨ ਹਿੱਤ ਸੰਮਤੀ ਵਲੋਂ ਬੂਟੇ ਲਗਾ ਕੇ ਉਹਨਾਂ ਦੀ ਸਾਭ ਸੰਭਾਲ ਲਈ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਹਰ ਸਾਲ ਅਨੇਕਾਂ ਸਰਕਾਰੀ ਵਿਭਾਗ, ਸਮਾਜ ਸੇਵੀ ਸੰਸਥਾਵਾਂ ਲੱਖਾਂ ਦੀ ਗਿਣਤੀ ਵਿੱਚ ਰੁੱਖ ਲਗਾਉਂਦੀਆਂ ਹਨ ਜੋ ਕਿ ਬਹੁਤ ਹੀ ਵਧੀਆ ਉਪਰਾਲਾ ਹੈ ਵਾਤਾਵਰਣ ਨੂੰ ਬਚਾਉਣ ਲਈ, ਪ੍ਰੰਤੂ ਰੁੱਖ ਲਗਾ ਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਵੀ ਬਹੁਤ ਜ਼ਰੂਰੀ ਹੈ। ਉਹਨਾਂ ਕਿਹਾ ਕਿ ਹਰ ਮਨੁੱਖ ਨੂੰ ਜ਼ਿੰਦਗੀ ਵਿਚ ਪੰਜ ਰੁੱਖ ਲਗਾ ਕੇ ਉਹਨਾਂ ਦੀ ਸਾਭ ਸੰਭਾਲ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਅੱਜ ਹਰ ਦਿਨ ਵਧਦੇ ਤਾਪਮਾਨ ਲਈ ਇਨਸਾਨ ਖੁਦ ਜ਼ਿੰਮੇਵਾਰ ਹੈ। ਮਨੁੱਖ ਨੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਰੁੱਖਾਂ ਨੂੰ ਕੱਟਣਾ ਸ਼ੁਰੂ ਕਰ ਦਿੱਤਾ ਅਤੇ ਨਵੇਂ ਬੂਟੇ ਨਹੀਂ ਲਗਾਏ ਜਿਸ ਕਾਰਨ ਗੋਲਬਲ ਵਾਰਮਿੰਗ ਕਾਰਨ ਮਨੁੱਖ ਨੂੰ ਕੀਤੇ ਅੱਜ ਹੜ੍ਹਾਂ, ਸੋਕਾ, ਭਿਆਨਕ ਗਰਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਦੂਸ਼ਿਤ ਹੁੰਦੇ ਵਾਤਾਵਰਣ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰ ਇਨਸਾਨ ਨੂੰ ਆਪਣੇ ਘਰ ਵਿਚ ਘੱਟ ਤੋਂ ਘੱਟ ਇੱਕ ਬੂਟਾ ਲਗਾ ਕੇ ਉਸ ਦੀ ਸਾਭ ਸੰਭਾਲ ਕਰਨੀ ਚਾਹੀਦੀ ਹੈ ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਦੇ ਸਕਾਂਗੇ। ਇਸ ਮੌਕੇ ਪੋਲੋ ਗਰਾਊਂਡ ਵਿਖੇ ਪਟਿਆਲਾ ਵਿਖੇ 50 ਤੋਂ ਉਪਰ, ਛਾਂਦਾਰ ਅਤੇ ਫਲਦਾਰ ਬੂਟੇ ਲਗਾਏ ਗਏ।

## ਤਲਵੰਡੀ ਰੋਡ ਵਾਲੇ ਪੁਲਾਂ ਦਾ ਕੰਮ 15 ਅਗਸਤ ਤੱਕ ਕੀਤਾ ਜਾਵੇਗਾ ਮੁਕੰਮਲ : ਸੇਖੋਂ

### *ਟਹਿਣੇ ਤੋਂ ਫਰੀਦਕੋਟ, ਕੋਟਕਪੂਰਾ ਰੋਡ ਚਹੁੰ ਮਾਰਗੀ ਹੋਵੇਗਾ, ਸ਼ਹਿਰ 'ਚ ਚਾਰ ਅੰਡਰ ਬ੍ਰਿਜ ਬਣਾਏ ਜਾਣਗੇ*



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਪੰਜਾਬ ਸਰਕਾਰ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਉਪਰਾਲਾ ਕਰ ਰਹੀ ਹੈ ਤਾਂ ਜੋ ਆਮ ਲੋਕਾਂ ਨੂੰ ਵਿਕਾਸ ਦਾ ਲਾਭ ਮਿਲ ਸਕੇ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਐੱਮ.ਐੱਲ.ਏ. ਫਰੀਦਕੋਟ ਸ੍ਰ. ਗੁਰਦਿੱਤ ਸਿੰਘ ਸੇਖੋਂ ਨੇ ਵੱਖ ਵੱਖ ਵਿਕਾਸ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਤਲਵੰਡੀ ਰੋਡ ਵਾਲੇ ਪੁਲਾਂ ਦਾ ਕੰਮ 15 ਅਗਸਤ ਤੱਕ ਮੁਕੰਮਲ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਇਨ੍ਹਾਂ ਪੁਲਾਂ ਦੇ ਮੁਕੰਮਲ ਹੋਣ ਨਾਲ ਲੋਕਾਂ ਦੀ ਟ੍ਰੈਫਿਕ ਸਮੱਸਿਆ ਪੂਰੀ ਤਰ੍ਹਾਂ ਹੱਲ ਹੋਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇੱਕੋ ਇਕ ਮੰਤਵ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇ ਕੇ ਰਾਜ ਦਾ ਸਰਵਪੱਖੀ ਵਿਕਾਸ ਕਰਨਾ ਹੈ।ਉਨ੍ਹਾਂ ਕਿਹਾ ਕਿ ਹਲਕੇ ਅੰਦਰ ਵਿਕਾਸ ਕਾਰਜ ਲਗਾਤਾਰ ਜਾਰੀ ਵੀ ਹਨ।ਉਨ੍ਹਾ ਜ਼ਿਲ੍ਹਾ ਵਾਸੀਆਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਟਹਿਣੇ ਤੋਂ ਫਰੀਦਕੋਟ, ਕੋਟਕਪੂਰਾ ਸ਼ਹਿਰ ਵਿੱਚੋਂ ਲੰਘ ਕੇ ਢਿੱਲਵਾਂ ਕਲਾਂ ਤੱਕ ਚਾਰ ਮਾਰਗੀ ਸੜਕ ਮਨਜ਼ੂਰ ਹੋ ਗਈ ਹੈ ਅਤੇ ਇਸ ਕੰਮ ਦੇ ਲਈ ਵੀ ਜਲਦ ਹੀ ਟੈਂਡਰ ਲਗਾਏ ਜਾਣਗੇ।ਉਨ੍ਹਾਂ ਦੱਸਿਆ ਕਿ ਇਸ ਸੜਕ ਨੂੰ ਵੀ ਲੋਕਾਂ ਦੀ ਸਹੂਲਤ ਅਨੁਸਾਰ ਬਣਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਕੋਟਕਪੂਰੇ ਤੋਂ ਫਰੀਦਕੋਟ ਆਉਣ ਵਾਸਤੇ ਜਾਂ ਹੋਰ ਜ਼ਿਲ੍ਹਿਆਂ ਤੋਂ ਜਿਵੇਂ ਬਠਿੰਡੇ ਤੋਂ ਮੁਕਤਸਰ ਸਾਹਿਬ, ਅਬੋਹਰ, ਹਰਿਆਣਾ ਜਾਂ ਰਾਜਸਥਾਨ ਤੋਂ ਆਉਣ ਦਾ ਰਸਤਾ ਇਹੀ ਮੇਨ ਸੜਕ ਹੈ।ਇਸ ਕਰਕੇ ਇਸ ਸੜਕ ਨੂੰ ਚਹੁੰ-ਮਾਰਗੀ ਬਣਾਇਆ ਜਾਵੇਗਾ।ਉਨ੍ਹਾਂ ਦੱਸਿਆ ਸ਼ਹਿਰ ਵਿੱਚ ਆਵਾਜਾਈ ਦੀ ਸਹੂਲਤ ਲਈ ਚਾਰ ਅੰਡਰ ਬ੍ਰਿਜ ਵੀ ਬਣਾਏ ਜਾਣਗੇ।ਭੋਲੂਵਾਲਾ ਰੋਡ, ਚਹਿਲ ਰੋਡ, ਪੱਖੀ ਰੋਡ ਤੇ ਬਾਈਪਾਸ, ਇਹ ਚਾਰ ਰੋਡ ਤੇ ਰੇਲਵੇ ਕਰਾਸਿੰਗ ਤੇ ਅੰਡਰ ਬ੍ਰਿਜ ਬਣਾਉਣ ਲਈ ਸੈਂਟਰ ਸਰਕਾਰ ਨਾਲ ਗੱਲ ਚੱਲ ਰਹੀ ਹੈ।ਇਸ ਦੀ ਮਨਜ਼ੂਰੀ ਮਿਲਣ ਉਪਰੰਤ ਇਹ ਵੀ ਕੰਮ ਜਲਦ ਸ਼ੁਰੂ ਕੀਤੇ ਜਾਣਗੇ।

## ਕਿੰਡਰਗਾਰਟਨ 'ਚ 'ਨੋ ਬੈਗ ਡੇ' ਮਨਾਇਆ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਅਕੇਡੀਆ ਵਰਲਡ ਸਕੂਲ ਸੁਨਾਮ ਵਿਖੇ ਕਿੰਡਰਗਾਰਟਨ ਦੇ ਵਿਦਿਆਰਥੀਆਂ ਦੁਆਰਾ 'ਨੋ ਬੈਗ ਡੇ' ਜੋਸ਼ ਤੇ ਖੁਸ਼ੀ ਨਾਲ ਮਨਾਇਆ ਗਿਆ।ਇਸ ਦਿਨ ਵਿਦਿਆਰਥੀਆਂ ਨੂੰ ਬਿਨਾਂ ਬੈਗ ਦੇ ਸਕੂਲ ਆਉਣ ਲਈ ਕਿਹਾ ਗਿਆ ਸੀ, ਤਾਂ ਜੋ ਉਹ ਪਾਠਕ੍ਰਮ ਤੋਂ ਹਟ ਕੇ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈ ਸਕਣ।ਬੱਚਿਆਂ ਨੇ ਖੇਡਾਂ, ਜਿਸ ਵਿੱਚ ਗਰੋਸ ਮੋਟਰ ਸਕਿਲਸ, ਡਰਾਇੰਗ, ਗੀਤਾਂ ਤੇ ਨਾਚ ਵਰਗੀਆਂ ਰਚਨਾਤਮਕ ਗਤੀਵਿਧੀਆਂ ਵਿੱਚ ਭਰਪੂਰ ਰੁਚੀ ਦਿਖਾਈ। ਸਕੂਲ ਵਿੱਚ ਉਨ੍ਹਾਂ ਲਈ ਮਨੋਰੰਜਕ ਫਿਲਮ 'ਤਾਰੇ ਜ਼ਮੀਨ ਪਰ' ਵੀ ਦਿਖਾਈ ਗਈ, ਜਿਸ ਨੂੰ ਬੱਚਿਆਂ ਨੇ ਬਹੁਤ ਪਸੰਦ ਕੀਤਾ।ਇਸ ਦੇ ਨਾਲ ਹੀ, ਬੱਚਿਆਂ ਨੇ ਆਪਣੇ ਦੋਸਤਾਂ ਨਾਲ ਮਿਲ ਬੈਠ ਕੇ ਨਮਕੀਨ ਤੇ ਮਿੱਠੇ ਸਨੈਕਸ ਦਾ ਆਨੰਦ ਵੀ ਮਾਣਿਆ।ਅਧਿਆਪਕਾਂ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਦਿਨ ਬੱਚਿਆਂ ਵਿੱਚ ਖੁਸ਼ੀ ਤੇ ਸਿੱਖਣ ਦੀ ਇੱਛਾ ਵਧਾਉਂਦੇ ਹਨ।ਸਕੂਲ ਪ੍ਰਿੰਸੀਪਲ ਰਣਜੀਤ ਕੌਰ ਨੇ ਕਿਹਾ ਕਿ ਇਨ੍ਹਾਂ ਗਤੀਵਿਧੀਆਂ ਰਾਹੀਂ ਬੱਚਿਆਂ ਦੀ ਕਲਪਨਾ ਸ਼ਕਤੀ ਵਿੱਚ ਨਿਖਾਰ ਆਉਂਦਾ ਹੈ।ਸਕੂਲ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਵਿੱਚ ਮਦਦ ਕਰਦੀਆਂ ਹਨ, ਜਿਸ ਨਾਲ ਉਨ੍ਹਾਂ ਨੂੰ ਕਲਾਸ ਰੂਮ ਤੋਂ ਬਾਹਰ ਦੀ ਦੁਨੀਆ ਦੀਆਂ ਗਤੀਵਿਧੀਆਂ ਤੇ ਕੰਮ ਕਾਜ ਦੀ ਸਮਝ ਆਉਂਦੀ ਹੈ।

## ਦੇਵ ਮਾਨ ਨੇ ਅਲਹੌਰਾਂ ਕਲਾਂ 'ਚ ਰੱਖਿਆ ਸਟੇਡੀਅਮ ਦੀ ਚਾਰਦੀਵਾਰੀ ਦਾ ਨੀਂਹ ਪੱਥਰ




**ਨਾਭਾ (ਵਰਿੰਦਰ ਵਰਮਾ)**-ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਨੂੰ ਖੇਡਾਂ 'ਚ ਅੱਗੇ ਲਿਜਾਣ ਲਈ ਸੂਬੇ ਦੇ ਹਰੇਕ ਪਿੰਡ 'ਚ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ, ਜਿਸ ਤਹਿਤ ਅੱਜ ਹਲਕੇ ਦੇ ਪਿੰਡ ਅਲਹੌਰਾਂ ਕਲਾਂ ਵਿਖੇ ਸਟੇਡੀਅਮ ਦੀ ਚਾਰਦੀਵਾਰੀ ਦਾ ਨੀਂਹ ਪੱਥਰ ਰੱਖਣ ਲਈ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਵਿਧਾਇਕ ਦੇਵ ਮਾਨ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਾਭਾ ਹਲਕੇ ਦੇ ਹਰੇਕ ਪਿੰਡ ਵਿਚ ਯੂਥ ਕਲੱਬਾਂ ਨੂੰ ਜਲਦ ਹੀ ਗਰਾਂਟਾਂ ਤੇ ਖੇਡਾਂ ਦਾ ਸਾਮਾਨ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਹਲਕੇ ਦੇ ਪਿੰਡਾਂ ਵਿੱਚ ਉੱਚ ਪੱਧਰੀ ਖੇਡ ਗਰਾਊਂਡ ਬਣਨ ਜਾ ਰਹੇ ਹਨ, ਜਿਸ ਤਹਿਤ ਅੱਜ ਪਿੰਡ ਅਲਹੌਰਾਂ ਕਲਾਂ ਵਿਖੇ 5 ਲੱਖ ਦੀ ਲਾਗਤ ਨਾਲ ਸਟੇਡੀਅਮ ਦੀ ਚਾਰਦੀਵਾਰੀ ਦਾ ਨੀਂਹ ਪੱਥਰ ਰੱਖਿਆ ਗਿਆ ਹੈ।ਦੇਵ ਮਾਨ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਪਿੰਡਾਂ ਦੀ ਨੁਹਾਰ ਬਦਲਣ ਦਾ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ, ਉੱਥੇ ਹੀ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਵੀ ਵੱਡੇ ਪੱਧਰ 'ਤੇ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ।ਇਸ ਮੌਕੇ ਆਪ ਆਗੂ ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ ਯੂਥ ਡਿਵੈਲਪਮੈਂਟ ਬੋਰਡ, ਕਰਮਜੀਤ ਸਿੰਘ ਅਲਹੌਰਾਂ ਆੜ੍ਹਤੀਆ ਐਸੋਸੀਏਸ਼ਨ, ਕਿਰਨਪਾਲ ਕੌਰ ਸਰਪੰਚ, ਬਹਾਦਰ ਸਿੰਘ, ਜੋਗਾ ਸਿੰਘ ਪੰਚ, ਸੁਰਿੰਦਰ ਪਾਲ ਸਿੰਘ ਪੰਚ, ਨਿਰਭੈ ਸਿੰਘ ਪੰਚ, ਗੁਰਜੰਟ ਸਿੰਘ ਪੰਚ, ਬਲਵਿੰਦਰ ਸਿੰਘ ਪੰਚ, ਹਰਮੇਲ ਕੌਰ ਪੰਚ, ਮਨਜੀਤ ਕੌਰ ਪੰਚ, ਰਣਜੀਤ ਸਿੰਘ ਸਰਪੰਚ ਜੱਜ, ਜਸਵੀਰ ਸਿੰਘ ਵਜੀਦਪੁਰ, ਭੁਪਿੰਦਰ ਸਿੰਘ ਕੱਲਰ ਮਾਜਰੀ, ਗੋਨਾ ਸਰਪੰਚ ਕਰਤਾਰ ਕਾਲੋਨੀ, ਕੁਲਵੰਤ ਸਿੰਘ ਅਟਵਾਲ ਸਰਪੰਚ ਮੇਘ ਕਾਲੋਨੀ, ਹਰਜਿੰਦਰ ਸਿੰਘ ਸਾਬਕਾ ਸਰਪੰਚ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

## ਨੇਕੀ ਫਾਊਂਡੇਸ਼ਨ ਨੇ ਵਣ ਮੇਲੇ ਦੌਰਾਨ 16 ਹਜ਼ਾਰ ਪੌਦਿਆਂ ਨੂੰ ਗੋਦ ਦਿੱਤਾ



**ਬੁਢਲਾਡਾ (ਅਸ਼ੋਕ ਲਾਕੜਾ)**

ਸਮਾਜ ਸੇਵੀ ਸੰਸਥਾ ਨੇਕੀ ਫਾਊਂਡੇਸ਼ਨ ਬੁਢਲਾਡਾ ਵੱਲੋਂ ਸ਼ਹੀਦ ਕੈਪਟਨ ਕੇ ਕੇ ਗੌੜ ਯਾਦਗਾਰੀ ਪੀ ਐੱਮ ਸ੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬੁਢਲਾਡਾ ਵਿੱਚ ਵਣ ਮੇਲਾ 2025 ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਤਕਰੀਬਨ 8000 ਲੋਕਾਂ ਨੇ ਪਰਵਾਰਾਂ ਤੇ ਬੱਚਿਆਂ ਸਮੇਤ ਭਾਗ ਲਿਆ।ਮੇਲੇ ਦਾ ਮੁੱਖ ਟੀਚਾ ਇਲਾਕੇ ਵਿੱਚ 25,000 ਪੌਦੇ ਲਗਾਉਣਾ ਸੀ, ਜਿਸ ਅਧੀਨ 16,000 ਪੌਦਿਆਂ ਨੂੰ ਨਿਯਮਾਂ ਅਨੁਸਾਰ ਗੋਦ ਦਿੱਤਾ ਗਿਆ ਅਤੇ 9000 ਪੌਦੇ ਵੱਖ ਵੱਖ ਕਲੱਬਾਂ ਤੇ ਸੰਸਥਾਵਾਂ ਦੇ ਸਹਿਯੋਗ ਨਾਲ ਲਗਵਾਏ ਗਏ।

ਮੇਲੇ ਵਿੱਚ 70 ਦੇ ਕਰੀਬ ਸਟਾਲਾਂ ਲਗਾਈਆਂ ਗਈਆਂ, ਜਿਨ੍ਹਾਂ ਵਿੱਚ ਖੇਤੀਬਾੜੀ, ਬਾਗਬਾਨੀ, ਆਰਗੈਨਿਕ ਉਤਪਾਦ, ਖਾਦਾਂ, ਕਿਤਾਬਾਂ, ਹਰਬਲ ਚੀਜ਼ਾਂ ਤੇ ਹੋਰ ਸੰਬੰਧਤ ਸਾਮਾਨ ਸ਼ਾਮਲ ਸੀ।ਇਸ ਦੇ ਨਾਲ ਹੀ 80 ਤੋਂ ਵੱਧ ਕਿਸਮਾਂ ਦੇ ਛਾਂਦਾਰ, ਫ਼ਲਦਾਰ, ਫੁੱਲਦਾਰ ਤੇ ਸਜਾਵਟੀ ਪੌਦੇ ਲੋਕਾਂ ਨੂੰ ਦਿੱਤੇ ਗਏ। ਪੌਦਾ ਦੇਣ ਸਮੇਂ ਸੰਸਥਾ ਵੱਲੋਂ ਹਰੇਕ ਦੀ ਰਜਿਸਟ੍ਰੇਸ਼ਨ ਕੀਤੀ ਗਈ ਅਤੇ ਪੌਦੇ ਲਗਾਉਣ ਦੀ ਵਿਧੀ ਵੀ ਸਮਝਾਈ ਗਈ।ਖਾਦ ਵੀ ਮੁਫ਼ਤ ਵੰਡਿਆ ਗਿਆ।

ਮੁੱਖ ਮਹਿਮਾਨ ਡਾ. ਰਜਨੀਸ਼ ਵਰਮਾ ਰਾਊਂਡਗਲਾਸ ਫਾਊਂਡੇਸ਼ਨ ਮੋਹਾਲੀ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਦੀ ਸੰਸਥਾ ਵੱਲੋਂ ਰਵਾਇਤੀ ਬੀਜਾਂ ਦੀ ਪ੍ਰਦਰਸ਼ਨੀ ਤੇ ਪੁਰਾਤਨ ਰਵਾਇਤੀ ਰੁੱਖਾਂ ਦੀ ਸਟਾਲ ਵੀ ਲਗਾਈ ਗਈ।ਇਸ ਮੌਕੇ ਇਲਾਕੇ ਦੀਆਂ ਸਨਮਾਨਯੋਗ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ ਤੇ ਸਭ ਨੂੰ ਅਪੀਲ ਕੀਤੀ ਗਈ ਕਿ ਪੌਦਿਆਂ ਦੇ ਵਿਕਾਸ ਦੀਆਂ ਫੋਟੋਆਂ ਸੰਸਥਾ ਤੱਕ ਜ਼ਰੂਰ ਭੇਜਣ।

ਮੇਲੇ ਦੇ ਸਫਲ ਆਯੋਜਨ ਵਿੱਚ ਵਣ ਵਿਭਾਗ ਮਾਨਸਾ, ਸਕੂਲ ਪ੍ਰਿੰਸੀਪਲ ਤੇ ਸਟਾਫ਼, ਸਾਬਕਾ ਸੈਨਿਕਾਂ ਦੀ ਟੀਮ, ਰਹਿਮਤ ਫਾਊਂਡੇਸ਼ਨ ਦੇ ਵਲੰਟੀਅਰਾਂ, ਮੁਨੀਮ ਯੂਨੀਅਨ ਦੇ ਮੈਂਬਰਾਂ ਤੇ ਹੋਰ ਵਲੰਟੀਅਰਾਂ ਨੇ ਮੁੱਖ ਭੂਮਿਕਾ ਨਿਭਾਈ।

## ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ 'ਚ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਅਦਾਲਤ ਵਿੱਚ ਚੱਲ ਰਹੇ ਤਲਾਕ ਦੇ ਕੇਸ 'ਚ ਅਦਾਲਤ ਵਿੱਚ ਪੇਸ਼ੀ 'ਤੇ ਹਾਜ਼ਰ ਨਾ ਹੋਣ ਅਤੇ ਨਾ ਹੀ ਮਹਿਲਾ ਨੂੰ ਖਰਚਾ ਦੇਣ ਦੇ ਦੋਸ਼ ਵਿੱਚ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਇੱਕ ਵਿਅਕਤੀ ਖਿਲਾਫ 208 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਜਸਬੀਰ ਸਿੰਘ ਨੇ ਦੱਸਿਆ ਕਿ ਹੁਕਮ ਨੰਬਰ 761 18 ਜੁਲਾਈ 2025 ਵੱਲੋਂ ਬਾਅਦਾਲਤ ਰਜਿੰਦਰ ਸਿੰਘ ਤੇਜ਼ੀ ਜੇਐੱਮਆਈਸੀ ਫਿਰੋਜ਼ਪੁਰ ਮੌਸੂਲ ਥਾਣਾ ਹੋਇਆ ਕਿ ਗੁਰਪ੍ਰੀਤ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਧੀਰਾ ਪੱਤਰਾ ਆਪਣੀ ਪਤਨੀ ਰਮਨਦੀਪ ਕੌਰ ਨਾਲ ਤਲਾਕ ਦਾ ਕੇਸ ਮਾਨਯੋਗ ਅਦਾਲਤ ਵਿੱਚ ਚੱਲਦਾ ਹੈ। ਗੁਰਪ੍ਰੀਤ ਸਿੰਘ ਨਾ ਤਾਂ ਆਪਣੀ ਤਾਰੀਖ ਪੇਸ਼ੀ 'ਤੇ ਮਾਨਯੋਗ ਅਦਾਲਤ ਵਿੱਚ ਹਾਜ਼ਰ ਆਉਂਦਾ ਸੀ ਤੇ ਨਾ ਹੀ ਮਾਨਯੋਗ ਅਦਾਲਤ ਵੱਲੋਂ, ਜੋ ਰਮਨਦੀਪ ਕੌਰ ਨੂੰ ਮਹੀਨਾਵਾਰ ਖਰਚਾ ਬਾਊਂਡ ਕੀਤਾ ਗਿਆ ਸੀ, ਨਹੀਂ ਦੇ ਰਿਹਾ ਹੈ। ਇਸ ਤਰ੍ਹਾਂ ਕਰਕੇ ਉਸ ਨੇ ਮਾਨਯੋਗ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੈ। ਜਾਂਚਕਰਤਾ ਜਸਬੀਰ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## 40 ਲੱਖ ਦਾ ਲੋਹਾ ਚੋਰੀ ਕਰਨ ਦੇ ਮਾਮਲੇ 'ਚ ਪੰਜ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਸ਼ਾਹਪੁਰ ਨੇੜਿਓਂ ਕਰੀਬ 40 ਲੱਖ ਰੁਪਏ ਮੁੱਲ ਦਾ ਲੋਹਾ ਕਰਾਹ ਚੋਰੀ ਕਰ ਲੈ ਜਾਣ ਦੇ ਕਥਿਤ ਮਾਮਲੇ 'ਚ ਅਮਲੋਹ ਪੁਲਸ ਵੱਲੋਂ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਖੰਨਾ ਦੇ ਵਸਨੀਕ ਦੀਵਾਨ ਚੰਦ ਬਾਂਸਲ ਨਾਮਕ ਕਾਰੋਬਾਰੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਪਿੰਡ ਸ਼ਾਹਪੁਰ ਵਿਖੇ ਸਥਿਤ ਇਕੋਵੈਕਸ ਇੰਡਸਟਰੀਜ਼ ਦੇ ਨਾਲ ਉਸ ਦਾ ਇੱਕ 316 ਗਜ ਦਾ ਪਲਾਟ ਹੈ, ਜਿਸ ਵਿੱਚ ਉਸ ਦਾ ਟਨ ਲੋਹਾ ਕਰਾਹ ਪਿਆ ਸੀ।ਜਦੋਂ ਮਿਤੀ 24/4/25 ਨੂੰ ਉਸ ਨੇ ਪਲਾਟ 'ਚ ਜਾ ਕੇ ਚੈੱਕ ਕੀਤਾ ਤਾਂ ਉਸ ਦਾ ਲੋਹਾ ਕਰਾਹ ਉੱਥੇ ਨਹੀਂ ਸੀ।ਇਸ ਚੋਰੀ ਸਬੰਧੀ ਉਹ ਦਰਿਆਫਤ ਕਰਦਾ ਰਿਹਾ ਤੇ ਹੁਣ ਉਸ ਨੂੰ ਪਤਾ ਲੱਗਾ ਹੈ ਕਿ ਤਿੰਨ ਟਰੈਕਟਰ, ਟਰਾਲੀਆਂ ਤੇ ਪੀਲੇ ਰੰਗ ਦੀ ਜੇ.ਸੀ.ਬੀ. ਮਸ਼ੀਨ ਦੀ ਵਰਤੋਂ ਕਰਕੇ ਕੁਝ ਵਿਅਕਤੀਆਂ ਨੇ ਉਸ ਦਾ ਕਰੀਬ 40 ਲੱਖ ਰੁਪਏ ਮੁੱਲ ਦਾ ਲੋਹਾ ਕਰਾਹ ਚੋਰੀ ਕੀਤਾ ਹੈ, ਜੋ ਕਿ ਮੰਡੀ ਗੋਬਿੰਦਗੜ੍ਹ ਵਿਖੇ ਅੱਧੇ ਮੁੱਲ ਦੇ ਵੇਚ ਦਿੱਤਾ ਗਿਆ।ਜਿਨ੍ਹਾਂ ਬਾਰੇ ਉਸ ਨੂੰ ਪਤਾ ਲੱਗ ਜਾਣ 'ਤੇ ਉਕਤ ਵਿਅਕਤੀ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਹੇ ਹਨ।ਦੀਵਾਨ ਚੰਦ ਬਾਂਸਲ ਦੇ ਬਿਆਨਾਂ 'ਤੇ ਦਰਜ ਕੀਤੇ ਗਏ ਮੁਕੱਦਮੇ 'ਚ ਬਲਰਾਜ ਸਿੰਘ ਉਰਫ ਬੱਲੀ, ਕਸ਼ਮੀਰ ਰਾਮ ਉਰਫ ਮੌਲੀ, ਰਾਕੇਸ਼ ਕੁਮਾਰ, ਸਿੰਦਰਪਾਲ ਤੇ ਬਿੰਦਰਪਾਲ ਨੂੰ ਗ੍ਰਿਫਤਾਰ ਕਰਕੇ ਥਾਣਾ ਅਮਲੋਹ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਬੇਰੁਜ਼ਗਾਰ ਸਾਂਝੇ ਮੋਰਚੇ ਵੱਲੋਂ 14 ਦੇ ਸੰਗਰੂਰ ਮੋਰਚੇ ਦੀਆਂ ਤਿਆਰੀਆਂ ਸ਼ੁਰੂ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਸਿੱਖਿਆ ਵਿਭਾਗ ਵਿੱਚ ਭਰਤੀ ਕੈਲੰਡਰ ਲਾਗੂ ਕਰਨਾ, ਨਵੀਆਂ ਪੋਸਟਾਂ ਦੇਣੀਆਂ ਤਾਂ ਵੱਡੀ ਗੱਲ ਰਹੀ, ਸਗੋਂ ਪਿਛਲੇ ਸਮਿਆਂ ਵਿੱਚ ਜਾਰੀ ਕੀਤੀਆਂ ਪੋਸਟਾਂ ਵੀ ਰੱਦ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਲੈਕਚਰਰ ਦੀਆਂ 343, ਪੀ ਟੀ ਆਈ ਅਧਿਆਪਕਾਂ ਦੀਆਂ 646 ਤੇ ਤਾਜ਼ਾ ਸਹਾਇਕ ਪ੍ਰੋਫ਼ੈਸਰ ਦੀਆਂ 1158 ਪੋਸਟਾਂ ਵਰਨਣਯੋਗ ਹਨ।ਸਿੱਖਿਆ ਕ੍ਰਾਂਤੀ ਦਾ ਫੋਕਾ ਵਿਖਾਵਾ ਸਾਬਿਤ ਹੋ ਚੁੱਕੀ ਹੈ।ਇਸ ਲਈ 'ਯੁੱਧ ਬੇਰੁਜ਼ਗਾਰੀ ਵਿਰੁੱਧ' ਤਹਿਤ ਸਿੱਖਿਆ ਤੇ ਸਿਹਤ ਵਿਭਾਗ ਵਿੱਚ ਖਾਲੀ ਪਈਆਂ ਸਹਾਇਕ ਪ੍ਰੋਫ਼ੈਸਰ, ਲੈਕਚਰਾਰ ਕਾਡਰ, ਮਾਸਟਰ ਕਾਡਰ ਆਦਿ ਦੀਆਂ ਸਾਰੀਆਂ ਸ਼੍ਰੇਣੀਆਂ ਦੀਆਂ ਪੋਸਟਾਂ ਜਾਰੀ ਕਰਵਾਉਣ, ਮਾਸਟਰ ਕਾਡਰ ਵਿੱਚ ਥੋਪੀ ਬੇਤੁਕੀ 55 ਪ੍ਰਤੀਸ਼ਤ ਅੰਕ ਦੀ ਸ਼ਰਤ ਰੱਦ ਕਰਵਾਉਣ, 250 ਆਰਟ ਐਂਡ ਕਰਾਫਟ ਪੋਸਟਾਂ ਦਾ ਟੈਸਟ ਲੈ ਕੇ ਭਰਤੀ ਮੁਕੰਮਲ ਕਰਨ ਸੰਬੰਧੀ, ਰੁਜ਼ਗਾਰ ਦੀ ਉਡੀਕ ਕਰਦਿਆਂ ਭਰਤੀ ਦੀ ਨਿਰਧਾਰਤ ਉਮਰ ਲੰਘਾ ਚੁੱਕੇ ਉਮੀਦਵਾਰਾਂ ਲਈ ਉਮਰ ਹੱਦ 'ਚ ਛੋਟ ਲੈਣ, ਪ੍ਰਾਇਮਰੀ ਤੇ ਸੈਕੰਡਰੀ ਪੱਧਰ 'ਤੇ ਈ ਟੀ ਟੀ ਤੇ ਵੋਕੇਸ਼ਨਲ, ਆਰਟ ਐਂਡ ਕਰਾਫਟ ਦੀ ਪੋਸਟਾਂ ਨੂੰ ਸਪੈਸ਼ਲ ਐਜੂਕੇਸ਼ਨ ਟਰੇਨਰਾਂ ਵਿੱਚ ਬਦਲਣ ਆਦਿ ਦਾ ਫੈਸਲਾ ਵਾਪਸ ਲੈਣ ਸਬੰਧੀ ਮੰਗਾਂ ਨੂੰ ਲੈ ਕੇ 14 ਅਗਸਤ ਤੋਂ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਅੱਗੇ ਪੱਕਾ ਧਰਨਾ ਸ਼ੁਰੂ ਕਰਨ ਦੀਆਂ ਤਿਆਰੀਆਂ ਵਿੱਢਣ ਦਿੱਤੀਆਂ ਗਈਆਂ ਹਨ। ਇਸੇ ਤਹਿਤ ਹੀ ਮਾਨਸਾ ਜ਼ਿਲ੍ਹੇ ਦੇ ਬੇਰੁਜ਼ਗਾਰਾਂ ਦੀ ਮੀਟਿੰਗ ਸ਼ਹੀਦ ਬੂਝਾ ਸਿੰਘ ਭਵਨ ਮਾਨਸਾ ਵਿੱਚ ਹੋਈ।ਮੀਟਿੰਗ ਉਪਰੰਤ ਪ੍ਰੈੱਸ ਨੋਟ ਜਾਰੀ ਕਰਦਿਆਂ ਮੋਰਚੇ ਦੇ ਆਗੂਆਂ ਹਰਜਿੰਦਰ ਸਿੰਘ ਝੁਨੀਰ ਤੇ ਸੰਦੀਪ ਸਿੰਘ ਮੋਫ਼ਰ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਸਵਾ ਤਿੰਨ ਸਾਲਾਂ ਵਿੱਚ ਭਰਤੀ ਦਾ ਇੱਕ ਵੀ ਇਸ਼ਤਿਹਾਰ ਨਹੀਂ ਦਿੱਤਾ, ਜਦਕਿ ਦੂਜੇ ਪਾਸੇ ਸਰਕਾਰੀ ਸਕੂਲਾਂ ਤੇ ਕਾਲਜਾਂ ਵਿੱਚ ਵੱਡੀ ਗਿਣਤੀ ਵਿੱਚ ਪੋਸਟਾਂ ਖਾਲੀ ਪਈਆਂ ਹਨ।ਉਨ੍ਹਾਂ ਦੱਸਿਆ ਕਿ ਸਕੂਲਾਂ ਵਿੱਚ ਪ੍ਰਿੰਸੀਪਲ, ਲੈਕਚਰਾਰ ਕਾਡਰ ਦੀਆਂ ਪੋਸਟਾਂ ਤੋਂ ਇਲਾਵਾ ਮਾਸਟਰ ਕੇਡਰ ਦੀਆਂ ਪੋਸਟਾਂ ਵੱਡੀ ਗਿਣਤੀ ਵਿੱਚ ਖਾਲੀ ਹਨ।ਉਨ੍ਹਾਂ ਦੱਸਿਆ ਕਿ ਸਿੱਖਿਆ ਵਿਭਾਗ ਵਿੱਚ ਭਗਵੰਤ ਮਾਨ ਦੀ ਸਰਕਾਰ ਨੇ ਇੱਕ ਵੀ ਪੋਸਟ ਨਹੀਂ ਕੱਢੀ, ਸਗੋਂ ਪਿਛਲੇ ਸਮਿਆਂ ਦੌਰਾਨ ਜਾਰੀ ਭਰਤੀਆਂ ਨੂੰ ਵੀ ਮੁਕੰਮਲ ਨਹੀਂ ਕੀਤਾ।ਉਨ੍ਹਾਂ ਦੱਸਿਆ ਕਿ ਸਿਤਮ ਇਹ ਹੈ ਕਿ ਸਵਾ ਤਿੰਨ ਸਾਲਾਂ ਵਿੱਚ ਮੁੱਖ ਮੰਤਰੀ ਨੇ ਇੱਕ ਵੀ ਮੀਟਿੰਗ ਬੇਰੁਜ਼ਗਾਰਾਂ ਨਾਲ ਨਹੀਂ ਕੀਤੀ।ਉਨ੍ਹਾਂ ਦੱਸਿਆ ਕਿ 29 ਜੁਲਾਈ ਨੂੰ ਪੰਜਾਬ ਕੈਬਨਿਟ ਸਬ ਕਮੇਟੀ ਦੀ ਮੀਟਿੰਗ ਵਿੱਚ ਮੰਗਾਂ ਨਾ ਮੰਨੀਆਂ ਤਾਂ ਅਜ਼ਾਦੀ ਦਿਹਾੜੇ ਤੋਂ ਇੱਕ ਦਿਨ ਪਹਿਲਾਂ 14 ਅਗਸਤ ਨੂੰ ਸੰਗਰੂਰ ਵਿਖੇ ਪੱਕਾ ਮੋਰਚਾ ਸ਼ੁਰੂ ਕੀਤਾ ਜਾਵੇਗਾ।ਇਸ ਮੌਕੇ ਸੁਖਜੀਤ ਸਿੰਘ ਰਾਮਾਨੰਦੀ, ਬੌਬੀ ਸਿੰਘ ਹੀਰੋ ਕਲਾ, ਗੁਰਕਰਮ ਸਿੰਘ ਹੀਰੋ ਕਲਾਂ, ਸ਼ਿੰਦਰਪਾਲ ਕੌਰ ਧਲੇਵਾਂ, ਦੀਪਕ ਗੋਇਲ ਆਦਿ ਆਦਿ ਵਿਦਿਆਰਥੀ ਆਗੂ ਹਾਜ਼ਰ ਸਨ।

# ਨਰੇਗਾ ਮਜ਼ਦੂਰਾਂ ਵੱਲੋਂ ਡੀ ਸੀ ਦਫਤਰ ਰੋਸ ਮੁਜ਼ਾਹਰਾ 25 ਨੂੰ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਕੇਂਦਰ ਅਤੇ ਪੰਜਾਬ ਸਰਕਾਰ ਨਰੇਗਾ ਮਜ਼ਦੂਰਾਂ ਨਾਲ ਮਤਰੇਈ ਮਾਂ ਦੀ ਤਰਾਂ ਸਲੂਕ ਕਰ ਰਹੀਆਂ ਹਨ।ਮਜ਼ਦੂਰਾਂ ਨੂੰ ਲੋੜ ਅਨੁਸਾਰ ਕੰਮ ਨਹੀਂ ਦਿੱਤਾ ਜਾਂਦਾ ਅਤੇ ਜੇ ਦਿੱਤਾ ਜਾਂਦਾ ਹੈ ਤਾਂ ਦਿਹਾੜੀਆਂ ਦੇ ਪੈਸੇ ਨਹੀਂ ਮਿਲਦੇ ਪਰ ਬਿਨਾਂ ਕੰਮ ਕਰਨ ਵਾਲੇ ਲੋਕਾਂ ਨੂੰ ਪੈਸੇ ਦੇ ਦਿੱਤੇ ਜਾਂਦੇ ਹਨ।ਬਹੁਤੇ ਮਜ਼ਦੂਰਾਂ ਨੂੰ ਤਾਂ ਜੌਬ ਕਾਰਡ ਵੀ ਨਹੀਂ ਦਿੱਤੇ ਜਾਂਦੇ।ਇਸ ਗੱਲ ਦਾ ਪ੍ਰਗਟਾਵਾ ਨਰੇਗਾ ਮਜ਼ਦੂਰ ਯੂਨੀਅਨ ਦੇ ਆਗੂਆਂ ਕਾਮਰੇਡ ਬਲਕਾਰ ਸਿੰਘ ਦੁਧਾਲਾ ਅਤੇ ਲਖਵਿੰਦਰ ਸਿੰਘ ਗੋਪਾਲਪੁਰਾ ਨੇ ਵੱਖ-ਵੱਖ ਪਿੰਡਾਂ ਵਿੱਚ ਨਰੇਗਾ ਮਜ਼ਦੂਰਾਂ ਦੀਆਂ ਕਰਵਾਈਆਂ ਗਈਆਂ ਮੀਟਿੰਗਾਂ ਸਮੇਂ ਆਪਣੇ ਸੰਬੋਧਨ ਵਿੱਚ ਕੀਤਾ।ਕਾ: ਬਲਕਾਰ ਸਿੰਘ ਦੁਧਾਲਾ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਦੀ ਸਰਕਾਰ ਵੱਲੋਂ ਮਜ਼ਦੂਰਾਂ ਨੂੰ ਮਰਜ਼ੀ ਨਾਲ ਕੰਮ ਦਿੱਤਾ ਜਾਂਦਾ ਹੈ, ਮਜ਼ਦੂਰਾਂ ਕੋਲ ਵੱਡੀ ਗਿਣਤੀ ਵਿੱਚ ਜੌਬ ਕਾਰਡ ਨਾ ਹੋਣ ਕਾਰਨ ਜੌਬ ਕਾਰਡਾਂ ਤੇ ਹਾਜ਼ਰੀਆਂ ਨਹੀਂ ਲਾਈਆਂ ਜਾਂਦੀਆਂ, ਜਿਸ ਕਾਰਨ ਘਪਲੇ ਹੋਣ ਤੋਂ ਕੋਈ ਇਨਕਾਰ ਨਹੀਂ ਕੀਤਾ ਸਕਦਾ।ਉਨ੍ਹਾਂ ਕਿਹਾ ਕਿ ਕਿਸੇ ਵੀ ਪੰਚਾਇਤ ਨੂੰ ਕੋਈ ਵੀ ਕੰਮ ਕਰਨ ਵਾਸਤੇ ਸਮਾਨ ਨਹੀਂ ਦਿੱਤਾ ਜਾਂਦਾ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਨਰੇਗਾ ਮਜ਼ਦੂਰਾਂ ਨੂੰ ਦੋ ਸੌ ਦਿਨ ਦਾ ਕੰਮ ਦਿੱਤਾ ਜਾਵੇ ਅਤੇ ਦਿਹਾੜੀ 1000 ਅਤੇ ਕੰਮ ਦਾ ਸਮਾਂ ਛੇ ਘੰਟੇ ਹੋਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਨਰੇਗਾ ਯੂਨੀਅਨ ਵੱਲੋਂ ਆਪਣੀਆਂ ਮੰਗਾਂ ਮਨਾਉਣ ਵਾਸਤੇ



25 ਜੁਲਾਈ ਨੂੰ ਡੀਸੀ ਦਫਤਰ ਅੰਮ੍ਰਿਤਸਰ ਅੱਗੇ ਮੁਜ਼ਾਹਰਾ ਕੀਤਾ ਜਾਵੇਗਾ।ਉਨ੍ਹਾਂ ਸਾਰੇ ਨਰੇਗਾ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ 25 ਜੁਲਾਈ ਨੂੰ 11 ਵਜੇ ਡੀਸੀ ਦਫਤਰ ਅੰਮ੍ਰਿਤਸਰ ਦੇ ਦਫਤਰ ਪਹੁੰਚਣ।ਇਸ ਮੌਕੇ ਮਨਪ੍ਰੀਤ ਕੌਰ, ਮਨਜੀਤ ਕੌਰ, ਕਸ਼ਮੀਰ ਕੌਰ ਅਤੇ ਸੁਖਵਿੰਦਰ ਕੌਰ ਨੇ ਵੱਧ ਤੋਂ ਵੱਧ ਗਿਣਤੀ ਵਿੱਚ ਨਰੇਗਾ ਮਜ਼ਦੂਰਾਂ ਦੇ ਰੋਸ ਮੁਜ਼ਾਹਰੇ ਵਿੱਚ ਸ਼ਾਮਿਲ ਹੋਣ ਦੀ ਹਾਮੀ ਭਰੀ।ਅਖੀਰ ਵਿੱਚ ਕੁਲਵਿੰਦਰ ਕੌਰ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਜ਼ੋਨ ਬਾਬਾ ਦੀਪ ਸਿੰਘ ਜੀ ਦੀ ਕੋਰ ਕਮੇਟੀ ਵੱਲੋਂ ਵਿਸ਼ੇਸ਼ ਇਕੱਤਰਤਾ

## * ਕਿਸਾਨੀ ਮਸਲਿਆਂ 'ਤੇ ਆਗੂਆਂ ਨੇ ਕੀਤੀ ਖੁੱਲ੍ਹ ਕੇ ਵਿਚਾਰ-ਚਰਚਾ

ਝਬਾਲ (ਹਰਜਿੰਦਰ ਸਿੰਘ ਸੋਨੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਦੀ ਕੋਰ ਕਮੇਟੀ ਦੀ ਮੀਟਿੰਗ ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ ਦੀ ਅਗਵਾਈ 'ਚ ਕੀਤੀ ਗਈ। ਮੀਟਿੰਗ ਵਿੱਚ ਸੂਬਾ ਆਗੂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ, ਜ਼ਿਲ੍ਹਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੀਟਿੰਗ ਵਿੱਚ ਕਿਸਾਨ ਆਗੂਆਂ ਵੱਲੋਂ ਵੱਖ-ਵੱਖ ਮਸਲਿਆਂ ਉਪਰ ਖੁੱਲ੍ਹ ਕੇ ਵਿਚਾਰਾਂ ਕੀਤੀਆਂ ਗਈਆਂ। ਕਿਸਾਨ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਉਣ ਵਾਲਾ ਸਮਾਂ ਕਿਸਾਨਾਂ, ਮਜ਼ਦੂਰਾਂ ਅਤੇ ਛੋਟੇ ਦੁਕਾਨਦਾਰਾਂ ਵਾਸਤੇ ਬਹੁਤ ਹੀ ਮਾਰੂ ਹੈ, ਸਰਕਾਰ ਜੋ ਬਿਜਲੀ ਅਦਾਰੇ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇ ਕੇ ਸਾਡੇ ਘਰਾਂ ਵਿੱਚ ਚਿੱਪ ਵਾਲੇ ਮੀਟਰ ਲਗਾ ਰਹੀ ਹੈ, ਉਸ ਨਾਲ ਗਰੀਬ ਮਜ਼ਦੂਰ ਕਿਸਾਨ ਅਤੇ ਦੁਕਾਨਦਾਰ ਬਹੁਤ ਵੱਡੇ ਨੁਕਸਾਨ ਵੱਲ ਧੱਕਿਆ ਜਾਵੇਗਾ ਕਿਉਂਕਿ ਇਨ੍ਹਾਂ ਬਿਜਲੀ ਮੀਟਰਾਂ ਨਾਲ ਆਉਣ ਵਾਲੇ ਬਿੱਲ ਨੂੰ ਗਰੀਬ ਲੋਕਾਂ ਲਈ ਭਰਨਾ ਬਹੁਤ ਹੀ ਮੁਸ਼ਕਲ ਹੋ ਜਾਵੇਗਾ। ਪੰਜਾਬ ਦੇ ਲੋਕ ਪਹਿਲਾਂ ਹੀ ਗਰੀਬੀ ਵਿੱਚ ਜੀ ਰਹੇ ਹਨ ਅਤੇ ਇਨ੍ਹਾਂ ਮੀਟਰਾਂ ਦੇ ਲੱਗਣ ਨਾਲ ਹੋਰ ਵੀ ਔਖਾ ਹੋ ਜਾਵੇਗਾ। ਕਿਸਾਨ ਆਗੂ ਜ਼ੋਨ ਸਕੱਤਰ ਹਰਦੀਪ ਸਿੰਘ ਜੌਹਲ, ਜ਼ੋਨ ਮੀਤ ਪ੍ਰਧਾਨ ਅੰਗਰੇਜ਼ ਸਿੰਘ ਦੋਬੁਰਜੀ, ਪ੍ਰਧਾਨ ਨਵਜੀਤ ਸਿੰਘ ਗੋਹਲਵੜ ਨੇ ਕਿਹਾ ਕਿ ਸਰਕਾਰੀ ਮਸ਼ੀਨਰੀ ਅਤੇ ਸਰਕਾਰੀ ਪ੍ਰਸ਼ਾਸਨ



ਕੋਈ ਵੀ ਆਮ ਜਨਤਾ ਦੇ ਹੱਕ ਦੀ ਗੱਲ ਨਹੀਂ ਕਰ ਰਿਹਾ, ਕਈ ਵਾਰ ਕਿਸਾਨ, ਮਜ਼ਦੂਰ, ਦੁਕਾਨਦਾਰ ਆਪਣੇ ਹੱਕਾਂ ਵਾਸਤੇ ਧਰਨਾ ਪ੍ਰਦਰਸ਼ਨ ਕਰ ਚੁੱਕੇ ਹਨ ਪਰ ਸਰਕਾਰ ਵਾਅਦੇ ਕਰਕੇ ਫਿਰ ਮੁੱਕਰ ਜਾਂਦੀ ਹੈ। ਪਿਛਲੇ ਦਿਨੀਂ ਡੀਸੀ ਦਫਤਰ ਅੱਗੇ ਲੱਗੇ ਧਰਨੇ ਦੌਰਾਨ ਵੀ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਸਾਰੀਆਂ ਮੰਗਾਂ ਮਨ ਲੈਣ ਦਾ ਵਾਅਦਾ ਕੀਤਾ ਸੀ, ਪਰ ਧਰਨਾ ਚੁੱਕੇ ਜਾਣ ਤੋਂ ਬਾਅਦ ਪ੍ਰਸ਼ਾਸਨ ਫਿਰ ਮੁੱਕਰ ਗਿਆ। ਲੱਗਦਾ ਹੁਣ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੂੰ ਅਣਮਿਥੇ ਸਮੇਂ ਲਈ ਡੀਸੀ ਦਫਤਰ ਅੱਗੇ ਧਰਨਾ ਲਾਉਣਾ ਪੈ ਸਕਦਾ। ਹੈਰਾਨੀ ਵਾਲੀ ਗੱਲ ਹੈ ਕਿ ਸਰਕਾਰ ਹਰ ਹੀਲਾ ਵਰਤ ਕੇ ਕਦੇ ਲੈਂਡ ਪੂਲਿੰਗ ਨੀਤੀ ਰਾਹੀਂ ਅਤੇ ਕਦੇ ਵੱਡੀਆਂ ਵੱਡੀਆਂ ਸੜਕਾਂ ਰਾਹੀਂ ਪੰਜਾਬ ਦੇ ਕਿਸਾਨਾਂ ਦੀ ਜ਼ਮੀਨ ਹੜੱਪਣਾ ਚਾਹੁੰਦੀ ਹੈ। ਕਿਸਾਨਾਂ ਉੱਪਰ ਕੀਤੇ ਸਾਰੇ ਨਜਾਇਜ਼ ਪਰਚੇ ਰੱਦ ਨਹੀਂ ਕੀਤੇ ਜਾ ਰਹੇ ਅਤੇ ਕਿਸਾਨਾਂ, ਮਜ਼ਦੂਰਾਂ ਦੀਆਂ ਜਾਇਜ਼ ਮੰਗਾਂ ਤਕ ਨਹੀਂ ਮੰਨੀਆਂ ਜਾਂਦੀਆਂ।

# ਪਿੰਡ ਔਲਖ 'ਚ ਬਿਜਲੀ ਟ੍ਰਾਂਸਫਾਰਮਰ 'ਚੋਂ ਤੇਲ ਚੋਰੀ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਨਜ਼ਦੀਕੀ ਪਿੰਡ ਔਲਖ ਵਿੱਚ ਬੀਤੀ ਦੇਰ ਰਾਤ ਚੋਰਾਂ ਦੇ ਵੱਲੋਂ ਬਿਜਲੀ ਟ੍ਰਾਂਸਫਾਰਮਰ ਵਿੱਚੋਂ ਤੇਲ ਚੋਰੀ ਕਰਨ ਦਾ ਸਮਾਚਾਰ ਮਿਲਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਿਕਰਮਜੀਤ ਸਿੰਘ, ਮਨੋਹਰ ਸਿੰਘ, ਸੁੱਖਪ੍ਰੀਤ ਸਿੰਘ, ਨਿਸ਼ਾਨ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਹਰਚੋਵਾਲ ਤੋਂ ਪਿੰਡ ਔਲਖ ਨੂੰ ਜਾਂਦਿਆਂ ਰਸਤੇ ਦੇ ਵਿੱਚ ਡੇਰਿਆਂ ਨੂੰ ਬਿਜਲੀ ਸਪਲਾਈ ਜਾਣ ਵਾਲੇ ਟ੍ਰਾਂਸਫਾਰਮਰ ਵਿੱਚੋਂ ਚੋਰਾਂ ਦੇ ਵੱਲੋਂ ਕੀਮਤੀ ਤੇਲ ਨੂੰ ਚੋਰੀ ਕੀਤਾ ਗਿਆ ਜਿਸ ਤੋਂ ਬਾਅਦ ਬਿਜਲੀ ਗੁੱਲ ਰਹੀ ।ਲੋਕਾਂ ਨੇ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਨੇ ਬਿਜਲੀ ਵਿਭਾਗ ਅਤੇ ਪੁਲਸ ਚੌਂਕੀ ਹਰਚੋਵਾਲ ਨੂੰ ਸੂਚਿਤ ਕਰ ਦਿੱਤਾ ਹੈ।ਉਨ੍ਹਾਂ ਨੇ ਪੁਲਸ ਪ੍ਰਸ਼ਾਸਨ ਦੇ ਕੋਲੋਂ ਮੰਗ ਕੀਤੀ ਕੀ ਇਨ੍ਹਾਂ ਚੋਰਾਂ ਉਪਰ ਨਕੇਲ ਕੱਸੀ ਜਾਵੇ ਨਹੀਂ ਤਾਂ ਭਵਿੱਖ ਵਿੱਚ ਇਹ ਚੋਰ ਹੋਰਨਾਂ ਘਟਨਾਵਾਂ ਨੂੰ ਵੀ ਅੰਜਾਮ ਦੇ ਸਕਦੇ ਹਨ। ਉਧਰ ਦੂਜੇ ਪਾਸੇ ਹੋਰਨਾਂ ਲੋਕਾਂ ਨੇ ਦੱਸਿਆ ਕਿ ਕਸਬਾ ਹਰਚੋਵਾਲ ਦੇ ਵਿੱਚ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਪਹਿਲਾਂ ਵੀ ਕਈ ਵਾਰ ਚੋਰੀ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਚੋਰਾਂ ਦੇ ਹੌਂਸਲੇ ਇਲਾਕੇ ਵਿੱਚ ਇੰਨੇ ਬੁਲੰਦ ਹਨ ਕਿ ਚੋਰ ਬੇਖੌਫ ਹੋ ਕੇ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ।ਇਸ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਰੋਸ ਹੈ।ਉਧਰ ਦੂਜੇ ਪਾਸੇ ਪੁਲਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਸੀ ਬੀ ਐੱਸ ਈ ਦੀਆਂ ਕਲਸਟਰ ਖੇਡਾਂ 'ਚ ਸੇਂਟ ਸੋਲਜਰ ਦੇ ਖਿਡਾਰੀਆਂ ਨੇ ਧੁੰਮਾਂ ਪਾਈਆਂ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**:ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਕਪੂਰਥਲਾ ਵਿਖੇ ਸੀਬੀਐੱਸਈ ਦੀਆਂ 18ਵੀਆਂ ਕਲਸਟਰ ਖੇਡਾਂ 17 ਜੁਲਾਈ ਤੋਂ 19 ਜੁਲਾਈ ਤੱਕ ਕਰਵਾਈਆਂ ਗਈਆਂ ਜਿਸ ਵਿੱਚ ਜੰਮੂ ਕਸ਼ਮੀਰ ਅਤੇ ਪੰਜਾਬ ਦੀਆਂ ਲਗਭਗ 42 ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ ਜਿਨ੍ਹਾਂ ਵਿੱਚ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਦੇ ਲੜਕਿਆਂ ਨੇ ਅੰਡਰ 19 ਕੈਟੀਗਰੀ ਵਿਚ ਸੈਕਿੰਡ ਰਨਰਅੱਪ ਟਰਾਫੀ 'ਤੇ ਕਬਜ਼ਾ ਕੀਤਾ।ਸੀਬੀਐੱਸਈ ਵੱਲੋਂ ਖਿਡਾਰੀਆਂ ਨੂੰ ਟਰਾਫੀ ਦੇ ਕੇ ਸਨਮਾਨਿਤ ਕੀਤਾ।ਇਨ੍ਹਾਂ ਖਿਡਾਰੀਆਂ ਵਿੱਚ ਦਿਲਪ੍ਰੀਤ ਸਿੰਘ, ਸਰਪਰਾਈਸ ਸਿੰਘ, ਦਿਲਸ਼ਾਨ ਸਿੰਘ, ਗੁਰਸੇਵਕ ਸਿੰਘ, ਪ੍ਰਭ ਸਿਮਰਨ ਸਿੰਘ, ਨਿਖਿਲ ਜੋਤ ਸਿੰਘ, ਅਰਸ਼ਦੀਪ ਸਿੰਘ, ਸਹਿਜਦੀਪ ਸਿੰਘ, ਬਲਰਾਜ ਸਿੰਘ, ਅਵਿਤਾਜ਼ ਸਿੰਘ, ਯੁਵਰਾਜ ਸਿੰਘ ਅਤੇ ਸੁਖਮਨ ਸਿੰਘ ਸ਼ਾਮਿਲ ਹਨ।ਸਕੂਲ ਪਹੁੰਚਣ 'ਤੇ ਸਕੂਲ ਦੇ ਖਿਡਾਰੀਆਂ ਦਾ ਭਰਵਾਂ ਸਵਾਗਤ ਕੀਤਾ ਗਿਆ।ਜੇਤੂ ਬੱਚਿਆਂ ਨੂੰ ਫੁੱਲਾਂ ਦੇ ਹਾਰ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਅਤੇ ਬੈਂਡ ਦੀਆਂ ਧੁਨਾਂ ਦੇ ਨਾਲ ਉਨ੍ਹਾਂ ਨੂੰ ਸਟੇਜ ਤੱਕ ਲਿਜਾਇਆ ਗਿਆ।ਖਿਡਾਰੀਆਂ ਦੇ ਕੋਚ ਜਤਿੰਦਰ ਸਿੰਘ ਡੀਪੀ ਨੂੰ ਵੀ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਦੀ ਬਦੌਲਤ ਇਨ੍ਹਾਂ ਬੱਚਿਆਂ ਨੇ ਜਿੱਤ ਪ੍ਰਾਪਤ ਕੀਤੀ।ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ: ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਬੱਚਿਆਂ ਨੂੰ ਅਤੇ ਉਨ੍ਹਾਂ ਦੇ



ਕੋਚ ਨੂੰ ਇਸ ਜਿੱਤ ਦੀ ਵਧਾਈ ਅਤੇ ਸ਼ਾਬਾਸ਼ੀ ਦੇ ਕੇ ਖੁਸ਼ੀ ਦਾ ਇਜ਼ਹਾਰ ਕੀਤਾ।ਉਨ੍ਹਾਂ ਕਿਹਾ ਕਿ ਅਗਰ ਅਸੀਂ ਜਜ਼ਬੇ ਅਤੇ ਜਨੂੰਨ ਨਾਲ ਮਿਹਨਤ ਕਰਦੇ ਹਾਂ ਤਾਂ ਸਫਲਤਾ ਸਾਡੇ ਜ਼ਰੂਰ ਕਦਮ ਚੁੰਮਦੀ ਹੈ।ਉਨ੍ਹਾਂ ਨੇ ਇਸੇ ਤਰ੍ਹਾਂ ਬੱਚਿਆਂ ਨੂੰ ਕਾਮਯਾਬੀ ਦੀਆਂ ਬੁਲੰਦੀਆਂ ਛੂਹਣ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਫਤਿਹ ਸਿੰਘ ਡੀਪੀ, ਯਾਦਵਿੰਦਰ ਸਿੰਘ ਡੀਪੀ, ਮਨਪ੍ਰੀਤ ਕੌਰ ਡੀਪੀ, ਨਵਦੀਪ ਸਿੰਘ ਡੀਪੀ, ਰਾਜਬੀਰ ਕੌਰ ਡੀਪੀ, ਨੀਲਮ ਕੌਰ ਡੀਪੀ, ਰੁਪਿੰਦਰ ਕੌਰ ਡੀਪੀ ਅਤੇ ਸਕੂਲ ਦੇ ਵਾਈਸ ਪ੍ਰਿੰਸੀਪਲ ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ ਕੋਆਰਡੀਨੇਟਰ, ਨਿਲਾਕਸੀ ਗੁਪਤਾ ਕੋਆਰਡੀਨੇਟਰ ਅਤੇ ਬੱਚੇ ਹਾਜ਼ਰ ਸਨ।

# ਕਰਤਾਰਪੁਰ 'ਚ ਪਹਿਲਾ ਸਰਕਾਰੀ ਮਨਜ਼ੂਰਸ਼ੁਦਾ ਡਰਾਈਵਿੰਗ ਸੈਂਟਰ ਸ਼ੁਰੂ

ਜਲੰਧਰ:ਸੜਕ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਨਵੇਂ ਡਰਾਈਵਰਾਂ ਨੂੰ ਪੇਸ਼ੇਵਰ ਤਰੀਕੇ ਨਾਲ ਤਿਆਰ ਕਰਨ ਲਈ ਕਰਤਾਰਪੁਰ ਦੇ ਧਰਮ ਕੰਪਲੈਕਸ, ਜੀ. ਟੀ. ਰੋਡ 'ਤੇ ਜਲੰਧਰ ਇੰਸਟੀਚਿਊਟ ਆਫ ਡਰਾਈਵਰ ਟਰੇਨਿੰਗ ਦਾ ਉਦਘਾਟਨ ਕੀਤਾ ਗਿਆ।ਇਹ ਜਲੰਧਰ ਸ਼ਹਿਰ ਦਾ ਪਹਿਲਾ ਸਰਕਾਰੀ ਮਨਜ਼ੂਰਸ਼ੁਦਾ ਸੈਂਟਰ ਹੈ, ਜੋ ਕਿ ਹੈਵੀ ਵਾਹਨ ਚਲਾਉਣ ਵਾਲਿਆਂ ਨੂੰ ਵਿਸ਼ੇਸ਼ ਟਰੇਨਿੰਗ ਦੇਵੇਗਾ।ਇੰਸਟੀਚਿਊਟ ਦੇ ਨੁਮਾਇੰਦੇ ਦਿਵਯਾਂਸ਼ੂ ਖੰਨਾ ਨੇ ਦੱਸਿਆ ਕਿ ਇਹ ਟਰੇਨਿੰਗ ਸੈਂਟਰ ਪੰਜਾਬ ਵਿੱਚ ਸੁਰੱਖਿਅਤ ਅਤੇ ਜ਼ਿੰਮੇਵਾਰ ਡਰਾਈਵਿੰਗ ਵੱਲ ਇੱਕ ਵਧੀਆ ਪਹਿਲ ਹੈ।ਇੱਥੇ ਸਿੱਖਣ ਵਾਲਿਆਂ ਨੂੰ ਰਿਫ੍ਰੈਸ਼ਰ ਕੋਰਸ ਰਾਹੀਂ ਟ੍ਰੈਫਿਕ ਨਿਯਮ, ਸਾਵਧਾਨੀ ਨਾਲ ਡਰਾਈਵਿੰਗ ਅਤੇ ਸੜਕ ਸੁਰੱਖਿਆ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ।ਸੈਂਟਰ ਵਿੱਚ ਸਮਾਰਟ ਕਲਾਸਰੂਮ, ਸਿਮੂਲੇਟਰ ਮਸ਼ੀਨਾਂ ਅਤੇ ਤਜਰਬੇਕਾਰ ਟ੍ਰੇਨਰ ਉਪਲਬਧ ਹਨ ਤਾਂ ਜੋ ਵਿਦਿਆਰਥੀ ਗੱਡੀ ਚਲਾਉਣ ਦੀ ਹਕੀਕਤੀ ਸਿਖਲਾਈ ਲੈ ਸਕਣ।ਕੋਰਸ ਮੁਕੰਮਲ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਮੋਟਰ ਵਾਹਨ ਕਾਨੂੰਨ ਅਨੁਸਾਰ ਪ੍ਰਮਾਣ ਪੱਤਰ ਦਿੱਤਾ ਜਾਂਦਾ ਹੈ, ਜੋ ਉਨ੍ਹਾਂ ਨੂੰ ਨੌਕਰੀ ਲੈਣ ਵਿੱਚ ਮਦਦ ਕਰਦਾ ਹੈ।

# ਨੀਅਤ ਤੇ ਨੀਤੀ ਸਾਫ਼ ਹੋਣ ਕਰਕੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਆਮ ਲੋਕਾਂ ਤੋਂ ਭਰਵਾਂ ਹੁੰਗਾਰਾ ਮਿਲ ਰਿਹਾ: ਬੂਟਾ ਮਸੀਹ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਆਮ ਆਦਮੀ ਪਾਰਟੀ ਦੀ ਮਜ਼ਬੂਤੀ ਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਪੰਜਾਬ ਭਰ ਵਿੱਚ ਹੋਰ ਵੀ ਜ਼ੋਰ-ਸ਼ੋਰ ਨਾਲ ਚਲਾਉਣ ਲਈ ਆਮ ਆਦਮੀ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਬਟਾਲਾ ਤੋਂ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਲਗਾਤਾਰ ਆਪਣੇ ਹਲਕੇ ਸਮੇਤ ਵੱਖ-ਵੱਖ ਥਾਵਾਂ ਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਕਾਮਯਾਬ ਬਣਾਉਣ ਦੇ ਲਈ ਯਤਨ ਕੀਤੇ ਜਾ ਰਹੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਬਟਾਲਾ ਅਧੀਨ ਪੈਂਦੇ ਕ੍ਰਿਸ਼ਚੀਅਨ ਪੱਤੀ ਪਿੰਡ ਠੀਕਰੀਵਾਲ ਤੋਂ ਸਰਪੰਚ ਸੁਖਵਿੰਦਰ ਸਿੰਘ ਉਰਫ ਬੂਟਾ ਮਸੀਹ ਦੇ ਵੱਲੋਂ ਕੀਤਾ ਗਿਆ ।ਸਰਪੰਚ ਬੂਟਾ ਮਸੀਹ ਨੇ ਕਿਹਾ ਕਿ ਸੂਬਾ ਸਰਕਾਰ ਦੀ ਨੀਅਤ ਅਤੇ ਨੀਤੀ ਸਾਫ਼ ਹੋਣ ਕਰ ਕੇ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਨੂੰ ਆਮ ਲੋਕਾਂ ਤੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਸਰਕਾਰ ਦੀ ਨੀਅਤ ਅਤੇ ਨੀਤੀ ਸਾਫ਼ ਹੋਣ ਕਰ ਕੇ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਨੂੰ ਆਮ ਲੋਕਾਂ ਤੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਾਰੇ ਜ਼ਿਲ੍ਹਿਆਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤਾ ਹੈ ਕਿਹਾ ਕਿ ਨਸ਼ੇ ਛੱਡਣ ਵਾਲੇ ਵਿਅਕਤੀਆਂ ਨੂੰ ਮੁੜ ਤੋਂ ਮੁੱਖ ਧਾਰਾ ਵਿਚ ਸ਼ਾਮਲ ਕਰਕੇ ਬਿਹਤਰ ਜ਼ਿੰਦਗੀ ਜਿਊਣ ਦਾ ਮੌਕਾ ਪ੍ਰਦਾਨ ਕਰਨ ਲਈ ਨਸ਼ਾ ਛੁਡਾਊ ਕੇਂਦਰਾਂ ਚ ਸਕਿੱਲ ਡਿਵੈੱਲਪਮੈਂਟ ਕੋਰਸ ਤੋਂ ਇਲਾਵਾ ਯੋਗਾ ਕਲਾਸਾਂ ਤੇ ਖੇਡ ਸਰਗਰਮੀਆਂ ਕਰਵਾਉਣ ਨੂੰ ਮੁੱਖ ਤਰਜੀਹ ਦਿੱਤੀ ਜਾਵੇ।ਉਨ੍ਹਾਂ ਸਰਕਾਰ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਸਮਾਜ ਵਿਚ ਨਸ਼ਿਆਂ ਦੇ ਵੱਧ ਰਹੇ ਰੁਝਾਨ ਨੂੰ ਰੋਕਣ ਲਈ ਸਕੂਲਾਂ ਦੇ ਪੱਧਰ ਤੋਂ ਹੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਉਣ ਲਈ ਜਾਗਰੂਕਤਾ ਗਤੀਵਿਧੀਆਂ ਹੋਰ ਤੇਜ਼ ਕੀਤੀਆਂ ਜਾਣ।ਪੇਂਡੂ ਖੇਤਰ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਾਹਨਤ ਤੋਂ ਦੂਰ ਰੱਖਣ ਲਈ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿਚ ਲਾਇਬ੍ਰੇਰੀਆਂ, ਖੇਡ ਮੈਦਾਨ, ਜਿਮ ਤੇ ਪਾਰਕ ਬਣਾਏ ਜਾ ਰਹੇ ਹਨ।ਸਰਪੰਚ ਨੇ ਅੱਗੇ ਕਿਹਾ ਕਿ ਨੌਜਵਾਨਾਂ ਨੂੰ ਉਜਾਲੇ ਵੱਲ ਲੈ ਕੇ ਜਾਣਾ ਤੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਕਰਨਾ ਸੂਬਾ ਸਰਕਾਰ ਦੀ ਮੁੱਖ ਤਰਜੀਹ ਹੈ।ਉਨ੍ਹਾਂ ਕਿਹਾ ਕਿ ਆਮ ਲੋਕਾਂ ਦਾ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਵਿਚ ਵਿਸ਼ਵਾਸ ਵੱਧ ਰਿਹਾ ਹੈ ਤੇ ਸਰਕਾਰ ਵੱਲੋਂ ਨਸ਼ਾ ਤਸਕਰਾਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ।ਉਨ੍ਹਾਂ ਨੇ ਕਿਹਾ ਕਿ ਨਸ਼ਾ ਮੁਕਤ ਤੇ ਸਿਹਤਮੰਦ ਸਮਾਜ ਹੀ ਰੰਗਲੇ ਪੰਜਾਬ ਦੀ ਤਰੱਕੀ ਦਾ ਅਧਾਰ ਬਣੇਗਾ।ਮਾਨ ਸਰਕਾਰ ਵੇਲੇ ਨਸ਼ੇ ਦੀ ਸਪਲਾਈ ਲਾਈਨ ਟੁੱਟੀ ਹੈ, ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ 2027 ਦੇ ਵਿੱਚ ਮੁੜ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ ।

# ਭਗਤ ਪੂਰਨ ਸਿੰਘ ਦੀ 33ਵੀਂ ਬਰਸੀ 'ਤੇ ਸ੍ਰੀ ਸਹਿਜ ਪਾਠ ਦੀ ਆਰੰਭਤਾ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)– ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.) ਅੰਮ੍ਰਿਤਸਰ ਦੇ ਮੁੱਖ ਦਫ਼ਤਰ



ਵਿਖੇ ਭਗਤ ਪੂਰਨ ਸਿੰਘ ਜੀ ਦੀ 33ਵੀਂ ਬਰਸੀ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਸ਼ੁਰੂਆਤ ਸ੍ਰੀ ਸਹਿਜ ਪਾਠ ਦੀ ਆਰੰਭਤਾ ਨਾਲ ਹੋਈ।ਸਵੇਰੇ ਪਿੰਗਲਵਾੜਾ ਸੰਸਥਾ ਵਿੱਚ ਪਲ-ਪੜ੍ਹ ਰਹੇ ਬੱਚੇ-ਬੱਚੀਆਂ ਵਲੋਂ ਗੁਰਬਾਣੀ ਦਾ ਰਸ-ਭਿੰਨਾ ਕੀਰਤਨ ਕਰਨ ਉਪਰੰਤ ਪਾਠ ਦੀ ਆਰੰਭਤਾ ਹੋਈ।ਇਸ ਮੌਕੇ ਸੰਸਥਾ ਦੇ ਮੀਤ ਪ੍ਰਧਾਨ ਡਾ. ਜਗਦੀਪਕ ਸਿੰਘ ਅਤੇ ਸੋਸਾਇਟੀ ਮੈਂਬਰ ਰਾਜਬੀਰ ਸਿੰਘ ਨੇ ਦੱਸਿਆ ਕਿ ਪਿੰਗਲਵਾੜਾ ਸੰਸਥਾ ਦੇ ਸੰਸਥਾਪਕ ਭਗਤ ਪੂਰਨ ਸਿੰਘ ਦੀ ਬਰਸੀ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਸ਼ੁਰੂਆਤ ਸ੍ਰੀ ਸਹਿਜ ਪਾਠ ਦੇ ਆਰੰਭ ਨਾਲ ਹੋ ਗਈ ਅਤੇ ਆਉਂਦੇ ਦਿਨਾਂ ਵਿਚ 5 ਅਗਸਤ ਤੱਕ ਪ੍ਰੋਗਰਾਮ ਚੱਲਦੇ ਰਹਿਣਗੇ।ਉਨ੍ਹਾਂ ਕਿਹਾ ਕਿ ਡਾ. ਇੰਦਰਜੀਤ ਕੌਰ ਮੁੱਖ ਸੇਵਾਦਾਰ ਪਿੰਗਲਵਾੜਾ ਸੰਸਥਾ ਦੀ ਯੋਗ ਅਗਵਾਈ ਵਿੱਚ 01 ਅਗਸਤ ਨੂੰ ਸੰਸਥਾ ਦੇ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਅਤੇ ਵਸਨੀਕਾਂ ਵੱਲੋਂ ਸੱਭਿਆਚਾਰਿਕ ਪ੍ਰੋਗਰਾਮ, 02 ਅਗਸਤ ਨੂੰ ਖੂਨਦਾਨ ਕੈਂਪ, 03 ਅਗਸਤ ਨੂੰ ਪਿੰਗਲਵਾੜੇ ਦੇ ਸਾਰੇ ਵਿੱਦਿਅਕ ਅਦਾਰਿਆਂ ਦਾ ਸਾਲਾਨਾ ਪ੍ਰੋਗਰਾਮ, 04 ਅਗਸਤ ਨੂੰ ਸੱਭਿਆਚਾਰ ਅਤੇ ਆਚਰਣ ਵਿਸ਼ੇ ਤੇ ਡੂੰਘੀਆਂ ਵਿਚਾਰਾਂ 'ਤੇ ਸੈਮੀਨਾਰ ਅਤੇ 05 ਅਗਸਤ ਨੂੰ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ।ਇਨ੍ਹਾਂ ਮੌਕਿਆਂ 'ਤੇ ਬੱਚਿਆਂ ਵੱਲੋਂ ਬਣਾਈਆਂ ਕਲਾ-ਕ੍ਰਿਤੀਆਂ ਅਤੇ ਪਿੰਗਲਵਾੜਾ ਸੰਸਥਾ ਦੀਆਂ ਗਤੀਵਿਧੀਆਂ ਨੂੰ ਦਰਸਾਉਂਦੀ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ।

ਇਸ ਮੌਕੇ ਪਰਮਿੰਦਰਜੀਤ ਸਿੰਘ ਭੱਟੀ ਮੁੱਖ ਪ੍ਰਸ਼ਾਸਕ ਪਿੰਗਲਵਾੜਾ, ਰਜਿੰਦਰ ਸਿੰਘ ਪ੍ਰਸ਼ਾਸਕ ਮਾਨਾਂਵਾਲਾ, ਡਾ. ਨਿਰਮਲ ਸਿੰਘ, ਡਾ. ਇੰਦਰਜੀਤ ਕੌਰ (ਰੇਨੂੰ), ਗੁਰਨਾਇਬ ਸਿੰਘ, ਤਿਲਕ ਰਾਜ ਜਰਨਲ ਮੈਨੇਜਰ, ਹਰਪਾਲ ਸਿੰਘ ਕੇਅਰ ਟੇਕਰ, ਗੁਲਸ਼ਨ ਰੰਜਨ ਮੈਡੀਕਲ ਸੋਸ਼ਲ ਵਰਕਰ, ਮੈਡਮ ਰਾਜਵਿੰਦਰ ਕੌਰ, ਸਾਬਕਾ ਪੁਲਸ ਇੰਸਪੈਕਟਰ, ਪ੍ਰਿੰ. ਨਰੇਸ਼ ਕਾਲੀਆ, ਪ੍ਰਿੰ. ਲਖਵਿੰਦਰ ਕੌਰ, ਪ੍ਰਿੰ. ਅਨੀਤਾ ਬੱਤਰਾ, ਪ੍ਰਿੰ. ਦਲਜੀਤ ਕੌਰ, ਮੈਡਮ ਸੁਨੀਤਾ ਨਈਅਰ, ਸਮੂਹ ਵਿੱਦਿਅਕ ਅਦਾਰਿਆਂ ਦਾ ਸਟਾਫ਼, ਬੱਚੇ, ਵੱਖ- ਵੱਖ ਵਾਰਡਾਂ ਅਤੇ ਵਿਭਾਗਾਂ ਦੇ ਇੰਚਾਰਜ ਅਤੇ ਸੇਵਾਦਾਰ ਆਦਿ ਹਾਜ਼ਰ ਸਨ।

# ਤਰਨਜੀਤ ਸਿੰਘ ਸੰਧੂ ਦੀ ਨਵੀਂ ਨਿਯੁਕਤੀ ਭਾਰਤ-ਅਮਰੀਕਾ ਵਿਚਾਲੇ ਸਾਂਝ ਲਈ ਨਵੇਂ ਯੁੱਗ ਦੀ ਸ਼ੁਰੂਆਤ: ਪ੍ਰੋ. ਸਰਚਾਂਦ ਸਿੰਘ ਖਿਆਲਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਅਮਰੀਕਾ 'ਚ ਭਾਰਤ ਦੇ ਰਾਜਦੂਤ ਰਹੇ ਤਰਨਜੀਤ ਸਿੰਘ ਸੰਧੂ ਦੀ ਯੂਐੱਸ-ਇੰਡੀਆ ਸਟ੍ਰੈਟਜਿਕ ਪਾਰਟਨਰਸ਼ਿਪ ਫੋਰਮ (ਯੂ.ਐੱਸ.ਆਈ.ਐੱਸ.ਪੀ.ਐੱਫ) ਦੇ ਬੋਰਡ ਦੇ ਐਡਵਾਈਜ਼ਰ ਅਤੇ ਜੀਓਪੋਲਿਟਿਕਲ ਇੰਸਟੀਚਿਊਟ ਦੇ ਚੇਅਰਮੈਨ ਵਜੋਂ ਨਿਯੁਕਤੀ ਨਾ ਸਿਰਫ਼ ਉਨ੍ਹਾਂ ਦੀ ਕੂਟਨੀਤਕ ਮਹਾਨਤਾ ਅਤੇ ਸੂਝਵਾਨ ਦ੍ਰਿਸ਼ਟੀਕੋਣ ਦੀ ਪੁਸ਼ਟੀ ਹੈ, ਸਗੋਂ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਵੀ ਹੈ ਜੋ ਭਾਰਤ-ਅਮਰੀਕਾ ਸਬੰਧਾਂ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਵੇਗਾ। ਪ੍ਰੋ. ਸਰਚਾਂਦ ਸਿੰਘ ਅਤੇ ਡਾ. ਰਣਬੀਰ ਸਿੰਘ ਨੇ ਸ. ਪਰਮਿੰਦਰ ਸਿੰਘ ਸੰਧੂ ਨੇ ਸ. ਤਰਨਜੀਤ ਸਿੰਘ ਸੰਧੂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈ ਦਿੰਦਿਆ ਕਿਹਾ ਕਿ ਇਹ ਪ੍ਰਾਪਤੀ ਸ੍ਰੀ ਅੰਮ੍ਰਿਤਸਰ ਅਤੇ ਪੰਜਾਬੀਆਂ ਲਈ ਬਹੁਤ ਮਾਣ ਵਾਲੀ ਗੱਲ ਹੈ। ਇਸ ਮੌਕੇ ਸਥਾਨਕ ਰਾਜਨੀਤੀ, ਸਮਾਜਿਕ ਅਤੇ ਵਿਦੇਸ਼ੀ ਮਾਮਲਿਆਂ 'ਤੇ ਗੰਭੀਰਤਾ ਨਾਲ ਚਰਚਾ ਕਰਦੇ ਹੋਏ, ਉਨ੍ਹਾਂ ਨੇ ਪੰਜਾਬ, ਭਾਰਤ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਬਾਰੇ ਕੀਮਤੀ ਵਿਚਾਰ ਸਾਂਝੇ ਕੀਤੇ ਅਤੇ ਸ. ਸੰਧੂ ਤੋਂ ਮਾਰਗ ਦਰਸ਼ਨ ਪ੍ਰਾਪਤ ਕੀਤਾ। ਜਾਰੀ ਇਕ ਬਿਆਨ 'ਚ ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਸ. ਸੰਧੂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਵਿਦੇਸ਼ ਮੰਤਰੀ ਡਾ. ਜੈ ਸ਼ੰਕਰ ਦੇ ਸਭ ਤੋਂ ਭਰੋਸੇਮੰਦ ਸ਼ਖ਼ਸੀਅਤ ਵਜੋਂ ਨਵੀਂ ਦਿੱਲੀ ਵੱਲੋਂ ਵਿਦੇਸ਼ੀ ਰਣਨੀਤਕ ਮੋਰਚੇ 'ਤੇ ਭੇਜੇ ਗਏ ਸਭ ਤੋਂ ਸਫਲ ਅਤੇ ਸੰਵੇਦਨਸ਼ੀਲ



ਦੂਤ ਵਜੋਂ ਆਪਣੀ ਪਹਿਚਾਣ ਬਣਾਈ। ਸ. ਸੰਧੂ ਨੇ ਸੰਯੁਕਤ ਰਾਜ ਅਮਰੀਕਾ ਵਿੱਚ ਚਾਰ ਵਾਰੀ ਸੇਵਾ ਨਿਭਾਈ ਅਤੇ ਤਿੰਨ ਵਾਰੀ ਵਾਸ਼ਿੰਗਟਨ ਵਿੱਚ ਰਹਿ ਕੇ ਭਾਰਤ-ਅਮਰੀਕਾ ਰਿਸ਼ਤਿਆਂ ਨੂੰ ਮਜ਼ਬੂਤ ਕੀਤਾ। ਉਨ੍ਹਾਂ ਦੀ ਦੂਰਅੰਦੇਸ਼ੀ, ਗੰਭੀਰਤਾ ਅਤੇ ਰਾਸ਼ਟਰਵਾਦੀ ਦ੍ਰਿਸ਼ਟੀਕੋਣ ਨੇ ਭਾਰਤ-ਅਮਰੀਕਾ ਸੰਬੰਧਾਂ ਨੂੰ ਰਣਨੀਤਕ ਦੋਸਤੀ ਤੋਂ ਪਰੇ ਇੱਕ ਭਰੋਸੇਯੋਗ ਵਿਸ਼ਵ-ਵਿਆਪੀ ਭਾਈਵਾਲੀ ਵਿੱਚ ਲੈ ਜਾਇਆ ਹੈ।

ਉਨ੍ਹਾਂ ਕਿਹਾ ਕਿ ਇਹ ਸ. ਸੰਧੂ ਦੀ ਸਖ਼ਤ ਮਿਹਨਤ ਅਤੇ ਮਹੱਤਵਪੂਰਨ ਭੂਮਿਕਾ ਦਾ ਨਤੀਜਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਅਤੇ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਅਤੇ ਮੌਜੂਦਾ ਡੋਨਾਲਡ ਟਰੰਪ ਦੇ ਇਤਿਹਾਸਕ ਭਾਰਤੀ ਦੌਰਿਆਂ ਨੇ ਵਿਸ਼ਵ ਰਾਜਨੀਤੀ 'ਚ ਨਵੀਆਂ ਪੈੜਾਂ ਪਾਈਆਂ। ਅੱਜ ਭਾਰਤ-ਅਮਰੀਕਾ ਸਮਝੌਤਾ ਨਾ ਸਿਰਫ਼ ਵਪਾਰ, ਸੂਰਜੀ ਊਰਜਾ, ਨਵੀਨਤਮ ਤਕਨਾਲੋਜੀ ਵਰਗੇ ਰਣਨੀਤਕ ਖੇਤਰਾਂ ਨੂੰ ਕਵਰ ਕਰਦਾ ਹੈ, ਇਹ ਪੁਲਾੜ, ਸਿੱਖਿਆ ਅਤੇ ਰੱਖਿਆ ਦੇ ਖੇਤਰਾਂ ਵਿੱਚ ਕੇਂਦਰੀ ਭੂਮਿਕਾ ਨਿਭਾ ਰਿਹਾ ਹੈ, ਅਤੇ ਹੁਣ ਆਪਣੀ ਰਣਨੀਤਕ ਦੂਰਦਰਸ਼ਤਾ ਨਾਲ ਵਿਸ਼ਵ ਸ਼ਾਂਤੀ, ਵਿਕਾਸ ਅਤੇ ਸਾਂਝੇ ਮੁੱਲਾਂ ਦਾ ਇੱਕ ਆਦਰਸ਼ ਮਾਡਲ ਬਣ ਰਿਹਾ ਹੈ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਜੀਓਪੋਲਿਟਿਕਲ ਇੰਸਟੀਚਿਊਟ ਦੇ ਚੇਅਰਮੈਨ ਅਤੇ ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਫੋਰਮ (ਸ਼ੀਸ਼ਫਢ) ਦੇ ਸਲਾਹਕਾਰ ਵਜੋਂ ਆਪਣੇ ਰਣਨੀਤਕ ਤਜਰਬੇ ਅਤੇ ਦੂਰਦਰਸ਼ਤਾ ਨਾਲ ਭਾਰਤ-ਮੱਧ ਪੂਰਬ-ਯੂਰਪ ਆਰਥਿਕ ਗਲਿਆਰਾ, ਇੰਡੋ-ਪੈਸੀਫਿਕ ਕਵਾਡ ਅਤੇ ਭਾਰਤ, ਇਜ਼ਰਾਈਲ, ਅਮਰੀਕਾ, ਯੂਏਈ ਵਰਗੀਆਂ ਪਹਿਲਕਦਮੀਆਂ ਲਈ ਇੱਕ ਨਵੀਂ ਦਿਸ਼ਾ ਤੈਅ ਕਰੇਗਾ। ਉਨ੍ਹਾਂ ਕਿਹਾ ਕਿ ਇਸ ਫੋਰਮ ਦੇ ਵਾਸ਼ਿੰਗਟਨ ਡੀਸੀ ਅਤੇ ਨਵੀਂ ਦਿੱਲੀ ਵਿੱਚ ਦਫ਼ਤਰ ਹਨ। ਇਸ ਦੇ ਮੈਂਬਰਾਂ ਵਿੱਚ ਵਿਸ਼ਵ ਪੱਧਰੀ ਕੰਪਨੀਆਂ ਸ਼ਾਮਲ ਹਨ ਜਿਨ੍ਹਾਂ ਦਾ ਕੁੱਲ ਬਾਜ਼ਾਰ ਮੁੱਲ 10 ਟ੍ਰਿਲੀਅਨ ਡਾਲਰ ਤੋਂ ਵੱਧ ਅਤੇ 60 ਲੱਖ ਤੋਂ ਵੱਧ ਕਰਮਚਾਰੀ ਹਨ।

# 'ਬਾਲ ਵਿਆਹ ਇੱਕ ਸਜ਼ਾਯੋਗ ਅਪਰਾਧ' ਵਿਸ਼ੇ 'ਤੇ ਸੈਮੀਨਾਰ ਕਰਵਾਇਆ

ਬਟਾਲਾ, (ਡਾ. ਮਲਵਿੰਦਰ ਸਿੰਘ) 'ਬਾਲ ਵਿਆਹ ਰੋਕਥਾਮ-ਮੁਕਤ ਭਾਰਤ ਜਾਗਰੂਕਤਾ' ਮੁਹਿੰਮ ਦੇ ਤਹਿਤ ਸਾਂਝ ਕੇਂਦਰ ਘਣੀਏ ਕੇ ਬਾਂਗਰ ਵਿਖੇ ਇੱਕ ਸੈਮੀਨਾਰ ਕਰਵਾਇਆ ਗਿਆ।ਸਮਾਗਮ ਦੌਰਾਨ ਹਾਜ਼ਰੀਨ ਨੂੰ ਬਾਲ ਵਿਆਹ ਦੇ ਮੁੱਦੇ ਬਾਰੇ ਜਾਣੂ ਕਰਵਾਇਆ ਗਿਆ ਅਤੇ ਜਾਗਰੂਕ ਕੀਤਾ ਗਿਆ ਕਿ ਭਾਰਤ ਸਰਕਾਰ ਦੇ ਕਾਨੂੰਨਾਂ ਅਨੁਸਾਰ ਬਾਲ ਵਿਆਹ ਇੱਕ ਸਜ਼ਾਯੋਗ ਅਪਰਾਧ ਹੈ।ਇਸ ਮੌਕੇ ਜਸਵੰਤ ਕੌਰ, ਐੱਸ.ਪੀ (ਐੱਚ) ਨੇ ਦੱਸਿਆ ਕਿ ਐੱਸ.ਐੱਸ.ਪੀ. ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਾਲ ਵਿਆਹ ਰੋਕਥਾਮ-ਮੁਕਤ ਭਾਰਤ ਜਾਗਰੂਕਤਾ ਮੁਹਿੰਮ ਦੇ ਤਹਿਤ ਸੈਮੀਨਾਰ ਕਰਵਾਇਆ ਗਿਆ ਸੀ।ਲੋਕਾਂ ਨੂੰ ਜਾਗਰੂਕ ਕੀਤਾ ਗਿਆ ਕਿ ਬਾਲ ਵਿਆਹ ਰੋਕੂ ਐਕਟ 2006 ਦੇ ਤਹਿਤ 18 ਸਾਲ ਤੋਂ ਘੱਟ ਉਮਰ ਦੀ ਲੜਕੀ ਅਤੇ 21 ਸਾਲ ਤੋਂ ਘੱਟ ਉਮਰ ਦੇ ਲੜਕੇ ਦਾ ਵਿਆਹ ਸਜ਼ਾਯੋਗ ਅਪਰਾਧ ਹੈ।ਇਸ ਮੌਕੇ ਹਾਜ਼ਰੀਨ ਨੂੰ ਚਾਈਲਡ ਹੈਲਪਲਾਈਨ ਨੰਬਰ 1098 , ਡਰੱਗ ਹੈਲਪਲਾਈਨ ਨੰਬਰ 97791-00200 ਅਤੇ ਹੈਲਪਲਾਈਨ ਨੰਬਰ 112 ਬਾਰੇ ਵੀ ਜਾਗਰੂਕ ਕੀਤਾ ਗਿਆ।ਬਾਲ ਵਿਆਹਾਂ ਦੇ ਮਾਮਲਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਜਨਤਕ ਸਹਿਯੋਗ ਦੀ ਅਪੀਲ ਕੀਤੀ। ਸੈਮੀਨਾਰ ਦੌਰਾਨ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜਾਗਰੂਕ ਰਹਿਣ ਅਤੇ ਆਪਣੇ ਆਸ-ਪਾਸ ਜੇਕਰ ਕਿਸੇ ਵੀ ਬਾਲ ਵਿਆਹ ਦੀ ਜਾਣਕਾਰੀ ਮਿਲੇ ਤਾਂ ਤੁਰੰਤ ਚਾਈਲਡ ਹੈਲਪ ਲਾਈਨ 1098 ਜਾਂ ਨਜ਼ਦੀਕੀ ਪੁਲਿਸ ਸਟੇਸ਼ਨ ਨੂੰ ਸੂਚਿਤ ਕਰਨ।ਉਨ੍ਹਾਂ ਨੇ ਕਿਹਾ ਕਿ ਸੂਚਨਾ ਦੇਣ ਵਾਲੇ ਦਾ ਨਾਂ ਅਤੇ ਪਤਾ ਗੁਪਤ ਰੱਖਿਆ ਜਾਵੇਗਾ।ਜ਼ਿਕਰਯੋਗ ਹੈ ਕਿ ਸੂਬਾ ਸਰਕਾਰ, ਪੰਜਾਬ ਨੂੰ ਬਾਲ ਵਿਆਹ ਮੁਕਤ ਰਾਜ ਬਣਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ। ਸਰਕਾਰ ਵੱਲੋਂ ਬਾਲ ਵਿਆਹਾਂ ਦੀਆਂ ਘਟਨਾਵਾਂ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਨਿਰੰਤਰ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਅਤੇ ਲੋਕਾਂ ਦੇ ਸਹਿਯੋਗ ਨਾਲ ਪੰਜਾਬ ਨੂੰ ਇਕ ਪ੍ਰਗਤੀਸ਼ੀਲ ਅਤੇ ਬੱਚਿਆਂ ਲਈ ਸੁਖਮਈ ਭਵਿੱਖ ਵਾਲਾ ਰਾਜ ਬਣਾਇਆ ਜਾਵੇਗਾ।

**NOTICE TO APPEAR/ATTEND PROCEEDINGS OF DLM&SFC-LDH**

Through this Publication this is for Constructive Notice for respondent **M/S WILL POWER CYCLES INDS. (REGD) having registered office 536/15, OPP. DHANDARI RAILWAY STATION, INDUSTRIAL AREA-C, DHANDARI KALAN, LUDHIANA, PUNJAB, 141010** to appear in person or through authorized representative before the **District Level Micro & Small facilitation Council Ludhiana, District Industries Centre, Ludhiana on Dated 13-10-2025** regarding claim reference petition submitted by claimant **M/S VINEET INDUSTRIES U/s 18(1) of MSMED Act 2006 bearing reference: MSEFC/DIC/09/24/3245.** If respondent still fails or omits to appear as above then arbitration proceedings shall be conducted as per section 23 & 25 of Arbitration and Conciliation Act and award shall also be passed on the basis of evidence before it.

Member Secretary cum General Manager **District Industries Centre,** Industrial Estate, Ludhiana, Ph. No. 0161-2540695, Email Id:-dicludhiana5@gmail.com, Ludhiana.msefc@gmail.com

Regd. No. 455 Dt. 31-12-1958

**The Langiana Nawan Multipurpose Co-op Agri Service Society Ltd.**
Teh . Baghapurana Distt. Moga'

**ਦੀ ਲੰਗੇਆਣਾ ਨਵਾਂ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ:**

**ਜਨਤਕ ਸੂਚਨਾ**

ਦੀ ਲੰਗੇਆਣਾ ਨਵਾਂ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਲੰਗੇਆਣਾ ਨਵਾਂ ਵਿੱਚ ਡੀ.ਸੀ ਰੇਟ ਉੱਤੇ ਸੇਵਾਦਾਰ-ਕਮ-ਚੌਕੀਦਾਰ ਭਰਤੀ ਕਰਨ ਸੰਬੰਧੀ ਬੇਨਤੀ ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ ।

1. ਉਮੀਦਵਾਰ ਦੀ ਉਮਰ 18 ਤੋਂ 37 ਸਾਲ ਹੋਣੀ ਚਾਹੀਦੀ ਹੈ।
2. ਉਮੀਦਵਾਰ ਪੰਜਾਬੀ ਲਿਖਣ ਪੜਨ ਅਤੇ ਬੋਲਣ ਜਾਣਦਾ ਹੋਵੇ।
3. ਉਮੀਦਵਾਰ ਸਭਾ ਦੇ ਦਾਇਰਾ ਕਾਰੋਬਾਰ ਦਾ ਨਿਵਾਸੀ ਹੋਵੇ ਅਤੇ ਪੇਂਡੂ ਪਿਛੋਕੜ ਦਾ ਹੋਵੇ।
4. ਉਮੀਦਵਾਰ ਇੰਟਰਵਿਊ ਸਮੇਂ ਅਸਲੀ ਦਸਤਾਵੇਜ਼ ਅਰਜ਼ੀਆਂ ਮਿਤੀ 06/08/2025 ਤੱਕ ਸਭਾ ਦੇ ਦਫਤਰ ਵਿੱਚ ਜਾਂ ਸਭਾ ਦੇ ਪ੍ਰਧਾਨ ਕੋਲ ਸ਼ਾਮ 5 ਵਜੇ ਤੱਕ ਜਮਾਂ ਕਰਵਾ ਸਕਦੇ ਹਨ । ਸੇਵਾਦਾਰ-ਕਮ-ਚੌਕੀਦਾਰ ਦੀ ਪੋਸਟ ਲਈ ਇੰਟਰਵਿਊ ਮਿਤੀ 07/08/2025 ਦਿਨ ਵੀਰਵਾਰ ਨੂੰ ਪਿੰਡ ਲੰਗੇਆਣਾ ਨਵਾਂ (ਮੋਗਾ) ਵਿਖੇ ਸਭਾ ਦੇ ਦਫਤਰ ਵਿੱਚ 11 ਵਜੇ ਤੋਂ 1 ਵਜੇ ਤੱਕ ਹੋਵੇਗੀ। ਸਿਲੈਕਸ਼ਨ ਕਮੇਟੀ ਵੱਲੋਂ ਮੈਰਿਟ ਮੌਕੇ ਤੇ ਬਣਾਈ ਜਾਵੇਗੀ। ਸਿਲੈਕਸ਼ਨ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ।

ਪ੍ਰਧਾਨ 98551-53959 , ਸਕੱਤਰ 99148-90417
ਦੀ ਲੰਗੇਆਣਾ ਨਵਾਂ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਲੰਗੇਆਣਾ ਨਵਾਂ (ਮੋਗਾ)
mail: thelangiananawanmpcassltd@gmail.com

# ਹਰੇਕ ਟਿਊਬਵੈੱਲ ਕੁਨੈਕਸ਼ਨ ਪਿੱਛੇ ਸੱਤ ਰੁੱਖ ਲਾਉਣ ਦੀ ਮੰਗ ਨੂੰ ਲੈ ਕੇ ਦਿੱਤਾ ਮੰਗ ਪੱਤਰ

ਚੇਤਨਪੁਰਾ (ਸੁਖਵੰਤ ਚੇਤਨਪੁਰੀ)- ਕਿਸਾਨ ਕਾਂਗਰਸ ਪੰਜਾਬ ਦੇ ਸੂਬਾ ਸਕੱਤਰ ਹਰਮਨਪ੍ਰੀਤ ਸਿੰਘ ਸਿੱਧੂ ਵੱਲੋਂ ਪਿੰਡਾਂ ਵਿੱਚ ਹਰੇਕ ਟਿਊਬਵੈੱਲ ਕੁਨੈਕਸ਼ਨ ਪਿੱਛੇ ਸੱਤ ਰੁੱਖ ਲਗਾਉਣ ਦੀ ਮੰਗ ਨੂੰ ਲੈ ਕੇ ਡੀਸੀ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੂੰ ਮੰਗ ਪੱਤਰ ਦਿੱਤਾ ਗਿਆ। ਮੰਗ ਪੱਤਰ ਦੇਣ ਉਪਰੰਤ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੀਤੇ ਸਮਿਆਂ ਵਿੱਚ ਪਿੰਡਾਂ ਵਿੱਚ ਕਿਸਾਨਾਂ ਦੀਆਂ ਫਸਲਾਂ ਵਿੱਚ ਆਮ ਹੀ ਦਰੱਖਤ ਵੇਖਣ ਨੂੰ ਮਿਲ ਜਾਂਦੇ ਸਨ।

ਉਦਾਹਰਨ ਵਜੋਂ ਉਸ ਸਮੇਂ ਕਿਸਾਨਾਂ ਵੱਲੋਂ ਆਪਣੇ ਖੇਤਾਂ ਨੂੰ ਟਾਹਲੀ ਵਾਲਾ ਖੇਤ, ਜਾਮਨੂੰ ਵਾਲਾ ਖੇਤ, ਅੰਬ ਵਾਲਾ ਖੇਤ ਅਤੇ ਕਿੱਕਰ ਵਾਲਾ ਖੇਤ ਆਦਿ ਨਾਵਾਂ ਨਾਲ ਪੁਕਾਰਿਆ ਜਾਂਦਾ ਸੀ। ਕਿਸਾਨਾਂ ਵੱਲੋਂ ਖੇਤਾਂ ਦੀਆਂ ਵੱਟਾਂ ਅਤੇ ਪਹਿਆਂ ਉੱਤੇ ਆਮ ਰੁੱਖ ਨਜ਼ਰੀਂ ਆਉਂਦੇ ਸਨ ਜਿਨ੍ਹਾਂ ਨੂੰ ਹੁਣ ਪੈਦਾਵਾਰ ਵਧਾਉਣ ਕਾਰਨ ਕੱਟ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਰੁੱਖਾਂ ਦੇ ਅੰਨ੍ਹੇਵਾਹ ਕੱਟੇ ਜਾਣ ਕਾਰਨ ਸਾਡਾ ਵਾਤਾਵਰਨ ਬਹੁਤ ਦੂਸ਼ਿਤ ਹੋ ਗਿਆ ਹੈ ਜਿਸ ਲਈ ਸਾਡੇ ਲਈ ਸਾਹ



ਲੈਣਾ ਮੁਸ਼ਕਿਲ ਹੋਇਆ ਪਿਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਡੀਸੀ ਸਾਹਿਬ ਨੂੰ ਮੰਗ ਪੱਤਰ ਦੇ ਕੇ ਇਹ ਮੰਗ ਕੀਤੀ ਹੈ ਕਿ ਪਿੰਡਾਂ ਵਿੱਚ ਹਰੇਕ ਟਿਊਬਵੈੱਲ ਕੁਨੈਕਸ਼ਨ ਲਈ ਕਿਸਾਨ ਨੂੰ ਆਪਣੇ ਖੇਤ ਵਿੱਚ ਸੱਤ ਰੁੱਖ ਲਾਉਣ ਦੀ ਹਦਾਇਤ ਕੀਤੀ ਜਾਵੇ ਅਤੇ ਇਸ ਕੰਮ ਲਈ ਪਿੰਡ ਦੇ ਨੰਬਰਦਾਰਾਂ ਕੋਲੋਂ ਸਹਿਯੋਗ ਲਿਆ ਜਾਵੇ ਅਤੇ ਕਿਸਾਨਾਂ ਕੋਲੋਂ ਆਪਣੇ ਖੇਤਾਂ ਵਿੱਚ ਰੁੱਖ ਲਵਾਉਣ ਲਈ ਪਿੰਡਾਂ ਦੇ ਨੰਬਰਦਾਰਾਂ ਨੂੰ ਜਵਾਬਦੇਹ ਬਣਾਇਆ ਜਾਵੇ।

# ਸਾਬਕਾ ਵਿਧਾਇਕ ਸਿੱਕੀ ਨੇ ਕਾਂਗਰਸ ਕਮੇਟੀ ਐੱਸਸੀ ਸੈੱਲ ਦੇ ਅਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਵੰਡੇ

ਚੋਹਲਾ ਸਾਹਿਬ (ਰਮਨ ਚੱਢਾ)-ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਸਾਬਕਾ ਵਿਧਾਇਕ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੀਨੀਅਰ ਕਾਂਗਰਸੀ ਆਗੂ ਰਮਨਜੀਤ ਸਿੰਘ ਸਿੱਕੀ ਨੇ ਹਲਕਾ ਖਡੂਰ ਸਾਹਿਬ ਚ ਕਾਂਗਰਸ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਤੇ ਖਾਸ ਕਰਕੇ ਦਲਿਤ ਭਾਈਚਾਰੇ ਨੂੰ ਬਰਾਬਰ ਲਿਆਉਣ ਲਈ ਉਨ੍ਹਾਂ ਨੇੜਲੇ ਪਿੰਡ ਚੰਬਾ ਕਲਾਂ ਦੇ ਦੋਹਾਂ ਬੂਥਾਂ ਤੇ ਕਾਂਗਰਸ ਕਮੇਟੀ ਐਸ. ਸੀ. ਸੈੱਲ ਦੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਜਿਨਾਂ ਵਿੱਚ ਸੁਖਬੀਰ ਸਿੰਘ, ਸੁਖਦੇਵ ਸਿੰਘ ਰੋਸ਼ਨ, ਅਰਸ਼ਦੀਪ ਸਿੰਘ, ਤਰਸੇਮ ਸਿੰਘ ਨੱਟੀ, ਵਰਿੰਦਰ ਸਿੰਘ,ਅਜਮੇਰ ਸਿੰਘ ਵਿੱਕੀ, ਮਿਸਤਰੀ ਰਾਜ ਸਿੰਘ, ਸਰਬਜੀਤ ਸਿੰਘ ਛੱਬਾ, ਕੁਲਜੀਤ ਸਿੰਘ ਕਾਲਾ, ਸਰਤਾਜ ਸਿੰਘ, ਗੁਰਲਾਲ ਸਿੰਘ, ਲਖਬੀਰ ਸਿੰਘ ਬੂਰਾ, ਦਵਿੰਦਰ ਸਿੰਘ, ਹਰਪ੍ਰੀਤ ਸਿੰਘ, ਜਗਰਾਜ ਸਿੰਘ, ਦਲਜੀਤ ਸਿੰਘ, ਲਵਜੋਤ ਸਿੰਘ, ਬਲਜਿੰਦਰ ਸਿੰਘ ਨਿੱਕੂ, ਰਣਜੋਤ ਸਿੰਘ, ਸਲਵਿੰਦਰ ਸਿੰਘ, ਰਜਿੰਦਰ ਸਿੰਘ ਆਦਿ ਨੂੰ ਨਾਅਰਿਆਂ ਤੇ ਤਾੜੀਆਂ ਦੀ ਗੂੰਜ ਵਿੱਚ ਨਿਯੁਕਤੀ ਪੱਤਰ ਦੇ ਕੇ ਉਨ੍ਹਾਂ ਨੂੰ ਦਿਨੋ-ਦਿਨ ਕਾਂਗਰਸ ਕਮੇਟੀ ਨੂੰ ਹੋਰ ਮਜ਼ਬੂਤ ਕਰਨ ਲਈ ਥਾਪੜਾ ਦਿੰਦੇ ਹੋਏ ਕਿਹਾ ਕਿ ਕਾਂਗਰਸ ਪਾਰਟੀ ਆਪਣੇ ਹਰੇਕ ਵਰਕਰ ਨਾਲ ਚਟਾਨ ਵਾਂਗ ਖੜੀ ਹੈ।ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਦਿਨ-ਰਾਤ ਕਾਂਗਰਸ ਪਾਰਟੀ ਚ ਸੇਵਾ ਕਰਨ ਲਈ ਕਿਹਾ।

ਇਸੇ ਤਰ੍ਹਾਂ ਸਮੇਂ-ਸਮੇਂ ਤੇ ਹਰੇਕ ਕਾਂਗਰਸੀ ਵਰਕਰ ਨੂੰ ਪਾਰਟੀ ਦੀ ਸੇਵਾ ਕਰਨ ਲਈ ਸੇਵਾ ਦਾ ਮੌਕਾ ਦਿੱਤਾ ਜਾਵੇਗਾ।ਸਿੱਕੀ ਨੇ ਕਿਹਾ ਕਿ ਹਾਕਮ ਸਰਕਾਰ ਮਿਹਨਤਕਸ਼ ਲੋਕਾਂ ਨੂੰ ਉਜਾੜਨ ਤੇ ਤੁਲੀ ਹੋਈ ਹੈ। ਮਿਹਨਤਕਸ਼ ਲੋਕਾਂ ਦਾ ਹੱਕ ਖਾ ਰਹੀ ਹੈ।

ਆਓ ਇਕੱਠੇ ਹੋ ਕੇ ਜਬਰ ਜ਼ੁਲਮ ਖਿਲਾਫ ਮੁੜ ਕਾਂਗਰਸ



ਪਾਰਟੀ ਦੀ ਸਰਕਾਰ ਲਿਆਈਏ। ਇਸ ਮੌਕੇ ਮਹਿੰਦਰ ਸਿੰਘ ਚੰਬਾ, ਮਨਜੀਤ ਸਿੰਘ, ਹਰਪ੍ਰੀਤ ਸਿੰਘ ਸੰਧੂ, ਨਿਰਮਲ ਸਿੰਘ, ਸੂਰਤਾ ਸਿੰਘ ਫੌਜੀ, ਗੁਰਸੇਵਕ ਸਿੰਘ ਜਲਾਲਕਾ, ਬਲਬੀਰ ਸਿੰਘ ਬੀਰ ਗਰਾਣਾ, ਗੁਰਦਾਸ ਸਿੰਘ ਸਾਬਕਾ ਮੈਂਬਰ, ਦਾਰਾ ਸਿੰਘ ਢੇਰੀ ਵਾਲਾ, ਪਰਮਜੀਤ ਸਿੰਘ ਸਾਬਕਾ ਮੈਂਬਰ, ਹਰਜਿੰਦਰ ਸਿੰਘ ਦੁਆਬੀਆ, ਲਖਬੀਰ ਸਿੰਘ ਕਿਲੇ ਵਾਲਾ, ਹੀਰਾ ਸਿੰਘ ਸਾਬਕਾ ਮੈਂਬਰ, ਕਰਮ ਸਿੰਘ ਸ਼ਾਹ, ਸਾਰਜ ਸਿੰਘ ਆਦਿ ਕਾਂਗਰਸੀ ਆਗੂ ਹਾਜ਼ਰ ਸਨ।

**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਉਪ ਮੁੱਖ ਇੰਜੀਨੀਅਰ/ਪੁਲ/ਵਰਕਸ਼ਾਪ, ਉੱਤਰ ਰੇਲਵੇ, ਜਲੰਧਰ ਛਾਵਣੀ ਦੇ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ, ਓਪਨ ਈ-ਟੈਂਡਰ ਨੂੰ ਏਕਲ ਪੈਕੇਟ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ ।

| ਲ. ਨੰ: | ਟੈਂਡਰ ਨੰਬਰ | ਕੰਮ ਦਾ ਵੇਰਵਾ | ਅਨੁਮਾਨਿਤ ਲਾਗਤ (ਰੁਪਏ) | ਬਿਆਨਾ ਰਾਸ਼ੀ (ਰੁਪਏ) | ਖੁਲਣ ਦੀ ਮਿਤੀ | IREPS ਉਤੇ ਬੋਲੀ ਲਗਾਣ ਦੀ ਮਿਤੀ | ਟੈਂਡਰ ਫਾਰਮ ਦੀ ਲਾਗਤ (ਰੁਪਏ) | ਕੰਮ ਪੂਰਾ ਕਰਨ ਦਾ ਸਮਾਂ |
|---|---|---|---|---|---|---|---|---|
| 1 | OT-17-JRC-2025 | SSE/BR/M/JUC ਦੇ ਅਧਿਕਾਰ ਖੇਤਰ ਦੇ ਅੰਤਰਗਤ, ਪੁਲ ਨੰਬਰ 84 ਅਤੇ SSE/BR/M/PTK ਦੇ ਅਧਿਕਾਰ ਖੇਤਰ ਦੇ ਅੰਤਰਗਤ ਪੁਲ ਨੰਬਰ 17 DN, 81 DN, 172 DN ਦਾ ਫੋਟੋਗ੍ਰਾਮੈਟ੍ਰੀ ਸਹਿਤ ਏਰਿਯਲ ਡ੍ਰੋਨ ਸਰਵੇਖਣ ਕਰਨਾ | 29,76,759.93 | 59,500.00 | 08.08.2025 | 25.07.2025 ਤੋਂ 08.08.2025 | 0 | 04 ਮਹੀਨੇ |

| | |
|---|---|
| ਟੈਂਡਰ ਪੇਸ਼ ਕਰਨਾ ਅਤੇ ਟੈਂਡਰ ਖੁਲਣ ਦੇ ਲਈ ਮਿਤੀ ਅਤੇ ਸਮਾਂ | ਹਰੇਕ ਦੇ ਖਿਲਾਫ ਦਿਖਾਏ ਗਈ ਮਿਤੀਆਂ ਉਤੇ 15.00 ਵਜੇ ਤਕ ਅਤੇ ਉਸੀ ਸਮੇਂ 15.00 ਵਜੇ ਦੇ ਬਾਦ । |
| ਵੇਬਸਾਈਟ ਵੇਰਵਾ ਜਿਥੋਂ ਟੈਂਡਰ ਦਾ ਪੂਰਾ ਵੇਰਵਾ ਦੇਖਿਆ ਜਾਂ ਸਕਦਾ ਹੈ ਅਤੇ ਡਾਊਨਲੋਡ ਕੀਤਾ ਜਾਂ ਸਕਦਾ ਹੈ । | ਪੂਰੀ ਈ-ਟੈਂਡਰ ਸੂਚਨਾ ਉੱਤਰ ਰੇਲਵੇ ਵੇਬਸਾਈਟ www.nr.indianrailways.gov.in ਉਤੇ ਉਪਲਬਧ ਹੈ ਅਤੇ ਟੈਂਡਰ ਦਸਤਾਵੇਜ਼ www.ireps.gov.in ਉਤੇ ਉਪਲਬਧ ਹੈ । |

No. 80-W/30/Bridges/Invitation Dated: 07.2025 — 2204/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਉਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-PnU25-13 | 26.07.2025 ਨੂੰ 11:00 ਵਜੇ | ਬਟਾਲਾ, ਮੁਕਤਸਰ ਅਤੇ ਫਿਲੌਰ ਰੇਲਵੇ ਸਟੇਸ਼ਨਾਂ ਤੇ ਪੇ ਐਂਡ ਯੂਜ਼ ਪਖਾਨਿਆਂ ਦਾ ਸੰਚਾਲਨ ਅਤੇ ਰਖਰਖਾਅ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-PRKG25-13 | 26.07.2025 ਨੂੰ 11:30 ਵਜੇ | ਡੀਏਵੀ ਕਾਲਜ ਜਲੰਧਰ ਹਾਲਟ ਅਤੇ ਕਪੂਰਥਲਾ ਰੇਲਵੇ ਸਟੇਸ਼ਨ ਤੇ ਪਾਰਕਿੰਗ ਸਥਲ ਤੇ ਠੇਕੇ ਦਾ ਅਲਾਟਮੈਂਟ। |
| EAFZR-MPS25-9 | 28.07.2025 ਨੂੰ 11:30 ਵਜੇ | ਜਲੰਧਰ ਸ਼ਹਿਰ ਅਤੇ ਲੁਧਿਆਣਾ ਰੇਲਵੇ ਸਟੇਸ਼ਨ ਤੇ ਬਹੁਉਦੇਸ਼ੀ ਸਟਾਲ (ਐਮਪੀਐਸ) ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-CTG25-22 | 29.07.2025 ਨੂੰ 11:00 ਵਜੇ | ਖੇਮਕਰਨ, ਮੁਕਤਸਰ, ਤਰਨਤਾਰਨ, ਕਰਤਾਰਪੁਰ, ਆਰਸੀਐਫ-ਕਪੂਰਥਲਾ ਹਾਲਟ ਅਤੇ ਕੋਟਕਪੂਰਾ ਰੇਲਵੇ ਸਟੇਸ਼ਨਾਂ ਤੇ ਕੈਟਰਿੰਗ ਸਟਾਲ ਦਾ ਠੇਕੇ ਦਾ ਅਲਾਟਮੈਂਟ। |
| EAFZR-OH25-15 | 29.07.2025 ਨੂੰ 11:00 ਵਜੇ | ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ: 1. ਸਾਹਨੇਵਾਲ, ਅੰਮ੍ਰਿਤਸਰ ਅਤੇ ਜਲੰਧਰ ਸਿਟੀ ਰੇਲਵੇ ਸਟੇਸ਼ਨ ਤੇ ਪਾਣੀ ਦੀਆਂ ਟੰਕੀਆਂ ਦੇ ਓਵਰਹੇਡ ਦੇ ਉਪਰ। 2. ਵੇਰਕਾ, ਜੈਂਤੀਪੁਰਾ, ਬਟਾਲਾ, ਭਗਤਾਂਵਾਲਾ ਅਤੇ ਪੱਟੀ ਰੇਲਵੇ ਸਟੇਸ਼ਨ ਨਾਲ ਲਗੇ ਲੇਵਲ ਕ੍ਰਾਸਿੰਗ ਤੇ ਸਟੇਟਿਕ ਮੀਡੀਆ ਦੇ ਮਾਧਿਅਮ ਨਾਲ। 3. ਗੋਰਾਯਾ ਅਤੇ ਲੋਹਿਯਾ ਖਾਸ ਰੇਲਵੇ ਸਟੇਸ਼ਨ ਤੇ ਸਟੇਟਿਕ ਮੀਡੀਆ ਦੇ ਮਾਧਿਅਮ ਨਾਲ। 4. ਮਖੂ ਅਤੇ ਨਕੋਦਰ ਰੇਲਵੇ ਸਟੇਸ਼ਨ ਤੇ ਸਟੇਟਿਕ ਮੀਡੀਆ / ਪਾਣੀ ਦੀ ਟੰਕੀ ਦੇ ਓਵਰਹੇਡ ਦੇ ਉਪਰ। |
| EAFZR-MMS25-1 | 29.07.2025 ਨੂੰ 12:30 ਵਜੇ | ਗੱਡੀ ਨੰ. 14680/14679/14682/14681, 12054/12053 ਅਤੇ 22488/87 ਦੇ ਡੱਬਿਆਂ ਦੀਆਂ ਸੀਟਾਂ ਦੇ ਫੂਡ ਟ੍ਰੇ ਅਤੇ ਹੇਡਰੇਸਟ ਤੇ ਪੈਚ ਦੇ ਮਾਧਿਅਮ ਨਾਲ ਵਿਗਿਆਪਨ ਅਧਿਕਾਰਾਂ ਦਾ ਅਲਾਟਮੈਂਟ। |
| EAFZR-MIS25-12 | 30.07.2025 ਨੂੰ 11:00 ਵਜੇ | 1) ਰੇਲਵੇ ਸਟੇਸ਼ਨ ਫਿਰੋਜਪੁਰ ਕੈਂਟ ਤੇ ਪਲਾਸਟਿਕ ਬੋਤਲ ਕ੍ਰਸ਼ਿੰਗ ਮਸ਼ੀਨ ਦੀ ਸਥਾਪਨਾ, ਸੰਚਾਲਨ ਅਤੇ ਰਖਰਖਾਅ ਅਤੇ ਉਸ ਤੇ ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ। 2) ਫਰੀਦਕੋਟ, ਫਿਲੌਰ, ਫਿਰੋਜਪੁਰ ਕੈਂਟ, ਅੰਮ੍ਰਿਤਸਰ ਅਤੇ ਫਗਵਾੜਾ ਰੇਲਵੇ ਸਟੇਸ਼ਨਾਂ ਤੇ ਵਾਟਰ ਵੈਂਡਿੰਗ ਮਸ਼ੀਨਾਂ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਠੇਕੇ ਦਾ ਅਲਾਟਮੈਂਟ। |
| EAFZR-CTG25-23 | 30.07.2025 ਨੂੰ 11:30 ਵਜੇ | ਸਾਹਨੇਵਾਲ, ਨਵਾਂ ਸ਼ਹਿਰ ਦੋਆਬਾ, ਨਕੋਦਰ, ਵੇਰਕਾ, ਜਗਰਾਉਂ, ਫਿਰੋਜਪੁਰ ਸਿਟੀ, ਫਾਜਿਲਕਾ, ਅਤੇ ਸੁਲਤਾਨਪੁਰ ਲੋਧੀ ਰੇਲਵੇ ਸਟੇਸ਼ਨਾਂ ਤੇ ਕੈਟਰਿੰਗ ਸਟਾਲ ਦਾ ਠੇਕਾ ਦਾ ਅਲਾਟਮੈਂਟ। |
| EAFZR-PnU25-14 | 01.08.2025 ਨੂੰ 11:30 ਵਜੇ | ਕੋਟਕਪੂਰਾ ਅਤੇ ਢੰਡਾਰੀ ਕਲਾਂ ਰੇਲਵੇ ਸਟੇਸ਼ਨਾਂ ਤੇ ਪੇ ਐਂਡ ਯੂਜ਼ ਪਖਾਨਿਆਂ ਦੇ ਸੰਚਾਲਨ ਅਤੇ ਰਖਰਖਾਅ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-PMBJK25-2 | 01.08.2025 ਨੂੰ 12:30 ਵਜੇ | ਫਗਵਾੜਾ ਰੇਲਵੇ ਸਟੇਸ਼ਨ ਉਤੇ ਪ੍ਰਧਾਨ ਮੰਤਰੀ ਭਾਰਤੀਯ ਜਨਔਸ਼ਧੀ ਕੇਂਦਰ ਦੇ ਸੰਚਾਲਨ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

ਨੰਬਰ MC/38015/Pub/E-Auction/FZR/22 ਮਿਤੀ 21.07.2025

ਸੀਨੀਅਰ ਮੰਡਲ ਵਾਣਿਜ ਪ੍ਰਬੰਧਕ
ਉਤਰ ਰੇਲਵੇ, ਫਿਰੋਜਪੁਰ

2206/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਅਹਿਮ ਮੰਗਾਂ ਨੂੰ ਲੈ ਕੇ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ

ਪੱਟੀ (ਬਲਦੇਵ ਸਿੰਘ ਸੰਧੂ)-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਵਲਟੋਹਾ ਦੀ ਮਹੀਨਾਵਾਰ ਮੀਟਿੰਗ ਹੋਈ। ਇਹ ਮੀਟਿੰਗ ਬਲਾਕ ਦੇ ਅਹੁਦੇਦਾਰਾਂ ਦੀ ਰਹਿਨੁਮਾਈ ਹੇਠ ਕਰਾਈ ਗਈ ਇਸ ਮੀਟਿੰਗ ਵਿੱਚ ਬਲਾਕ ਵਲਟੋਹਾ ਦੇ ਵੱਖ-ਵੱਖ ਪਿੰਡਾਂ ਤੋਂ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਮੈਂਬਰ ਸਾਹਿਬਾਨ ਨੇ ਹਿੱਸਾ ਲਿਆ। ਇਸ ਮੀਟਿੰਗ ਵਿੱਚ ਸਮੂਹ ਬਲਾਕ ਵੱਲੋਂ ਅਹਿਮ ਫੈਸਲਾ ਨੂੰ ਵਿਚਾਰਿਆ ਗਿਆ ਜਿਸ ਵਿੱਚ ਸਭ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤੇ ਚਰਚਾ ਹੋਈ ਜਿਸ ਵਿੱਚ ਬਲਾਕ ਵਲਟੋਹਾ ਦੇ ਸੀਨੀਅਰ



ਮੀਤ ਪ੍ਰਧਾਨ ਦਲਜੀਤ ਸਿੰਘ ਵਲਟੋਹਾ ਵੱਲੋਂ ਬੋਲਦਿਆਂ ਕਿਹਾ ਗਿਆ ਕਿ ਇਹ ਜੋ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸਰਕਾਰ ਵੱਲੋਂ ਚਲਾਈ ਗਈ ਹੈ ਇਸ ਦੀ ਅਸੀਂ ਸ਼ਲਾਘਾ ਕਰਦੇ ਹਾਂ ਅਤੇ ਸਰਕਾਰ ਦਾ ਬਣਦਾ ਸਹਿਯੋਗ ਦੇਣ ਦਾ ਪ੍ਰਣ ਕਰਦੇ ਹਾਂ, ਅਸੀਂ ਚਾਹੁੰਦੇ ਹਾਂ ਕਿ ਜੋ ਨਸ਼ੇ ਦੇ ਵੱਡੇ ਸੌਦਾਗਰ ਹਨ ਉਨ੍ਹਾਂ ਤੇ ਕਾਨੂੰਨੀ ਕਾਰਵਾਈ ਕਰਕੇ ਉਨ੍ਹਾਂ ਨੂੰ ਜੇਲਾਂ ਅੰਦਰ ਰੱਖਿਆ ਜਾਵੇ ਅਤੇ ਪੰਜਾਬ ਦੀ ਨੌਜਵਾਨੀ ਨੂੰ ਇਸ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਿਆ ਜਾਵੇ। ਇਸ ਦੇ ਨਾਲ ਹੀ ਬਲਾਕ ਵਲਟੋਹਾ ਦੇ ਕੈਸ਼ੀਅਰ ਡਾਕਟਰ ਬਲਵਿੰਦਰ ਸਿੰਘ ਨੇ ਕਿਹਾ ਕਿ ਸਾਡੀ ਜਥੇਬੰਦੀ ਹਮੇਸ਼ਾ ਹੀ ਪੰਜਾਬ ਦੀ ਭਲਾਈ ਲਈ ਲੋਕਾਂ ਦੀ ਭਲਾਈ ਲਈ ਵੱਖ-ਵੱਖ ਕਾਰਜਾਂ ਵਿੱਚ ਵੱਧ ਚੜ੍ਹ ਕੇ ਸਹਿਯੋਗ ਕਰਦੀ ਹੈ ਪਿਛਲੇ ਲੰਮੇ ਸਮੇਂ ਤੋਂ ਸਾਡੀ ਜਥੇਬੰਦੀ ਪਿੰਡਾਂ ਵਿੱਚ ਕਸਬਿਆਂ ਵਿੱਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਤੇ ਭਰੂਣ ਹੱਤਿਆ ਵਿਰੁੱਧ ਸੁਚੇਤ ਕਰਦੀ ਆ ਰਹੀ ਹੈ, ਨਾਲ ਹੀ ਖੂਨ ਦਾਨ ਅਤੇ ਐਚਆਈਵੀ ਰੋਗਾਂ ਸਬੰਧੀ ਸਮੇਂ ਸਮੇਂ ਲੋਕਾਂ ਨੂੰ ਸੁਚੇਤ ਕੀਤਾ ਜਾਂਦਾ ਰਿਹਾ ਹੈ। ਇਸੇ ਤਰ੍ਹਾਂ ਬਲਾਕ ਪ੍ਰਧਾਨ ਡਾਕਟਰ ਸੁਖਚੈਨ ਸਿੰਘ ਬੋਪਾਰਾਏ ਨੇ ਕਿਹਾ ਕਿ ਸਾਡੇ ਜਥੇਬੰਦੀ ਦੇ ਸੂਬਾ ਆਗੂ ਧੰਨਾ ਮਲ ਗੋਇਲ ਲੰਮੇ ਸੰਘਰਸ਼ਾਂ ਦੇ ਪਾਂਧੀ ਹਨ ਜਿਨਾਂ ਦੀ ਮਿਹਨਤ ਦੀ ਬਦੌਲਤ ਸਾਡੀ ਜਥੇਬੰਦੀ ਨੇ ਪੰਜਾਬ ਦੇ ਅੰਦਰ ਇੱਕ ਵੱਖਰਾ ਨਾਮ ਹਾਸਲ ਕੀਤਾ ਹੈ ਰੁਤਬਾ ਹਾਸਲ ਕੀਤਾ ਹੈ। ਇਸੇ ਤਰ੍ਹਾਂ ਸਾਡੀ ਹਰੇਕ ਸਰਕਾਰ ਤੱਕ ਪਹੁੰਚ ਰਹੀ। ਚੋਣਾਂ ਦੇ ਟਾਈਮ ਸਰਕਾਰਾਂ ਨੇ ਸਾਡੀਆਂ ਮੁੱਖ ਮੰਗਾਂ ਨੂੰ ਆਪਦੇ ਚੋਣ ਮੈਨੀਫੈਸਟੋ ਵਿੱਚ ਵਿਸ਼ੇਸ਼ ਤੌਰ ਤੇ ਦਰਜ ਵੀ ਕੀਤਾ। ਅਫਸੋਸ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਵੀ ਸਾਡੀਆਂ ਇਨ੍ਹਾਂ ਮੰਗਾਂ ਤੇ ਸਰਕਾਰ ਨੇ ਕੋਈ ਧਿਆਨ ਦਿੱਤਾ। ਇਸ ਲਈ ਸਾਡੀ ਸਟੇਟ ਬਾਡੀ ਨੇ ਇੱਕ ਸਟੇਟ ਦੀ ਮੀਟਿੰਗ ਸੱਦ ਕੇ ਸਾਰੇ ਬਲਾਕ ਜ਼ਿਲਿਆਂ ਨੂੰ ਸੱਦਾ ਦਿੱਤਾ ਹੈ ਕਿ ਅਸੀਂ ਕਨਵੈਨਸ਼ਨਾਂ ਕਰਕੇ ਆਪਣੀਆਂ ਮੰਗਾਂ ਨੂੰ ਸਰਕਾਰ ਦੇ ਕੰਨਾਂ ਤੱਕ ਪਹੁੰਚਾਵਾਂਗੇ ਅਤੇ ਆਪਣਾ ਬਣਦਾ ਹੱਕ ਲਵਾਂਗੇ। ਅਖੀਰ ਵਿੱਚ ਬਲਾਕ ਵਲਟੋਹਾ ਦੇ ਮੀਡੀਆ ਇੰਚਾਰਜ ਡਾਕਟਰ ਅਮਰਜੀਤ ਸਿੰਘ ਕੋਰੀ ਵੱਲੋਂ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ ਗਿਆ ਅਤੇ ਸਾਥੀਆਂ ਨੂੰ ਜਥੇਬੰਦੀ ਵਿੱਚ ਵਾਧਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੀਟਿੰਗ ਵਿੱਚ ਡਾਕਟਰ ਗੁਰਚਰਨ ਸਿੰਘ, ਡਾਕਟਰ ਬਲਦੇਵ ਸਿੰਘ, ਡਾ. ਮਲਕੀਤ ਸਿੰਘ ਵਰਨਾਲਾ, ਡਾ. ਗੁਰਜਿੰਦਰ ਸਿੰਘ ਰੱਤੋਕੇ, ਜਰਨੈਲ ਸਿੰਘ ਰੱਤੋ ਕੇ, ਡਾਕਟਰ ਮਲਕੀਤ ਸਿੰਘ ਚੀਮਾ, ਡਾਕਟਰ ਹਰਜੀਤ ਸਿੰਘ ਮਾਣੇਕੇ ਅਤੇ ਹਰਨੇਕ ਸਿੰਘ ਆਦਿ ਹਾਜ਼ਰ ਸਨ ।

# ਗੱਡੀ ਹੇਠਾਂ ਆਉਣ ਨਾਲ ਅਣਪਛਾਤੇ ਵਿਅਕਤੀ ਦੀ ਮੌਤ

ਮਜੀਠਾ (ਸੋਇਮ ਆਨੰਦ)-ਅੰਮ੍ਰਿਤਸਰ ਡੇਰਾ ਬਾਬਾ ਨਾਨਕ ਨੂੰ ਜਾਣ ਵਾਲੀ ਰੇਲ ਗੱਡੀ ਹੇਠਾਂ ਆਉਣ ਕਰਕੇ ਇੱਕ ਵਿਅਕਤੀ ਦੀ ਮੌਤ ਹੋਣ ਦਾ ਸਮਾਚਾਰ ਹੈ।ਵੇਰਕਾ ਰੇਲਵੇ ਚੌਕੀ ਇੰਚਾਰਜ ਏ. ਐੱਸ. ਆਈ. ਪ੍ਰਿਥੀਪਾਲ ਸਿੰਘ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਦੁਪਹਿਰ ਸਮੇਂ ਡੇਰਾ ਬਾਬਾ ਨਾਨਕ ਤੋਂ ਅੰਮ੍ਰਿਤਸਰ ਨੂੰ ਜਾਣ ਵਾਲੀ ਰੇਲ ਗੱਡੀ ਜਦ ਨਾਗ ਕਲਾਂ ਨੇੜੇ ਪੁੱਜੀ ਤਾਂ ਅਚਾਨਕ ਇਸ ਦੇ ਹੇਠ ਇੱਕ ਵਿਅਕਤੀ ਆ ਗਿਆ। ਇਤਲਾਹ ਮਿਲਣ 'ਤੇ ਉਹ ਆਪਣੇ ਸਾਥੀ ਕਰਮਚਾਰੀਆਂ ਨਾਲ ਮੌਕੇ 'ਤੇ ਪੁੱਜੇ ਤਾਂ ਦੇਖਿਆ ਕਿ ਇੱਕ ਵਿਅਕਤੀ ਜਿਸ ਦੀ ਉਮਰ ਕਰੀਬ 35 ਸਾਲ, ਮੁੱਲਾ ਫੈਸ਼ਨ ਕਟਿੰਗ ਵਾਲੀ ਦਾੜ੍ਹੀ, ਉਸ ਨੇ ਕਾਲੇ ਰੰਗ ਦੀ ਪੈਂਟ ਪਾਈ ਸੀ ਅਤੇ ਕੌਫੀ ਰੰਗ ਵਾਲੀ ਗੋਲ ਗਲ ਵਾਲੀ ਟੀ ਸ਼ਰਟ ਪਹਿਨੀ ਹੋਈ ਸੀ, ਦੀ ਗੱਡੀ ਹੇਠਾਂ ਆਉਣ ਨਾਲ ਮੌਤ ਹੋ ਚੁੱਕੀ ਸੀ। ਉਨ੍ਹਾਂ ਦੱਸਿਆ ਕਿ ਲਾਗਲੇ ਪਿੰਡਾਂ ਤੋਂ ਉਕਤ ਵਿਅਕਤੀ ਦੀ ਪਛਾਣ ਕਰਵਾਈ ਗਈ ਪਰ ਉਸ ਦੀ ਸ਼ਨਾਖਤ ਨਹੀਂ ਹੋ ਸਕੀ ਜਿਸ ਕਰਕੇ ਉਸ ਦੀ ਲਾਸ਼ ਨੂੰ ਰੇਲਵੇ ਸਟੇਸ਼ਨ ਅੰਮ੍ਰਿਤਸਰ ਦੇ ਮੁਰਦਾ ਘਰ ਵਿਚ ਸ਼ਨਾਖਤ ਵਾਸਤੇ ਰਖਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਮਾਮਲਾ ਦਰਜ ਕਰ ਲਿਆ ਹੈ ਅਤੇ ਰੇਲ ਗੱਡੀ ਹੇਠਾਂ ਆਉਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਜਨਮ ਦਿਨ ਮੁਬਾਰਕ



ਅਭੈਜੋਤ ਸਿੰਘ ਬੈਂਸ, ਫਿਲੌਰ

## ਵਰ੍ਹੇਗੰਢ ਮੁਬਾਰਕ



ਵਿਰਗਟ ਸਿੰਘ ਅਤੇ ਪਰਮਜੀਤ ਕੌਰ ਵਾਸੀ ਕੋਟ ਯੋਗਰਾਜ ਨੇ ਆਪਣੇ ਵਿਆਹ ਦੀ 9ਵੀਂ ਵਰ੍ਹੇਗੰਢ ਮਨਾਈ।

# ਡਾ. ਮੁਠੱਡਾ ਦੀ ਬਰਸੀ ਮੌਕੇ ਵਿਗਿਆਨਕ ਚੇਤਨਾ ਕੇਂਦਰ ਦਾ ਕੀਤਾ ਲੋਕਅਰਪਣ



**ਫਿਲੌਰ (ਹਰਜਿੰਦਰ ਕੌਰ ਚਾਹਲ)**

ਸ਼ਹੀਦ ਡਾ. ਗੁਰਦਿਆਲ ਸਿੰਘ ਮੁਠੱਡਾ ਦੀ 38ਵੀਂ ਬਰਸੀ ਮੌਕੇ ਪਿੰਡ ਮੁਠੱਡਾ ਕਲਾਂ ਵਿਖੇ ਇੱਕ ਇਕੱਤਰਤਾ ਨੂੰ ਸੰਬੋਧਨ ਕਰਦੇ ਹੋਏ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਣ ਸਿੰਘ ਨੇ ਕਿਹਾ ਕਿ ਇਤਿਹਾਸ 'ਚ ਨਾਮਧਾਰੀਆਂ ਵੱਲੋਂ ਦੇਸ਼ ਦੀ ਆਜ਼ਾਦੀ 'ਚ ਵੱਡਾ ਯੋਗਦਾਨ ਪਾਇਆ ਗਿਆ।ਜਿਸ ਦੌਰਾਨ ਸ਼ਹੀਦ ਭਗਤ ਸਿੰਘ ਨੇ ਮੁਠੱਡਾ ਕਲਾਂ 'ਚ ਪਹਿਲੀ ਵਾਰ ਆਪਣੀ ਜ਼ਿੰਦਗੀ ਦਾ ਭਾਸ਼ਣ ਕੀਤਾ ਸੀ।ਪ੍ਰੋ. ਜਗਮੋਹਣ ਸਿੰਘ ਨੇ ਨੌਜਵਾਨਾਂ ਨੂੰ ਵਿਗਿਆਨਕ ਨਜ਼ਰੀਆ ਅਪਨਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਇਤਿਹਾਸ ਨਾਲ ਜੁੜਨ ਅਤੇ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਅੱਗੇ ਵੱਧਣ। ਅੰਤਰਰਾਸ਼ਟਰੀ ਅਵਸਥਾ ਬਾਰੇ ਉਨ੍ਹਾਂ ਕਿਹਾ ਕਿ ਪੂੰਜੀਵਾਦ ਚਾਹੁੰਦਾ ਹੈ ਕਿ ਲੋਕਾਂ ਦੀ ਏਕਤਾ ਨਾ ਬਣੇ।ਇਸ ਦੌਰਾਨ ਪੂੰਜੀ ਕੁੱਝ ਹੱਥਾਂ 'ਚ ਕੇਂਦਰਤ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਨਵ ਉਦਾਰਵਾਦੀ ਨੀਤੀਆਂ ਦੀ ਪਹਿਲਾ ਚਿੱਲੀ 'ਚ ਵੀ ਪਰਖ ਕੀਤੀ ਜਾ ਚੁੱਕੀ ਹੈ ਅਤੇ ਹੁਣ ਸਾਰੀਆਂ ਦੁਨੀਆ 'ਚ ਇਹ ਨੀਤੀਆਂ ਲਾਗੂ ਕਰਕੇ ਤਬਾਹੀ ਮਚਾਈ ਜਾ ਰਹੀ ਹੈ।ਉਨ੍ਹਾਂ ਅੱਗੇ ਕਿਹਾ ਕਿ ਸਾਂਝੀਵਾਲਤਾ ਤੋਂ ਬਿਨਾਂ ਮਨੁੱਖਤਾ ਦਾ ਭਲਾ ਨਹੀਂ ਹੋ ਸਕਦਾ।ਇਸ ਮੌਕੇ ਆਰ ਐੱਮ ਪੀ ਆਈ ਦੇ ਕੇਂਦਰੀ ਕਮੇਟੀ ਮੈਂਬਰ ਕੁਲਵੰਤ ਸਿੰਘ ਸੰਧੂ ਨੇ ਡਾ. ਮੁਠੱਡਾ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਦੇਸ਼ ਦੀ ਏਕਤਾ ਆਖੰਡਤਾ ਦੀ ਰਾਖੀ ਲਈ ਕੀਤੀ ਕੁਰਬਾਨੀ ਆਜ਼ਾਈ ਨਹੀਂ ਜਾਵੇਗੀ। ਇਸ ਤੋਂ ਪਹਿਲਾ ਪ੍ਰੋ. ਜਗਮੋਹਣ ਨੇ ਕਾਮਰੇਡ ਨਰੰਜਣ ਸਿੰਘ ਮੁਠੱਡਾ ਮੈਮੋਰੀਅਲ ਵਲੋਂ ਵਿਗਿਆਨਕ ਚੇਤਨਾ ਕੇਂਦਰ ਦੇ ਲੋਕ ਅਰਪਣ ਦੀ ਰਸਮ ਨੂੰ ਅਦਾ ਕੀਤਾ।ਸਮਾਗਮ ਦੌਰਾਨ ਆਰ ਐੱਮ ਪੀ ਆਈ ਦੇ ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਢੇਸੀ, ਸੂਬਾ ਕਮੇਟੀ ਮੈਂਬਰ ਪਰਮਜੀਤ ਰੰਧਾਵਾ, ਸੰਤੋਖ ਸਿੰਘ ਬਿਲਗਾ, ਡਾ. ਸਰਬਜੀਤ ਮੁਠੱਡਾ, ਗੁਰਪਾਲ ਸਿੰਘ ਨੰਬਰਦਾਰ, ਮਨਮੋਹਣ ਸ਼ਰਮਾ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਮਨਜਿੰਦਰ ਢੇਸੀ ਸਟੇਜ 'ਤੇ ਸ਼ਸ਼ੋਭਤ ਸਨ। ਇਸ ਮੌਕੇ ਆਰ ਐੱਮ ਪੀ ਆਈ ਦੇ ਤਹਿਸੀਲ ਪ੍ਰਧਾਨ ਸਰਬਜੀਤ ਸੰਗੋਵਾਲ, ਕੁਲਦੀਪ ਫਿਲੌਰ, ਮੇਜਰ ਫਿਲੌਰ, ਗੁਰਦੀਪ ਗੋਗੀ, ਐਡਵੋਕੇਟ ਅਜੈ ਫਿਲੌਰ, ਮੱਖਣ ਸੰਗਰਾਮੀ, ਰਾਮ ਨਾਥ ਦੁਸਾਂਝ, ਬਲਵਿੰਦਰ ਸਰਗੁੰਦੀ, ਤਰਜਿੰਦਰ ਧਾਲੀਵਾਲ, ਕੁਲਦੀਪ ਵਾਲੀਆ, ਬਲਜਿੰਦਰ ਬੱਬੀ, ਅਮਰੀਕ ਰੁੜਕਾ, ਸੁਰਜੀਤ ਬਿਲਗਾ ਆਦਿ ਹਾਜ਼ਰ ਸਨ।

# ਲੁੱਟ-ਖੋਹ ਦੇ ਮਾਮਲੇ 'ਚ ਸਕੇ ਭਰਾਵਾਂ ਸਮੇਤ ਤਿੰਨ ਲੁਟੇਰੇ ਕਾਬੂ



**ਅੱਡਾ ਸਰਾਂ (ਜਸਵੀਰ ਕਾਜਲ)**

ਟਾਂਡਾ ਅਧੀਨ ਪੈਂਦੇ ਪਿੰਡ ਜੌੜਾ ਵਿੱਚ ਬੀਤੇ ਦਿਨੀ ਰਾਤ ਸਮੇਂ ਇੱਕ ਬਜ਼ੁਰਗ ਔਰਤ ਨਾਲ ਹੋਈ ਲੁੱਟ ਖੋਹ ਦੀ ਵਾਰਦਾਤ ਨੂੰ ਸੁਲਝਾਉਂਦੇ ਹੋਏ ਟਾਂਡਾ ਪੁਲਸ ਨੇ ਸਕੇ ਭਰਾਵਾਂ ਸਮੇਤ 3 ਲੁਟੇਰਿਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ।ਥਾਣਾ ਟਾਂਡਾ ਵਿਖੇ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਡੀ.ਐਸ.ਪੀ ਟਾਂਡਾ ਦਵਿੰਦਰ ਸਿੰਘ ਬਾਜਵਾ ਅਤੇ ਥਾਣਾ ਮੁਖੀ ਟਾਂਡਾ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਗ੍ਰਿਫਤ ਵਿੱਚ ਆਏ ਲੁਟੇਰਿਆਂ ਦੀ ਪਹਿਚਾਣ ਸਨੀ ਅਤੇ ਮਨੀ ਦੋਨੋਂ ਪੁੱਤਰਾਨ ਸਤਪਾਲ ਸਿੰਘ ਵਾਸੀ ਸਲਾਮਤਪੁਰਾ (ਕਪੂਰਥਲਾ), ਰੱਜਤ ਮਸੀਹ ਪੁੱਤਰ ਪ੍ਰੇਮ ਮਸੀਹ ਵਾਸੀ ਬਹਿਰਾਮ ਸਰਿਸਤਾ ਭੋਗਪੁਰ ਜਲੰਧਰ ਵਜੋਂ ਹੋਈ ਹੈ।ਉਨਾਂ ਦੱਸਿਆ ਕਿ ਪਿੰਡ ਜੌੜਾ ਵਿੱਚ ਬੀਤੇ ਦਿਨੀ ਰਾਤ ਸਮੇਂ ਹੋਈ ਲੁੱਟ ਖੋਹ ਦੀ ਵਾਰਦਾਤ ਉਪਰੰਤ ਇਹਨਾਂ ਲੁਟੇਰਿਆਂ ਦੀ ਭਾਲ ਲਈ ਥਾਣਾ ਮੁਖੀ ਟਾਂਡਾ ਗੁਰਿੰਦਰਜੀਤ ਸਿੰਘ ਨਾਗਰਾ ਦੀ ਅਗਵਾਈ ਵਿੱਚ ਏ.ਐਸ.ਆਈ ਜਗਜੀਤ ਸਿੰਘ, ਹੈਡ ਕਾਂਸਟੇਬਲ ਵਿਕਾਸ ਮਹਿਤਾ, ਹੈਡ ਕਾਂਸਟੇਬਲ ਜਸਪ੍ਰੀਤ ਸਿੰਘ, ਹੈਡ ਕਾਂਸਟੇਬਲ ਪੁਨੀਤ ਕੁਮਾਰ ਸ਼ਰਮਾ ਅਤੇ ਸੁਖਦੇਵ ਸਿੰਘ ਦੀ ਟੀਮ ਵੱਲੋਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ ਜਿਸ ਦੌਰਾਨ ਚੌਂਕੀ ਇੰਚਾਰਜ ਅੱਡਾ ਸਰਾਂ ਏ.ਐਸ.ਆਈ ਰਾਜਵਿੰਦਰ ਸਿੰਘ ਦੀ ਟੀਮ ਵੱਲੋਂ ਉਕਤ ਲੁਟੇਰਿਆਂ ਨੂੰ ਦੇਹਰੀਵਾਲ ਨਜ਼ਦੀਕ 1004 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕੀਤਾ ਗਿਆ । ਉਹਨਾਂ ਦੱਸਿਆ ਕਿ ਪੁੱਛ ਪੜਤਾਲ ਦੌਰਾਨ ਉਕਤ ਲੁਟੇਰਿਆਂ ਨੇ ਮੰਨਿਆ ਕਿ ਉਨਾਂ ਨੇ ਪਿੰਡ ਜੋੜਾ ਵਿੱਚ ਹੋਈ ਲੁੱਟ ਖੋਹ ਦੀ ਵਾਰਦਾਤ ਤੋਂ ਇਲਾਵਾ ਭੁਲੱਥ, ਦਸੂਹਾ ਤੇ ਹੋਰਨਾ ਥਾਵਾਂ 'ਤੇ ਵੀ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਸੀ।ਡੀ ਐਸ ਪੀ ਟਾਂਡਾ ਨੇ ਦੱਸਿਆ ਕਿ ਉਕਤ ਲੁਟੇਰਿਆਂ ਪਾਸੋਂ ਪੁਲਸ ਨੇ 31 ਹਜ਼ਾਰ ਰੁਪਏ ਦੀ ਨਗਦੀ, 4 ਤੋਲੇ ਸੋਨੇ ਦੇ ਗਹਿਣੇ, 150 ਅਮਰੀਕੀ ਡਾਲਰ, 2 ਘੜੀਆਂ ਖਿਡਾਉਣਾ ਨੁਮਾ ਪਿਸਤੌਲ ਤੇ ਹੋਰ ਮਾਰੂ ਹਥਿਆਰ ਬਰਾਮਦ ਕੀਤੇ ਹਨ।

# ਫਿਲੌਰ ਇਲਾਕੇ 'ਚ ਭਾਰੀ ਵਰਖਾ, ਕਿਸਾਨ ਹੋਏ ਖੁਸ਼

**ਫਿਲੌਰ (ਨਿਰਮਲ)**- ਸੋਮਵਾਰ ਸਵੇਰ ਤੋਂ ਸ਼ਾਮ 5 ਵਜੇ ਤੱਕ ਫਿਲੌਰ ਇਲਾਕੇ ਵਿੱਚ ਕਿਧਰੇ ਭਾਰੀ ਕਿਧਰੇ ਹਲਕੀ ਵਰਖਾ ਹੋਣ ਦੇ ਸਮਾਚਾਰ ਪ੍ਰਾਪਤ ਹੋਏ ਹਨ।ਕਿਸਾਨ ਇਸ ਵਰਖਾ ਤੋਂ ਕਾਫੀ ਖੁਸ਼ ਨਜ਼ਰ ਆ ਰਿਹਾ ਸੀ ਉਧਰ ਗਰੀਬ ਜਨਤਾ ਨੂੰ ਵੀ ਅੱਤ ਦੀ ਗਰਮੀ ਤੋਂ ਰਾਹਤ ਮਿਲੀ। ਕਿਸਾਨ ਦਰਸ਼ਨ ਸਿੰਘ, ਗੁਰਮੀਤ ਸਿੰਘ, ਬਲਕਾਰ ਸਿੰਘ ਆਦਿ ਨੇ ਦੱਸਿਆ ਕਿ ਇਹ ਵਰਖਾ ਝੋਨੇ ਦੀ ਫਸਲ ਲਈ ਭਾਰੀ ਲਾਭਕਾਰੀ ਸਿੱਧ ਹੋਵੇਗੀ। ਉਧਰ ਨਹਿਰਾਂ ਵਿੱਚ ਵੀ ਪਾਣੀ ਭਾਰੀ ਮਾਤਰਾ ਵਿੱਚ ਆਇਆ ਹੋਇਆ ਕਿਸਾਨ ਉਸ ਤੋਂ ਵੀ ਲਾਹਾ ਲੈ ਰਹੇ ਹਨ। ਫਿਲੌਰ ਤੋਂ ਇਲਾਵਾ ਨਗਰ, ਥਲਾ, ਬਕਾਪੁਰ, ਖੈਹਿਰਾ, ਭੱਟੀਆਂ, ਬਛੋਵਾਲ, ਸੈਫਾਬਾਦ, ਬੁਰਜ ਪੁਖਤਾ, ਆਸ਼ਾ ਹੂਰ, ਝੰਡੀ ਪੀਰ, ਛਾਉਲੇ ਬਜਾੜ, ਗੰਨਾ ਪਿੰਡ, ਭੈਣੀ, ਹਰੀਪੁਰ, ਆਲੋਵਾਲ ਆਦਿ ਪਿੰਡਾਂ ਤੋਂ ਵਰਖਾ ਹੋਣ ਦੇ ਸਮਾਚਾਰ ਪ੍ਰਾਪਤ ਹੋਏ ਹਨ।

# ਨਿੱਜੀ ਵਿਅਕਤੀਤਵ ਦੀ ਚੰਗੀ ਉਸਾਰੀ ਵੀ ਸਮਾਜ ਸੇਵਾ ਹੁੰਦੀ ਹੈ : ਸੀਚੇਵਾਲ

**ਸ਼ਾਹਕੋਟ (ਗਿਆਨ ਸੈਦਪੁਰੀ)**

'ਜੇਕਰ ਅਸੀਂ ਆਪਣੇ ਨਿੱਜੀ ਵਿਅਕਤੀਤਵ ਨੂੰ ਠੀਕ ਸੇਧ ਵਿੱਚ ਉਸਾਰ ਲਵਾਂਗੇ ਤਾਂ ਇਹ ਆਪਣੇ ਆਪ ਹੀ ਚੰਗੇ ਸਮਾਜ ਦੀ ਸਿਰਜਣਾ ਲਈ ਸਾਰਥਿਕ ਕਦਮ ਸਾਬਤ ਹੋਵੇਗਾ'।ਉਕਤ ਵਿਚਾਰਾਂ ਦਾ ਪ੍ਰਗਟਾਵਾ ਪਦਮਸ਼੍ਰੀ ਮੈਂਬਰ ਰਾਜ ਸਭਾ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕੀਤਾ।ਉਹ ਨਿਰਮਲ ਕੁਟੀਆ ਦੀ ਜਿਆਰਤ ਕਰਨ ਗਈ ਪਿੰਡ ਸੈਦਪੁਰ ਝਿੜੀ ਦੀ ਪੰਚਾਇਤ ਨਾਲ ਸਮਾਜ ਦੀ ਬੇਹਤਰੀ ਲਈ ਸੰਵਾਦ ਰਚਾ ਰਹੇ ਸਨ। ਉਹਨਾਂ ਕਿਹਾ ਕਿ ਸਮਾਜ ਜਾਂ ਦੇਸ਼ ਦੀ ਸੇਵਾ ਦੇ ਵੱਡੇ ਵੱਡੇ ਦਾਅਵੇ ਕਰਨ ਦੀ ਥਾਂ ਖੁਦ ਨੂੰ ਠੀਕ ਰਾਹ ਦੇ ਪਾਂਧੀ ਬਣਾ ਲੈਣਾ ਵੀ ਸਮਾਜ ਸੇਵਾ ਹੁੰਦੀ ਹੈ।ਸੰਤ ਸੀਚੇਵਾਲ ਹੁਰਾਂ ਆਪਣੇ ਰੁਝੇਵਿਆਂ ਬਾਰੇ ਗੱਲ ਕਰਦਿਆਂ ਦੱਸਿਆ ਕਿ ਅੱਜ ਕੱਲ ਉਹਨਾਂ ਦੀ ਨਜ਼ਰ 'ਮੱਛੀ ਦੀ ਅੱਖ' ਵੱਲ ਹੈ।ਇਸ 'ਰਮਜ਼' ਨੂੰ ਖੋਲ੍ਹਦਿਆ ਉਹਨਾਂ ਦੱਸਿਆ ਕਿ ਲੁਧਿਆਣੇ ਵਾਲੇ ਬੁੱਢੇ ਦਰਿਆ ਵਿੱਚ ਨਿਰਮਲ ਜਲ ਵਗਦਾ ਵੇਖਣਾ ਉਹਨਾਂ ਦਾ ਸੰਕਲਪ ਹੈ।ਇਸ ਦੀ ਪੂਰਤੀ ਲਈ ਹੀਲੇ ਜਟਾਉਣ ਖਾਤਰ ਜਿਆਦਾ ਸਮਾਂ ਲੁਧਿਆਣੇ ਵਿੱਚ ਗੁਜ਼ਰਦਾ ਹੈ।ਪਿੰਡਾਂ ਨੂੰ ਹਰਿਆ ਭਰਿਆ ਬਣਾਉਣ ਲਈ ਪ੍ਰੇਰਿਤ ਕਰਦਿਆਂ ਸੰਤ ਸੀਚੇਵਾਲ ਹੁਰਾਂ ਸੈਦਪੁਰ ਦੀ ਪੰਚਾਇਤ ਨੂੰ ਕਿਹਾ ਕਿ ਉਹ ਨਿਰਮਲ ਕੁਟੀਆ ਦੀ ਨਰਸਰੀ ਵਿੱਚ ਉਪਲਬਧ ਬੂਟੇ ਲਿਜਾ ਸਕਦੇ ਹਨ। ਇਸੇ ਦੌਰਾਨ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਸਕੱਤਰ ਜਨਰਲ ਰਹੇ ਬਾਪੂ ਪੂਰਨ ਸਿੰਘ ਕੋਟਲੀ ਨੇ ਵੀ ਵਾਤਾਵਰਨ ਸੰਬੰਧੀ ਗੱਲਾਂ ਕੀਤੀਆਂ। ਇਸ ਮੌਕੇ ਸਰਪੰਚ ਤਰਸੇਮ ਸਿੰਘ ਧੰਜੂ, ਵਿਜੇ ਕੁਮਾਰ ਪੰਚ, ਸੰਦੀਪ, ਤਲਵਿੰਦਰ ਸਿੰਘ ਨਿੱਕੂ ਧੰਜੂ, ਅਮਨਦੀਪ ਸੈਦਪੁਰੀ ਸੀਨੀਅਰ ਵਾਈਸ ਪ੍ਰਧਾਨ ਵਾਤਾਵਰਣ ਸੁਧਾਰ ਸੁਸਾਇਟੀ ਸ਼ਾਹਕੋਟ ਮੌਜੂਦ ਸਨ।



ਸੈਦਪੁਰ ਝਿੜੀ ਦੀ ਪੰਚਾਇਤ ਨਾਲ ਗੱਲਬਾਤ ਕਰਦੇ ਹੋਏ ਸੰਤ ਬਲਬੀਰ ਸਿੰਘ ਸੀਚੇਵਾਲ

# ਵੱਡੀ ਗਿਣਤੀ 'ਚ ਪਰਵਾਰ ਆਪ ਨੂੰ ਅਲਵਿਦਾ ਕਹਿ ਕੇ ਕਾਂਗਰਸ 'ਚ ਸ਼ਾਮਲ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**

ਹਲਕਾ ਕਾਂਗਰਸ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ ਦੀ ਅਗਵਾਈ 'ਚ ਕਾਂਗਰਸ ਪਾਰਟੀ ਨੂੰ ਉਸ ਵੇਲੇ ਭਰਵਾਂ ਹੁੰਗਾਰਾ ਮਿਲਿਆ ਜਦੋਂ ਪਿੰਡ ਬੈਰ ਮਾਜਰਾ ਦੇ ਸਾਬਕਾ ਪੰਚ ਨਛੱਤਰ ਸਿੰਘ, ਹਰਜਿੰਦਰ ਸਿੰਘ, ਬਲਵਿੰਦਰ ਸਿੰਘ, ਗੁਰਜੰਟ ਸਿੰਘ, ਬਬਲਾ, ਕਮਲ ਸਿੰਘ, ਅਮਰਨਾਥ, ਪੱਪੀ, ਗੁਰਮੁਖ ਸਿੰਘ, ਸ਼ੰਟੀ ਕੁਮਾਰ, ਸਤਨਾਮ ਸਿੰਘ, ਬਲਵੰਤ ਸਿੰਘ ਬਾਜਵਾ ਸਮੇਤ ਵੱਡੀ ਗਿਣਤੀ ਪਿੰਡ ਵਾਸੀ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਕਾਂਗਰਸ ਪਾਰਟੀ 'ਚ ਸ਼ਾਮਲ ਹੋ ਗਏ। ਕਾਂਗਰਸ ਪਾਰਟੀ ਵਿੱਚ ਇਹਨਾ ਆਗੂਆਂ ਦਾ ਸਵਾਗਤ ਕਰਦਿਆਂ ਦੀਪਇੰਦਰ ਢਿੱਲੋਂ ਨੇ ਕਿਹਾ ਕਾਂਗਰਸ ਸਰਕਾਰ ਸਮੇਂ ਹਲਕੇ ਵਿੱਚ ਕੰਮਾਂ ਦੀ ਕੋਈ ਕਸਰ ਨਹੀਂ ਛੱਡੀ ਉਹਨਾਂ ਕਿਹਾ ਕਿ ਹਲਕੇ ਵਿੱਚ ਉਹਨਾਂ ਨੇ ਸੜਕਾਂ ਦਾ ਜਾਲ ਵਿਛਾਇਆ ਇਸ ਦੇ ਨਾਲ ਹੀ ਪਿੰਡਾਂ ਨੂੰ ਲੱਖਾਂ ਰੁਪਏ ਗਰਾਂਟ ਦਿੱਤੀ ਅਤੇ ਪੂਰੇ ਹਲਕੇ ਵਿੱਚ ਕਰੋੜਾਂ ਰੁਪਏ ਦੇ ਕੰਮ ਮੁਕੰਮਲ ਕਰਵਾਏ ਨਾਲ ਹੀ ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਚਾਇਤਾਂ ਨੂੰ ਦੋ ਸਾਲਾਂ ਦੇ ਵਿੱਚ ਇਕ ਰੁਪਏ ਦੀ ਗਰਾਂਟ ਨਹੀਂ ਦਿੱਤੀ।ਇਸ ਮੌਕੇ ਕਰਨੈਲ ਸਿੰਘ ਹਮਾਯੂਪੁਰ ਬਲਾਕ ਪ੍ਰਧਾਨ, ਐਮ ਸੀ ਬਲਕਾਰ ਦੱਪਰ, ਐਮ ਸੀ ਧਰਮਿੰਦਰ, ਐਮ ਸੀ ਜਸਪ੍ਰੀਤ ਲੱਕੀ, ਐਮ ਸੀ ਚਮਨ ਸੈਣੀ, ਗੁਰਮੇਲ ਸਿੰਘ ਸਮੇਤ ਕਾਂਗਰਸ ਦੇ ਹੋਰ ਆਗੂ ਵੀ ਮੌਜੂਦ ਸਨ।

# ਲੋਕ ਇਨਸਾਫ਼ ਮੰਚ ਵੱਲੋਂ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਧਰਨਾ ਜਾਰੀ

**ਫਿਲੌਰ, (ਨਿਰਮਲ)**

ਲੋਕ ਇਨਸਾਫ਼ ਮੰਚ ਵਲੋਂ ਡੇਰਾ ਮਈਆ ਭਗਵਾਨ ਦੇ ਗੇਟ ਸਾਹਮਣੇ ਪੈਂਦੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਬੀ ਡੀ ਪੀ ਓ ਦਫਤਰ ਫਿਲੌਰ ਸਾਹਮਣੇ ਪੱਕੇ ਧਰਨੇ ਪੰਦਰਵੇਂ ਦਿਨ ਵੀ ਜਾਰੀ ਰਿਹਾ।ਪੱਕੇ ਧਰਨੇ ਵਿੱਚ ਵੱਖ ਵੱਖ ਪਿੰਡਾਂ ਦੇ ਲੋਕਾਂ ਵੱਲੋਂ ਵੱਡੀ ਸ਼ਮੂਲੀਅਤ ਕੀਤੀ ਜਾ ਰਹੀ ਹੈ। ਇਸ ਮੌਕੇ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਜਲਦ ਮਸਲਾ ਹੱਲ ਨਾ ਕੀਤਾ ਗਿਆ ਤਾਂ ਲੋਕ ਇਨਸਾਫ਼ ਮੰਚ ਵੱਲੋਂ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ 23 ਜੁਲਾਈ ਨੂੰ ਹਲਕਾ ਇੰਚਾਰਜ ਦੇ ਦਫਤਰ ਦਾ ਘਿਰਾਓ ਕੀਤਾ ਜਾਵੇਗਾ ਜਿਸ ਦੀ ਜਿੰਮੇਵਾਰੀ ਸਥਾਨਕ ਪ੍ਰਸ਼ਾਸ਼ਨ ਦੀ ਹੋਵੇਗੀ। ਆਗੂਆਂ ਨੇ ਕਿਹਾ ਕਿ ਜਲਦੀ ਹੀ ਬੀ ਡੀ ਪੀ ਓ ਫ਼ਿਲੌਰ ਦੇ ਘਰ ਸਾਹਮਣੇ ਰਾਤ ਦਾ ਜਗਰਾਤਾ ਕੀਤਾ ਜਾਵੇਗਾ।ਧਰਨੇ ਨੂੰ ਸਾਈਂ ਪੱਪਲ ਸ਼ਾਹ ਨੇ ਖ਼ਾਸ ਤੌਰ 'ਤੇ ਸੰਬੋਧਨ ਕੀਤਾ। ਇਸ ਮੌਕੇ ਧਰਨੇ ਦੀ ਅਗਵਾਈ ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ ਨੇ ਕੀਤੀ। ਇਸ ਮੌਕੇ ਲੋਕ ਇਨਸਾਫ਼ ਮੰਚ ਦੇ ਆਗੂਆਂ ਜਰਨੈਲ ਫਿਲੌਰ, ਪ੍ਰਸ਼ੋਤਮ ਫਿਲੌਰ, ਮਾਸਟਰ ਹੰਸ ਰਾਜ, ਡਾਕਟਰ ਸੰਦੀਪ ਕੁਮਾਰ, ਅਮਰਜੀਤ ਲਾਡੀ ਮਹਿਸਮਪੁਰ, ਰਾਜਵਿੰਦਰ ਸਿੰਘ ਮੁਠੱਡਾ ਕਲਾਂ, ਅਸ਼ੋਕ ਕੁਮਾਰ, ਹਨੀ ਸੰਤੋਖਪੁਰਾ, ਰਾਮਜੀ ਦਾਸ ਗੰਨਾ ਪਿੰਡ, ਸੋਮ ਨਾਥ ਸ਼ੇਖੂਪੁਰ, ਮੁਠੱਡਾ, ਰਵੀ ਕਲੇਰ, ਸਰਬਜੀਤ ਸਾਬਕਾ ਸਰਪੰਚ ਰਾਮਗੜ੍ਹ, ਸੁਨੀਲ ਗੰਨਾ ਪਿੰਡ, ਜਸਵੰਤ ਅੱਟੀ, ਆਦਿ ਨੇ ਕਿਹਾ ਕਿ ਜਦੋਂ ਤੱਕ ਮਸਲਾ ਹੱਲ ਨਹੀਂ ਹੁੰਦਾਂ ਇਹ ਧਰਨਾ ਪੱਕੇ ਤੌਰ 'ਤੇ ਚਲਦਾ ਰਹੇਗਾ।



# ਇਨੋਸੈਂਟ ਹਾਰਟਸ ਸਕੂਲਾਂ 'ਚ ਵਰਚੁਅਲ ਅਨੁਭਵਾਂ ਦੀ ਪੜਚੋਲ ਕਰਨ ਮੈਟਾਵਰਸ ਗਤੀਵਿਧੀਆ



**ਜਲੰਧਰ (ਸ਼ੈਲੀ ਐਲਬਰਟ)**

ਇਨੋਸੈਂਟ ਹਾਰਟਸ ਸਕੂਲ, ਗ੍ਰੀਨ ਮਾਡਲ ਟਾਊਨ, ਲੋਹਾਰਾਂ, ਕੈਂਟ- ਜੰਡਿਆਲਾ ਰੋਡ, ਨੂਰਪੁਰ ਰੋਡ ਅਤੇ ਕਪੂਰਥਲਾ ਰੋਡ ਦੇ ਸਾਰੇ ਪੰਜ ਕੈਂਪਸਾਂ ਨੇ ਪਹਿਲੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ ਪਹਿਲਾ ਮੈਟਾਵਰਸ ਸਿਖਲਾਈ ਪ੍ਰੋਗਰਾਮ ਦੀ ਮੇਜ਼ਬਾਨੀ ਕਰਕੇ ਸਿੱਖਿਆ ਵਿੱਚ ਇੱਕ ਕ੍ਰਾਂਤੀਕਾਰੀ ਕਦਮ ਚੁੱਕਿਆ, ਜਿਸ ਨਾਲ ਉਨ੍ਹਾਂ ਨੂੰ ਭਵਿੱਖ ਲਈ ਤਿਆਰ ਤਕਨਾਲੋਜੀ ਰਾਹੀਂ ਜੀਵਨ ਵਿੱਚ ਇੱਕ ਵਾਰ ਹੋਣ ਵਾਲਾ ਗਲੋਬਲ ਅਨੁਭਵ ਪ੍ਰਦਾਨ ਕੀਤਾ ਗਿਆ। ਇਹ ਪ੍ਰੋਗਰਾਮ ਦ੍ਰਿਸ਼ਟਾ ਮੈਟਾਵਰਸ, ਗੁੜਗਾਓਂ ਇੱਕ ਪਾਇਨੀਅਰ ਅਤੇ ਭਾਰਤ ਦੀ ਨੰਬਰ 1 VR ਸਿਖਲਾਈ ਕੰਪਨੀ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ। ਇਸ ਵਿੱਚ ਵਿਦਿਆਰਥੀਆਂ ਨੇ 'ਡਾਇਵਰਸਿਟੀ ਆਫ ਲਾਈਫ' ਵਿਸ਼ੇ 'ਤੇ ਅਨੁਭਵ ਕੀਤਾ। ਗ੍ਰੇਡ VI-VIII ਦੇ ਵਿਦਿਆਰਥੀਆਂ ਲਈ ਵਿਸ਼ਾ 'ਦਿ ਨੇਚਰਜ਼ ਵੰਡਰਲੈਂਡ' ਸੀ। ਸਕੂਲ ਨੇ ਵਿਦਿਆਰਥੀਆਂ ਨੂੰ ਡਿਜੀਟਲ ਸਿਖਲਾਈ ਅਤੇ ਇਮਰਸਿਵ ਤਕਨਾਲੋਜੀ ਦੇ ਭਵਿੱਖ ਦੀ ਝਲਕ ਦੇਣ ਲਈ ਇੱਕ ਮੋਹਰੀ ਮੈਟਾਵਰਸ ਗਤੀਵਿਧੀ ਦਾ ਆਯੋਜਨ ਕੀਤਾ।ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਦੀ ਮੈਟਾਵਰਸ, ਇਸਦੇ ਸਾਧਨਾਂ ਅਤੇ ਸਿੱਖਿਆ ਸੰਭਾਵਨਾ ਪ੍ਰਤੀ ਜਾਗਰੂਕਤਾ ਅਤੇ ਸਮਝ ਨੂੰ ਵਧਾਉਣਾ ਸੀ। ਵਿਦਿਆਰਥੀਆਂ ਨੇ ਔਗਮੈਂਟੇਡ ਰਿਐਲਿਟੀ (ਏਆਰ), ਵਰਚੁਅਲ ਰਿਐਲਿਟੀ (ਵੀਆਰ) ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਨੂੰ ਮੈਟਾਵਰਸ ਦੇ ਬੁਨਿਆਦੀ ਤੱਤਾਂ ਵਜੋਂ ਜਾਣਿਆ। ਵਿਦਿਆਰਥੀਆਂ ਨੇ ਇਸ ਗਤੀਵਿਧੀ ਨੂੰ ਬਹੁਤ ਪਸੰਦ ਕੀਤਾ ਅਤੇ ਇਸਦਾ ਆਨੰਦ ਮਾਣਿਆ। ਇਸ ਤੋਂ ਇਲਾਵਾ, ਵਿਦਿਆਰਥੀਆਂ ਨੂੰ ਹੈਂਡਬੁੱਕ ਵੀ ਅਲਾਟ ਕੀਤੀਆਂ ਗਈਆਂ। ਮੈਟਾਵਰਸ ਗਤੀਵਿਧੀ ਇੱਕ ਸ਼ਾਨਦਾਰ ਸਫਲਤਾ ਸੀ ਅਤੇ ਭਵਿੱਖਮੁਖੀ ਤਕਨਾਲੋਜੀ ਨੂੰ ਸਿੱਖਿਆ ਵਿੱਚ ਜੋੜਨ ਵੱਲ ਇੱਕ ਮਹੱਤਵਪੂਰਨ ਕਦਮ ਸੀ।

# ਪ੍ਰਿੰਸੀਪਲ ਸਰਗਮ ਥਿੰਦ 'ਟਾਈਮ ਟੂ ਗ੍ਰੋ ਮੀਡੀਆ' ਵੱਲੋਂ ਸਨਮਾਨਤ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)**

ਪਿਛਲੇ ਦਿਨੀ ਟਾਈਮ ਟੂ ਗ੍ਰੋ ਮੀਡੀਆ ਵੱਲੋਂ ਅੰਮ੍ਰਿਤਸਰ ਸਹੋਦਯਾ ਸਕੂਲ ਕੰਪਲੈਕਸ ਨਾਲ ਮਿਲ ਕੇ ਅੰਮ੍ਰਿਤਸਰ ਵਿਖੇ 28ਵਾਂ ਐਜੂਕੇਸ਼ਨ ਸੰਮਿਟ ਕਰਵਾਇਆ ਗਿਆ, ਜਿਸ ਵਿੱਚ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਦੇ ਡਿਪਟੀ ਡਾਇਰੈਕਟਰ ਅਤੇ ਪ੍ਰਿੰਸੀਪਲ ਸ੍ਰੀਮਤੀ ਸਰਗਮ ਥਿੰਦ ਨੂੰ ਸਿੱਖਿਆ ਦੇ ਖੇਤਰ ਵਿੱਚ ਲੰਬੇ ਸਮੇਂ ਤੋਂ ਵਧੀਆ ਕਾਰਗੁਜ਼ਾਰੀ ਲਈ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।ਅਵਾਰਡ ਮਿਲਣ ਦੀ ਖੁਸ਼ੀ ਪ੍ਰਗਟ ਕਰਦਿਆਂ ਡਾਇਰੈਕਟਰ ਸਦਾਮ ਖਾਨ ਨੇ ਦੱਸਿਆ ਕਿ ਇਹ ਸਾਡੇ ਸਾਰੇ ਬਾਬੇ ਕੇ ਗਰੁੱਪ ਆਫ ਇੰਸਟੀਚਿਊਟ ਲਈ ਬਹੁਤ ਹੀ ਵੱਡੇ ਮਾਣ ਵਾਲੀ ਗੱਲ ਹੈ ਉਨ੍ਹਾਂ ਨੇ ਸਾਰੀ ਮੈਨੇਜਮੈਂਟ ਵੱਲੋਂ ਉਨ੍ਹਾਂ ਨੂੰ ਇਸ ਉਪਲਬੱਧੀ ਲਈ ਵਧਾਈ ਦਿੱਤੀ। ਜ਼ਿਕਰਯੋਗ ਹੈ ਕਿ ਮੈਡਮ ਸਰਗਮ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੀ 'ਬੈਸਟ ਪ੍ਰਿੰਸੀਪਲ' ਅਵਾਰਡ ਆਫ ਆਨਰ ਅਤੇ ਹੋਰ ਵੀ ਕਈ ਅਵਾਰਡਾਂ ਨਾਲ ਨਿਵਾਜੇ ਗਏ ਹਨ।

# ਆਦਿ ਧਰਮ ਸਤਿਸੰਗ ਸਮਾਗਮਾਂ 'ਚ ਸੰਗਤਾਂ ਨੇ ਭਰੀ ਹਾਜਰੀ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**

ਆਦਿ ਧਰਮ ਦੇ ਮਹਾਨ ਰਹਿਬਰਾਂ ਦੀ ਵਿਚਾਰਧਾਰਾ ਨੂੰ ਸਮਰਪਿਤ ਆਦਿ ਧਰਮ ਸਤਿਸੰਗ ਸਮਾਗਮਾਂ ਵਿਚ ਪੰਜਾਬ ਦੇ ਕੋਨੇ ਕੋਨੇ ਤੋਂ ਸੰਗਤਾਂ ਨੇ ਹਾਜਰੀ ਭਰੀ ਅਤੇ ਆਦਿ ਧਰਮ ਮਿਸ਼ਨ ਨੂੰ ਜਨ ਜਨ ਤੱਕ ਪਹੁੰਚਾਉਣ ਦਾ ਪ੍ਰਣ ਕੀਤਾ। ਸਤਿਗੁਰੂ ਰਵਿਦਾਸ ਇਤਿਹਾਸਕ ਆਦਿ ਧਰਮ ਸਤਿਸੰਗ ਅਸਥਾਨ ਸੱਚਖੰਡ ਸ੍ਰੀ ਖੁਰਾਲਗੜ ਵਿਖੇ ਵਿਚਾਰ ਚਰਚਾ ਵਿੱਚ ਸ਼ਾਮਲ ਬੁਲਾਰਿਆਂ ਨੇ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ, ਬਾਬੂ ਕਾਂਸ਼ੀ ਰਾਮ ਦੇ ਸਮਾਜ ਲਈ ਕੀਤੇ ਮਹਾਨ ਪਰਉਪਕਾਰਾਂ ਨੂੰ ਯਾਦ ਕੀਤਾ ਅਤੇ ਸੰਗਤਾਂ ਨੂੰ ਆਦਿ ਧਰਮ ਮਿਸ਼ਨ ਨਾਲ ਜੁੜਨ ਦਾ ਸੁਨੇਹਾ ਦਿੱਤਾ। ਇਸ ਮੌਕੇ ਸੰਗਤਾਂ ਨਾਲ ਪ੍ਰਵਚਨ ਸਾਂਝੇ ਕਰਦਿਆਂ ਸੰਤ ਸੁੱਚਾ ਸਿੰਘ ਪ੍ਰਧਾਨ ਸਤਿਗੁਰੂ ਰਵਿਦਾਸ ਇਤਿਹਾਸਕ ਆਦਿ ਧਰਮ ਸਤਿਸੰਗ ਅਸਥਾਨ ਸ੍ਰੀ ਖੁਰਾਲਗੜ ਨੇ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਨੇ 'ਸਤਿਸੰਗ ਮਿਲਿ ਰਹੀਏ ਮਾਧੋ ਜੈਸੇ ਮਧੁਪ ਮਖੀਰਾ' ਦੇ ਉਪਦੇਸ਼ ਰਾਹੀਂ ਸੰਗਤਾਂ ਨੂੰ ਆਪਣੇ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਅਤੇ ਪ੍ਰਾਪਤੀ ਲਈ ਇਕ ਪਲੇਟਫਾਰਮ ਤੇ ਇਕੱਠੇ ਹੋ ਕੇ ਰਹਿਣ ਦਾ ਉਪਦੇਸ਼ ਦਿੱਤਾ ਹੈ। ਓਨਾਂ ਕਿਹਾ ਸਤਿਗੁਰੂ ਫਰਮਾਉਂਦੇ ਹਨ 'ਮਾਧੋ ਅਵਿਦਿਆ ਹਿੱਤ ਕੀਨ ਵਿਵੇਕ ਦੀਪ ਮਲੀਨ' ਵਿੱਦਿਆ ਤੋਂ ਵਾਂਝੇ ਮਨੁੱਖ ਅਗਿਆਨਤਾ ਦੇ ਹਨੇਰੇ ਵਿੱਚ ਭਟਕਦੇ ਰਹਿੰਦੇ ਹਨ ਇਸ ਕਰਕੇ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਅਤ ਬਣਾਓ ਅਤੇ ਪੜ੍ਹੋ, ਜੁੜੋ ਤੇ ਸੰਘਰਸ਼ ਕਰੋ ਦੇ ਰਸਤੇ ਤੇ ਚੱਲ ਕੇ ਆਪਣੇ ਜੀਵਨ ਨੂੰ ਸੁਰੱਖਿਅਤ ਅਤੇ ਖੁਸ਼ਹਾਲ ਬਣਾਓ। ਇਸ ਮੌਕੇ ਅਜੀਤ ਰਾਮ ਖੇਤਾਨ ਰਿਟਾ.ਡੀ ਈ ਓ, ਕੈਪਟਨ ਬੀ ਆਰ ਨਈਅਰ ਯੂ ਕੇ,ਜਗਤਾਰ ਸਿੰਘ ਪ੍ਰਧਾਨ ਬਰਨਾਲਾ, ਹਰਦੇਵ ਗੁਲਮਾਰਗ, ਦਿਲਬਾਗ ਰਾਏ ਗੜ੍ਹਸ਼ੰਕਰ,ਚਰਨ ਦਾਸ ਮਾਂਗਟ,ਅਮਰ ਲੱਖੋਵਾਲ, ਮਲਕੀਤ ਚੰਦ, ਰਾਮਸਵਰੂਪ ਹਿਮਾਚਲ, ਓਮ ਪ੍ਰਕਾਸ਼ ਫਿਲੋਰ, ਡਾਕਟਰ ਰਮੇਸ਼ ਬਾਲੀ,ਡਾ. ਨਵਕਾਂਤ ਭਰੋਮਜਾਰਾ, ਅਮਰਜੀਤ ਬਰਨਾਲਾ ਗੁਰਜੀਤ ਸਿੰਘ, ਬਾਬਾ ਸੋਹਣ ਸਿੰਘ, ਬਾਬਾ ਮੰਗਲ ਦਾਸ ਮੱਧਪ੍ਰਦੇਸ਼, ਪਰਮਜੀਤ ਸਲੋਹ,ਲੱਕੀ ਰਤਨਗੜ੍ਹ, ਜਰਨੈਲ, ਹਰਦੇਵ ਸਿੰਘ ਮਕਸੂਦੜਾ ਬਾਬਾ ਚੂਹੜ ਦਾਸ, ਅਵਤਾਰ ਕੌਰ ਅਤੇ ਰਾਜੂ ਵੀ ਹਾਜਰ ਸਨ।

# ਐੱਲ ਪੀ ਯੂ ਵੱਲੋਂ ਭਾਰਤੀ ਹਵਾਈ ਸੈਨਾ ਦੇ ਕਰਮਚਾਰੀਆਂ ਤੇ ਉਨ੍ਹਾਂ ਦੇ ਆਸ਼ਰਿਤਾਂ ਲਈ 100% ਸਕਾਲਰਸ਼ਿਪ ਦਾ ਐਲਾਨ



**ਜਲੰਧਰ (ਸ਼ੈਲੀ ਐਲਬਰਟ)**

ਹਥਿਆਰਬੰਦ ਸੈਨਾਵਾਂ ਦੀ ਬਹਾਦਰੀ ਅਤੇ ਕੁਰਬਾਨੀ ਨੂੰ ਸ਼ਰਧਾਂਜਲੀ ਦਿੰਦੇ ਹੋਏ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੇ ਇੱਕ ਬਿਹਤਰ ਸਿੱਖਿਆ ਪਹਿਲਕਦਮੀ, 'ਰਕਸ਼ਕ ਸਨਮਾਨ ਗ੍ਰਾਂਟ' ਦੇ ਨਾਲ ਇੱਕ ਮਹੱਤਵਪੂਰਨ ਕਦਮ ਅੱਗੇ ਵਧਾਇਆ ਹੈ। ਡਾ. ਅਸ਼ੋਕ ਕੁਮਾਰ ਮਿੱਤਲ, ਮੈਂਬਰ ਰਾਜ ਸਭਾ ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ, ਅਤੇ ਏਅਰ ਵਾਈਸ ਮਾਰਸ਼ਲ ਹਰਜੀਤ ਐਸ. ਸਿਡਾਨਾ, ਵੀਐਸਐਮ, ਸਹਾਇਕ ਮੁਖੀ ਹਵਾਈ ਸਟਾਫ (ਸਿੱਖਿਆ), ਭਾਰਤੀ ਹਵਾਈ ਸੈਨਾ ਵਿਚਕਾਰ ਇੱਕ ਸਮਝੌਤਾ ਪੱਤਰ (ਐਮਓਯੂ) 'ਤੇ ਹਸਤਾਖਰ ਕੀਤੇ ਗਏ।ਇਹ ਸਮਝੌਤਾ ਭਾਰਤੀ ਹਵਾਈ ਸੈਨਾ ਦੇ ਸਾਰੇ ਕਰਮਚਾਰੀਆਂ, ਭਾਵੇਂ ਉਹ ਸੇਵਾ ਕਰ ਰਹੇ ਹੋਣ, ਸੇਵਾਮੁਕਤ ਹੋਣ ਜਾਂ ਸ਼ਹੀਦ ਹੋਣ, ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ 100% ਤੱਕ ਸਕਾਲਰਸ਼ਿਪ ਦੇ ਮੌਕੇ ਪ੍ਰਦਾਨ ਕਰਦਾ ਹੈ। ਸਕਾਲਰਸ਼ਿਪ ਇੰਜੀਨੀਅਰਿੰਗ, ਪ੍ਰਬੰਧਨ, ਕਾਨੂੰਨ, ਮਨੁੱਖਤਾ ਸਮੇਤ ਵੱਖ-ਵੱਖ ਧਾਰਾਵਾਂ ਵਿੱਚ ਔਨਲਾਈਨ ਅਤੇ ਨਿਯਮਤ ਦੋਵਾਂ ਢੰਗਾਂ ਵਿੱਚ ਪੇਸ਼ ਕੀਤੀ ਜਾਵੇਗੀ। ਇਹ ਪਹਿਲ ਸਿਰਫ਼ ਇੱਕ ਅਕਾਦਮਿਕ ਮੌਕਾ ਨਹੀਂ ਹੈ, ਸਗੋਂ ਸਾਡੇ ਵੱਲੋਂ ਸਮਰਪਣ ਦਾ ਪ੍ਰਤੀਕ ਵੀ ਹੈ।ਏਅਰ ਵਾਈਸ ਮਾਰਸ਼ਲ ਹਰਜੀਤ ਐਸ. ਸਿਡਾਨਾ, ਜਿਨ੍ਹਾਂ ਨੇ ਇਸ ਸਹਿਯੋਗ ਦੇ ਇੱਕ ਮਹੱਤਵਪੂਰਨ ਪਲ 'ਤੇ ਗੱਲ ਕੀਤੀ, ਨੇ ਕਿਹਾ, ਇਹ ਸਾਂਝੇਦਾਰੀ ਫੌਜੀ ਅਨੁਭਵ ਦੇ ਨਾਲ ਅਕਾਦਮਿਕ ਮੁਹਾਰਤ ਲਿਆ ਕੇ ਉੱਤਮਤਾ ਨੂੰ ਉਤਸ਼ਾਹਿਤ ਕਰਨ ਵਿੱਚ ਇੱਕ ਨਵੇਂ ਅਧਿਆਇ ਦੀ ਸ਼ੁਰੂਆਤ ਕਰਦੀ ਹੈ।

# ਗੁ. ਸਿੰਘ ਸ਼ਹੀਦਾਂ ਸੋਹਾਣਾ ਵਿਖੇ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਪੁਰਬ ਸ਼ਰਧਾਪੂਰਵਕ ਮਨਾਇਆ



**ਮੋਹਾਲੀ (ਗੁਰਜੀਤ ਬਿੱਲਾ)**

ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਅੱਠਵੇਂ ਪਾਤਿਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ।ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਉਪਰੰਤ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਧਾਰਮਿਕ ਸਮਾਗਮ ਵਿੱਚ ਬੀਬੀ ਸਰਬਜੀਤ ਕੌਰ ਅਤੇ ਅੰਮ੍ਰਿਤਸਰ ਵਾਲੀਆਂ ਬੀਬੀਆਂ ਦੇ ਇੰਟਰਨੈਸ਼ਲ ਢਾਡੀ ਜੱਥੇ ਨੇ ਅੱਠਵੇਂ ਪਾਤਿਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਜੀਵਨ ਬ੍ਰਿਤਾਂਤ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਸੁਣਾਇਆ। ਭਾਈ ਅਰਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਸਤਨਾਮ ਸਿੰਘ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਵਾਲਿਆਂ ਨੇ ਪੰਡਿਤ ਦਾ ਹੰਕਾਰ ਤੋੜਨ ਲਈ ਪੰਡਿਤ ਦੇ ਕਹਿਣ ਤੇ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੁਆਰਾ (ਗੂੰਗੇ ਅਤੇ ਬੋਰੇ) ਗੰਗੂ ਛੀਵਰ ਤੋ ਸਿਰ ਤੇ ਛੜੀ ਰੱਖ ਕੇ ਗੀਤਾ ਦੇ ਅਰਥ ਕਰਵਾਉਣ ਦਾ ਪੂਰੇ ਪ੍ਰਸੰਗ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ।ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਹਜ਼ਾਰਾਂ ਸੰਗਤਾਂ ਨੇ ਇਸ ਅਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ।ਗੁਰੂ ਕਾ ਲੰਗਰ ਇਸ ਮੌਕੇ ਅਤੁੱਟ ਵਰਤਾਇਆ ਗਿਆ।

# ਹਰਿਆਣਾ 'ਚ 130 ਤੋਂ ਵੱਧ ਮੈਡੀਕਲ ਅਧਿਕਾਰੀਆਂ ਨੂੰ ਨਿਯੁਕਤੀ ਪੱਤਰ ਜਾਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਸਿਵਲ ਸਿਹਤ ਸੇਵਾ ਢਾਂਚੇ ਨੂੰ ਮਜਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ 137 ਨਵੇਂ ਚੁਣੇ ਮੈਡੀਕਲ ਅਧਿਕਾਰੀਆਂ ਨੂੰ ਨਿਯੁਕਤੀ ਪੱਤਰ ਪ੍ਰਾਪਤ ਹੋਏ ਹਨ ਅਤੇ ਉਨ੍ਹਾਂ ਨੂੰ ਰਾਜ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਨਿਯੁਕਤ ਕੀਤਾ ਗਿਆ ਹੈ।ਇਸ ਸਾਲ ਦੀ ਸ਼ੁਰੂਆਤ ਵਿੱਚ ਸਫਲ ਬਾਯੋਮੈਟ੍ਰਿਕ ਅਤੇ ਡਾਕਉਮੈਂਟਸ ਵੈਰੀਫਿਕੇਸ਼ਨ ਤੋਂ ਬਾਅਦ ਇਹ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਹਨ।ਹਰਿਆਣਾ ਦੀ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਆਰਤੀ ਸਿੰਘ ਰਾਓ ਨੇ ਨਵੇਂ ਨਿਯੁਕਤ ਡਾਕਟਰਾਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਯੋਗ ਅਤੇ ਸਮਰਪਿਤ ਮੈਡੀਕਲ ਅਧਿਕਾਰੀਆਂ ਦੀ ਨਿਯੁਕਤੀ ਨਾਲ ਨਾ ਸਿਤਰਫ਼ ਪੇਂਡੂ ਅਤੇ ਸ਼ਹਿਰੀ ਦੋਹਾਂ ਖੇਤਰਾਂ ਵਿੱਚ ਸਿਹਤ ਸੇਵਾ ਦੀ ਪਹੁੰਚ ਵਿੱਚ ਸੁਧਾਰ ਹੋਵੇਗਾ, ਸਗੋਂ ਮੌਜੂਦਾ ਮੈਡੀਕਲ ਅਧਿਕਾਰੀਆਂ 'ਤੇ ਲੋਡ ਵੀ ਘੱਟ ਹੋਵੇਗਾ। ਆਰਤੀ ਸਿੰਘ ਰਾਓ ਨੇ ਕਿਹਾ ਕਿ ਇਹ ਭਰਤੀ ਅਭਿਆਨ ਲੰਬੇ ਸਮੇ ਤੋਂ ਪੈਂਡਿੰਗ ਖਾਲੀ ਆਹੁਦਿਆਂ ਨੂੰ ਭਰਨ ਅਤੇ ਇਹ ਯਕੀਨੀ ਕਰਨ ਦੀ ਸਰਕਾਰ ਦੀ ਵਿਆਪਕ ਯੋਜਨਾ ਦਾ ਹਿੱਸਾ ਹੈ।

# ਵਾਲੀਬਾਲ ਟੂਰਨਾਮੈਂਟ 'ਚ ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਦਾ ਪ੍ਰਦਰਸ਼ਨ ਸ਼ਾਨਦਾਰ




**ਸੁਲਤਾਨਪੁਰ ਲੋਧੀ, (ਹਨੀ)**

ਰੇਲ ਕੋਚ ਫੈਕਟਰੀ ਵਿਖੇ ਸੰਪੰਨ ਹੋਏ 18ਵੇਂ ਕਲਸਟਰ ਵਾਲੀਬਾਲ ਟੂਰਨਾਮੈਂਟ 'ਚ ਸ਼ਿਰਕਤ ਕਰਦਿਆਂ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਦੇ ਵਿਦਿਆਰਥੀਆਂ ਜ਼ੋਰਦਾਰ ਖੇਡ ਦਾ ਪ੍ਰਦਰਸ਼ਨ ਕੀਤਾ । ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਰੇਨੂੰ ਅਰੋੜਾ ਨੇ ਦੱਸਿਆ ਕਿ ਟੂਰਨਾਮੈਂਟ ਵਿੱਚ ਬਹੁ- ਗਿਣਤੀ 'ਚ ਟੀਮਾਂ ਨੇ ਭਾਗ ਲਿਆ । ਉਨ੍ਹਾਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਦੀ ਅੰਡਰ 17 ਲੜਕੀਆਂ ਅਤੇ ਅੰਡਰ 14 ਲੜਕੀਆਂ ਦੀ ਟੀਮ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਤੀਸਰਾ ਸਥਾਨ ਹਾਸਲ ਕੀਤਾ ਗਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਸਟਾਫ ਮੈਂਬਰਾਂ ਅਤੇ ਖਿਡਾਰਨਾਂ ਨੂੰ ਇਸ ਸ਼ਾਨਦਾਰ ਜਿੱਤ ਲਈ ਵਧਾਈ ਦਿੱਤੀ ਅਤੇ ਸਮੂਹ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਵੀ ਵੱਡੀਆਂ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ ।

# ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਦਾਸ ਦੇ ਗੁੰਬਦ ਬਣਾਉਣ ਦੀ ਕਾਰ ਸੇਵਾ ਆਰੰਭ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਭੁੰਗਰਨੀ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਦਾਸ ਜੀ ਦੇ ਉਪਰ ਗੁੰਬਦ ਬਣਾਉਣ ਦੀ ਕਾਰ ਸੇਵਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਗਰ ਨਿਵਾਸੀ,ਇਲਾਕਾ ਨਿਵਾਸੀ ਅਤੇ ਐਨ ਆਰ ਆਈ ਦੇ ਸਹਿਯੋਗ ਨਾਲ ਅਰੰਭ ਕਰਵਾਈ ਗਈ ।ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀਂ ਗੁਰਦੁਆਰਾ ਸਾਹਿਬ ਦੇ ਗੁੰਬਦ ਦੀ ਕਾਰ ਸੇਵਾ ਦੀ ਅਰੰਭਤਾ ਭਾਈ ਸਾਹਿਬ ਭਾਈ ਸੁਖਚੈਨ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਭੁੰਗਰਨੀ ਵਲੋਂ ਆਰਦਾਸ ਕਰਨ ਉਪਰੰਤ ਕੀਤੀ ਗਈ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ ।ਇਸ ਮੌਕੇ ਪ੍ਰਧਾਨ ਮਨਜੀਤ ਸਿੰਘ,ਕਮੇਟੀ ਮੈਂਬਰ ਅਮਰੀਕ ਸਿੰਘ ਫੌਜੀ, ਜੋਗਿੰਦਰ ਸਿੰਘ ਫੌਜੀ ,ਕੈਪਟਨ ਸ਼ੰਗਾਰਾ ਸਿੰਘ , ਭਾਈ ਸਾਹਿਬ ਭਾਈ ਬਚਿੰਤ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ।ਉਨਾਂ ਨੇ ਇਸ ਕਾਰਜ ਵਿੱਚ ਸੰਗਤਾਂ ਨੂੰ ਵੱਧ ਤੋਂ ਵੱਧ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬੇਦਾਰ ਮੇਜਰ ਦਿਦਾਰ ਸਿੰਘ, ਜਸਵੀਰ ਸਿੰਘ ਕਾਕਾ, ਕੀਪਾ ਡਰਾਈਵਰ ,ਨੰਬਰਦਾਰ ਰਾਜ ਕਮਾਰ ,ਨੰਬਰਦਾਰ ਸੁਰਿੰਦਰ ਸਿੰਘ, ਜਿਲ੍ਹਾ ਪ੍ਰੀਸ਼ਦ ਡਾਕਟਰ ਕੁਲਦੀਪ ਕੋਰ , ਸੰਤੋਸ਼ ਕੁਮਾਰੀ ,ਹਰੀ ਸਿੰਘ ਫੌਜੀ,ਭਜਨ ਲਾਲ ,ਗੁਰਦੀਪ ਸਿੰਘ ਦੀਪੂ,,ਕੁਲਦੀਪ ਸਿੰਘ ਮਾਣਕ, ਬੌਬੀ, ਜਰਨੈਲ ਸਿੰਘ ਬੋਲਾ ,ਜਸਵੀਰ ਸਿੰਘ ਮੱਠਾ, ਸ਼ਿਵ ਰਾਮ,ਆਦਿ ਹਾਜ਼ਰ ਸਨ।ਇਸ ਮੌਕੇ ਕੜਾਹ ਪ੍ਰਸ਼ਾਦ ਦੀ ਦੇਗ ਅਤੇ ਚਾਹ ਪਾਣੀ ਦੇ ਲੰਗਰ ਵਰਤਾਏ ਗਏ ।

# ਮਾਤਾ ਚਿੰਤਪੁਰਨੀ ਮੇਲੇ ਨੂੰ 100 ਫੀਸਦੀ ਪਲਾਸਟਿਕ-ਮੁਕਤ ਬਣਾਉਣ ਦੀ ਪਹਿਲ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**

ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਅਤੇ ਰੈੱਡ ਕ੍ਰਾਸ ਸੁਸਾਇਟੀ ਨੇ ਮਾਤਾ ਚਿੰਤਪੁਰਨੀ ਮੇਲੇ ਨੂੰ ਵਾਤਾਵਰਨ ਦੇ ਅਨੁਕੂਲ ਅਤੇ 100 ਫੀਸਦੀ ਪਲਾਸਟਿਕ ਮੁਕਤ ਬਣਾਉਣ ਲਈ 'ਚੜ੍ਹਦਾ ਸੂਰਜ' ਮੁਹਿੰਮ ਤਹਿਤ ਇਕ ਨਵੀਂ ਪਹਿਲ ਸ਼ੁਰੂ ਕੀਤੀ ਹੈ। ਇਹ ਮੇਲਾ 25 ਜੁਲਾਈ ਤੋਂ 4 ਅਗਸਤ 2025 ਤੱਕ ਆਯੋਜਿਤ ਹੋਵੇਗਾ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਇਸ ਮੁਹਿੰਮ ਦਾ ਐਲਾਨ ਕਰਦਿਆਂ ਗੈਰ-ਸਰਕਾਰੀ ਸੰਸਥਾਵਾਂ (ਐਨ.ਜੀ.ਓਜ਼, ਸਮਾਜ ਸੇਵਕਾਂ ਅਤੇ ਵਿਅਕਤੀਗਤ ਚੇਂਜਮੇਕਰਸ ਤੋਂ ਇਸ ਪਵਿੱਤਰ ਮੇਲੇ ਨੂੰ ਵਾਤਾਵਰਨ ਸੁਰੱਖਿਆ ਦਾ ਪ੍ਰਤੀਕ ਬਣਾਉਣ ਵਿਚ ਸਹਿਯੋਗ ਕਰਨ ਦੀ ਅਪੀਲ ਕੀਤੀ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਮਾਤਾ ਚਿੰਤਪੁਰਨੀ ਮੇਲਾ ਸਾਡੀ ਸੱਭਿਆਚਾਰਕ ਅਤੇ ਅਧਿਆਤਮਿਕ ਵਿਰਾਸਤ ਦਾ ਅਨਿੱਖੜਵਾਂ ਅੰਗ ਹੈ। ਇਸ ਵਾਰ 'ਚੜ੍ਹਦਾ ਸੂਰਜ' ਮੁਹਿੰਮ ਤਹਿਤ ਮੇਲੇ ਨੂੰ ਪਲਾਸਟਿਕ ਪ੍ਰਦੂਸ਼ਣ ਤੋਂ ਮੁਕਤ ਕਰਨ ਦਾ ਸੰਕਲਪ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਇਸ ਮੇਲੇ ਨੂੰ ਨਾ ਸਿਰਫ਼ ਅਧਿਆਤਮਿਕ ਤੌਰ 'ਤੇ ਪਵਿੱਤਰ ਬਣਾਉਣਾ ਹੈ, ਸਗੋਂ ਵਾਤਾਵਰਨ ਦੇ ਦ੍ਰਿਸ਼ਟੀਕੋਣ ਤੋਂ ਵੀ ਇਸ ਨੂੰ ਸਾਫ਼ ਅਤੇ ਸ਼ੁੱਧ ਰੱਖਣਾ ਹੈ। ਇਸ ਮੁਹਿੰਮ ਵਿਚ ਸਾਰੇ ਗੈਰ-ਸਰਕਾਰੀ ਸੰਗਠਨਾਂ, ਵਲੰਟੀਅਰਾਂ ਅਤੇ ਸਮਾਜ ਦੇ ਜਾਗਰੂਕ ਨਾਗਰਿਕਾਂ ਤੋਂ ਸਰਗਰਮ ਸਹਿਯੋਗ ਦੀ ਉਮੀਦ ਹੈ।ਇਸ ਮੁਹਿੰਮ ਤਹਿਤ ਵਲੰਟੀਅਰਾਂ ਨੂੰ ਮਹੱਤਵਪੂਰਨ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਨੂੰ ਸ਼ਿਫਟਾਂ ਦੇ ਹਿਸਾਬ ਨਾਲ ਆਦਮਵਾਲ ਤੋਂ ਲੈ ਕੇ ਹੁਸ਼ਿਆਰਪੁਰ ਸਰਹੱਦ ਤੱਕ ਲੰਗਰਾਂ ਵਿਚ ਨਿਯੁਕਤ ਕੀਤਾ ਜਾਵੇਗਾ। ਇਹ ਵਲੰਟੀਅਰ ਇਸ ਦੌਰਾਨ ਸਟਾਲਾਂ ਅਤੇ ਲੰਗਰ ਪੰਡਾਲਾਂ ਦੀ ਨਿਯਤਿਮ ਸਫ਼ਾਈ ਦੀ ਨਿਗਰਾਨੀ, 100 ਫੀਸਦੀ ਪਲਾਸਟਿਕ-ਮੁਕਤ ਪੰਡਾਲ ਯਕੀਨੀ ਬਣਾਉਣ, ਸ਼ਰਧਾਲੂਆਂ ਨੂੰ ਨੋ-ਪਲਾਸਟਿਕ ਨੀਤੀ ਦੇ ਪ੍ਰਤੀ ਜਾਗਰੂਕ ਕਰਨ, ਕਚਰਾ ਪ੍ਰਬੰਧਨ ਵਿਚ ਸਹਿਯੋਗ ਕਰਨ ਅਤੇ 10 ਦਿਨਾਂ ਤੱਕ ਸਭ ਤੋਂ ਵਧੀਆ ਸਟਾਲਾਂ ਦੀ ਨਿਯਮਿਤ ਰਿਪੋਰਟਿੰਗ ਕਰਨਗੇ।ਡਿਪਟੀ ਕਮਿਸ਼ਨਰ ਨੇ ਜ਼ੋਰ ਦੇ ਕੇ ਕਿਹਾ ਕਿ ਵਲੰਟੀਅਰਾਂ ਦਾ ਇਹ ਯੋਗਦਾਨ ਮੇਲੇ ਨੂੰ ਵਾਤਾਵਰਨ ਪੱਖੀ ਬਣਾਉਣ ਵਿਚ ਇਕ ਮੀਲ ਪੱਥਰ ਸਾਬਿਤ ਹੋਵੇਗਾ। ਉਨ੍ਹਾਂ ਕਿਹਾ ਕਿ ਮੁਹਿੰਮ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀਆਂ ਸੰਸਥਾਵਾਂ ਅਤੇ ਵਲੰਟੀਅਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਸਭ ਤੋਂ ਵਧੀਆ ਪੰਡਾਲਾਂ ਅਤੇ ਚੇਂਜਮੇਕਰਾਂ ਨੂੰ ਇਕ ਮੈਗਾ ਈਵੈਂਟ ਵਿਚ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ।ਆਸ਼ਿਕਾ ਜੈਨ ਨੇ ਕਿਹਾ ਕਿ ਇਹ ਸਨਮਾਨ ਨਾ ਸਿਰਫ਼ ਤੁਹਾਡੇ ਯੋਗਦਾਨ ਦੀ ਕਦਰ ਕਰੇਗਾ, ਬਲਕਿ ਦੂਜਿਆਂ ਨੂੰ ਵਾਤਾਵਰਨ ਦੀ ਰੱਖਿਆ ਲਈ ਵੀ ਪ੍ਰੇਰਿਤ ਕਰੇਗਾ। ਉਨ੍ਹਾਂ ਕਿਹਾ ਕਿ ਚਾਹਵਾਨ ਐਨ.ਜੀ.ਓ ਅਤੇ ਵਲੰਟੀਅਰ 23 ਜੁਲਾਈ 2025 ਤੱਕ ਰਜਿਸਟਰ ਕਰਵਾ ਸਕਦੇ ਹਨ।

# ਸੂਰੀ ਹਸਪਤਾਲ ਤੇ ਖਾਲਸਾ ਫਾਰਮ ਵੱਲੋਂ ਤੀਆਂ ਦਾ ਮੇਲਾ 3 ਅਗਸਤ ਨੂੰ



**ਬਲਾਚੌਰ (ਜਸਵਿੰਦਰ ਬੈਂਸ)**

ਪੰਜਾਬ ਦੇ ਪੁਰਾਤਨ ਸੱਭਿਆਚਾਰ ਨੂੰ ਦਰਸਾਉਂਦੇ ਤੀਆਂ ਦੇ ਤਿਉਹਾਰ ਨੂੰ ਸੁਰਜੀਤ ਰੱਖਣ ਲਈ ਸੂਰੀ ਹਸਪਤਾਲ ਬਲਾਚੌਰ ਅਤੇ ਖਾਲਸਾ ਫਾਰਮ ਬਲਾਚੌਰ ਵੱਲੋਂ 3 ਅਗਸਤ ਦਿਨ ਐਤਵਾਰ ਨੂੰ ਚੌਧਰੀ ਪੈਲੇਸ ਬਲਾਚੌਰ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਾਕਟਰ ਅਮਨਦੀਪ ਕੌਰ ਸੂਰੀ ਅਤੇ ਪ੍ਰਸਿੱਧ ਪੰਜਾਬੀ ਫਿਲਮ ਅਦਾਕਾਰਾ ਸਿਮਰਨ ਸਹਿਜਪਾਲ ਨੇ ਦੱਸਿਆਂ ਕਿ ਮੇਲੇ ਵਿੱਚ ਸ਼ਮੂਲੀਅਤ ਕਰਨ ਹਿੱਤ ਐਂਟਰੀ ਫੀਸ 500 ਰੁਪਏ ਰੱਖੀ ਗਈ ਹੈ।ਇਸ ਤੀਆਂ ਦੇ ਮੇਲੇ ਵਿੱਚ ਪੁਲਸ ਅਧਿਕਾਰੀ ਪ੍ਰਭਜੋਤ ਕੌਰ, ਮੀਨਾ ਕੇ ਪਵਾਰ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੀਆਂ।ਇਸ ਮੇਲੇ ਵਿੱਚ ਪੰਜਾਬ ਦੇ ਪ੍ਰਸਿੱਧ ਗਾਇਕ ਐਂਕਰ, ਐਕਟਰ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰ ਰਹੇ ਹਨ। ਤੀਆਂ ਦੇ ਮੇਲੇ ਵਿੱਚ ਪ੍ਰਸਿੱਧ ਸੀਨੀਅਰ ਫਿਲਮ ਅਦਾਕਾਰਾ ਜਤਿੰਦਰ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਮੇਲੇ ਵਿੱਚ ਬੀਨੂੰ ਢਿੱਲੋਂ, ਯੁਵਰਾਜ ਹੰਸ, ਮਲਕੀਤ ਰੌਣੀ, ਪਰਮਵੀਰ ਸਿੰਘ, ਸਮੀਰ ਮਾਹੀ, ਹਰਸ਼ ਪੰਧੇਰ, ਟਾਈਗਰ ਹਰਮੀਕ, ਰਾਮ ਔਜਲਾ, ਵਿਕਟਰ ਯੋਗਰਾਜ ਸਿੰਘ, ਪ੍ਰਿੰਸ ਸੰਧੂ, ਸਾਹਿਬ ਰੋਸ਼ਾ, ਅਨਮੋਲ ਦੇਸ਼ ਵਿਦੇਸ਼ ਤੋਂ ਨਾਮਵਰ ਸ਼ਖਸ਼ੀਅਤਾਂ ਮੇਲੇ ਦੀ ਰੌਣਕ ਨੂੰ ਚਾਰ ਚੰਦ ਲਗਾ ਰਹੀਆਂ ਹਨ।ਇਸ ਮੌਕੇ ਸੂਰੀ ਹਸਪਤਾਲ ਦੇ ਡਾਇਰੈਕਟਰ ਡਾ. ਭੁਪਿੰਦਰਜੀਤ ਸਿੰਘ ਸੂਰੀ ਅਤੇ ਤਰੁਨ ਜੋਤ ਸਿੰਘ ਈਵੇਂਟ ਮੈਨੇਜਰ ਹਾਜ਼ਰ ਸਨ।

# ਹੈਰੋਇਨ ਸਮੇਤ ਕਾਬੂ

**ਨਵਾਂਸ਼ਹਿਰ, (ਮਨੋਜ ਲਾਡੀ)**- ਥਾਣਾ ਸਦਰ ਨਵਾਂਸ਼ਹਿਰ ਦੀ ਪੁਲਸ ਵੱਲੋਂ 4 ਗ੍ਰਾਮ ਹੈਰੋਇਨ ਸਮੇਤ 1 ਨੌਜਵਾਨ ਗ੍ਰਿਫਤਾਰ ਕੀਤਾ ਗਿਆ।ਇਸ ਮਾਮਲੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਏ ਐੱਸ ਆਈ ਰਸ਼ਪਾਲ ਰਾਮ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਸ਼ੱਕੀ ਵਿਅਕਤੀਆ ਅਤੇ ਵਾਹਨਾਂ ਦੀ ਭਾਲ 'ਚ ਪਿੰਡ ਕਰੀਹਾ ਸਾਈਡ ਨਹਿਰ ਦੇ ਨਾਲ-ਨਾਲ ਜਾ ਰਹੀ ਸੀ ਕਿ ਰੇਲਵੇ ਕ੍ਰਾਸਿੰਗ ਦੇ ਨੇੜੇ ਦੂਜੀ ਸਾਈਡ ਤੋਂ ਇੱਕ ਵਿਅਕਤੀ ਪੈਦਲ ਆਉਂਦਾ ਦਿਖਾਈ ਦਿੱਤਾ ਜਿਹੜਾ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਅਤੇ ਜੇਬ 'ਚੋਂ ਲਿਫਾਫਾ ਕੱਢ ਕੇ ਸੁੱਟ ਦਿੱਤਾ।ਏ ਐੱਸ ਆਈ ਨੇ ਦੱਸਿਆ ਕਿ ਪੁਲਸ ਮੁਲਾਜ਼ਮਾਂ ਦੀ ਮਦਦ ਨਾਲ ਉਪਰੋਕਤ ਵਿਅਕਤੀ ਨੂੰ ਕਾਬੂ ਕਰ ਕੇ ਲਿਫਾਫੇ ਦੀ ਜਾਂਚ ਕੀਤੀ ਤਾਂ ਉਸ 'ਚੋਂ 4 ਗ੍ਰਾਮ ਹੈਰੋਇਨ ਬਰਾਮਦ ਹੋਈ।ਗ੍ਰਿਫਤਾਰ ਕੀਤੇ ਮੁਲਜ਼ਮ ਦੀ ਪਛਾਣ ਅੰਮ੍ਰਿਤ ਪਾਲ ਸਿੰਘ ਵਾਸੀ ਪਿੰਡ ਕਰਿਆਮ ਥਾਣਾ ਸਦਰ ਨਵਾਂਸ਼ਹਿਰ ਦੇ ਤੌਰ 'ਤੇ ਹੋਈ ਹੈ।ਏ ਐੱਸ ਆਈ ਨੇ ਦੱਸਿਆ ਕਿ ਗ੍ਰਿਫਤਾਰ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।